ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 232
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 23 August, 2025) ਸ਼ਨੀਵਾਰ, 23 ਅਗਸਤ, 2025, 8 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਜਾਪਾਨ ਤੇ ਚੀਨ ਦੇ ਦੌਰੇ 'ਤੇ ਜਾਣਗੇ ਮੋਦੀ

ਨਵੀਂ ਦਿੱਲੀ, 22 ਅਗਸਤ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਮੋਦੀ 30 ਅਗਸਤ ਤੋਂ 1 ਸਤੰਬਰ ਤੱਕ ਜਾਪਾਨ ਅਤੇ ਚੀਨ ਦਾ ਦੌਰਾ ਕਰਨਗੇ। ਵਿਦੇਸ਼ ਮੰਤਰਾਲੇ ਨੇ ਅਧਿਕਾਰਤ ਤੌਰ 'ਤੇ ਪ੍ਰੋਗਰਾਮ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ 30 ਅਗਸਤ ਨੂੰ ਜਾਪਾਨ ਦਾ ਦੌਰਾ ਕਰਨਗੇ, ਜਿੱਥੇ ਉਹ ਭਾਰਤ-ਜਾਪਾਨ ਸਾਲਾਨਾ ਸੰਮੇਲਨ ਵਿੱਚ ਜਾਪਾਨੀ ਪ੍ਰਧਾਨ ਮੰਤਰੀ ਫੁਮਿਓ ਕਿਸ਼ਿਦਾ ਨਾਲ ਮੁਲਾਕਾਤ ਕਰਨਗੇ। ਇਸ ਦੌਰਾਨ, ਭਾਰਤ ਅਤੇ ਜਾਪਾਨ ਵਿਚਕਾਰ ਨਿਵੇਸ਼ ਅਤੇ ਰਣਨੀਤਕ ਸਹਿਯੋਗ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਇਸ ਤੋਂ ਬਾਅਦ, ਉਹ 31 ਅਗਸਤ ਤੋਂ 1 ਸਤੰਬਰ ਤੱਕ ਚੀਨ ਦੇ ਤਿਆਨਜਿਨ ਸ਼ਹਿਰ ਵਿੱਚ ਹੋਣ ਵਾਲੀ ਸ਼ੰਘਾਈ ਸਹਿਯੋਗ ਸੰਗਠਨ ਦੀ ਮੀਟਿੰਗ ਵਿੱਚ ਹਿੱਸਾ ਲੈਣਗੇ।

## ਸੂਬਾ ਸਰਕਾਰ ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਇੱਕ-ਇੱਕ ਪੈਸੇ ਦਾ ਮੁਆਵਜ਼ਾ ਦੇਵੇਗੀ: ਮਾਨ

### ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ

ਚੜ੍ਹਦੀਕਲਾ ਬਿਊਰੋ



ਸੁਲਤਾਨਪੁਰ ਲੋਧੀ (ਕਪੂਰਥਲਾ), 22 ਅਗਸਤ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਵਿੱਚ ਹੜ੍ਹਾਂ ਕਾਰਨ ਲੋਕਾਂ ਨੂੰ ਹੋਏ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦੇਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਕੁਦਰਤੀ ਆਫਤਾਂ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਢੰਗ-ਤਰੀਕੇ ਵੀ ਤਲਾਸ਼ੇ ਜਾਣਗੇ।

ਕਪੂਰਥਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਤੂਫਾਨੀ ਦੌਰੇ ਦੌਰਾਨ ਲੋਕਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਾੜੀ ਰਾਜਾਂ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਸੂਬੇ ਵਿੱਚ ਇਹ ਸਥਿਤੀ ਪੈਦਾ ਹੋਈ ਹੈ। ਭਗਵੰਤ ਮਾਨ ਨੇ ਕਿਹਾ ਕਿ ਹਾਲਾਂਕਿ ਉਨ੍ਹਾਂ ਦੀ ਸਰਕਾਰ ਇਸ ਗੰਭੀਰ ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਕੁਦਰਤੀ ਆਫਤ ਕਰਕੇ ਸੂਬੇ ਵਿੱਚ ਪੈਦਾ ਹੋਈ ਸਥਿਤੀ ਦੀ ਬਾਕਾਇਦਾ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ (ਬਾਕੀ ਸਫਾ 2 'ਤੇ)

ਲਾਵਾਰਸ ਕੁੱਤਿਆਂ ਦੇ ਮੁੱਦੇ 'ਤੇ ਆਇਆ ਫ਼ੈਸਲਾ

## ਛੱਡੇ ਜਾਣ ਲਾਵਾਰਸ ਕੁੱਤੇ ਪਰ ਟੀਕਾਕਰਨ ਜ਼ਰੂਰੀ: ਸੁਪਰੀਮ ਕੋਰਟ

### ਜਨਤਕ ਥਾਵਾਂ 'ਤੇ ਕੁੱਤਿਆਂ ਨੂੰ ਖਾਣਾ ਖੁਆਉਣ 'ਤੇ ਹੋਵੇਗੀ ਪਾਬੰਦੀ

ਚੜ੍ਹਦੀਕਲਾ ਬਿਊਰੋ





ਨਵੀਂ ਦਿੱਲੀ, 22 ਅਗਸਤ: ਸੁਪਰੀਮ ਕੋਰਟ ਨੇ ਅੱਜ ਲਾਵਾਰਸ ਕੁੱਤਿਆਂ ਦੇ ਮੁੱਦੇ 'ਤੇ ਆਪਣਾ ਫ਼ੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ ਫੜੇ ਗਏ ਕੁੱਤਿਆਂ ਨੂੰ ਨਸਬੰਦੀ ਅਤੇ ਟੀਕਾਕਰਨ ਤੋਂ ਬਾਅਦ ਹੀ ਛੱਡਿਆ ਜਾਣਾ ਚਾਹੀਦਾ ਹੈ, ਸਿਵਾਏ ਉਨ੍ਹਾਂ ਕੁੱਤਿਆਂ ਦੇ ਜੋ ਰੇਬੀਜ਼ ਨਾਲ ਪੀੜਤ ਹਨ ਜਾਂ ਜਿਨ੍ਹਾਂ ਦਾ ਵਿਵਹਾਰ ਹਮਲਾਵਰ ਹੈ। ਇਸ ਦੇ ਨਾਲ ਹੀ, ਸੁਪਰੀਮ ਕੋਰਟ ਨੇ 11 ਅਗਸਤ ਦੇ ਹੁਕਮ 'ਤੇ ਰੋਕ ਲਗਾ ਦਿੱਤੀ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਫੜੇ ਗਏ ਆਵਾਰਾ ਕੁੱਤਿਆਂ ਨੂੰ ਛੱਡਿਆ ਨਹੀਂ ਜਾਣਾ ਚਾਹੀਦਾ। ਅਦਾਲਤ ਨੇ ਕਿਹਾ ਕਿ ਜਨਤਕ ਥਾਵਾਂ 'ਤੇ ਕੁੱਤਿਆਂ ਨੂੰ ਖਾਣਾ ਖੁਆਉਣ 'ਤੇ ਪਾਬੰਦੀ ਹੋਵੇਗੀ। ਇਸ ਲਈ ਵੱਖਰੇ ਸਮਰਪਤ ਫ਼ੀਡਿੰਗ ਜ਼ੋਨ ਬਣਾਏ ਜਾਣੇ ਚਾਹੀਦੇ ਹਨ। ਸੁਪਰੀਮ ਕੋਰਟ ਵਲੋਂ ਇਸ ਫ਼ੈਸਲੇ ਸਬੰਧੀ ਸਾਰੇ ਸੂਬਿਆਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਸੁਪਰੀਮ ਕੋਰਟ ਨੇ ਹੁਕਮ ਦਿਤਾ ਕਿ ਟੀਕਾਕਰਨ ਅਤੇ ਨਸਬੰਦੀ ਤੋਂ ਬਾਅਦ ਆਵਾਰਾ ਕੁੱਤਿਆਂ ਨੂੰ ਉਸੇ ਖੇਤਰ ਵਿਚ ਛੱਡ ਦਿਤਾ ਜਾਵੇਗਾ। ਸੁਪਰੀਮ ਕੋਰਟ ਨੇ ਕਿਹਾ ਜੇ ਕੋਈ ਕੁੱਤਿਆਂ ਨੂੰ ਫੜਨ ਤੋਂ ਰੋਕਦਾ ਹੈ, ਤਾਂ 25,000 ਰੁਪਏ ਤੇ ਜੇ ਕੋਈ ਐਨ.ਜੀ.ਓ. ਰੁਕਾਵਟ ਪਾਉਂਦਾ ਹੈ ਤਾਂ 2 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ। ਜੇ ਕੋਈ ਕੁੱਤਿਆਂ ਨੂੰ ਫੜਨ ਜਾਂ ਛੱਡਣ ਵਿਚ ਰੁਕਾਵਟ ਪਾਉਂਦਾ ਹੈ, ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਧਿਰ ਬਣਨ ਲਈ 25,000 ਰੁਪਏ ਤੋਂ 2 ਲੱਖ ਰੁਪਏ ਜਮ੍ਹਾਂ ਕਰਵਾਉਣੇ ਪੈਣਗੇ। ਇਸ ਦੇ ਨਾਲ ਹੀ 'ਜੇ ਕੋਈ ਵਿਅਕਤੀ ਨਿਰਧਾਰਤ (ਬਾਕੀ ਸਫਾ 2 'ਤੇ)

ਬਿਹਾਰ ਐਸ.ਆਈ.ਆਰ. ਮਾਮਲਾ

## 'ਕੱਟੇ ਗਏ ਵੋਟਰਾਂ ਨੂੰ ਸੂਚੀ 'ਚ ਨਾਮ ਸ਼ਾਮਲ ਕਰਨ ਲਈ ਆਨਲਾਈਨ ਅਰਜ਼ੀ ਦੇਣ ਦੀ ਆਗਿਆ ਦਿੱਤੀ ਜਾਵੇ'

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 22 ਅਗਸਤ: ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਬਿਹਾਰ ਵਿੱਚ ਚੱਲ ਰਹੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਸਰ) (ਸਰਲ ਸ਼ਬਦਾਂ ਵਿੱਚ ਵੋਟਰ ਸੂਚੀ ਤਸਦੀਕ) ਦੀ ਸੁਣਵਾਈ ਕੀਤੀ। ਸੁਪਰੀਮ ਕੋਰਟ ਨੇ ਚੋਣ ਕਮਿਸ਼ਨ (ਈ.ਸੀ.ਆਈ.) ਨੂੰ ਨਿਰਦੇਸ਼ ਦਿੱਤਾ ਕਿ ਹਟਾਏ ਗਏ ਵੋਟਰਾਂ ਨੂੰ ਸੂਚੀ ਵਿੱਚ ਆਪਣੇ ਨਾਮ ਸ਼ਾਮਲ ਕਰਨ ਲਈ ਸਰੀਰਕ ਤੌਰ 'ਤੇ ਆਨਲਾਈਨ ਅਰਜ਼ੀ ਦੇਣ ਦੀ ਆਗਿਆ ਦਿੱਤੀ ਜਾਵੇ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਫਾਰਮ 6 ਵਿੱਚ ਦਿੱਤੇ ਗਏ 11 ਦਸਤਾਵੇਜ਼ਾਂ ਵਿੱਚੋਂ ਕੋਈ ਵੀ, ਜਿਸ ਵਿੱਚ ਆਧਾਰ ਕਾਰਡ ਸ਼ਾਮਲ ਹੈ, ਜਮ੍ਹਾਂ ਕਰਵਾਇਆ ਜਾ ਸਕਦਾ ਹੈ, ਇਨ੍ਹਾਂ ਵਿੱਚ ਡਰਾਈਵਿੰਗ ਲਾਇਸੈਂਸ, ਪਾਸਬੁੱਕ, ਪਾਣੀ ਦਾ ਬਿੱਲ ਵਰਗੇ ਦਸਤਾਵੇਜ਼ ਸ਼ਾਮਲ ਹਨ। ਅਦਾਲਤ ਨੇ ਇਸ ਮਾਮਲੇ 'ਤੇ ਚੁੱਪ ਰਹਿਣ ਲਈ ਰਾਜਨੀਤਿਕ ਪਾਰਟੀਆਂ ਨੂੰ ਵੀ ਫਟਕਾਰ ਲਗਾਈ ਅਤੇ ਪੁੱਛਿਆ ਕਿ ਤੁਸੀਂ ਵੋਟਰਾਂ ਦੀ ਮਦਦ ਲਈ ਕੀ ਕਰ ਰਹੇ ਹੋ। ਤੁਹਾਨੂੰ ਅੱਗੇ ਆਉਣਾ ਚਾਹੀਦਾ ਹੈ। ਅਗਲੀ ਸੁਣਵਾਈ 8 ਸਤੰਬਰ ਨੂੰ ਹੋਵੇਗੀ। ਸੁਪਰੀਮ ਕੋਰਟ ਨੇ ਪਾਰਟੀਆਂ (ਬਾਕੀ ਸਫਾ 2 'ਤੇ)

## ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕੌਂਸਲ ਦੀਆਂ ਚੋਣਾਂ 3 ਸਤੰਬਰ ਨੂੰ

ਚੰਡੀਗੜ੍ਹ, 22 ਅਗਸਤ (ਚੜ੍ਹਦੀਕਲਾ ਬਿਊਰੋ) : ਚੰਡੀਗੜ੍ਹ ਵਿਚ ਸਥਿਤ ਪੰਜਾਬ ਯੂਨੀਵਰਸਿਟੀ ਤੇ ਸ਼ਹਿਰ ਦੇ 11 ਕਾਲਜਾਂ ਵਿਚ ਵਿਦਿਆਰਥੀ ਕੌਂਸਲ ਦੀਆਂ ਚੋਣਾਂ 3 ਸਤੰਬਰ ਨੂੰ ਹੋਣਗੀਆਂ। ਨਾਮਜ਼ਦਗੀਆਂ 27 ਅਗਸਤ ਨੂੰ ਭਰੀਆਂ ਜਾਣਗੀਆਂ। ਇਹ ਜਾਣਕਾਰੀ ਪੰਜਾਬ ਯੂਨੀਵਰਸਿਟੀ ਦੇ ਸਟੂਡੈਂਟ ਸੈਂਟਰ ਵਿਚ ਆਯੋਜਿਤ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ ਗਈ। ਇਸ ਵਾਰ ਪੀਯੂ ਕੈਂਪਸ ਵਿਚ ਕਾਰ ਰੈਲੀ ਪੂਰੀ ਤਰ੍ਹਾਂ ਤੋਂ ਬੈਨ ਕਰ ਦਿੱਤੀ ਗਈ ਹੈ। ਨਾਲ ਹੀ ਬਿਨਾਂ ਸਟਿੱਕਰ ਦੇ ਕੋਈ ਵੀ ਗੱਡੀ ਕੈਂਪਸ ਵਿਚ ਦਾਖਲ ਨਹੀਂ ਹੋ ਸਕੇਗੀ। ਯੂਨੀਵਰਸਿਟੀ ਪ੍ਰਸ਼ਾਸਨ ਨੇ ਚੋਣ ਜ਼ਾਬਤਾ ਵੀ ਲਾਗੂ ਕਰ ਦਿੱਤਾ ਹੈ। ਹੁਣ ਕੈਂਪਸ ਵਿਚ ਕਿਸੇ ਨੂੰ ਕਿਸੇ ਤਰ੍ਹਾਂ ਦਾ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। 27 ਅਗਸਤ ਨੂੰ ਸਵੇਰੇ 9.30 ਤੋਂ 10.30 ਵਜੇ ਤਕ ਨਾਮਜ਼ਦਗੀ ਪ੍ਰਕਿਰਿਆ ਹੋਵੇਗੀ। (ਬਾਕੀ ਸਫਾ 2 'ਤੇ)

## ਪਾਕਿਸਤਾਨ ਕਸ਼ਮੀਰ ਤੇ ਹੋਰ ਲੰਬਿਤ ਮੁੱਦਿਆਂ 'ਤੇ ਭਾਰਤ ਨਾਲ ਗੱਲਬਾਤ ਲਈ ਤਿਆਰ: ਡਾਰ

ਚੜ੍ਹਦੀਕਲਾ ਬਿਊਰੋ



ਇਸਲਾਮਾਬਾਦ, 22 ਅਗਸਤ: ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸ਼ਹਾਕ ਡਾਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਦਾ ਮੁਲਕ ਕਸ਼ਮੀਰ ਅਤੇ ਹੋਰ ਸਾਰੇ ਲੰਬਿਤ ਮੁੱਦਿਆਂ 'ਤੇ ਚਰਚਾ ਲਈ ਭਾਰਤ ਨਾਲ ਵਿਆਪਕ ਗੱਲਬਾਤ ਵਾਸਤੇ ਤਿਆਰ ਹੈ। ਇਸਲਾਮਾਬਾਦ ਵਿੱਚ ਸੰਸਦ ਤੋਂ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਰ ਨੇ ਕਿਹਾ,"ਗੱਲਬਾਤ, ਜਦੋਂ ਵੀ ਹੋਵੇਗੀ, ਸਿਰਫ਼ ਕਸ਼ਮੀਰ 'ਤੇ ਹੀ ਨਹੀਂ, ਸਗੋਂ ਸਾਰੇ ਮੁੱਦਿਆਂ 'ਤੇ ਹੋਵੇਗੀ।' ਉਨ੍ਹਾਂ ਤੋਂ ਭਾਰਤ ਨਾਲ ਗੱਲਬਾਤ ਸਬੰਧੀ ਪੁੱਛਿਆ ਗਿਆ ਸੀ। ਭਾਰਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਪਾਕਿਸਤਾਨ ਨਾਲ ਸਿਰਫ਼ ਮਕਬੂਜ਼ਾ ਕਸ਼ਮੀਰ ਨੂੰ ਵਾਪਸ ਲੈਣ ਅਤੇ ਅਤਿਵਾਦ ਦੇ ਮੁੱਦੇ 'ਤੇ ਹੀ ਗੱਲਬਾਤ ਕਰੇਗਾ। ਡਾਰ, ਜੋ ਉਪ ਪ੍ਰਧਾਨ ਮੰਤਰੀ ਵੀ ਹਨ, ਨੇ ਜ਼ੋਰ ਦੇ ਕੇ ਕਿਹਾ ਕਿ ਪਾਕਿਸਤਾਨ ਨੇ ਸ਼ੁਰੂ ਤੋਂ ਹੀ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਭਾਰਤ ਨਾਲ ਗੱਲਬਾਤ ਕਿਸੇ ਇੱਕ-ਨੁਕਾਤੀ ਏਜੰਡੇ 'ਤੇ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਕਿਸੇ ਵਿਚੋਲਗੀ ਦੀ ਬੇਨਤੀ ਨਹੀਂ ਕੀਤੀ ਸੀ, ਪਰ ਉਨ੍ਹਾਂ ਨੂੰ ਇੱਕ ਨਿਰਪੱਖ ਦੇਸ਼ ਵਿੱਚ ਮੀਟਿੰਗ ਦੀ ਪੇਸ਼ਕਸ਼ ਕੀਤੀ ਗਈ ਸੀ। ਉਨ੍ਹਾਂ ਦਾਅਵਾ ਕੀਤਾ, 'ਸਾਨੂੰ ਕਿਸੇ ਨਿਰਪੱਖ ਥਾਂ 'ਤੇ ਮੀਟਿੰਗ ਕਰਨ ਲਈ ਕਿਹਾ ਗਿਆ ਸੀ ਅਤੇ ਮੈਂ ਕਿਹਾ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਅਸੀਂ ਗੱਲਬਾਤ ਲਈ ਤਿਆਰ ਹਾਂ।' ਡਾਰ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਭਾਰਤ ਨਾਲ ਜੰਗਬੰਦੀ ਲਈ ਅਮਰੀਕਾ ਤੋਂ ਕਾਲ ਆਈ ਸੀ। ਡਾਰ ਨੇ (ਬਾਕੀ ਸਫਾ 2 'ਤੇ)

## ਆਰ.ਜੇ.ਡੀ. ਤੇ ਕਾਂਗਰਸ ਆਗੂ ਜਾਂ ਤਾਂ ਜੇਲ੍ਹ 'ਚ ਜਾਂ ਜ਼ਮਾਨਤ 'ਤੇ: ਮੋਦੀ

ਚੜ੍ਹਦੀਕਲਾ ਬਿਊਰੋ



ਗਯਾਜੀ (ਬਿਹਾਰ), 22 ਅਗਸਤ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਅਤੇ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਦੋਵੇਂ ਵਿਰੋਧੀ ਧਿਰਾਂ ਸੰਵਿਧਾਨ (130ਵੀਂ ਸੋਧ) ਬਿੱਲ ਖ਼ਿਲਾਫ਼ ਹਨ ਕਿਉਂਕਿ ਉਨ੍ਹਾਂ ਦੇ ਜ਼ਿਆਦਾਤਰ ਨੇਤਾ ਜਾਂ ਤਾਂ ਜੇਲ੍ਹ 'ਚ ਹਨ ਜਾਂ ਜ਼ਮਾਨਤ 'ਤੇ ਹਨ। ਲੋਕ ਸਭਾ ਵਿੱਚ ਬੁੱਧਵਾਰ ਨੂੰ ਇਹ ਬਿੱਲ ਪੇਸ਼ ਕੀਤਾ ਗਿਆ ਸੀ, ਜੋ ਸਾਂਝੀ ਸੰਸਦੀ ਕਮੇਟੀ ਨੂੰ ਭੇਜ ਦਿੱਤਾ ਗਿਆ ਹੈ। ਇਸ ਵਿੱਚ ਗੰਭੀਰ ਅਪਰਾਧਿਕ ਦੋਸ਼ਾਂ 'ਚ ਗ੍ਰਿਫ਼ਤਾਰੀ ਮਗਰੋਂ 30 ਦਿਨ ਤੱਕ ਹਿਰਾਸਤ ਵਿੱਚ ਰਹਿਣ ਵਾਲੇ ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ ਅਤੇ ਮੰਤਰੀਆਂ ਨੂੰ ਅਹੁਦੇ ਤੋਂ ਹਟਾਉਣ ਦਾ ਪ੍ਰਸਤਾਵ ਹੈ। ਪ੍ਰਧਾਨ ਮੰਤਰੀ ਮੋਦੀ ਨੇ ਬਿਹਾਰ ਦੇ ਗਯਾਜੀ ਵਿੱਚ ਕਈ ਪ੍ਰਾਜੈਕਟਾਂ ਦਾ ਉਦਘਾਟਨ ਕਰਨ ਮਗਰੋਂ ਕਿਹਾ ਕਿ ਆਰਜੇਡੀ ਅਤੇ ਉਸ ਦੇ ਸਹਿਯੋਗੀ ਬਿਹਾਰ ਨੂੰ ਸਿਰਫ਼ ਆਪਣਾ ਵੋਟ ਬੈਂਕ ਸਮਝਦੇ ਹਨ (ਬਾਕੀ ਸਫਾ 2 'ਤੇ)

### ਮੋਦੀ ਨੇ ਕੋਲਕਾਤਾ ਨੂੰ 5200 ਕਰੋੜ ਦੇ ਵਿਕਾਸ ਦਾ ਦਿੱਤਾ ਤੋਹਫ਼ਾ

ਕੋਲਕਾਤਾ, 22 ਅਗਸਤ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕੋਲਕਾਤਾ ਵਿੱਚ 5200 ਕਰੋੜ ਰੁਪਏ ਦੇ ਮਹੱਤਵਪੂਰਨ ਮੈਟਰੋ ਰੇਲਵੇ ਪ੍ਰੋਜੈਕਟਾਂ ਅਤੇ ਛੇ-ਲੇਨ ਐਲੀਵੇਟਿਡ ਕੋਨਾ ਐਕਸਪ੍ਰੈਸਵੇਅ, ਨੈਸ਼ਨਲ ਹਾਈਵੇ 12 ਦਾ ਉਦਘਾਟਨ ਕੀਤਾ। ਮੋਦੀ ਨੇ ਨਵੇਂ ਬਣੇ 13.61 ਕਿਲੋਮੀਟਰ ਲੰਬੇ ਮੈਟਰੋ ਨੈੱਟਵਰਕ ਦਾ ਉਦਘਾਟਨ ਕੀਤਾ ਅਤੇ ਹੁਣ ਇਨ੍ਹਾਂ ਰੂਟਾਂ 'ਤੇ ਮੈਟਰੋ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਪ੍ਰਧਾਨ ਮੰਤਰੀ ਨੇ ਜੈਸੋਰ ਰੋਡ ਤੋਂ ਨੋਪਾਰਾ-ਜੈ ਹਿੰਦ ਬਿਮਾਨਬੰਦਰ (ਬਾਕੀ ਸਫਾ 2 'ਤੇ)

## ਕਿਸੇ ਨੂੰ ਉਦੋਂ ਤੱਕ ਆਰਾਮ ਕਰਨ ਦਾ ਹੱਕ ਨਹੀਂ, ਜਦੋਂ ਤੱਕ ਦੇਸ਼ ਸਿਖ਼ਰ 'ਤੇ ਨਹੀਂ ਪਹੁੰਚਦਾ: ਸ਼ਾਹ

ਚੜ੍ਹਦੀਕਲਾ ਬਿਊਰੋ



ਕੋਚੀ,22 ਅਗਸਤ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਦੀ ਅਰਥਵਿਵਸਥਾ ਤੇਜ਼ੀ ਨਾਲ ਵਧੀ ਹੈ ਅਤੇ ਉਨ੍ਹਾਂ ਦੇਸ਼ ਵਾਸੀਆਂ ਨੂੰ ਦੁਨੀਆਂ ਦੇ ਹਰ ਖੇਤਰ ਵਿੱਚ ਭਾਰਤ ਨੂੰ ਸਿਖ਼ਰ 'ਤੇ ਲਿਜਾਣ ਲਈ ਆਪਣੀਆਂ ਪੂਰੀਆਂ ਕੋਸ਼ਿਸ਼ਾਂ ਕਰਨ ਦਾ ਸੱਦਾ ਦਿੱਤਾ। ਹਾਲਾਂਕਿ, ਉਨ੍ਹਾਂ ਨੇ ਇਸ ਗੱਲ 'ਤੇ ਅਫਸੋਸ ਪ੍ਰਗਟ ਕੀਤਾ ਕਿ ਕੇਰਲ ਅਜੇ ਵੀ ਉਸੇ ਥਾਂ 'ਤੇ ਹੈ, ਜਿੱਥੇ ਇਹ 11 ਸਾਲ ਪਹਿਲਾਂ ਸੀ। ਉਹਨਾਂ ਨੇ ਇਸ ਦੱਖਣੀ ਰਾਜ ਨੂੰ ਪਿੱਛੇ ਧੱਕਣ ਲਈ ਕਮਿਊਨਿਸਟ ਵਿਚਾਰਧਾਰਾ ਕਾਰਨ ਪੈਦਾ ਹੋਈ 'ਰੁਕਾਵਟ' ਨੂੰ ਜ਼ਿੰਮੇਵਾਰ ਠਹਿਰਾਇਆ।

ਇੱਥੇ 'ਮਨੋਰਮ ਨਿਊਜ਼ ਕਨਕਲੇਵ 2025' ਦਾ ਉਦਘਾਟਨ ਕਰਦੇ ਹੋਏ ਸ਼ਾਹ ਨੇ ਮੌਜੂਦਾ ਸਰਕਾਰ ਦੇ ਰਿਕਾਰਡ ਦੀ ਤੁਲਨਾ ਪਿਛਲੀਆਂ ਸਰਕਾਰਾਂ ਨਾਲ ਕੀਤੀ ਅਤੇ ਕਿਹਾ ਕਿ ਭਾਰਤ ਲੰਬੇ ਸਮੇਂ ਤੋਂ ਆਰਥਿਕ ਅਸਥਿਰਤਾ ਦਾ ਸ਼ਿਕਾਰ ਰਿਹਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਭਾਰਤ ਦੀ ਅਰਥਵਿਵਸਥਾ 11ਵੇਂ ਸਥਾਨ 'ਤੇ ਸੀ, ਜਦੋਂ ਕਿ ਕਾਂਗਰਸ ਸਰਕਾਰ ਨੇ 10 ਸਾਲਾਂ ਤੱਕ ਇੰਨਾ ਕੁਝ ਕੀਤਾ ਕਿ ਇਹ 12ਵੇਂ ਸਥਾਨ 'ਤੇ ਨਹੀਂ ਖਿਸਕਿਆ। ਉਨ੍ਹਾਂ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਨੂੰ 11ਵੀਂ ਤੋਂ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ (ਬਾਕੀ ਸਫਾ 2 'ਤੇ)

## ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਆਨਲਾਈਨ ਗੇਮਿੰਗ ਬਿੱਲ ਬਣਿਆ ਕਾਨੂੰਨ

ਨਵੀਂ ਦਿੱਲੀ, 22 ਅਗਸਤ (ਚੜ੍ਹਦੀਕਲਾ ਬਿਊਰੋ): ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸ਼ੁੱਕਰਵਾਰ ਨੂੰ 'ਆਨਲਾਈਨ ਗੇਮਿੰਗ (ਪ੍ਰਮੋਸ਼ਨ ਅਤੇ ਰੈਗੂਲੇਸ਼ਨ) ਬਿੱਲ 2025' ਨੂੰ ਮਨਜ਼ੂਰੀ ਦੇ ਦਿੱਤੀ। ਇਸ ਬਿੱਲ ਨੂੰ ਇਸ ਹਫ਼ਤੇ ਸੰਸਦ ਦੇ ਦੋਵਾਂ ਸਦਨਾਂ ਨੇ ਪਾਸ ਕਰ ਦਿੱਤਾ। ਇਸ ਕਾਨੂੰਨ ਦਾ ਉਦੇਸ਼ ਈ-ਖੇਡਾਂ ਅਤੇ ਸਮਾਜਿਕ ਖੇਡਾਂ ਨੂੰ ਉਤਸ਼ਾਹਿਤ ਕਰਨਾ ਹੈ, ਪਰ ਆਨਲਾਈਨ ਪੈਸੇ ਵਾਲੀਆਂ ਖੇਡਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਨਸ਼ਾਖੋਰੀ, ਵਿੱਤੀ ਨੁਕਸਾਨ ਅਤੇ ਖੁਦਕੁਸ਼ੀ ਵਰਗੇ ਖ਼ਤਰਿਆਂ ਨੂੰ ਰੋਕੇਗਾ। ਨਾਲ ਹੀ, ਈ-ਖੇਡਾਂ ਨੂੰ ਹੁਣ ਕਾਨੂੰਨੀ ਮਾਨਤਾ ਮਿਲੇਗੀ ਅਤੇ ਨੌਜਵਾਨਾਂ ਲਈ ਖੇਡਾਂ ਦਾ ਇੱਕ ਨਵਾਂ ਖੇਤਰ ਖੁੱਲ੍ਹੇਗਾ। ਹੁਣ ਈ-ਖੇਡਾਂ ਨੂੰ ਇੱਕ ਖੇਡ ਵਜੋਂ (ਬਾਕੀ ਸਫਾ 2 'ਤੇ)

## ਪੰਜਾਬ-ਹਿਮਾਚਲ 'ਚ ਮੀਂਹ ਦਾ ਨਵਾਂ ਦੌਰ ਹੋਵੇਗਾ ਸ਼ੁਰੂ

### 7 ਜ਼ਿਲ੍ਹੇ ਹੜ੍ਹਾਂ ਦੀ ਲਪੇਟ 'ਚ, ਅਗਲੇ 5 ਦਿਨ ਨਾਜ਼ੁਕ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 22 ਅਗਸਤ :ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿਚ ਹਨ, ਇਸੇ ਵਿਚਾਲੇ ਮੌਸਮ ਵਿਭਾਗ ਨੇ ਸ਼ੁੱਕਰਵਾਰ ਤੋਂ ਪੰਜ ਦਿਨ ਤੱਕ ਕਈ ਥਾਵਾਂ 'ਤੇ ਭਾਰੀ ਮੀਂਹ ਦਾ ਅਲਰਟ ਜਾਰੀ ਕੀਤਾ ਹੈ। ਸ਼ਨੀਵਾਰ ਨੂੰ ਭਾਰੀ ਤੋਂ ਬਹੁਤ ਭਾਰੀ ਮੀਂਹ ਦਾ ਅਲਰਟ ਹੈ। ਦਰਅਸਲ, ਇੱਕ ਨਵਾਂ ਪੱਛਮੀ ਗੜਬੜੀ ਸਰਗਰਮ ਹੋ ਰਹੀ ਹੈ, ਜਿਸ ਕਾਰਨ ਉੱਤਰੀ ਭਾਰਤ ਵਿੱਚ ਮਾਨਸੂਨ ਸਰਗਰਮ ਹੋਵੇਗਾ। ਪੰਜਾਬ ਤੋਂ ਇਲਾਵਾ, ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਵਿੱਚ ਵੀ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਹ ਹੜ੍ਹਾਂ ਦੀ ਲਪੇਟ ਵਿੱਚ ਆਏ ਪੰਜਾਬ ਲਈ ਚਿੰਤਾ ਦਾ ਸਮਾਂ ਹੈ। ਇਸ ਸਮੇਂ ਪੰਜਾਬ ਦੇ 7 ਜ਼ਿਲ੍ਹੇ, ਕਪੂਰਥਲਾ, ਤਰਨਤਾਰਨ, ਫਾਜ਼ਿਲਕਾ, ਫਿਰੋਜ਼ਪੁਰ, ਹੁਸ਼ਿਆਰਪੁਰ, ਪਠਾਨਕੋਟ ਅਤੇ ਅੰਮ੍ਰਿਤਸਰ ਹੜ੍ਹਾਂ ਦੀ ਲਪੇਟ ਵਿੱਚ ਹਨ। ਜੇ ਮੀਂਹ ਦਾ ਅਸਰ ਪਹਾੜਾਂ 'ਤੇ ਜ਼ਿਆਦਾ ਪੈਂਦਾ ਹੈ, ਤਾਂ ਮੈਦਾਨੀ ਇਲਾਕਿਆਂ ਵਿੱਚ ਦਰਿਆਵਾਂ ਦੇ ਪਾਣੀ ਦਾ ਪੱਧਰ ਵਧਣ ਦੀ ਸੰਭਾਵਨਾ ਹੈ। ਇਸ ਕਾਰਨ ਆਉਣ ਵਾਲੇ 5 ਦਿਨ ਪੰਜਾਬ ਲਈ ਬਹੁਤ ਨਾਜ਼ੁਕ ਹਨ। ਕੱਲ੍ਹ ਪੌਂਗ ਡੈਮ ਤੋਂ 69 ਹਜ਼ਾਰ 800 ਕਿਊਸਿਕ ਪਾਣੀ ਛੱਡਿਆ ਗਿਆ ਹੈ। ਇਸ ਦਾ (ਬਾਕੀ ਸਫਾ 2 'ਤੇ)

## ਰਾਹੁਲ ਗਾਂਧੀ ਖ਼ਿਲਾਫ਼ ਮਾਣਹਾਨੀ ਮਾਮਲੇ ਦੀ ਸੁਣਵਾਈ ਤੱਕ ਟਲੀ

ਲਖਨਊ, 22 ਅਗਸਤ (ਚੜ੍ਹਦੀਕਲਾ ਬਿਊਰੋ) : ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ਦੀ ਸਥਾਨਕ ਐਮਪੀ-ਐਮਐਲਏ ਅਦਾਲਤ ਵਿੱਚ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਾਲ ਸਬੰਧਤ ਮਾਣਹਾਨੀ ਮਾਮਲੇ ਦੀ ਸੁਣਵਾਈ ਹੁਣ 9 ਸਤੰਬਰ ਨੂੰ ਹੋਵੇਗੀ। ਇਸ ਮਾਮਲੇ ਵਿੱਚ ਸੁਣਵਾਈ ਸ਼ੁੱਕਰਵਾਰ ਨੂੰ ਹੋਣੀ ਸੀ, ਪਰ ਅਦਾਲਤ ਨੇ ਰਾਹੁਲ ਗਾਂਧੀ ਦੇ ਵਕੀਲ ਵੱਲੋਂ ਸਮਾਂ ਮੰਗੇ ਜਾਣ ਮਗਰੋਂ ਅਗਲੀ ਸੁਣਵਾਈ ਲਈ ਤਰੀਕ 9 ਸਤੰਬਰ ਤੈਅ ਕੀਤੀ ਹੈ। ਇੱਕ ਵਕੀਲ ਨੇ ਇਹ ਜਾਣਕਾਰੀ ਦਿੱਤੀ। ਇਸ ਮਾਮਲੇ ਵਿੱਚ ਮੁੱਦਈ ਭਾਜਪਾ ਨੇਤਾ ਵਿਜੈ ਮਿਸ਼ਰਾ ਦੇ ਵਕੀਲ ਸੰਤੋਸ਼ ਕੁਮਾਰ ਪਾਂਡੇ ਨੇ ਕਿਹਾ ਕਿ ਗਵਾਹ ਸ਼ੁੱਕਰਵਾਰ ਨੂੰ ਬਿਆਨ ਦੇਣ ਲਈ ਅਦਾਲਤ ਵਿੱਚ ਮੌਜੂਦ ਸੀ, ਪਰ ਰਾਹੁਲ ਗਾਂਧੀ ਦੇ ਵਕੀਲ ਕਾਸ਼ੀ ਪ੍ਰਸਾਦ ਸ਼ੁਕਲਾ ਨੇ ਅਦਾਲਤ ਤੋਂ ਸਮਾਂ ਮੰਗਿਆ ਸੀ ਅਤੇ (ਬਾਕੀ ਸਫਾ 2 'ਤੇ)

## ਬਤੌਰ ਜਥੇਦਾਰ ਗਿ. ਹਰਪ੍ਰੀਤ ਸਿੰਘ ਸਾਡੀ ਰਿਹਾਇਸ਼ 'ਤੇ ਕਦੇ ਵੀ ਨਹੀਂ ਆਏ, ਸੁਖਬੀਰ ਧੜਾ ਝੂਠ ਪਰੋਸਣਾ ਬੰਦ ਕਰੇ: ਢੀਂਡਸਾ

ਬਬਲੂ ਮਹਾਜਨ

ਅੰਮ੍ਰਿਤਸਰ, 22 ਅਗਸਤ: ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਸਰਦਾਰ ਸੁਰਜੀਤ ਸਿੰਘ ਰੱਖੜਾ, ਸ੍ਰ. ਪ੍ਰਮਿੰਦਰ ਸਿੰਘ ਢੀਂਡਸਾ , ਗੁਰਪ੍ਰਤਾਪ ਸਿੰਘ ਵਡਾਲਾ ਅਤੇ ਹਰਿੰਦਰ ਸਿੰਘ ਚੰਦੂਮਾਜਰਾ ਵੱਲੋਂ ਅੱਜ ਬੜੀ ਸਪੱਸ਼ਟਤਾ ਨਾਲ ਇੱਕ ਧੜੇ ਦੇ ਆਗੂਆਂ ਵਲੋਂ ਲਗਾਏ ਇਲਜਾਮਾਂ ਦਾ ਜਵਾਬ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸਰਦਾਰ ਪ੍ਰਮਿੰਦਰ ਸਿੰਘ ਢੀਂਡਸਾ ਨੇ ਸਵਾਲ ਕਰਨ ਵਾਲੇ ਧੜੇ ਨੂੰ ਖੁੱਲ੍ਹਾ ਚੈਲੰਜ ਕੀਤਾ ਕਿ, ਓਹ ਸਾਬਿਤ ਕਰ ਦੇਣ ਕਿ ਬਤੌਰ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਕਦੇ ਓਹਨਾਂ ਦੀ ਕਿਸੇ ਵੀ ਰਿਹਾਇਸ਼ ਤੇ ਆਏ ਹੋਣ। ਸਰਦਾਰ ਢੀਂਡਸਾ ਨੇ ਬਕਾਇਦਗੀ ਨਾਲ 17 ਮਈ 2025 ਦਾ ਜ਼ਿਕਰ ਕਰਦਿਆਂ ਕਿਹਾ ਕਿ, ਮਈ ਦੇ ਮਹੀਨੇ ਢੀਂਡਸਾ ਸਾਹਿਬ ਦੀ ਤਬੀਅਤ ਜ਼ਿਆਦਾ ਨਸਾਜ ਰਹੀ, 17 ਮਈ ਦੇ ਦਿਨ ਗਿਆਨੀ ਹਰਪ੍ਰੀਤ ਸਿੰਘ ਪਹਿਲੀ ਦਫ਼ਾ ਓਹਨਾ ਦੇ ਘਰ ਤਸ਼ਰੀਫ਼ ਢੀਂਡਸਾ ਸਾਹਿਬ ਦੀ ਸਿਹਤ ਦਾ ਹਾਲ ਜਾਨਣ ਲਈ ਆਏ, ਉਸ ਸਮੇਂ ਤੱਕ ਗਿਆਨੀ ਹਰਪ੍ਰੀਤ ਸਿੰਘ ਨੂੰ ਜਲੀਲ ਕਰਕੇ, ਓਹਨਾ ਦੀ ਕਿਰਦਾਰਕੁਸ਼ੀ ਕਰਕੇ ਹਟਾ ਦਿੱਤਾ ਗਿਆ ਸੀ। ਮਈ ਦੇ ( ਇਹਨਾ ਦਿਨਾਂ ਵਿੱਚ) ਤੀਜੇ ਹਫਤੇ ਦੌਰਾਨ ਹੀ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸੁਖਬੀਰ ਸਿੰਘ ਬਾਦਲ ਵੀ ਢੀਂਡਸਾ ਸਾਹਿਬ ਦੀ ਸਿਹਤ ਦਾ ਹਾਲ ਜਾਨਣ ਲਈ (ਬਾਕੀ ਸਫਾ 2 'ਤੇ)

**ਜੱਥੇਦਾਰ ਸਾਹਿਬਾਨ ਨੂੰ ਸਰਕਾਰੀ ਰਿਹਾਇਸ਼ ਤੇ ਤਲਬ ਕਰਨ ਵਾਲਿਆਂ ਨੂੰ ਪੰਥ ਨਕਾਰ ਚੁੱਕਾ ਹੈ: ਰੱਖੜਾ**

## ਮਜੀਠੀਆ ਕੇਸ 'ਚ ਵਿਜੀਲੈਂਸ ਵੱਲੋਂ 40 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਇਰ

ਮੋਹਾਲੀ , 22 ਅਗਸਤ (ਚੜ੍ਹਦੀਕਲਾ ਬਿਊਰੋ) : ਵਿਜੀਲੈਂਸ ਬਿਊਰੋ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਸੰਬੰਧੀ ਮੁਹਾਲੀ ਅਦਾਲਤ ਵਿਚ ਚਾਰਜਸ਼ੀਟ ਪੇਸ਼ ਕੀਤੀ ਗਈ ਹੈ। ਇਹ ਸ਼ੀਟ 40000 ਪੰਨਿਆਂ ਦੀ ਹੈ। ਸੂਤਰਾਂ ਮੁਤਾਬਿਕ ਵਿਜੀਲੈਂਸ ਨੇ ਇਸ ਮਾਮਲੇ ਦੀ ਜਾਂਚ ਦੌਰਾਨ 200 ਤੋਂ ਵੱਧ ਗਵਾਹ ਸ਼ਾਮਿਲ ਕੀਤੇ ਹਨ ਅਤੇ 400 ਤੋਂ ਵੱਧ ਬੈਂਕ ਖਾਤਿਆਂ ਦੀ ਪੂਰੀ ਜਾਂਚ ਕੀਤੀ ਗਈ ਹੈ। ਚਾਰਜਸ਼ੀਟ 40 ਹਜ਼ਾਰ ਤੋਂ ਵੱਧ ਪੰਨਿਆਂ ਦੀ ਹੈ, ਜੋ ਅਦਾਲਤ ਵਿਚ ਪੇਸ਼ ਕੀਤੀ ਗਈ ਹੈ। ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਬਚਾਅ ਪੱਖ ਨੇ ਕਿਹਾ ਹੈ ਕਿ ਪੇਸ਼ ਕੀਤੇ ਗਏ ਚਲਾਨ ਦੀ ਸਮੱਗਰੀ ਦਾ ਅਧਿਐਨ ਕਰਕੇ ਉਹ ਅਗਲੇਰੀ (ਬਾਕੀ ਸਫਾ 2 'ਤੇ)

## ਜਸਵਿੰਦਰ ਭੱਲਾ ਦਾ ਦੇਹਾਂਤ

### ਬਲੌਂਗੀ ਦੇ ਸ਼ਮਸ਼ਾਨਘਾਟ 'ਚ ਅੱਜ ਹੋਵੇਗਾ ਸਸਕਾਰ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 22 ਅਗਸਤ :ਅਦਾਕਾਰ ਅਤੇ ਕਾਮੇਡੀਅਨ ਜਸਵਿੰਦਰ ਭੱਲਾ ਦਾ 65 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਨਾਲ ਪੰਜਾਬੀ ਮਨੋਰੰਜਨ ਜਗਤ ਸੋਗ ਵਿੱਚ ਹੈ। ਜਸਵਿੰਦਰ ਭੱਲਾ ਨੂੰ ਪੰਜਾਬੀ ਸਿਨੇਮਾ ਵਿੱਚ ਆਪਣੇ ਕਾਮੇਡੀ ਸੁਭਾਅ ਅਤੇ ਅਭੁੱਲ ਭੂਮਿਕਾਵਾਂ ਲਈ ਜਾਣਿਆ ਜਾਂਦਾ ਹੈ। ਭੱਲਾ ਫਿਲਮ ਅਤੇ ਸਟੇਜ ਦੋਵਾਂ ਵਿੱਚ ਇੱਕ ਸਥਾਈ ਵਿਰਾਸਤ ਛੱਡ ਗਏ ਹਨ। ਜਾਣਕਾਰੀ ਅਨੁਸਾਰ, ਭੱਲਾ ਨੇ ਤੜਕੇ ਚਾਰ ਵਜੇ ਦੇ ਕਰੀਬ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਆਖਰੀ ਸਾਹ ਲਿਆ। ਉਨ੍ਹਾਂ ਦੀ ਮੌਤ ਬ੍ਰੇਨ ਸਟਰੋਕ ਨਾਲ ਹੋਈ ਦੱਸੀ ਜਾ ਰਹੀ ਹੈ।ਉਹ ਪਿਛਲੇ ਕੁਝ ਸਮੇਂ ਤੋਂ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ। ਹਸਪਤਾਲ ਦੇ ਸੂਤਰਾਂ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦੇ ਸੰਚਾਰ ਵਿਭਾਗ ਦੇ ਵਧੀਕ ਨਿਰਦੇਸ਼ਕ ਡਾ. ਟੀਐਸ ਰਿਆੜ ਨੇ ਪੁਸ਼ਟੀ ਕੀਤੀ ਹੈ ਕਿ ਜਸਵਿੰਦਰ ਭੱਲਾ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਡਾਕਟਰਾਂ ਦੀ ਨਿਗਰਾਨੀ ਵਿਚ ਸਨ।ਉਨ੍ਹਾਂ ਦਾ ਅੰਤਿਮ ਸੰਸਕਾਰ 23 ਅਗਸਤ ਨੂੰ ਮੁਹਾਲੀ ਦੇ ਬਲੌਂਗੀ ਸਥਿਤ ਸ਼ਮਸ਼ਾਨਘਾਟ ਵਿਖੇ ਹੋਵੇਗਾ।ਜਸਵਿੰਦਰ ਭੱਲਾ ਦੇ ਪਰਿਵਾਰ ਵਿਚ ਪਤਨੀ ਤੋਂ ਇਲਾਵਾ ਪੁੱਤਰ ਪੁਖਰਾਜ ਭੱਲਾ ਤੇ ਧੀ ਅਰਸ਼ਦੀਪ ਕੌਰ ਹਨ। ਧੀ ਇਸ ਵੇਲੇ ਯੂਰਪ ਗਈ ਹੋਈ ਸੀ, ਜੋ ਉਥੋਂ ਵਾਪਸੀ ਲਈ ਰਵਾਨਾ ਹੋ ਗਏ ਹਨ। ਭੱਲਾ ਦੀ ਮ੍ਰਿਤਕ ਦੇਹ ਸ਼ਨਿੱਚਰਵਾਰ ਨੂੰ ਸਵੇਰੇ 9 ਵਜੇ ਤੋਂ ਲੋਕਾਂ ਦੇ ਅੰਤਿਮ (ਬਾਕੀ ਸਫਾ 2 'ਤੇ)

## ਜੈਸ਼ੰਕਰ ਵੱਲੋਂ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ

ਚੜ੍ਹਦੀਕਲਾ ਬਿਊਰੋ



ਮਾਸਕੋ, 22 ਅਗਸਤ: ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਇਸ ਸਮੇਂ ਰੂਸ ਦੇ ਦੌਰੇ 'ਤੇ ਹਨ। ਇਸ ਦੌਰਾਨ, ਐਸ ਜੈਸ਼ੰਕਰ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਵੀ ਮੁਲਾਕਾਤ ਕੀਤੀ ਸੀ। ਐਸ ਜੈਸ਼ੰਕਰ ਦੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਦੀ ਤਸਵੀਰ ਹੁਣ ਸਾਹਮਣੇ ਆਈ ਹੈ। ਤੁਹਾਨੂੰ ਦੱਸ ਦੇਈਏ ਕਿ ਐਸ ਜੈਸ਼ੰਕਰ ਭਾਰਤ-ਰੂਸ ਅੰਤਰ-ਸਰਕਾਰੀ ਕਮਿਸ਼ਨ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਰੂਸ ਪਹੁੰਚੇ ਹਨ। ਇਸ ਬਾਰੇ, ਐਸ ਜੈਸ਼ੰਕਰ ਨੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਪੋਸਟ ਲਿਖੀ ਅਤੇ ਕਿਹਾ, ਅਸੀਂ ਵਪਾਰ ਅਤੇ ਆਰਥਿਕ ਖੇਤਰ, ਖੇਤੀਬਾੜੀ, ਊਰਜਾ, ਉਦਯੋਗ, ਹੁਨਰ ਵਿਕਾਸ, ਗਤੀਸ਼ੀਲਤਾ, ਸਿੱਖਿਆ ਅਤੇ ਸੱਭਿਆਚਾਰ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਾਡੇ ਸਹਿਯੋਗ 'ਤੇ ਵਿਸਥਾਰ ਨਾਲ ਚਰਚਾ ਕੀਤੀ।

**ਐਸ ਜੈਸ਼ੰਕਰ ਨੇ ਕੀ ਕਿਹਾ**

ਇੱਕ ਹੋਰ ਪੋਸਟ ਵਿੱਚ, ਐਸ ਜੈਸ਼ੰਕਰ ਨੇ ਲਿਖਿਆ, 'ਪਹਿਲੇ ਉਪ ਪ੍ਰਧਾਨ ਮੰਤਰੀ ਡੇਨਿਸ ਮੰਤੂਰੋਵ ਨਾਲ ਭਾਰਤ-ਰੂਸ ਵਪਾਰ ਫੋਰਮ ਵਿੱਚ ਸ਼ਾਮਲ ਹੋ ਕੇ ਖੁਸ਼ੀ ਹੋਈ। ਮੈਂ ਸਾਡੇ ਆਰਥਿਕ ਸਬੰਧਾਂ ਦੀ ਡੂੰਘੀ ਸੰਭਾਵਨਾ ਬਾਰੇ ਵੱਖ-ਵੱਖ ਖੇਤਰੀ ਨੇਤਾਵਾਂ ਦੇ ਮੁਲਾਂਕਣਾਂ ਅਤੇ ਰਿਪੋਰਟਾਂ ਦੀ ਕਦਰ ਕਰਦਾ ਹਾਂ। ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇੱਕ ਸਥਾਈ ਰਣਨੀਤਕ ਭਾਈਵਾਲੀ ਦਾ ਇੱਕ ਮਜ਼ਬੂਤ ??ਅਤੇ ਟਿਕਾਊ ਆਰਥਿਕ ਹਿੱਸਾ ਹੋਣਾ ਚਾਹੀਦਾ ਹੈ। ਅਤੇ ਇਸ ਸੰਦਰਭ ਵਿੱਚ, ਸਾਡੇ ਕਾਰੋਬਾਰਾਂ ਨੂੰ ਹੋਰ ਕਾਰੋਬਾਰ ਕਰਨ, ਹੋਰ ਨਿਵੇਸ਼ਾਂ ਅਤੇ ਸਾਂਝੇ ਉੱਦਮਾਂ 'ਤੇ ਵਿਚਾਰ ਕਰਨ ਅਤੇ ਆਰਥਿਕ ਸਹਿਯੋਗ ਦੇ ਨਵੇਂ ਪਹਿਲੂ ਖੋਲ੍ਹਣ ਦਾ ਸੱਦਾ ਦਿੱਤਾ।'

ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਮਾਸਕੋ ਵਿੱਚ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਵੀ ਮੁਲਾਕਾਤ ਕੀਤੀ। ਇਸ ਮੁਲਾਕਾਤ ਦੀਆਂ ਤਸਵੀਰਾਂ (ਬਾਕੀ ਸਫਾ 2 'ਤੇ)

## ਨਕਲੀ ਜ਼ਮਾਨਤਾਂ ਸਬੰਧੀ ਹਾਈਕੋਰਟ ਨੇ ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਤੋਂ ਮੰਗਿਆ ਜਵਾਬ

ਚੰਡੀਗੜ੍ਹ, 22 ਅਗਸਤ (ਚੜ੍ਹਦੀਕਲਾ ਬਿਊਰੋ) : ਪੰਜਾਬ ਤੇ ਹਰਿਆਣਾ ਦੇ ਨਾਲ-ਨਾਲ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੀਆਂ ਜ਼ਿਲ੍ਹਾ ਅਦਾਲਤਾਂ 'ਚ ਫ਼ਰਜ਼ੀ ਪਛਾਣ ਅਤੇ ਫ਼ਰਜ਼ੀ ਜ਼ਮਾਨਤ ਬਾਂਡ ਦੀ ਵੱਧ ਰਹੀ ਸਮੱਸਿਆ 'ਤੇ ਹਾਈਕੋਰਟ ਨੇ ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਤੋਂ ਜਵਾਬ ਮੰਗਿਆ ਹੈ। ਇਸ ਗੰਭੀਰ ਮੁੱਦੇ ਨੂੰ ਉਜਾਗਰ ਕਰਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਇੱਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ 'ਚ ਇਸ ਬੇਕਾਬੂ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਤੁਰੰਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਹ ਪਟੀਸ਼ਨ ਮੋਹਾਲੀ ਨਿਵਾਸੀ ਕੰਵਰ ਪਹਿਲ ਸਿੰਘ ਨੇ ਦਾਇਰ ਕੀਤੀ ਹੈ। ਪਟੀਸ਼ਨਕਰਤਾ ਮੁਤਾਬਕ ਫ਼ਰਜ਼ੀ ਜ਼ਮਾਨਤ ਬਾਂਡ ਦੀ ਸਮੱਸਿਆ ਕੋਈ ਨਵੀਂ ਨਹੀਂ ਹੈ ਪਰ ਹਾਲ ਹੀ ਦੇ ਸਾਲਾਂ 'ਚ ਇਸ ਨੇ ਇੱਕ ਸੰਗਠਿਤ ਅਪਰਾਧ ਦਾ (ਬਾਕੀ ਸਫਾ 2 'ਤੇ)

## ਮੁਨੀਰ ਵੱਲੋਂ ਪਾਕਿਸਤਾਨ ਦੀ ਤੁਲਨਾ ਡੰਪਰ ਟਰੱਕ ਨਾਲ ਕਰਨਾ ਨਾਕਾਮੀ ਦਾ ਕਬੂਲਨਾਮਾ: ਰਾਜਨਾਥ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 22 ਅਗਸਤ: ਪਾਕਿਸਤਾਨ ਦੇ ਫ਼ੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਵੱਲੋਂ ਭਾਰਤ ਖ਼ਿਲਾਫ਼ ਪ੍ਰਮਾਣੂ ਬੰਬ ਦੀ ਧਮਕੀ ਅਤੇ ਆਪਣੇ ਹੀ ਦੇਸ਼ ਨੂੰ 'ਡੰਪਰ ਟਰੱਕ' ਦੱਸੇ ਜਾਣ ਦੇ ਕੁੱਝ ਦਿਨਾਂ ਮਗਰੋਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਉਨ੍ਹਾਂ ਦੀਆਂ ਇਹ ਟਿੱਪਣੀਆਂ 'ਹਿੰਸਕ' ਮਾਨਸਿਕਤਾ ਦਾ ਪ੍ਰਤੀਬਿੰਬ ਅਤੇ ਇਸਲਾਮਾਬਾਦ ਦੀ 'ਨਾਕਾਮੀ' ਦਾ ਇਕਬਾਲੀਆ ਬਿਆਨ ਹਨ। ਰਾਜਨਾਥ ਨੇ ਕਿਹਾ ਕਿ ਅਪਰੇਸ਼ਨ ਸਿੰਧੂਰ ਮਗਰੋਂ ਪਾਕਿਸਤਾਨ ਨੂੰ ਆਪਣੇ ਮਨ ਵਿੱਚ ਕੋਈ ਭਰਮ ਨਹੀਂ ਪਾਲਣਾ ਚਾਹੀਦਾ। ਉਨ੍ਹਾਂ ਦਾ ਇਸ਼ਾਰਾ ਮੁਨੀਰ ਦੀਆਂ ਉਨ੍ਹਾਂ ਟਿੱਪਣੀਆਂ ਵੱਲ ਸੀ ਜਿਸ ਵਿੱਚ ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਨਾਲ ਟਕਰਾਅ ਦੌਰਾਨ ਹੋਂਦ ਲਈ ਖ਼ਤਰਾ ਪੈਣਾ ਹੋਣ ਦੀ ਸੂਰਤ ਵਿੱਚ ਉਹ ਭਾਰਤ ਅਤੇ 'ਅੱਧੀ ਦੁਨੀਆ' ਨੂੰ ਤਬਾਹ ਕਰਨ ਲਈ ਆਪਣੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ।ਰੱਖਿਆ ਮੰਤਰੀ ਨੇ ਇਹ ਵੀ ਕਿਹਾ ਕਿ ਮੁਨੀਰ ਵੱਲੋਂ ਆਪਣੇ ਦੇਸ਼ ਦੀ ਤੁਲਨਾ 'ਡੰਪਰ ਟਰੱਕ' ਨਾਲ ਕਰਨਾ ਅਤੇ ਭਾਰਤ ਨੂੰ ਇੱਕ ਚਮਕਦਾਰ ਮਰਸੀਡੀਜ਼ ਦੱਸਣਾ ਇਸਲਾਮਾਬਾਦ ਦੀ 'ਆਪਣੀ ਨਾਕਾਮੀ' ਦਾ ਪ੍ਰਤੀਬਿੰਬ ਹੈ। ਰਾਜਨਾਥ 'ਇਕਨਾਮਿਕ (ਬਾਕੀ ਸਫਾ 2 'ਤੇ)

# ਮੁੱਖ ਮੰਤਰੀ ਵੱਲੋਂ ਪੰਜਾਬ ਨੂੰ ਦੇਸ਼ ਦਾ ਉਦਯੋਗਿਕ ਹੱਬ ਬਣਾਉਣ ਦੇ ਉਦੇਸ਼ ਨਾਲ ਪ੍ਰਮਾਣਿਤ ਪੇਸ਼ਾਵਰਾਂ ਨੂੰ ਸੂਚੀਬੱਧ ਕਰਨ ਲਈ ਨੀਤੀ ਲਾਂਚ

## ਉਦਯੋਗਿਕ ਵਿਕਾਸ ਵਿੱਚ ਤੇਜ਼ੀ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ ਦੀ ਉਮੀਦ ਜਤਾਈ

ਚੰਡੀਗੜ੍ਹ, 22 ਅਗਸਤ (ਚ.ਨ.ਸ.): ਇਥੇ ਪ੍ਰਮਾਣਿਤ ਪੇਸ਼ਾਵਰਾਂ ਨੂੰ ਸੂਚੀਬੱਧ ਕਰਨ ਲਈ ਨੀਤੀ ਲਾਂਚ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਪਹਿਲਕਦਮੀ ਸੂਬੇ ਨੂੰ ਦੇਸ ਵਿੱਚ ਮੋਹਰੀ ਉਦਯੋਗਿਕ ਹੱਬ ਵਜੋਂ ਸਥਾਪਿਤ ਕਰੇਗੀ।

ਨੀਤੀ ਦੀ ਰਸਮੀ ਸ਼ੁਰੂਆਤ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਨੀਤੀ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦਿੰਦਿਆਂ ਸੂਬੇ ਦੀ ਤਰੱਕੀ ਦੀ ਰਫ਼ਤਾਰ ਨੂੰ ਹੋਰ ਤੇਜ ਕਰੇਗੀ, ਜਿਸ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।




ਨੀਤੀ ਦੀ ਸ਼ੁਰੂਆਤ ਨੂੰ ਇਤਿਹਾਸਕ ਪਹਿਲਕਦਮੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨੀਤੀ ਦਾ ਉਦੇਸ਼ ਵਾਤਾਵਰਨ ਸੁਰੱਖਿਆ ਨੂੰ ਯਕੀਨੀ ਬਣਾਉਂਦਿਆਂ ਉਦਯੋਗਾਂ ਲਈ ਰੈਗੂਲੇਟਰੀ ਪ੍ਰਵਾਨਗੀਆਂ ਦੀ ਪ੍ਰਕਿਰਿਆ ਨੂੰ ਵਧੇਰੇ ਸੁਚਾਰੂ ਬਣਾਉਣਾ ਹੈ। ਫੂਡ ਪ੍ਰੋਸੈਸਿੰਗ, ਟੈਕਸਟਾਈਲ, ਆਟੋ ਕੰਪੋਨੈਂਟ, ਹੈਂਡ ਟੂਲ, ਸਾਈਕਲ ਨਿਰਮਾਣ, ਆਈ.ਟੀ. ਅਤੇ ਸੈਰ-ਸਪਾਟਾ ਵਰਗੇ ਖੇਤਰਾਂ ਵਿੱਚ ਪੰਜਾਬ ਦੀ ਉਦਯੋਗਿਕ ਪ੍ਰਗਤੀ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੁਨੀਆ ਭਰ ਵਿੱਚ ਨਿਵੇਸਕਾਂ ਲਈ ਪਸੰਦੀਦਾ ਸਥਾਨ ਵਜੋਂ ਉੱਭਰ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਸੁਚੱਜੇ ਸਾਸਨ, ਪਾਰਦਰਸ਼ੀ ਨਿਯਮਾਂਵਲੀ ਅਤੇ ਕਾਰੋਬਾਰ 'ਚ ਆਸਾਨੀ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਸਬੰਧੀ ਪੰਜਾਬ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਈ।

ਮੁੱਖ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਪੰਜਾਬ ਰਾਈਟ ਟੂ ਬਿਜਨਸ ਐਕਟ ਤਹਿਤ 45 ਦਿਨਾਂ ਦੇ ਅੰਦਰ ਸਮਾਂ-ਬੱਧ ਪ੍ਰਵਾਨਗੀਆਂ ਅਤੇ ਸਿਰਫ ਤਿੰਨ ਦਿਨਾਂ ਦੇ ਅੰਦਰ ਸਿਧਾਂਤਕ ਪ੍ਰਵਾਨਗੀਆਂ ਵਰਗੇ ਮੁੱਖ ਸੁਧਾਰ ਪੇਸ਼ ਕੀਤੇ ਹਨ, ਜੋ ਆਪਣੇ ਆਪ ਵਿੱਚ ਇੱਕ ਵੱਡਾ ਮੀਲ ਪੱਥਰ ਹੈ। ਉਨ੍ਹਾਂ ਦੱਸਿਆ ਕਿ ਨਵੀਂ ਨੀਤੀ ਸੂਚੀਬੱਧ ਪੇਸ਼ਾਵਰਾਂ ਦੁਆਰਾ ਥਰਡ-ਪਾਰਟੀ ਪ੍ਰਮਾਣਿਕਤਾ ਲਈ ਇੱਕ ਢਾਂਚਾਗਤ ਅਤੇ ਪਾਰਦਰਸ਼ੀ ਪ੍ਰਣਾਲੀ ਪੇਸ਼ ਕਰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਪੇਸ਼ਾਵਰਾਂ ਵਿੱਚ ਮੁੱਖ ਤੌਰ 'ਤੇ ਰਾਜ ਪ੍ਰਦੂਸਣ ਕੰਟਰੋਲ ਬੋਰਡਾਂ, ਪ੍ਰਦੂਸਣ ਕੰਟਰੋਲ ਕਮੇਟੀਆਂ ਜਾਂ ਰਾਜ ਵਾਤਾਵਰਨ ਵਿਭਾਗਾਂ ਤੋਂ ਸੇਵਾਮੁਕਤ ਵਾਤਾਵਰਨ ਇੰਜੀਨੀਅਰ ਅਤੇ ਲੋੜੀਂਦੀ ਇੰਜੀਨੀਅਰਿੰਗ ਯੋਗਤਾ ਵਾਲੇ ਸੇਵਾਮੁਕਤ ਐਸੋਸੀਏਟ ਪ੍ਰੋਫੈਸਰ ਸ਼ਾਮਲ ਹਨ। ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਹ ਪ੍ਰਮਾਣਿਤ ਪੇਸ਼ੇਵਰ ਉਦਯੋਗਾਂ ਵਿਸ਼ੇਸ਼ ਕਰਕੇ ਉਦਯੋਗਿਕ ਅਸਟੇਟਾਂ ਵਿੱਚ ਵ੍ਹਾਈਟ, ਗਰੀਨ ਅਤੇ ਓਰੇਂਜ ਸ਼੍ਰੇਣੀ ਅਧੀਨ ਆਉਂਦੇ ਉਦਯੋਗਾਂ ਨੂੰ ਰੈਗੂਲੇਟਰੀ ਪ੍ਰਵਾਨਗੀਆਂ ਜਿਵੇਂ ਸਥਾਪਨਾ ਲਈ ਸਹਿਮਤੀ/ਐਨ.ਓ.ਸੀ., ਸੰਚਾਲਨ ਲਈ ਸਹਿਮਤੀ ਅਤੇ ਵਾਤਾਵਰਨ ਕਾਨੂੰਨਾਂ ਅਧੀਨ ਪਾਲਣਾ ਦੀ ਨਿਗਰਾਨੀ ਆਦਿ ਲਈ ਸਹੂਲਤਾਂ ਪ੍ਰਦਾਨ ਕਰਨਗੇ। ਇਸ ਗੱਲ 'ਤੇ ਜੋਰ ਦਿੰਦਿਆਂ ਕਿਹਾ ਕਿ ਇਹ ਦੇਸ ਵਿੱਚ ਆਪਣੀ ਕਿਸਮ ਦੀ ਪਹਿਲੀ ਨੀਤੀ ਹੈ, ਉਨ੍ਹਾਂ ਕਿਹਾ ਕਿ ਇਹ ਵਾਤਾਵਰਣ ਸੁਰੱਖਿਆ ਨੂੰ ਕਾਇਮ ਰੱਖਦਿਆਂ ਉਦਯੋਗਿਕ ਪ੍ਰਵਾਨਗੀਆਂ ਦੀ ਪ੍ਰਕਿਰਿਆ ਨੂੰ ਤੇਜ ਕਰੇਗੀ। ਭਗਵੰਤ ਸਿੰਘ ਮਾਨ ਨੇ ਜੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ ਨਾ ਸਿਰਫ ਉਦਯੋਗਾਂ ਲਈ ਪਾਲਣਾ ਦੇ ਬੋਝ ਨੂੰ ਘਟਾਏਗੀ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤੀ ਸਰੋਤਾਂ ਦੀ ਰੱਖਿਆ ਕਰਦਿਆਂ ਸਾਫ ਹਵਾ-ਪਾਣੀ, ਟਿਕਾਊ ਵਿਕਾਸ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਵੀ ਯਕੀਨੀ ਬਣਾਏਗੀ।

ਮੁੱਖ ਮੰਤਰੀ ਨੇ ਉਦਯੋਗਾਂ, ਪੇਸ਼ਾਵਰਾਂ ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਨੂੰ ਆਉਣ ਵਾਲੇ ਸਮੇਂ ਵਿੱਚ ਪੰਜਾਬ ਨੂੰ ਤਿਆਰ-ਬਰ-ਤਿਆਰ, ਵਿਸ਼ਵ ਪੱਧਰ 'ਤੇ ਮੁਕਾਬਲੇ ਵਾਲਾ ਅਤੇ ਵਾਤਾਵਰਨ ਪੱਖੋਂ ਟਿਕਾਊ ਸੂਬਾ ਬਣਾਉਣ ਲਈ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨਵੇਂ ਵਾਤਾਵਰਨ ਮਾਹਿਰਾਂ ਨੂੰ ਸੂਚੀਬੱਧ ਕਰ ਕੇ ਵੱਖ-ਵੱਖ ਰੁਕਾਵਟਾਂ ਨੂੰ ਦੂਰ ਕਰ ਰਹੀ ਹੈ ਅਤੇ ਪ੍ਰਮਾਣਿਤ ਪੇਸ਼ਾਵਰਾਂ ਨੂੰ ਉਦਯੋਗਿਕ ਪ੍ਰਸਤਾਵਾਂ ਨੂੰ ਮਨਜ਼ੂਰੀ ਦੇਣ ਦੇ ਅਧਿਕਾਰ ਪ੍ਰਦਾਨ ਕਰ ਕੇ ਨੋਟਰੀਆਂ ਵਾਂਗ ਵਧੇਰੇ ਸਸਕਤ ਬਣਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਮੁਹਾਰਤ ਉਦਯੋਗ ਨੂੰ ਵਧੇਰੇ ਲਾਭ ਪਹੁੰਚਾਉਂਦਿਆਂ ਸਰਕਾਰੀ ਕਾਰਜਾਂ ਵਿੱਚ ਪਾਰਦਰਸਤਾ ਲਿਆਏਗੀ ਅਤੇ ਉਦਯੋਗੀਕਰਨ ਦੀ ਗਤੀ ਨੂੰ ਹੋਰ ਤੇਜ ਕਰੇਗੀ।

ਇਸ ਨੂੰ ਉਦਯੋਗਪਤੀਆਂ ਲਈ ਇਤਿਹਾਸਕ ਦਿਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਰਵਾਇਤੀ ਤੌਰ 'ਤੇ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੀ ਸਰਕਾਰ ਨੌਜਵਾਨਾਂ ਲਈ ਰੋਜ਼ਗਾਰ ਦੇ ਭਰਪੂਰ ਮੌਕੇ ਪੈਦਾ ਕਰਨ ਲਈ ਉਦਯੋਗਿਕ ਵਿਕਾਸ ਨੂੰ ਵੱਧ ਤੋਂ ਵੱਧ ਹੁਲਾਰਾ ਦੇਣ ਨਾਸਤੇ ਵਚਨਬੱਧ ਹੈ। ਉਨ੍ਹਾਂ ਮਾਣ ਨਾਲ ਕਿਹਾ ਕਿ ਪੰਜਾਬ ਸਰਕਾਰ ਦੇ ਠੋਸ ਯਤਨਾਂ ਸਦਕਾ ਬ੍ਰੇਨ ਡਰੇਨ ਦੇ ਰੁਝਾਨ ਨੂੰ ਪੁੱਠਾ ਗੇੜ ਪੈ ਗਿਆ ਹੈ ਅਤੇ ਪੰਜਾਬ ਵਿੱਚ ਹੁਣ "ਬ੍ਰੇਨ ਗੇਨ" ਦਾ ਯੁੱਗ ਸ਼ੁਰੂ ਹੋ ਗਿਆ ਹੈ। ਭਗਵੰਤ ਸਿੰਘ ਮਾਨ ਨੇ ਉਦਯੋਗਪਤੀਆਂ ਨੂੰ ਇਸ ਨੇਕ ਪਹਿਲਕਦਮੀ ਦੇ ਸਮਰਥਨ ਦਾ ਸੱਦਾ ਦਿੱਤਾ ਅਤੇ ਪੇਸ਼ਾਵਰਾਂ ਨੂੰ ਇਸ ਵਿਲੱਖਣ ਯਤਨ ਵਿੱਚ ਪੂਰੇ ਦਿਲੋਂ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਨ ਸਕੱਤਰ ਪ੍ਰਿਯਾਂਕ ਭਾਰਤੀ, ਪੀ.ਪੀ.ਸੀ.ਬੀ. ਦੀ ਚੇਅਰਪਰਸਨ ਰੀਨਾ ਗੁਪਤਾ ਅਤੇ ਹੋਰ ਹਾਜ਼ਰ ਸਨ।

## ਪੂਰੀ ਆਜ਼ਾਦੀ ਚਾਹੀਦੀ ਹੈ ਤਾਂ ਵਿਆਹ ਹੀ ਨਾ ਕਰਵਾਓ: ਸੁਪਰੀਮ ਕੋਰਟ

ਨਵੀਂ ਦਿੱਲੀ, 22 ਅਗਸਤ (ਚ.ਨ.ਸ.): ਸੁਪਰੀਮ ਕੋਰਟ ਨੇ ਵੀਰਵਾਰ ਨੂੰ ਕਿਹਾ ਕਿ ਇਹ 'ਅਸੰਭਵ' ਹੈ ਕਿ ਵਿਆਹ ਤੋਂ ਬਾਅਦ, ਪਤੀ ਜਾਂ ਪਤਨੀ ਇਹ ਕਹਿ ਸਕਣ ਕਿ ਉਹ ਅਪਣੇ ਜੀਵਨ ਸਾਥੀ ਤੋਂ ਸੁਤੰਤਰ ਰਹਿਣਾ ਚਾਹੁੰਦੇ ਹਨ। ਜਸਟਿਸ ਬੀ.ਵੀ. ਨਾਗਰਤਨਾ ਅਤੇ ਆਰ. ਮਹਾਦੇਵਨ ਦੇ ਬੈਂਚ ਨੇ ਚੇਤਾਵਨੀ ਦਿਤੀ ਕਿ ਜੇਕਰ ਕੋਈ ਸੁਤੰਤਰ ਰਹਿਣਾ ਚਾਹੁੰਦਾ ਹੈ, ਤਾਂ ਉਸਨੂੰ ਵਿਆਹ ਨਹੀਂ ਕਰਨਾ ਚਾਹੀਦਾ। ਸੁਪਰੀਮ ਕੋਰਟ ਇਕ ਦੂਜੇ ਤੋਂ ਵੱਖ ਰਹਿਣ ਵਾਲੇ ਜੋੜੇ ਦੇ ਮਾਮਲੇ ਦੀ ਸੁਣਵਾਈ ਕਰ ਰਹੀ ਹੈ। ਉਨ੍ਹਾਂ ਦੇ ਦੋ ਬੱਚੇ ਵੀ ਹਨ। ਬੈਂਚ ਨੇ ਕਿਹਾ,"ਜੇਕਰ ਉਹ (ਜੋੜਾ) ਇਕੱਠੇ ਹੁੰਦੇ ਹਨ, ਤਾਂ ਅਸੀਂ ਖ਼ੁਸ਼ ਹੋਵਾਂਗੇ ਕਿਉਂਕਿ ਬੱਚੇ ਬਹੁਤ ਛੋਟੇ ਹਨ।

# ਪੰਜਾਬ ਸਰਕਾਰ ਆਈ.ਟੀ. ਸੈਕਟਰ ਨੂੰ ਹੁਲਾਰਾ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ:ਚੀਮਾ



ਲੁਧਿਆਣਾ, 22 ਅਗਸਤ (ਚ.ਨ.ਸ.): ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਈ.ਟੀ. ਸੈਕਟਰ ਨੂੰ ਹੁਲਾਰਾ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ ਜਿਸ ਸਬੰਧੀ ਕਾਫੀ ਸਾਰੀ ਭੂਮੀ ਰਿਜਰਵ ਕੀਤੀ ਗਈ ਹੈ ਜਿੱਥੇ ਆਈ.ਟੀ. ਸੈਕਟਰ ਨੂੰ ਹੋਰ ਡਿਵੈਲਪ ਕੀਤਾ ਜਾਵੇਗਾ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ, ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਅੱਜ ਸਥਾਨਕ ਹੋਟਲ ਰੀਜੈਂਟਾ ਸੈਂਟਰਲ ਕਲਾਸਿਕ ਵਿਖੇ "ਆਈ.ਟੀ. ਇੰਡੀਆ ਐਕਸਪੋ - 2025" ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਆਈ.ਟੀ. ਸੈਕਟਰ ਨੂੰ ਕਾਫੀ ਸ਼ਹਿਰਾਂ ਵਿੱਚ ਅੱਗੇ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਵੱਲੋਂ ਕਰੀਬ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਦੀ ਇਨਵੈਸਟਮੈਂਟ ਕੀਤੀ ਜਾ ਚੁੱਕੀ ਹੈ ਅਤੇ ਆਈ.ਟੀ. ਖੇਤਰ ਵਿੱਚ ਵੀ ਵੱਡੇ ਪੱਧਰ 'ਤੇ ਇਨਵੈਸਟਮੈਂਟ ਆ ਰਹੀ ਹੈ।

ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਆਈ.ਟੀ. ਐਕਸਪੋ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਇੱਕ ਚੰਗਾ ਉਪਰਾਲਾ ਹੈ। ਉਨ੍ਹਾਂ ਇਸ ਐਗਜੀਬਿਸ਼ਨ ਦਾ ਆਯੋਜਨ ਕਰਨ ਵਾਲੀ ਸਾਰੀ ਟੀਮ ਨੂੰ ਵੀ ਮੁਬਾਰਕਬਾਦ ਦਿੱਤੀ ਜਿਨ੍ਹਾਂ ਲੁਧਿਆਣਾ ਸ਼ਹਿਰ ਦੇ ਵਸਨੀਕਾਂ ਖਾਸ ਕਰਕੇ ਆਈ.ਟੀ. ਸੈਕਟਰ ਨਾਲ ਜੁੜੇ ਵਿਦਿਆਰਥੀਆਂ ਨੂੰ ਨਵੀਂ ਤਕਨੀਕ ਬਾਰੇ ਜਾਣੂ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਨਾਮੀ ਕੰਪਨੀਆਂ ਦੀ ਇਸ ਐਗਜੀਬਿਸ਼ਨ ਵਿੱਚ ਲੁਧਿਆਣਾ ਤੋਂ ਇਲਾਵਾ ਹੋਰਨਾਂ ਸ਼ਹਿਰਾਂ ਦੇ ਲੋਕਾਂ ਵੱਲੋਂ ਵੀ ਸ਼ਮੂਲੀਅਤ ਕਰਕੇ ਨਵੇਂ ਪ੍ਰੋਡਕਟਾਂ ਦੀ ਖਰੀਦ ਕੀਤੀ ਜਾ ਰਹੀ ਹੈ ਅਤੇ ਆਪਣਾ ਤਜ਼ਰਬਾ ਸਾਂਝਾ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਚੀਮਾ ਨੇ ਕਿਹਾ ਕਿ ਇਹ ਪੰਜਾਬ ਸੂਬੇ ਦੀ ਹੀ ਨਹੀਂ ਸਗੋਂ ਭਾਰਤ ਦੀ ਸਭ ਤੋਂ ਵੱਡੀ ਐਗਜੀਬਿਸ਼ਨ ਹੈ ਜਿਸਦੀ ਤਿਆਰੀ ਪਿਛਲੇ ਕਰੀਬ 3 ਸਾਲਾਂ ਤੋਂ ਕੀਤੀ ਜਾ ਰਹੀ ਸੀ, ਜਿਸਦਾ ਨਤੀਜਾ ਸਾਹਮਣੇ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਕੰਪਨੀਆਂ ਦੇ ਕਰੀਬ 1000 ਤੋਂ ਵੱਧ ਡੀਲਰਾਂ ਵੱਲੋਂ ਸ਼ਿਰਕਤ ਕੀਤੀ ਜਾ ਚੁੱਕੀ ਹੈ ਅਤੇ ਆਈ.ਟੀ. ਸੈਕਟਰ ਨਾਲ ਜੁੜੇ ਕਰੀਬ 22 ਹਜ਼ਾਰ ਵਿਦਿਆਰਥੀਆਂ ਵੱਲੋਂ ਰਜਿਸਟਰੇਸ਼ਨ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਸ ਐਗਜੀਬਿਸ਼ਨ ਰਾਹੀਂ ਵਿਦਿਆਰਥੀ ਨਵੀਂ ਤਕਨੀਕ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਸਫਲ ਹੋਣਗੇ ਜਿਹੜੀ ਕਿ ਆਨਲਾਈਨ ਉਪਲੱਬਧ ਨਹੀਂ ਹੁੰਦੀ ਹੈ।

ਉਨ੍ਹਾਂ ਪੱਤਰਕਾਰਾਂ ਦੇ ਸੁਆਲ ਦਾ ਜੁਆਬ ਦਿੰਦਿਆਂ ਕਿਹਾ ਕਿ ਮੌਜੂਦਾ ਹੜ੍ਹ ਵਰਗੇ ਨਾਜ਼ੁਕ ਹਾਲਾਤਾਂ ਦੌਰਾਨ, ਕੇਂਦਰ ਸਰਕਾਰ ਨੂੰ ਪੰਜਾਬ ਸੂਬੇ ਦੀ ਸਾਰ ਲੈਣੀ ਚਾਹੀਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਸੂਬੇ ਦੀ ਕਰੀਬ 50 ਹਜ਼ਾਰ ਕਰੋੜ ਰੁਪਏ ਜੀ.ਐਸ.ਟੀ. ਦੇ ਨੁਕਸਾਨ ਦੀ ਭਰਪਾਈ ਦੇ ਨਾਲ ਕਰੀਬ 10 ਹਜ਼ਾਰ ਕਰੋੜ ਰੁਪਏ ਰੂਰਲ ਡਿਵੈਲਪਮੈਂਟ ਫੰਡ (ਆਰ.ਡੀ.ਐਫ.) ਨੂੰ ਵੀ ਜਾਰੀ ਕੀਤਾ ਜਾਵੇ।

ਉਨ੍ਹਾਂ ਇਹ ਵੀ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੰਤਰੀ ਸਹਿਬਾਨਾਂ ਦੇ ਨਾਲ ਪ੍ਰਸ਼ਾਸ਼ਨ ਵੀ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਆਪਣਾ ਪੂਰਾ ਜ਼ੋਰ ਲਾ ਰਹੀ ਹੈ।

ਉਨ੍ਹਾ ਦੁਹਰਾਇਆ ਕਿ ਕੇਂਦਰ ਸਰਕਾਰ ਨੂੰ ਇਸ ਸਮੇਂ ਪੰਜਾਬ ਸੂਬੇ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਹੜ੍ਹ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਸਪੈਸ਼ਲ ਗਰਾਂਟ ਜਾਰੀ ਕਰਨੀ ਚਾਹੀਦੀ ਹੈ।

ਇਸ ਮੌਕੇ ਉਨ੍ਹਾਂ ਉੱਘੇ ਕਮੇਡੀਅਨ ਜਸਵਿੰਦਰ ਸਿੰਘ ਭੱਲਾ ਜੀ ਦੇ ਪਰਿਵਾਰ ਪ੍ਰਤੀ ਵੀ ਆਪਣੀ ਸੰਵੇਦਨਾ ਪ੍ਰਗਟ ਕੀਤੀ। ਉਨ੍ਹਾ ਕਿਹਾ ਕਿ ਭੱਲਾ ਜੀ ਨੇ ਪੂਰੀ ਪੰਜਾਬੀਅਤ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਲੋਕਾਂ ਨੂੰ ਹਸਾਇਆ ਤੇ ਲੋਕਾਂ ਦਾ ਸੱਭਿਆਚਾਰਕ ਮਨੋਰੰਜਨ ਕੀਤਾ। ਉਨ੍ਹਾਂ ਜਸਵਿੰਦਰ ਭੱਲਾ ਜੀ ਦੇ ਵਿਛੋੜੇ ਨੂੰ ਪੰਜਾਬੀ ਫਿਲਮ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

# ਪਹਿਲੇ ਸਫ਼ੇ ਦੀ ਬਾਕੀ

### ਸੂਬਾ ਸਰਕਾਰ ਹੜ੍ਹਾਂ ਕਾਰਨ ਹੋਏ ਨੁਕਸਾਨ

ਵਚਨਬੱਧ ਹੈ ਅਤੇ ਉਨ੍ਹਾਂ ਨੇ ਅਧਿਕਾਰੀਆਂ ਨੂੰ ਅਜਿਹੀਆਂ ਕੁਦਰਤੀ ਆਫਤਾਂ ਕਾਰਨ ਹੋਣ ਵਾਲੇ ਨੁਕਸਾਨ ਨੂੰ ਟਾਲਣ/ਘੱਟ ਕਰਨ ਲਈ ਢੰਗ-ਤਰੀਕੇ ਤਲਾਸਣ ਲਈ ਵੀ ਕਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਮੁਸੀਬਤ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਸਹਾਇਤਾ ਪ੍ਰਦਾਨ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਹਿਲਾਂ ਹੀ ਵੱਡੇ ਪੱਧਰ 'ਤੇ ਰਾਹਤ ਅਤੇ ਬਚਾਅ ਕਾਰਜ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਯਕੀਨੀ ਬਣਾਉਣ ਲਈ ਪੂਰਾ ਜੋਰ ਲਾਇਆ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਮੁਸ਼ਕਲ ਸਮੇਂ ਵਿੱਚ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਸੂਬੇ ਵਿੱਚ ਹੜ੍ਹਾਂ ਕਾਰਨ ਲੋਕਾਂ ਨੂੰ ਹੋਏ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ ਕਿ ਵਿਸ਼ੇਸ਼ ਗਿਰਦਾਵਰੀ ਨਿਰਪੱਖ ਢੰਗ ਨਾਲ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦਿੱਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦੇਣ ਲਈ ਵਿਸ਼ੇਸ਼ ਗਿਰਦਾਵਰੀ ਵਿੱਚ ਫਸਲ, ਪਸ਼ੂ, ਘਰ ਆਦਿ ਤੋਂ ਇਲਾਵਾ ਅਜਿਹੇ ਹਰ ਨੁਕਸਾਨ ਨੂੰ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਨੀਵੇਂ ਇਲਾਕਿਆਂ ਵਿੱਚ ਹੜ੍ਹ ਕਰਕੇ ਹੋਏ ਨੁਕਸਾਨ ਦਾ ਪਤਾ ਲਗਾ ਕੇ ਲੋਕਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਹੜ੍ਹਾਂ ਦੌਰਾਨ ਲੋਕਾਂ ਨੂੰ ਹੋਏ ਇੱਕ-ਇੱਕ ਪੈਸੇ ਦੇ ਨੁਕਸਾਨ ਦਾ ਮੁਆਵਜ਼ਾ ਦੇਵੇਗੀ।

ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਤੋਂ ਜਾਣੂ ਕਰਵਾਇਆ। ਇਸ ਦੌਰਾਨ ਭਗਵੰਤ ਸਿੰਘ ਮਾਨ ਨੇ ਮੱਖੂ ਤੋਂ ਹਰੀਕੇ ਪੱਤਣ ਤੱਕ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਵੀ ਕੀਤਾ।

### ਛੱਡੇ ਜਾਣ ਲਾਵਾਰਸ ਕੁੱਤੇ ਪਰ ਟੀਕਾਕਰਨ

ਜਗ੍ਹਾ ਦੀ ਬਜਾਏ ਕਿਸੇ ਹੋਰ ਜਗ੍ਹਾ 'ਤੇ ਕੁੱਤਿਆਂ ਨੂੰ ਖਾਣਾ ਖਵਾਉਂਦਾ ਹੈ ਤਾਂ ਉਸ 'ਤੇ ਵੀ ਜੁਰਮਾਨਾ ਲਗਾਇਆ ਜਾਵੇਗਾ।÷ 14 ਅਗਸਤ ਨੂੰ ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐਨ.ਵੀ. ਅੰਜਾਰੀਆ ਦੀ ਵਿਸ਼ੇਸ਼ ਬੈਂਚ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ। ਇਸ ਤੋਂ ਪਹਿਲਾਂ, 11 ਅਗਸਤ ਨੂੰ ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਕੁੱਤਿਆਂ ਦੇ ਕੱਟਣ ਅਤੇ ਰੇਬੀਜ਼ ਦੇ ਮਾਮਲਿਆਂ ਨੂੰ ਦੇਖਦੇ ਹੋਏ ਦਿੱਲੀ-ਐਨ.ਸੀ.ਆਰ. ਦੇ ਰਿਹਾਇਸ਼ੀ ਇਲਾਕਿਆਂ ਤੋਂ ਸਾਰੇ ਲਾਵਾਰਸ ਕੁੱਤਿਆਂ ਨੂੰ ਹਟਾਉਣ ਅਤੇ ਉਨ੍ਹਾਂ ਨੂੰ 8 ਹਫ਼ਤਿਆਂ ਦੇ ਅੰਦਰ ਸ਼ੈਲਟਰ ਹੋਮ ਭੇਜਣ ਦਾ ਹੁਕਮ ਦਿਤਾ ਸੀ ਅਦਾਲਤ ਨੇ ਇਸ ਕੰਮ ਵਿਚ ਰੁਕਾਵਟ ਪਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਚਿਤਾਵਨੀ ਦਿਤੀ ਸੀ। ਸੁਪਰੀਮ ਕੋਰਟ ਦੇ ਇਸ ਹੁਕਮ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਸੀ। ਇਸ ਤੋਂ ਬਾਅਦ, 13 ਅਗਸਤ ਨੂੰ, ਚੀਫ਼ ਜਸਟਿਸ ਬੀ.ਆਰ. ਗਵਈ ਨੇ ਕਿਹਾ ਸੀ ਕਿ ਕਾਨਫ਼ਰੰਸ ਆਫ਼ ਹਿਊਮਨ ਰਾਈਟਸ (ਇੰਡੀਆ) ਐਨ.ਜੀ.ਓ. ਦੀ ਪਟੀਸ਼ਨ 'ਤੇ, ਉਹ ਇਸ ਮਾਮਲੇ ਨੂੰ ਨਿੱਜੀ ਤੌਰ 'ਤੇ ਦੇਖਣਗੇ। ਇਹ ਮਾਮਲਾ 3 ਜੱਜਾਂ ਦੇ ਵਿਸ਼ੇਸ਼ ਬੈਂਚ ਨੂੰ ਸੌਂਪ ਦਿਤਾ ਗਿਆ ਸੀ।

### 'ਕੱਟੇ ਗਏ ਵੋਟਰਾਂ ਨੂੰ ਸੂਚੀ 'ਚ ਨਾਮ ਸ਼ਾਮਲ

ਨੂੰ ਪੁੱਛਿਆ ਤੁਸੀਂ ਕੀ ਕਰ ਰਹੇ ਹੋ। ਸੁਣਵਾਈ ਦੌਰਾਨ, ਅਦਾਲਤ ਨੇ ਚੋਣ ਕਮਿਸ਼ਨ ਨੂੰ ਕਈ ਸਵਾਲ ਪੁੱਛੇ। ਜਸਟਿਸ ਸੂਰਿਆਕਾਂਤ ਨੇ ਕਿਹਾ - ਰਾਜਨੀਤਿਕ ਪਾਰਟੀਆਂ ਦੀ ਅਕਿਰਿਆਸ਼ੀਲਤਾ ਹੈਰਾਨੀਜਨਕ ਹੈ। ਰਾਜ ਦੀਆਂ 12 ਰਾਜਨੀਤਿਕ ਪਾਰਟੀਆਂ ਵਿੱਚੋਂ, ਸਿਰਫ 3 ਪਾਰਟੀਆਂ ਇੱਥੇ ਅਦਾਲਤ ਵਿੱਚ ਆਈਆਂ ਹਨ। ਤੁਸੀਂ ਵੋਟਰਾਂ ਦੀ ਮਦਦ ਲਈ ਕੀ ਕਰ ਰਹੇ ਹੋ। ਅਦਾਲਤ ਨੇ ਇਹ ਵੀ ਹੈਰਾਨੀ ਪ੍ਰਗਟ ਕੀਤੀ ਕਿ ਰਾਜਨੀਤਿਕ ਪਾਰਟੀਆਂ ਕੋਲ ਲਗਭਗ 1.6 ਲੱਖ ਬੂਥ ਪੱਧਰੀ ਏਜੰਟ ਹੋਣ ਦੇ ਬਾਵਜੂਦ, ਉਨ੍ਹਾਂ ਤੋਂ ਸਿਰਫ਼ ਦੋ ਇਤਰਾਜ਼ ਪ੍ਰਾਪਤ ਹੋਏ ਹਨ।

### ਕਿਸੇ ਨੂੰ ਉਦੋਂ ਤੱਕ ਆਰਾਮ ਕਰਨ ਦਾ

ਬਣਾਇਆ ਹੈ।ਸ਼ਾਹ ਨੇ ਕਿਹਾ, 'ਜਦੋਂ ਤੱਕ ਅਸੀਂ ਸਿਖਰ 'ਤੇ ਨਹੀਂ ਪਹੁੰਚਦੇ ਅਤੇ ਮਹਾਨ ਭਾਰਤ ਦਾ ਨਿਰਮਾਣ ਨਹੀਂ ਕਰ ਲੈਂਦੇ, ਕਿਸੇ ਨੂੰ ਆਰਾਮ ਕਰਨ ਦਾ ਅਧਿਕਾਰ ਨਹੀਂ। ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੌਰਾਨ ਮੋਦੀ ਜੀ ਨੇ ਟੀਚਾ ਰੱਖਿਆ ਕਿ 75 ਤੋਂ 100 ਸਾਲਾਂ ਦੀ ਯਾਤਰਾ ਵਿੱਚ 140 ਕਰੋੜ ਨਾਗਰਿਕਾਂ ਨੂੰ ਦੇਸ਼ ਨੂੰ ਹਰ ਖੇਤਰ ਵਿੱਚ ਸਿਖਰ 'ਤੇ ਲਿਜਾਣ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ।' ਸ਼ਾਹ ਦਾ ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਅਮਰੀਕਾ ਨੇ ਐਲਾਨ ਕੀਤਾ ਹੈ ਕਿ ਜੇਕਰ ਭਾਰਤ ਰੂਸੀ ਤੇਲ ਖਰੀਦਣਾ ਜਾਰੀ ਰੱਖਦਾ ਹੈ ਤਾਂ ਭਾਰਤੀ ਸਾਮਾਨਾਂ 'ਤੇ 25 ਪ੍ਰਤੀਸ਼ਤ ਵਾਧੂ ਡਿਊਟੀ ਲਗਾਈ ਜਾਵੇਗੀ। ਇਸ ਨਾਲ ਕੱਪੜਾ, ਸਮੁੰਦਰੀ ਉਤਪਾਦਾਂ ਅਤੇ ਚਮੜੇ ਦੇ ਨਿਰਯਾਤ ਵਰਗੇ ਖੇਤਰਾਂ 'ਤੇ ਅਸਰ ਪੈਣ ਦੀ ਸੰਭਾਵਨਾ ਹੈ।

ਉਨ੍ਹਾਂ ਕਿਹਾ ਕਿ ਜਦੋਂ ਵੀ ਦੇਸ਼ ਦਾ ਇਤਿਹਾਸ ਸ਼ਾਂਤੀ ਅਤੇ ਵਿਕਾਸ ਦੇ ਮਾਮਲੇ ਵਿੱਚ ਲਿਖਿਆ ਜਾਵੇਗਾ, ਤਾਂ ਮੋਦੀ ਸ਼ਾਸਨ ਦੇ 11 ਸਾਲਾਂ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਗ੍ਰਹਿ ਮੰਤਰੀ ਨੇ ਕਿਹਾ, "ਫਿਰ ਵੀ ਮੈਨੂੰ ਅਫ਼ਸੋਸ ਹੈ ਕਿ ਭਾਰਤ ਤਾਂ ਅੱਗੇ ਵੱਧ ਗਿਆ ਪਰ ਕੇਰਲ ਅੱਜ ਵੀ ਉੱਥੇ ਹੀ ਹੈ, ਜਿੱਥੇ ਇਹ 11 ਸਾਲ ਪਹਿਲਾਂ ਸੀ। ਕੇਰਲ ਵਿੱਚ ਅਥਾਹ ਸੰਭਾਵਨਾਵਾਂ ਹਨ ਪਰ ਕਮਿਊਨਿਸਟ ਵਿਚਾਰਧਾਰਾ ਕਾਰਨ ਪੈਦਾ ਹੋਏ ਰੁਕਾਵਟ ਨੇ ਇਸਦੇ ਵਿਕਾਸ ਨੂੰ ਰੋਕ ਦਿੱਤਾ ਹੈ। ਮੈਨੂੰ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਕੇਰਲ ਦੇ ਲੋਕ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਰਾਸ਼ਟਰੀ ਵਿਕਾਸ ਯਾਤਰਾ ਵਿੱਚ ਸ਼ਾਮਲ ਹੋਣਗੇ।'

### ਆਰ.ਜੇ.ਡੀ. ਤੇ ਕਾਂਗਰਸ ਨੇਤਾ ਜਾਂ

ਅਤੇ ਸੂਬੇ ਵਿੱਚ ਸਭ ਜਾਣਦੇ ਹਨ ਕਿ ਆਰ.ਜੇ.ਡੀ. ਨੇਤਾ ਹਮੇਸ਼ਾ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਰਹਿੰਦੇ ਹਨ। ਮੋਦੀ ਨੇ ਕਿਹਾ,"ਆਰ.ਜੇ.ਡੀ. ਅਤੇ ਕਾਂਗਰਸ ਦੇ ਸ਼ਾਸਨਕਾਲ ਵਿੱਚ ਬਿਹਾਰ 'ਚ ਕੋਈ ਵੱਡਾ ਪ੍ਰਾਜੈਕਟ ਸਿਰੇ ਨਹੀਂ ਚੜ੍ਹਿਆ। ਉਨ੍ਹਾਂ ਕਦੇ ਲੋਕਾਂ ਦੀ ਭਲਾਈ ਲਈ ਨਹੀਂ ਸੋਚਿਆ, ਬੱਸ ਆਪਣੀਆਂ ਜੇਬਾਂ ਭਰਨ 'ਚ ਲੱਗੇ ਰਹੇ।" ਉਨ੍ਹਾਂ ਗ਼ੈਰ-ਕਾਨੂੰਨੀ ਪਰਵਾਸ ਦੇ ਮੁੱਦੇ 'ਤੇ ਕਿਹਾ ਕਿ ਬਿਹਾਰ ਦੇ ਸਰਹੱਦੀ ਜ਼ਿਲ੍ਹਿਆਂ 'ਚ ਆਬਾਦੀ ਤੇਜ਼ੀ ਨਾਲ ਬਦਲ ਰਹੀ ਹੈ। ਉਨ੍ਹਾਂ ਨੇ ਆਰਜੇਡੀ ਅਤੇ ਕਾਂਗਰਸ 'ਤੇ ਘੁਸਪੈਠੀਆਂ ਦਾ ਸਾਥ ਦੇਣ ਦਾ ਦੋਸ਼ ਲਾਇਆ। ਮੋਦੀ ਨੇ ਕਿਹਾ,"ਅਸੀਂ ਘੁਸਪੈਠੀਆਂ ਨੂੰ ਸੂਬੇ ਦੇ ਲੋਕਾਂ ਦੇ ਅਧਿਕਾਰ ਨਹੀਂ ਖੋਹਣ ਦੇਵਾਂਗੇ। ਆਰ.ਜੇ.ਡੀ. ਅਤੇ ਕਾਂਗਰਸ ਇਨ੍ਹਾਂ ਘੁਸਪੈਠੀਆਂ ਦਾ ਸਮਰਥਨ ਕਰ ਰਹੇ ਹਨ। ਉਹ ਦੂਸ਼ਣਬਾਜ਼ੀ ਦੀ ਸਿਆਸਤ ਕਰ ਰਹੇ ਹਨ। ਬਿਹਾਰ ਦੇ ਲੋਕਾਂ ਨੂੰ ਅਜਿਹੀਆਂ ਪਾਰਟੀਆਂ ਅਤੇ ਅਜਿਹੇ ਨੇਤਾਵਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।"

### ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕੌਂਸਲ

, ਫਿਰ ਉਸੇ ਦਿਨ ਜਾਂਚ ਕੀਤੀ ਜਾਵੇਗੀ ਅਤੇ ਅੰਤਿਮ ਸੂਚੀ ਲਈ 02.30 ਤੱਕ ਦੁਬਾਰਾ ਇਤਰਾਜ਼ ਦੇਖੇ ਜਾਣਗੇ। 28 ਤਰੀਕ ਨੂੰ ਸਵੇਰੇ 10 ਵਜੇ ਸੂਚੀ ਵਾਪਸ ਲੈਣ ਲਈ ਕੱਢੀ ਜਾਵੇਗੀ ਅਤੇ ਦੁਪਹਿਰ 02.30 ਵਜੇ ਅੰਤਿਮ ਸੂਚੀ ਲਈ ਜਾਵੇਗੀ। ਚੋਣਾਂ 3 ਸਤੰਬਰ ਨੂੰ ਸਵੇਰੇ 09.30 ਵਜੇ ਸ਼ੁਰੂ ਹੋਣਗੀਆਂ, ਗਿਣਤੀ ਜਿਮਨੇਜ਼ੀਅਮ ਹਾਲ ਵਿੱਚ ਕੀਤੀ ਜਾਵੇਗੀ। ਉਮੀਦਵਾਰ ਦੀ 75 ਫ਼ੀਸਦੀ ਹਾਜ਼ਰੀ ਜ਼ਰੂਰੀ ਹੋਵੇਗੀ। ਕਿਸੇ ਵੀ ਵਿਸ਼ੇ ਵਿਚ ਕੰਪਾਰਟਮੈਂਟ ਨਹੀਂ ਹੋਣੀ ਚਾਹੀਦੀ। ਅਕਾਦਮਿਕ ਬੈਕਲਾਗ ਨਹੀਂ ਹੋਣਾ ਚਾਹੀਦਾ। ਕਾਂਫੀਡੈਂਸ਼ੀਅਲ ਰਿਜ਼ਲਟ ਵੀ ਮੰਨਣਯੋਗ ਹੋਵੇਗਾ। ਪ੍ਰਿੰਟਿੰਗ ਮਟੀਰੀਅਲ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ। ਸੁਰੱਖਿਆ ਨੂੰ ਲੈ ਕੇ ਇਸ ਵਾਰ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਵੱਖ-ਵੱਖ ਗੇਟਾਂ 'ਤੇ ਸੇਫਟੀ ਇੰਚਾਰਜ, ਸੁਪਰਵੀਜ਼ਨ ਕਰਨਗੇ। ਵਾਧੂ ਸਟਾਫ ਲਗਾਇਆ ਗਿਆ। 400 ਚੰਡੀਗੜ੍ਹ ਪੁਲਿਸ ਮੁਲਾਜ਼ਮ ਵੀ ਡਿਊਟੀ 'ਤੇ ਰਹਿਣਗੇ।

### ਮੋਦੀ ਨੇ ਕੋਲਕਾਤਾ ਨੂੰ 5200 ਕਰੋੜ ਦੇ

ਮੈਟਰੋ ਸੇਵਾ ਨੂੰ ਹਰੀ ਝੰਡੀ ਦਿਖਾਈ। ਉਨ੍ਹਾਂ ਨੇ ਸਿਆਲਦਾਹ-ਐਸਪਲੇਨੇਡ ਮੈਟਰੋ ਸੇਵਾ ਅਤੇ ਬੇਲੇਘਾਟਾ-ਹੇਮੰਤ ਮੁਖੋਪਾਧਿਆਏ ਮੈਟਰੋ ਸੇਵਾ ਨੂੰ ਵੀ ਹਰੀ ਝੰਡੀ ਦਿਖਾਈ। ਪ੍ਰਧਾਨ ਮੰਤਰੀ ਨੇ ਇਨ੍ਹਾਂ ਮੈਟਰੋ ਭਾਗਾਂ ਅਤੇ ਹਾਵੜਾ ਮੈਟਰੋ ਸਟੇਸ਼ਨ 'ਤੇ ਇੱਕ ਨਵੇਂ ਬਣੇ ਸਬਵੇਅ ਦਾ ਵੀ ਉਦਘਾਟਨ ਕੀਤਾ। ਨੋਪਾਰਾ-ਜੈ ਹਿੰਦ ਬਿਮਾਨਬੰਦਰ ਮੈਟਰੋ ਸੇਵਾ ਹਵਾਈ ਅੱਡੇ ਤੱਕ ਪਹੁੰਚ ਵਿੱਚ ਕਾਫ਼ੀ ਸੁਧਾਰ ਕਰੇਗੀ। ਸਿਆਲਦਾਹ-ਐਸਪਲੇਨੇਡ ਮੈਟਰੋ ਹੁਣ ਦੋਵਾਂ ਬਿੰਦੂਆਂ ਵਿਚਕਾਰ ਯਾਤਰਾ ਦੇ ਸਮੇਂ ਨੂੰ ਲਗਭਗ 40 ਮਿੰਟਾਂ ਤੋਂ ਘਟਾ ਕੇ ਸਿਰਫ਼ 11 ਮਿੰਟ ਕਰ ਦੇਵੇਗੀ। ਬੇਲੇਘਾਟਾ-ਹੇਮੰਤ ਮੁਖੋਪਾਧਿਆਏ ਮੈਟਰੋ ਸੈਕਸ਼ਨ ਆਈਟੀ ਹੱਬ ਨਾਲ ਸੰਪਰਕ ਵਧਾਉਣ ਵਿੱਚ ਮੁੱਖ ਭੂਮਿਕਾ ਨਿਭਾਏਗਾ। ਇਹ ਮੈਟਰੋ ਰੂਟ ਕੋਲਕਾਤਾ ਦੇ ਕੁਝ ਸਭ ਤੋਂ ਵਿਅਸਤ ਖੇਤਰਾਂ ਨੂੰ ਜੋੜਨਗੇ, ਯਾਤਰਾ ਦੇ ਸਮੇਂ ਨੂੰ ਕਾਫ਼ੀ ਘਟਾ ਦੇਣਗੇ ਅਤੇ ਮਲਟੀ-ਮਾਡਲ ਸੰਪਰਕ ਨੂੰ ਮਜ਼ਬੂਤ ?ਕਰਨਗੇ, ਜਿਸ ਨਾਲ ਲੱਖਾਂ ਰੋਜ਼ਾਨਾ ਯਾਤਰੀਆਂ ਨੂੰ ਲਾਭ ਹੋਵੇਗਾ। ਇਹ ਕਦਮ ਕੋਲਕਾਤਾ ਦੀ ਆਵਾਜਾਈ ਪ੍ਰਣਾਲੀ ਵਿੱਚ ਇੱਕ ਇਤਿਹਾਸਕ ਕਦਮ ਸਾਬਤ ਹੋਵੇਗਾ ਜੋ ਰਾਜਧਾਨੀ ਨੂੰ ਭਵਿੱਖ ਦੀ ਸਮਾਰਟ ਗਤੀਸ਼ੀਲਤਾ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਇਹ ਪ੍ਰੋਜੈਕਟ ਯਾਤਰੀਆਂ ਅਤੇ ਸੈਲਾਨੀਆਂ ਲਈ ਸ਼ਹਿਰ ਦੇ ਹਰ ਕੋਨੇ ਵਿੱਚ ਯਾਤਰਾ ਕਰਨਾ ਆਸਾਨ ਬਣਾ ਦੇਵੇਗਾ, ਜਿਸ ਨਾਲ ਅਗਲੇ ਮਹੀਨੇ ਦੁਰਗਾ ਪੂਜਾ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਯਕੀਨੀ ਤੌਰ 'ਤੇ ਲਾਭ ਹੋਵੇਗਾ। ਪ੍ਰਧਾਨ ਮੰਤਰੀ ਦੇ ਆਉਣ ਲਈ ਸ਼ਹਿਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

### ਪੰਜਾਬ-ਹਿਮਾਚਲ 'ਚ ਮੀਂਹ ਦਾ ਨਵਾਂ ਦੌਰ

ਪ੍ਰਭਾਵ ਹੁਸ਼ਿਆਰਪੁਰ ਦੇ ਟਾਂਡਾ ਵਿੱਚ ਦੇਖਿਆ ਗਿਆ ਹੈ ਅਤੇ ਇਹ ਹੋਰ ਜ਼ਿਲ੍ਹਿਆਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਜਲ ਭੰਡਾਰ ਦਾ ਪੱਧਰ 1,384.45 ਫੁੱਟ ਤੱਕ ਪਹੁੰਚ ਗਿਆ ਹੈ, ਜੋ ਕਿ 1,390 ਫੁੱਟ ਦੇ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਹੈ। ਦਰਿਆ ਵਿੱਚ ਲਗਭਗ 1.15 ਲੱਖ ਕਿਊਸਿਕ ਪਾਣੀ ਵਗ ਰਿਹਾ ਹੈ, ਜਿਸ ਕਾਰਨ ਪਾਣੀ ਟਾਂਡਾ, ਗੰਡੋਵਾਲ, ਰਾੜਾ ਮੰਡ, ਤਲ੍ਹੀ, ਅਬਦੁੱਲਾਪੁਰ, ਮੇਵਾ ਮਿਆਣੀ

ਅਤੇ ਫੱਤਾ ਕੁੱਲਾ ਦੇ 6 ਪਿੰਡਾਂ ਵਿੱਚ ਦਾਖਲ ਹੋ ਗਿਆ ਹੈ ਅਤੇ ਝੋਨੇ ਦੀ ਫਸਲ ਡੁੱਬ ਗਈ ਹੈ। ਅੱਜ ਪੰਜਾਬ ਦੇ ਤਿੰਨ ਜ਼ਿਲ੍ਹਿਆਂ, ਪਠਾਨਕੋਟ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਜਦੋਂ ਕਿ ਹੋਰ ਜ਼ਿਲ੍ਹਿਆਂ ਵਿੱਚ ਆਮ ਮੀਂਹ ਪਵੇਗਾ। ਪਰ, ਕੱਲ੍ਹ, ਸ਼ਨੀਵਾਰ ਨੂੰ ਸੂਬੇ ਵਿੱਚ ਆਰੈਂਜ ਅਲਰਟ ਜਾਰੀ ਕੀਤਾ ਗਿਆ ਹੈ ਅਤੇ 16 ਜ਼ਿਲ੍ਹਿਆਂ ਵਿੱਚ ਆਮ ਤੋਂ ਵੱਧ ਮੀਂਹ ਪੈਣ ਦੀ ਉਮੀਦ ਹੈ। ਇਸ ਦੇ ਨਾਲ ਹੀ, ਇਸ ਦਿਨ ਹਿਮਾਚਲ ਪ੍ਰਦੇਸ਼ ਵਿੱਚ ਵੀ ਆਰੈਂਜ ਅਲਰਟ ਜਾਰੀ ਕੀਤਾ ਗਿਆ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਡੈਮਾਂ ਵਿੱਚ ਪਾਣੀ ਦਾ ਪੱਧਰ ਵਧ ਜਾਵੇਗਾ ਅਤੇ ਦਰਿਆਵਾਂ ਵਿੱਚ ਹੋਰ ਪਾਣੀ ਛੱਡਣ ਦੀ ਸੂਰਤ ਵਿੱਚ, ਪੰਜਾਬ ਲਈ ਸਮੱਸਿਆਵਾਂ ਵਧ ਸਕਦੀਆਂ ਹਨ। ਕੱਲ੍ਹ ਪੰਜਾਬ ਵਿੱਚ ਮੀਂਹ ਨਹੀਂ ਪਿਆ, ਜਿਸ ਕਾਰਨ ਤਾਪਮਾਨ ਵਿੱਚ 3 ਡਿਗਰੀ ਦਾ ਵਾਧਾ ਹੋਇਆ। ਜਿਸ ਤੋਂ ਬਾਅਦ ਸੂਬੇ ਦਾ ਤਾਪਮਾਨ ਆਮ ਵਾਂਗ ਹੋ ਗਿਆ ਹੈ। ਇਸ ਦੇ ਨਾਲ ਹੀ ਮੋਹਾਲੀ ਵਿੱਚ ਸਭ ਤੋਂ ਵੱਧ ਤਾਪਮਾਨ ਦਰਜ ਕੀਤਾ ਗਿਆ। ਇੱਥੇ ਤਾਪਮਾਨ 35.4 ਡਿਗਰੀ ਦਰਜ ਕੀਤਾ ਗਿਆ। ਜਦੋਂਕਿ ਅੰਮ੍ਰਿਤਸਰ ਵਿੱਚ 33.4 ਡਿਗਰੀ, ਲੁਧਿਆਣਾ ਵਿੱਚ 33.8 ਡਿਗਰੀ, ਪਟਿਆਲਾ ਵਿੱਚ 34.6 ਡਿਗਰੀ, ਫਰੀਦਕੋਟ ਵਿੱਚ 34.4 ਡਿਗਰੀ ਤਾਪਮਾਨ ਦਰਜ ਕੀਤਾ ਗਿਆ।

### ਜਸਵਿੰਦਰ ਭੱਲਾ ਦਾ ਦੇਹਾਂਤ

ਦਰਸ਼ਨਾਂ ਲਈ ਮੁਹਾਲੀ ਦੇ ਫੇਜ਼ ਸੱਤ ਦੀ ਕੋਠੀ ਨੰਬਰ 3045 ਵਿਚ ਰੱਖੀ ਜਾਵੇਗੀ।

ਇਸ ਦੌਰਾਨ ਭੱਲਾ ਦੇ ਮੁਹਾਲੀ ਦੇ ਫੇਜ਼ 7 ਸਥਿਤ ਘਰ ਵਿਚ ਫ਼ਿਲਮੀ ਹਸਤੀਆਂ ਤੇ ਸਿਆਸੀ ਹਸਤੀਆਂ ਦੇ ਆਉਣ ਦਾ ਸਿਲਸਿਲਾ ਜਾਰੀ ਹੈ। ਹੌਲੀਵੁੱਡ ਤੇ ਪੌਲੀਵੁੱਡ ਦੇ ਕਈ ਕਲਾਕਾਰਾਂ ਨੇ ਜਸਵਿੰਦਰ ਭੱਲਾ ਦੇ ਅਕਾਲ ਚਲਾਣੇ 'ਤੇ ਦੁੱਖ ਜਤਾਇਆ ਹੈ। ਭਾਵੇਂ ਸਟੇਜ ਹੋਵੇ, ਕਲਾਸਰੂਮ ਹੋਵੇ ਜਾਂ ਸਕਰੀਨ, ਜਸਵਿੰਦਰ ਭੱਲਾ ਨੇ ਇੱਕ ਅਮਿੱਟ ਛਾਪ ਛੱਡੀ ਜੋ ਪੀੜ੍ਹੀਆਂ ਤੱਕ ਯਾਦ ਰਹੇਗੀ। ਉਨ੍ਹਾਂ ਦਾ ਦੇਹਾਂਤ ਇੱਕ ਯੁੱਗ ਦੇ ਅੰਤ ਦੀ ਨਿਸ਼ਾਨਦੇਹੀ ਕਰਦਾ ਹੈ, ਪਰ ਉਨ੍ਹਾਂ ਦੀ ਵਿਰਾਸਤ ਹਾਸੇ, ਸਿੱਖਣ ਅਤੇ ਪਿਆਰ ਵਿੱਚ ਗੂੰਜਦੀ ਰਹੇਗੀ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ 'ਤੇ ਇਕ ਪੋਸਟ ਵਿਚ ਪੌਲੀਵੁੱਡ ਅਦਾਕਾਰ ਜਸਵਿੰਦਰ ਭੱਲਾ ਦੇ ਦੇਹਾਂਤ 'ਤੇ ਅਫਸੋਸ ਜਤਾਇਆ ਹੈ। ਉਨ੍ਹਾਂ ਕਿਹਾ, "ਜਸਵਿੰਦਰ ਭੱਲਾ ਦੇ ਅਚਾਨਕ ਇਸ ਦੁਨੀਆਂ ਤੋਂ ਚਲੇ ਜਾਣਾ ਬੇਹੱਦ ਅਫ਼ਸੋਸਜਨਕ ਹੈ..ਛਣਕਾਟਿਆਂ ਦੀ ਛਣਕਾਰ ਬੰਦ ਹੋਣ 'ਤੇ ਮਨ ਉਦਾਸ ਹੈ..ਵਾਹਿਗੁਰੂ ਚਰਨਾਂ 'ਚ ਨਿਵਾਸ ਬਖਸ਼ਣਚਾਚਾ ਚਤਰਾ ਹਮੇਸ਼ਾ ਸਾਡੇ ਦਿਲਾਂ 'ਚ ਵਸਦੇ ਰਹਿਣਗੇ..।" ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਭੱਲਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ 'ਐਕਸ' ਉੱਤੇ ਲਿਖਿਆ, 'ਜਸਵਿੰਦਰ ਭੱਲਾ ਦੇ ਦੇਹਾਂਤ 'ਤੇ ਬਹੁਤ ਦੁੱਖ ਹੋਇਆ। ਉਹ ਪੂਰੀ ਦੁਨੀਆ ਵਿੱਚ ਇੱਕ ਮਾਣਮੱਤੇ ਪੰਜਾਬੀ ਵਜੋਂ ਜਾਣੇ ਜਾਂਦੇ ਸਨ। ਪੰਜਾਬੀ ਭਾਈਚਾਰੇ ਲਈ ਉਨ੍ਹਾਂ ਦੇ ਯੋਗਦਾਨ ਅਤੇ ਪਿਆਰ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦੇ ਪਰਿਵਾਰ ਅਤੇ ਪ੍ਰਸ਼ੰਸਕਾਂ ਪ੍ਰਤੀ ਮੇਰੀਆਂ ਦਿਲੋਂ ਸੰਵੇਦਨਾ।' ਇਸ ਦੌਰਾਨ ਪੰਜਾਬੀ ਫ਼ਿਲਮ ਇੰਡਸਟਰੀ ਦੇ ਕਲਾਕਾਰਾਂ ਨੇ ਵੀ ਭੱਲਾ ਦੀ ਮੌਤ 'ਤੇ ਦੁੱਖ ਜਤਾਇਆ ਹੈ।

### ਜੈਸ਼ੰਕਰ ਵੱਲੋਂ ਰੂਸ ਦੇ ਰਾਸ਼ਟਰਪਤੀ ਪੁਤਿਨ

ਸਾਂਝੀਆਂ ਕਰਦੇ ਹੋਏ, ਐਸ ਜੈਸ਼ੰਕਰ ਨੇ ਲਿਖਿਆ, 'ਅੱਜ ਮਾਸਕੋ ਵਿੱਚ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੂੰ ਮਿਲ ਕੇ ਖੁਸ਼ੀ ਹੋਈ। ਵਪਾਰ, ਨਿਵੇਸ਼, ਊਰਜਾ, ਖਾਦ, ਸਿਹਤ, ਹੁਨਰ ਅਤੇ ਗਤੀਸ਼ੀਲਤਾ, ਰੱਖਿਆ ਅਤੇ ਲੋਕਾਂ ਤੋਂ ਲੋਕਾਂ ਦੇ ਆਦਾਨ-ਪ੍ਰਦਾਨ ਸਮੇਤ ਸਾਡੇ ਦੁਵੱਲੇ ਸਬੰਧਾਂ 'ਤੇ ਵਿਸਤ੍ਰਿਤ ਚਰਚਾ ਹੋਈ। ਅਸੀਂ ਯੂਕਰੇਨ, ਯੂਰਪ, ਈਰਾਨ, ਪੱਛਮੀ ਏਸ਼ੀਆ, ਅਫਗਾਨਿਸਤਾਨ ਅਤੇ ਭਾਰਤੀ ਉਪ-ਮਹਾਂਦੀਪ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਸੰਯੁਕਤ ਰਾਸ਼ਟਰ, ਜੀ-20, ਸ਼ੰਘਾਈ ਸਹਿਯੋਗ ਸੰਗਠਨ ਅਤੇ ਬ੍ਰਿਕਸ ਵਿੱਚ ਸਾਡੇ ਸਹਿਯੋਗ ਬਾਰੇ ਵੀ ਗੱਲ ਕੀਤੀ। ਸਾਡੀ ਮੁਲਾਕਾਤ ਨੇ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੇ ਸਾਲਾਨਾ ਸਿਖਰ ਸੰਮੇਲਨ ਲਈ ਨਤੀਜੇ ਅਤੇ ਫੈਸਲੇ ਤਿਆਰ ਕਰਨ ਵਿੱਚ ਮਦਦ ਕੀਤੀ।'

### ਬਤੌਰ ਜਥੇਦਾਰ ਗਿ. ਹਰਪ੍ਰੀਤ ਸਿੰਘ

ਆਏ ਸਨ। ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਵੱਡੇ ਢੀਂਡਸਾ ਸਾਹਿਬ ਦੀ ਆਖਰੀ ਸਾਹ ਤੱਕ ਕੋਸ਼ਿਸ ਰਹੀ ਕਿ ਪੰਥ ਨੂੰ ਇਕੱਠਾ ਕੀਤਾ ਜਾਵੇ, ਇਸ ਲਈ ਜਿੱਥੇ ਓਹਨਾਂ ਆਪਣੇ ਮਨ ਦੀ ਭਾਵਨਾ ਗਿਆਨੀ ਹਰਪ੍ਰੀਤ ਸਿੰਘ ਜੀ ਨਾਲ ਸਾਂਝਾ ਕੀਤੀ ਉੱਥੇ ਹੀ ਇਸ ਭਾਵਨਾ ਨੂੰ ਉਸੇ ਰੂਪ ਵਿੱਚ ਐਸਜੀਪੀਸੀ ਪ੍ਰਧਾਨ ਧਾਮੀ ਸਾਹਿਬ ਅਤੇ ਸਰਦਾਰ ਸੁਖਬੀਰ ਬਾਦਲ ਨਾਲ ਵੀ ਸਾਂਝਾ ਕੀਤੀ। ਪੰਥ ਇਕੱਠਾ ਹੋਵੇ, ਆਪਣੀ ਆਖਰੀ ਕੋਸ਼ਿਸ਼ ਨੂੰ ਦਿਲ ਵਿੱਚ ਵਸਾ ਕੇ ਦੁਨੀਆਂ ਤੋਂ ਰੁਖ਼ਸਤ ਹੋਏ ਢੀਂਡਸਾ ਸਾਹਿਬ ਨਾਲ ਪਰਿਵਾਰਕ ਮਿਲਣੀਆਂ ਨੂੰ ਗੁਆਚੀ ਹੋਈ ਸਿਆਸਤ ਲਈ ਵਰਤਣਾ ਗੈਰ ਇਖਲਾਕੀ ਹੈ। ਸਰਦਾਰ ਪਰਮਿੰਦਰ ਸਿੰਘ ਢੀਂਡਸਾ ਨੇ ਇੱਕ ਧੜੇ ਵੱਲੋਂ ਸੰਗਤ ਨੂੰ ਪਰੋਸੇ ਜਾ ਰਹੇ ਝੂਠ ਤੇ ਬੜੀ ਸਪੱਸ਼ਟਤਾ ਨਾਲ ਕਿਹਾ ਕਿ, 10 ਜੁਲਾਈ ਤੋਂ ਬਣੀ ਅਤੇ 5 ਦਸੰਬਰ ਤੱਕ ਚੱਲੀ ਸੁਧਾਰ ਲਹਿਰ ਦੀ ਕਿਸੇ ਵੀ ਜਗ੍ਹਾ, ਕਿਸੇ ਵੀ ਦਿਨ, ਕਿਸੇ ਵੀ ਸਮੇਂ ਹੋਈ ਮੀਟਿੰਗ ਵਿੱਚ ਕਦੇ ਵੀ ਗਿਆਨੀ ਹਰਪ੍ਰੀਤ ਸਿੰਘ ਦੀ ਸ਼ਮੂਲੀਅਤ ਨਹੀਂ ਰਹੀ।

ਸੁਰਜੀਤ ਸਿੰਘ ਰੱਖੜਾ ਨੇ ਇੱਕ ਧੜੇ ਵਲੋਂ ਉਠਾਏ ਜਾ ਰਹੇ ਸਵਾਲਾਂ ਤੇ ਆਪਣਾ ਤਿੱਖਾ ਪ੍ਰਤੀਕਰਮ ਜ਼ਾਹਿਰ ਕਰਦੇ ਕਿਹਾ ਕਿ, ਜਿਹੜੇ ਲੋਕ ਆਪਣੀ ਸੱਤਾ ਦੇ ਨਸ਼ੇ ਵਿੱਚ ਸਿੰਘ ਸਾਹਿਬਾਨ ਨੂੰ ਸਰਕਾਰੀ ਕੋਠੀਆਂ ਵਿੱਚ ਤਲਬ ਕਰਕੇ ਬਲਾਤਕਾਰੀ ਸਾਧ ਨੂੰ ਮੁਆਫੀ ਦੇਣ ਦਾ ਦਬਾਅ ਬਣਾਉਂਦੇ ਰਹੇ, ਇਹ ਸਾਰੀਆਂ ਘਟਨਾਵਾਂ ਅੱਜ ਪੰਥ ਦੀ ਕਚਹਿਰੀ ਵਿੱਚ ਜੱਗ ਜ਼ਾਹਿਰ ਨੇ, ਓਹ ਪਰਿਵਾਰਕ ਮਿਲਣੀਆਂ ਅਤੇ ਸਮਾਜਿਕ ਰਿਸ਼ਤਿਆਂ ਦੀ ਮਿਲਣੀ ਵਿੱਚੋ ਆਪਣੀ ਗੁਆਚੀ ਹੋਈ ਸਿਆਸਤ ਤਲਾਸ਼ ਰਹੇ ਹਨ।

ਭਰਤੀ ਕਮੇਟੀ ਦੇ ਮੈਂਬਰ ਰਹੇ ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਇੱਕ ਧੜੇ ਵੱਲੋਂ ਵਾਰ ਵਾਰ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ 'ਤੇ ਕਿਹਾ ਕਿ, ਪੰਥਕ ਏਕਤਾ ਤੋਂ ਘਬਰਾਇਆ ਹੋਇਆ ਧੜਾ ਆਪਣੀ ਖੋਹੀ ਜਾ ਚੁੱਕੀ ਸਿਆਸੀ ਜ਼ਮੀਨ ਨੂੰ ਪਚਾ ਨਹੀਂ ਰਿਹਾ। ਜੱਥੇਦਾਰ ਵਡਾਲਾ ਨੇ ਕਿਹਾ ਕਿ, ਦੋ ਦਸੰਬਰ ਦੇ ਹੁਕਮਨਾਮਾ ਸਾਹਿਬ ਤੋਂ ਆਕੀ ਅਤੇ ਬਾਗੀ ਹੋਇਆ ਧੜਾ, ਹੁਣ ਉਸੇ ਹੁਕਮਨਾਮਾ ਸਾਹਿਬ ਨੂੰ ਸਾਜਿਸ਼ ਕਰਾਰ ਤੱਕ ਦੇ ਰਿਹਾ ਹੈ। ਉਸ ਧੜੇ ਦੀ ਇਹ ਬੁਖਲਾਹਟ ਦੱਸਦੀ ਹੈ ਕਿ ਇਹਨਾਂ ਲੋਕਾਂ ਲਈ ਪੰਥਕ ਪ੍ਰੰਪਰਾਵਾਂ,ਪੰਥਕ ਮਰਿਯਾਦਾ ਦਾ ਕੋਈ ਸਤਿਕਾਰ ਨਹੀਂ ਹੈ।

ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ, ਅੱਜ ਪੰਥਕ ਸ਼ਕਤੀ ਤੋਂ ਘਬਰਾਇਆ ਧੜਾ ਅਤੇ ਉਸ ਦਾ ਮੁਖੀ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਬਰਸੀ ਮੌਕੇ ਗੋਲ ਦਸਤਾਰ ਤੇ ਸਵਾਲ ਕਰ ਰਿਹਾ ਹੈ। ਚੰਦੂਮਾਜਰਾ ਨੇ ਕਿਹਾ ਕਿ, ਇੱਕ ਸਿੱਖ ਲਈ ਦਸਤਾਰ ਉਸ ਦੀ ਸਿਰਫ ਪਛਾਣ ਨਹੀਂ, ਸਗੋ ਇੱਕ ਕੌਮ ਦੀ ਨਿਸ਼ਾਨੀ ਹੈ, ਦੁਨੀਆਂ ਭਰ ਵਿੱਚ ਜਿੱਥੇ ਵੀ ਦਸਤਾਰ ਦਾ ਮਸਲਾ ਉੱਠਿਆ, ਉਥੇ ਐਸਜੀਪੀਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦਖਲ ਦੇ ਚਲਦੇ ਮਸਲੇ ਹੱਲ ਹੋਏ, ਪਰ ਅੱਜ ਆਪਣੇ ਆਪ ਨੂੰ ਪੰਥ ਦੇ ਠੇਕੇਦਾਰ ਕਹਿਣ ਵਾਲੇ ਲੋਕ ਦਸਤਾਰ ਤੇ ਸਵਾਲ ਖੜੇ ਕਰ ਰਹੇ ਹਨ।

### ਪਾਕਿਸਤਾਨ ਕਸ਼ਮੀਰ ਤੇ ਹੋਰ ਲੰਬਿਤ ਮੁੱਦਿਆਂ

ਕਿਹਾ,'ਮੈਨੂੰ ਅਮਰੀਕਾ ਤੋਂ ਜੰਗਬੰਦੀ ਸਬੰਧੀ ਕਾਲ ਆਈ ਸੀ। ਮੈਂ ਸਪੱਸ਼ਟ ਕਰ ਦਿੱਤਾ ਸੀ ਕਿ ਪਾਕਿਸਤਾਨ ਜੰਗ ਨਹੀਂ ਚਾਹੁੰਦਾ।' ਭਾਰਤ ਨੇ 22 ਅਪਰੈਲ ਨੂੰ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ, ਜਿਸ ਵਿੱਚ 26 ਜਣੇ ਮਾਰੇ ਗਏ ਸਨ, ਦੇ ਜਵਾਬ ਵਿੱਚ 7 ਮਈ ਨੂੰ ਤੜਕੇ 'ਅਪਰੇਸ਼ਨ ਸਿੰਧੂਰ' ਤਹਿਤ ਅਤਿਵਾਦੀ ਢਾਂਚੇ 'ਤੇ ਸਟੀਕ ਹਮਲੇ ਕੀਤੇ। ਭਾਰਤੀ ਕਾਰਵਾਈ ਤੋਂ ਬਾਅਦ ਪਾਕਿਸਤਾਨ ਨੇ 8, 9 ਅਤੇ 10 ਮਈ ਨੂੰ ਭਾਰਤੀ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਭਾਰਤੀ ਫੌਜਾਂ ਨੇ ਕਈ ਪਾਕਿਸਤਾਨੀ ਫੌਜੀ ਟਿਕਾਣਿਆਂ 'ਤੇ ਭਿਆਨਕ ਜਵਾਬੀ ਹਮਲਾ ਕੀਤਾ। ਭਾਰਤ ਅਤੇ ਪਾਕਿਸਤਾਨ ਨੇ ਚਾਰ ਦਿਨਾਂ ਦੇ ਸਰਹੱਦ ਪਾਰ ਡਰੋਨ ਅਤੇ ਮਿਜ਼ਾਈਲ ਹਮਲਿਆਂ ਮਗਰੋਂ 10 ਮਈ ਨੂੰ ਟਕਰਾਅ ਖਤਮ ਕਰਨ ਲਈ ਇੱਕ ਸਮਝੌਤਾ ਕੀਤਾ ਸੀ। ਡਾਰ ਨੇ ਕਿਹਾ ਕਿ ਭਾਰਤ ਨਾਲ ਜੰਗਬੰਦੀ ਸਮਝੌਤਾ ਬਰਕਰਾਰ ਹੈ। ਇੱਕ ਸਵਾਲ ਦੇ ਜਵਾਬ ਵਿੱਚ ਡਾਰ ਨੇ ਕਿਹਾ ਕਿ ਅਮਰੀਕੀ ਵਿਦੇਸ਼ ਮੰਤਰੀ ਦਾ ਪਾਕਿਸਤਾਨ ਦੌਰਾ ਅਜੇ ਤੈਅ ਨਹੀਂ ਹੋਇਆ।

### ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਆਨਲਾਈਨ ਗੇਮਿੰਗ

ਮਾਨਤਾ ਦਿੱਤੀ ਜਾਵੇਗੀ। ਯੁਵਾ ਮਾਮਲੇ ਅਤੇ ਖੇਡ ਮੰਤਰਾਲਾ ਇਸ ਲਈ ਇੱਕ ਵੱਖਰਾ ਢਾਂਚਾ ਤਿਆਰ ਕਰੇਗਾ। ਸਮਾਜਿਕ ਖੇਡਾਂ ਨੂੰ ਵੀ ਉਤਸ਼ਾਹਿਤ ਕੀਤਾ ਜਾਵੇਗਾ ਤਾਂ ਜੋ ਖਿਡਾਰੀ ਸੁਰੱਖਿਅਤ ਅਤੇ ਜ਼ਿੰਮੇਵਾਰੀ ਨਾਲ ਖੇਡ ਸਕਣ। ਪਹਿਲਾਂ ਈ-ਖੇਡਾਂ ਨੂੰ ਕੋਈ ਕਾਨੂੰਨੀ ਮਾਨਤਾ ਨਹੀਂ ਮਿਲਦੀ ਸੀ, ਪਰ ਹੁਣ ਖਿਡਾਰੀਆਂ ਨੂੰ ਬਿਹਤਰ ਮੌਕੇ ਮਿਲਣਗੇ। ਇਸ ਕਾਨੂੰਨ ਤਹਿਤ, ਪੈਸੇ ਵਾਲੇ ਆਨਲਾਈਨ ਗੇਮਾਂ ਚਲਾਉਣਾ, ਇਸ਼ਤਿਹਾਰ ਦੇਣਾ ਜਾਂ ਲੈਣ-ਦੇਣ ਕਰਨਾ ਅਪਰਾਧ ਹੋਵੇਗਾ। ਹਾਲਾਂਕਿ, ਖਿਡਾਰੀਆਂ ਲਈ ਕੋਈ ਸਜ਼ਾ ਨਹੀਂ ਹੋਵੇਗੀ। ਪਰ ਜਿਹੜੇ ਲੋਕ ਅਜਿਹੀਆਂ ਗੇਮਾਂ ਚਲਾਉਂਦੇ ਹਨ, ਇਸ਼ਤਿਹਾਰ ਦਿੰਦੇ ਹਨ ਅਤੇ ਵਿੱਤੀ ਮਦਦ ਪ੍ਰਦਾਨ ਕਰਦੇ ਹਨ, ਉਨ੍ਹਾਂ ਨੂੰ ਜੇਲ੍ਹ ਅਤੇ ਜੁਰਮਾਨਾ ਹੋ ਸਕਦਾ ਹੈ। ਸਰਕਾਰ ਨੇ ਅਧਿਕਾਰੀਆਂ ਨੂੰ ਔਨਲਾਈਨ ਜਾਂ ਔਫਲਾਈਨ ਜਾਇਦਾਦ ਜ਼ਬਤ ਕਰਨ ਅਤੇ ਲੋੜ ਪੈਣ 'ਤੇ ਬਿਨਾਂ ਵਾਰੰਟ ਦੇ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਵੀ ਦਿੱਤਾ ਹੈ। ਸੂਤਰਾਂ ਅਨੁਸਾਰ, ਇਸ ਕਾਨੂੰਨ ਕਾਰਨ ਸਰਕਾਰ ਨੂੰ ਜੀ.ਐਸ.ਟੀ. ਵਿੱਚ ਸਾਲਾਨਾ 15,000 ਤੋਂ 20,000 ਕਰੋੜ ਰੁਪਏ ਦਾ ਨੁਕਸਾਨ ਹੋ ਸਕਦਾ ਹੈ। ਹਾਲਾਂਕਿ, ਆਈਟੀ ਮੰਤਰਾਲੇ ਦਾ ਕਹਿਣਾ ਹੈ ਕਿ ਸਮਾਜ ਨੂੰ ਸੁਰੱਖਿਅਤ ਰੱਖਣਾ ਮਾਲੀਏ ਦੇ ਨੁਕਸਾਨ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ।

### ਰਾਹੁਲ ਗਾਂਧੀ ਖ਼ਿਲਾਫ਼ ਮਾਣਹਾਨੀ ਮਾਮਲੇ ਦੀ ਸੁਣਵਾਈ

ਉਹ ਮੌਜੂਦ ਨਹੀਂ ਸਨ, ਇਸ ਲਈ ਸੁਣਵਾਈ ਨਹੀਂ ਹੋਈ। ਪਾਂਡੇ ਨੇ ਕਿਹਾ ਕਿ ਅਦਾਲਤ ਨੇ ਅਗਲੀ ਸੁਣਵਾਈ ਲਈ 9 ਸਤੰਬਰ ਦੀ ਤਰੀਕ ਤੈਅ ਕੀਤੀ ਹੈ। ਇਸ ਦੇ ਨਾਲ ਹੀ ਰਾਹੁਲ ਗਾਂਧੀ ਦੇ ਵਕੀਲ ਕਾਸ਼ੀ ਪ੍ਰਸਾਦ ਸ਼ੁਕਲਾ ਨੇ ਕਿਹਾ,'ਕਿਉਂਕਿ ਮੈਂ ਅਦਾਲਤ ਤੋਂ ਮੌਕਾ ਲਿਆ ਹੈ, ਇਸ ਲਈ ਅਦਾਲਤ ਨੇ ਅਗਲੀ ਸੁਣਵਾਈ ਲਈ 9 ਸਤੰਬਰ ਦੀ ਤਰੀਕ ਤੈਅ ਕੀਤੀ ਹੈ।' ਕੋਤਵਾਲੀ ਦਿਹਾਤ ਇਲਾਕੇ ਦੇ ਹਨੂੰਮਾਨਗੰਜ ਦੇ ਰਹਿਣ ਵਾਲੇ ਭਾਜਪਾ ਨੇਤਾ ਵਿਜੈ ਮਿਸ਼ਰਾ ਨੇ ਸਾਲ 2018 ਵਿੱਚ ਰਾਹੁਲ ਗਾਂਧੀ ਖ਼ਿਲਾਫ਼ ਮਾਣਹਾਨੀ ਦਾ ਮੁਕੱਦਮਾ ਐਮਪੀ-ਐਮਐਲਏ ਅਦਾਲਤ ਵਿੱਚ ਦਰਜ ਕਰਵਾਇਆ ਸੀ।

### ਮਜੀਠੀਆ ਕੇਸ 'ਚ ਵਿਜੀਲੈਂਸ ਵੱਲੋਂ

ਕਰਵਾਈ ਦੀ ਤਿਆਰੀ ਕਰਨਗੇ। ਜ਼ਿਕਰਯੋਗ ਹੈ ਕਿ ਵਿਜੀਲੈਂਸ ਨੇ 25 ਜੂਨ ਨੂੰ ਮਜੀਠੀਆ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰੀ ਤੋਂ ਬਾਅਦ, ਇਹ ਮਾਮਲਾ ਪੰਜਾਬ ਦੀ ਰਾਜਨੀਤੀ ਵਿਚ ਸੁਰਖੀਆਂ ਵਿਚ ਰਿਹਾ ਹੈ।

### ਮੁਨੀਰ ਵੱਲੋਂ ਪਾਕਿਸਤਾਨ ਦੀ

ਟਾਈਮਜ਼ ਵਰਲਡ ਲੀਡਰਜ਼ ਫੋਰਮ' ਨੂੰ ਸੰਬੋਧਨ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਫਲੋਰੀਡਾ ਦੇ ਟੈਂਪਾ ਵਿੱਚ ਪਾਕਿਸਤਾਨੀ ਪਰਵਾਸੀਆਂ ਨੂੰ ਸੰਬੋਧਨ ਕਰਦਿਆਂ ਮੁਨੀਰ ਨੇ ਕਥਿਤ ਤੌਰ 'ਤੇ ਕਿਹਾ ਸੀ, 'ਭਾਰਤ ਮਰਸੀਡੀਜ਼ ਵਾਂਗ ਚਮਕ ਰਿਹਾ ਹੈ, ਹਾਈਵੇਅ 'ਤੇ ਫੇਰਾਰੀ ਵਾਂਗ ਆ ਰਿਹਾ ਹੈ, ਪਰ ਅਸੀਂ ਬੱਜਰੀ ਨਾਲ ਭਰੇ ਹੋਏ ਡੰਪਰ ਟਰੱਕ ਹਾਂ। ਜੇਕਰ ਟਰੱਕ ਕਾਰ ਨਾਲ ਟਕਰਾਉਂਦਾ ਹੈ ਤਾਂ ਨੁਕਸਾਨ ਕਿਸ ਦਾ ਹੋਵੇਗਾ?' ਰਾਜਨਾਥ ਨੇ ਕਿਹਾ ਕਿ ਇਹ ਟਿੱਪਣੀਆਂ ਪਾਕਿਸਤਾਨ ਦੀ ਨਾਕਾਮੀ ਦਾ ਇਕਬਾਲੀਆ ਬਿਆਨ ਹਨ। ਉਨ੍ਹਾਂ ਕਿਹਾ, 'ਹਾਲ ਹੀ ਵਿੱਚ, ਪਾਕਿਸਤਾਨ ਦੇ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੂੰ ਉਨ੍ਹਾਂ ਦੇ ਬਿਆਨ ਕਾਰਨ ਪਾਕਿਸਤਾਨ ਦੇ ਅੰਦਰ ਅਤੇ ਦੁਨੀਆ ਭਰ ਵਿੱਚ ਕਾਫ਼ੀ ਆਲੋਚਨਾ ਝੱਲਣੀ ਪਈ ਹੈ।" ਉਨ੍ਹਾਂ ਕਿਹਾ, "ਹਰ ਇੱਕ ਨੇ ਕਿਹਾ ਕਿ ਜੇਕਰ ਦੋ ਦੇਸ਼ਾਂ ਨੂੰ ਇੱਕੋ ਵੇਲੇ ਆਜ਼ਾਦੀ ਮਿਲੀ ਅਤੇ ਇੱਕ ਦੇਸ਼ ਨੇ ਸਖ਼ਤ ਮਿਹਨਤ, ਠੋਸ ਨੀਤੀਆਂ ਅਤੇ ਦੂਰਦਰਸ਼ਤਾ ਨਾਲ ਫੇਰਾਰੀ ਵਰਗਾ ਅਰਥਚਾਰਾ ਖੜ੍ਹਾ ਕਰ ਲਿਆ, ਜਦਕਿ ਦੂਜਾ ਅਜੇ ਵੀ ਡੰਪਰ ਦੀ ਸਥਿਤੀ ਵਿੱਚ ਹੈ ਤਾਂ ਇਹ ਉਨ੍ਹਾਂ ਦੀ ਆਪਣੀ ਨਾਕਾਮੀ ਹੈ।' ਰੱਖਿਆ ਮੰਤਰੀ ਨੇ ਮੁਨੀਰ ਦੀ ਪ੍ਰਮਾਣੂ ਧਮਕੀ ਦਾ ਸਿੱਧੇ ਤੌਰ 'ਤੇ ਜ਼ਿਕਰ ਕੀਤੇ ਬਿਨਾਂ ਕਿਹਾ ਕਿ ਅਪਰੇਸ਼ਨ ਸਿੰਧੂਰ ਨੇ ਸੁਰੱਖਿਆ ਚੁਣੌਤੀਆਂ ਨਾਲ ਨਜਿੱਠਣ ਲਈ ਭਾਰਤ ਦੇ ਨਜ਼ਰੀਏ ਨੂੰ ਦਰਸਾਇਆ ਹੈ।

### ਨਕਲੀ ਜ਼ਮਾਨਤਾਂ ਸਬੰਧੀ ਹਾਈਕੋਰਟ ਨੇ ਹਰਿਆਣਾ, ਪੰਜਾਬ ਤੇ

ਰੂਪ ਧਾਰਨ ਕਰ ਲਿਆ ਹੈ। ਇਸ ਸਮੱਸਿਆ ਦੀ ਗੰਭੀਰਤਾ ਨੂੰ ਦੇਖਦਿਆਂ ਖ਼ੁਦ ਹਾਈਕੋਰਟ ਨੇ 10 ਮਈ, 2024 ਨੂੰ ਇਕ ਇਤਿਹਾਸਕ ਨਿਰਦੇਸ਼ ਜਾਰੀ ਕੀਤਾ ਸੀ। ਅਦਾਲਤ ਨੇ ਸਾਰੇ ਸਬੰਧਿਤ ਅਧਿਕਾਰੀਆਂ ਨੂੰ ਜ਼ਿਲ੍ਹਾ ਅਦਾਲਤਾਂ 'ਚ ਫ਼ਰਜ਼ੀਵਾੜੇ ਨੂੰ ਰੋਕਣ ਲਈ ਆਧਾਰ ਆਧਾਰਿਤ ਬਾਇਓਮੈਟ੍ਰਿਕ ਤਸਦੀਕ ਸੇਵਾਵਾਂ ਲਾਗੂ ਕਰਨ ਦੇ ਹੁਕਮ ਦਿੱਤੇ ਸਨ। ਇਸ ਨਿਰਦੇਸ਼ 'ਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਇਹ ਪੂਰਾ ਸਿਸਟਮ, ਜਿਸ 'ਚ ਜ਼ਰੂਰੀ ਸਾਫਟਵੇਅਰ ਅਤੇ ਹਾਰਡਵੇਅਰ ਸ਼ਾਮਲ ਹੈ, 4 ਮਹੀਨਿਆਂ ਅੰਦਰ ਕਾਰਜਸ਼ੀਲ ਹੋ ਜਾਣਾ ਚਾਹੀਦਾ ਹੈ। ਇਹ ਕਦਮ ਨਿਆਂਇਕ ਪ੍ਰਕਿਰਿਆ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣ ਲਈ ਇਕ ਮੀਲ ਪੱਥਰ ਸਾਬਤ ਹੋ ਸਕਦਾ ਸੀ। ਹਾਲਾਂਕਿ ਪਟੀਸ਼ਨਕਰਤਾ ਦਾ ਦੋਸ਼ ਹੈ ਕਿ ਸਬੰਧਿਤ ਧਿਰਾਂ ਨੇ ਹਾਈਕੋਰਟ ਦੇ ਸਪੱਸ਼ਟ ਅਤੇ ਸਮਾਂਬੱਧ ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਉਲੰਘਣਾ ਕੀਤੀ ਹੈ। ਹੁਕਮ ਜਾਰੀ ਹੋਏ ਕਈ ਮਹੀਨੇ ਬੀਤ ਗਏ ਹਨ ਪਰ ਜ਼ਿਲ੍ਹਾ ਅਦਾਲਤਾਂ 'ਚ ਇਸ ਮਹੱਤਵਪੂਰਨ ਸਿਸਟਮ ਨੂੰ ਸਥਾਪਿਤ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਇਸ ਮਾਮਲੇ ਦੀ ਪੁਸ਼ਟੀ ਲਈ ਸੂਚਨਾ ਦਾ ਅਧਿਕਾਰ ਐਕਟ ਦਾ ਸਹਾਰਾ ਲਿਆ। ਉਸ ਨੇ ਵੱਖ-ਵੱਖ ਜ਼ਿਲ੍ਹਾ ਅਦਾਲਤਾਂ 'ਚ ਆਰ. ਟੀ. ਆਈ. ਅਰਜ਼ੀਆਂ ਦਾਇਰ ਕੀਤੀਆਂ, ਜਿਸ ਨਾਲ ਇਕ ਹੈਰਾਨ ਕਰਨ ਵਾਲਾ ਖ਼ੁਲਾਸਾ ਹੋਇਆ। ਪ੍ਰਾਪਤ ਜਾਣਕਾਰੀ ਤੋਂ ਪਤਾ ਲੱਗਾ ਕਿ ਕਿਤੇ ਵੀ ਆਧਾਰ ਆਧਾਰਿਤ ਬਾਇਓਮੈਟ੍ਰਿਕ ਤਸਦੀਕ ਸੇਵਾਵਾਂ ਅਜੇ ਤੱਕ ਸਥਾਪਿਤ ਨਹੀਂ ਕੀਤੀਆਂ ਗਈਆਂ। ਇਹ ਲਾਪਰਵਾਹੀ ਨਾ ਸਿਰਫ਼ ਇਕ ਪ੍ਰਸ਼ਾਸਨਿਕ ਅਸਫਲਤਾ ਹੈ, ਸਗੋਂ ਇਹ ਸਿੱਧੇ ਤੌਰ 'ਤੇ ਹਾਈਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ। ਪਟੀਸ਼ਨ 'ਚ ਇਸੇ ਆਧਾਰ 'ਤੇ ਅਦਾਲਤ ਤੋਂ ਸਬੰਧਿਤ ਧਿਰਾਂ ਖ਼ਿਲਾਫ਼ ਅਦਾਲਤ ਦੀ ਹੱਤਕ ਦੀ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨਕਰਤਾ ਦੀ ਦਲੀਲ ਹੈ ਕਿ ਜਦੋਂ ਤੱਕ ਜਵਾਬਦੇਹ ਅਧਿਕਾਰੀਆਂ ਨੂੰ ਉਨ੍ਹਾਂ ਦੇ ਲਾਪਰਵਾਹ ਰਵੱਈਏ ਲਈ ਸਜ਼ਾ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਭਵਿੱਖ ਵਿਚ ਵੀ ਅਜਿਹੇ ਮਹੱਤਵਪੂਰਨ ਹੁਕਮਾਂ ਦੀ ਪਾਲਣਾ ਨਹੀਂ ਹੋਵੇਗੀ। ਚੀਫ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੀ ਬੈਂਚ ਨੇ ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਨੂੰ ਇਸ ਮਾਮਲੇ 'ਚ ਜਵਾਬ ਦਾਇਰ ਕਰਨ ਦਾ ਹੁਕਮ ਦਿੱਤਾ ਹੈ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਗੁ. ਧੋਬੜੀ ਸਾਹਿਬ ਤੋਂ ਆਰੰਭ ਹੋਇਆ ਨਗਰ ਕੀਰਤਨ ਮਾਲਦਾ ਲਈ ਰਵਾਨਾ

ਅੰਮ੍ਰਿਤਸਰ, 22 ਅਗਸਤ (ਗੁਰਦਿਆਲ ਸਿੰਘ)ਯ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਦੂਸਰੇ ਦਿਨ ਗੁਰਦੁਆਰਾ ਸਿੰਘ ਸਭਾ ਸਿਲੀਗੁੜੀ, ਬੰਗਾਲ ਤੋਂ ਅਗਲੇ ਪੜਾਅ ਮਾਲਦਾ ਲਈ ਰਵਾਨਾ ਹੋਇਆ।




ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਸੰਗਤਾਂ ਨਾਲ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ। ਨਗਰ ਕੀਰਤਨ ਦੀ ਰਵਾਨਗੀ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵਡ, ਭਾਈ ਅਜੈਬ ਸਿੰਘ ਅਭਿਆਸੀ, ਜਗਸੀਰ ਸਿੰਘ ਮਾਂਗੇਆਣਾ ਸਮੇਤ ਪ੍ਰਮੁੱਖ ਸਖ਼ਸ਼ੀਅਤਾਂ ਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਬੰਗਾਲ ਸਰਕਾਰ ਵੱਲੋਂ ਨਗਰ ਕੀਰਤਨ ਦੇ ਸਵਾਗਤ ਤੇ ਪ੍ਰਬੰਧਾਂ ਲਈ ਬੰਗਾਲ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਡਾ. ਸਤਨਾਮ ਸਿੰਘ ਆਹਲੂਵਾਲੀਆ ਨੇ ਸੇਵਾ ਨਿਭਾਈ, ਜੋਂ ਪੂਰੇ ਬੰਗਾਲ ਵਿਚ ਨਗਰ ਕੀਰਤਨ ਦੇ ਨਾਲ ਰਹੇ।

ਨਗਰ ਕੀਰਤਨ ਨਾਲ ਚੱਲ ਰਹੀ ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰਾਂ ਵਾਲੀ ਬੱਸ ਅਤੇ ਵੱਡਅਕਾਰੀ ਸਕਰੀਨਾਂ 'ਤੇ ਗੁਰੂ ਸਾਹਿਬ ਨਾਲ ਸੰਬੰਧਿਤ ਪਾਵਨ ਅਸਥਾਨਾਂ ਅਤੇ ਇਤਿਹਾਸ ਬਾਰੇ ਦਿਖਾਈਆਂ ਜਾ ਰਹੀਆਂ ਦਸਤਾਵੇਜ਼ੀ ਵੀਡੀਓ ਸੰਗਤਾਂ ਵਿੱਚ ਵੱਡਾ ਉਤਸ਼ਾਹ ਭਰ ਰਹੀਆਂ ਹਨ। ਰਸਤੇ ਵਿਚ ਵੱਖ-ਵੱਖ ਪੜਾਵਾਂ ਤੇ ਸਿੱਖ ਸੰਗਤਾਂ ਦੇ ਨਾਲ ਨਾਲ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਦਿਆਂ ਫੁੱਲਾਂ ਦੀ ਵਰਖਾ ਕੀਤੀ। ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕਰਕੇ ਸਤਿਕਾਰ ਪ੍ਰਗਟਾਇਆ ਅਤੇ ਪੰਜ ਪਿਆਰੇ ਸਾਹਿਬਾਨ ਅਤੇ ਪ੍ਰਮੁੱਖ ਸਖ਼ਸ਼ੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਿਲੀਗੁੜੀ ਤੋਂ ਚੱਲ ਕੇ ਨਗਰ ਕੀਰਤਨ ਵਿਧਾਨ ਨਗਰ, ਕਿਸ਼ਨਗੰਜ, ਪੂਰਨਿਆਂ, ਲਛਮੀਪੁਰ ਸਮੇਤ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਮਾਲਦਾ ਵਿਖੇ ਰਾਤ ਵਿਸ਼ਰਾਮ ਕਰੇਗਾ, ਜਿਥੋਂ 23 ਅਗਸਤ ਨੂੰ ਅਗਲੇ ਪੜਾਅ ਕਲਕੱਤਾ ਲਈ ਰਵਾਨਾ ਹੋਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਰਾਮ ਸਿੰਘ ਰਾਠੌਰ ਮੁੰਬਈ, ਇੰਚਾਰਜ ਦਵਿੰਦਰ ਸਿੰਘ ਖੁਸ਼ੀਪੁਰ, ਮੈਨੇਜਰ ਸਤਿੰਦਰ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਜਗਮੋਹਨ ਸਿੰਘ ਪ੍ਰਧਾਨ, ਸੰਦੀਪ ਸਿੰਘ, ਭੁਪਿੰਦਰ ਸਿੰਘ, ਸਰਬਜੀਤ ਸਿੰਘ, ਪਰਮਜੀਤ ਸਿੰਘ ਛਾਬੜਾ, ਭਾਈ ਲਖਵਿੰਦਰ ਸਿੰਘ ਕਿਸ਼ਨਗੰਜ, ਜਥੇਦਾਰ ਪਿਆਰਾ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ 'ਡਿਜੀਟਲ ਨਿੱਜੀ ਡੇਟਾ ਸੁਰੱਖਿਆ ਐਕਟ' ਤਹਿਤ ਨਾਗਰਿਕਾਂ ਦੇ ਡੇਟਾ ਦੀ ਸੁਰੱਖਿਆ ਲਈ ਵਚਨਬੱਧ : ਹਰਪਾਲ ਸਿੰਘ ਚੀਮਾ

ਚੰਡੀਗੜ੍ਹ, 22 ਅਗਸਤ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ 'ਦਾ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, 2023' ਤਹਿਤ ਆਪਣੇ ਨਾਗਰਿਕਾਂ ਦੇ ਨਿੱਜੀ ਡੇਟਾ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੈਂਬਰਾਂ ਸਮੇਤ ਕਿਸੇ ਵੀ ਨਿੱਜੀ ਵਿਅਕਤੀ ਨੂੰ ਕਿਸੇ ਵੀ ਬਹਾਨੇ ਜਨਤਾ ਤੋਂ ਨਿੱਜੀ ਡੇਟਾ ਇਕੱਠਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਵਿੱਤ ਮੰਤਰੀ ਚੀਮਾ ਨੇ ਇਹ ਵੀ ਸਵਾਲ ਕੀਤਾ ਕਿ ਕੀ ਭਾਜਪਾ ਕੈਂਪਾਂ ਰਾਹੀਂ ਡੇਟਾ ਇਕੱਠਾ ਕਰਨ ਦੇ ਨਤੀਜੇ ਵਜੋਂ ਹੋਣ ਵਾਲੀ ਕਿਸੇ ਵੀ ਧੋਖਾਧੜੀ ਦੀ ਜ਼ਿੰਮੇਵਾਰੀ ਲਵੇਗੀ।



ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 2014 ਵਿੱਚ ਕੇਂਦਰ ਵਿੱਚ ਸਰਕਾਰ ਬਣਾਉਣ ਤੋਂ ਬਾਅਦ ਭਾਜਪਾ 'ਤੇ "ਵੋਟ ਚੋਰ ਪਾਰਟੀ" ਬਣਨ ਦਾ ਦੋਸ਼ ਲਗਾਇਆ, ਉਨ੍ਹਾਂ ਚੰਡੀਗੜ੍ਹ ਮੇਅਰ ਚੋਣ ਤੋਂ ਲੈ ਕੇ ਬਿਹਾਰ ਚੋਣਾਂ ਵਿੱਚ ਵੋਟਰ ਬੇਨਿਯਮੀਆਂ ਤੱਕ ਚੋਣ ਹੇਰਾਫੇਰੀ ਦੀਆਂ ਕਈ ਘਟਨਾਵਾਂ ਦਾ ਹਵਾਲਾ ਦਿੱਤਾ। ਵਿੱਤ ਮੰਤਰੀ ਨੇ ਦੋਸ਼ ਲਗਾਇਆ ਕਿ ਪੰਜਾਬ ਵਿੱਚ ਭਾਜਪਾ ਦੇ ਕੈਂਪ ਡੇਟਾ ਇਕੱਠਾ ਕਰਕੇ ਵੋਟਰ ਸੂਚੀਆਂ ਵਿੱਚ ਹੇਰਾਫੇਰੀ ਕਰਨ ਅਤੇ ਬੇਖਬਰ ਨਾਗਰਿਕਾਂ ਦੇ ਬੈਂਕ ਖਾਤਿਆਂ ਤੋਂ ਪੈਸੇ ਚੋਰੀ ਕਰਨ ਦੀ ਇੱਕ ਚਾਲ ਹਨ।

ਵਿੱਤ ਮੰਤਰੀ ਚੀਮਾ ਨੇ ਜ਼ੋਰ ਦਿੰਦਿਆਂ ਕਿਹਾ ਕਿ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ ਨਾਗਰਿਕਾਂ ਦੇ ਡੇਟਾ ਦੀ ਸੁਰੱਖਿਆ ਲਈ ਲਾਗੂ ਕੀਤਾ ਗਿਆ ਸੀ, ਅਤੇ ਐਕਟ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਨਿੱਜੀ ਵਿਅਕਤੀ ਸਮਰੱਥ ਅਧਿਕਾਰੀ ਦੀ ਇਜਾਜ਼ਤ ਤੋਂ ਬਿਨਾਂ ਨਿੱਜੀ ਜਾਣਕਾਰੀ ਇਕੱਠੀ ਨਹੀਂ ਕਰ ਸਕਦਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਜਪਾ ਵੱਲੋਂ ਇਨ੍ਹਾਂ ਕੈਂਪਾਂ ਦੌਰਾਨ ਆਧਾਰ ਅਤੇ ਵੋਟਰ ਕਾਰਡ ਵਰਗੇ ਮਹੱਤਵਪੂਰਨ ਦਸਤਾਵੇਜ਼ਾਂ ਨੂੰ ਇਕੱਠਾ ਕਰਨਾ ਗੈਰ-ਕਾਨੂੰਨੀ ਹੈ ਅਤੇ ਇਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ। ਵਿੱਤ ਮੰਤਰੀ ਨੇ ਦੁਹਰਾਇਆ ਕਿ ਭਾਜਪਾ ਵੱਲੋਂ ਲੋਕਤੰਤਰ ਨੂੰ ਕਮਜ਼ੋਰ ਕਰਨ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੁਆਰਾ ਤਿਆਰ ਕੀਤੇ ਗਏ ਭਾਰਤ ਦੇ ਸੰਵਿਧਾਨ ਨਾਲ ਛੇੜਛਾੜ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਸੱਭ ਜਾਣਦੇ ਹਨ। ਉਨ੍ਹਾਂ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਵੋਟਰ ਸੂਚੀ ਵਿੱਚ ਹੇਰਾਫੇਰੀ ਦੇ ਪਿਛਲੇ ਮਾਮਲਿਆਂ ਵੱਲ ਵੀ ਇਸ਼ਾਰਾ ਕੀਤਾ, ਜਿਨ੍ਹਾਂ ਨੂੰ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਰ-ਵਾਰ ਚੋਣ ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ ਸੀ, ਅਤੇ ਭਾਰਤੀ ਸੰਸਦ ਵਿੱਚ 'ਆਪ' ਦੇ ਸੰਸਦ ਮੈਂਬਰਾਂ ਨੇ ਵੀ ਇਨ੍ਹਾਂ ਨੂੰ ਉਠਾਇਆ ਸੀ।

ਵਿੱਤ ਮੰਤਰੀ ਚੀਮਾ ਨੇ ਸੂਬੇ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਸਾਰੀਆਂ ਸਰਕਾਰੀ ਯੋਜਨਾਵਾਂ ਦੇ ਲਾਭ ਆਪਣੇ ਲੋਕਾਂ ਤੱਕ ਪਹੁੰਚਾਉਣ ਲਈ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਲਗਭਗ 500 ਨਾਗਰਿਕ ਸੇਵਾਵਾਂ ਲੋਕਾਂ ਦੇ ਦਰ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਅਤੇ ਰਾਜ ਭਰ ਵਿੱਚ ਸੇਵਾ ਕੇਂਦਰਾਂ ਦਾ ਵਿਸ਼ਾਲ ਨੈੱਟਵਰਕ ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰ ਰਿਹਾ ਹੈ। ਪੰਜਾਬ ਦੇ ਭਾਜਪਾ ਆਗੂਆਂ ਨੂੰ ਸਿੱਧੇ ਸੰਦੇਸ਼ ਰਾਹੀਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਹ ਸਚਮੁੱਚ ਸੂਬੇ ਦਾ ਭਲਾ ਕਰਨ ਦਾ ਇਰਾਦਾ ਰੱਖਦੇ ਹਨ ਤਾਂ ਉਹ ਜੀਐਸਟੀ ਮੁਆਵਜ਼ੇ ਦੇ 50,000 ਕਰੋੜ ਰੁਪਏ, ਪੇਂਡੂ ਵਿਕਾਸ ਫੰਡਾਂ ਦੇ 8,000 ਕਰੋੜ ਰੁਪਏ ਅਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ 1,000 ਕਰੋੜ ਰੁਪਏ ਜਾਰੀ ਕਰਨ ਦੀ ਲਈ ਕੇਂਦਰ ਸਰਕਾਰ ਉੱਤੇ ਦਬਾਅ ਬਣਾਉਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ, ਜਿਨ੍ਹਾਂ ਨੇ ਤਿੰਨ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਬਹਾਦਰੀ ਨਾਲ ਲੜਾਈ ਲੜੀ ਅਤੇ ਜਿੱਤ ਪ੍ਰਾਪਤ ਕੀਤੀ, ਭਾਜਪਾ ਦੀਆਂ ਚਾਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 13 ਸ੍ਰੀ ਅਖੰਡ ਪਾਠ ਸਾਹਿਬ ਆਰੰਭ : ਕਾਲਕਾ



ਨਵੀਂ ਦਿੱਲੀ, 22 ਅਗਸਤ (ਅੰਮ੍ਰਿਤਪਾਲ ਸਿੰਘ): ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਪਵਿੱਤਰ ਅਵਸਰ ਨੂੰ ਸਮਰਪਿਤ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੇ ਆਦਰ-ਸਤਿਕਾਰ, ਸ਼ਰਧਾ ਅਤੇ ਚੜ੍ਹਦੀ ਕਲਾ ਦੇ ਨਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਬੀ-ਬਲਾਕ ਕਾਲਕਾ ਜੀ ਵਿਖੇ 13 ਸ੍ਰੀ ਅਖੰਡ ਪਾਠ ਸਾਹਿਬਾਂ ਦੀ ਆਰੰਭਤਾ ਕੀਤੀ ਗਈ ਹੈ। ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਇਹ ਮਹਾਨੁਭਾਵਕ ਰੂਹਾਨੀ ਅਭਿਆਸ ਸਿੱਖ ਕੌਮ ਦੀ ਸ਼ਾਨ, ਅਮੋਲਕ ਧਰੋਹਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਲੌਕਿਕ ਜੋਤ-ਰੂਪ ਦਾ ਪ੍ਰਤੀਕ ਹੈ।

ਉਨ੍ਹਾਂ ਦੱਸਿਆ ਕਿ ਇਹ ਅਖੰਡ ਪਾਠ ਸਾਹਿਬਾਂ ਦੀ ਸੰਪੂਰਨਤਾ 24 ਅਗਸਤ ਨੂੰ ਹੋਵੇਗੀ, ਜਿਸ ਤੋਂ ਬਾਅਦ ਵਿਸ਼ਾਲ ਗੁਰਮਤਿ ਸਮਾਗਮਾਂ ਦਾ ਆਯੋਜਨ ਕੀਤਾ ਜਾਵੇਗਾ ਅਤੇ ਗੁਰੂ ਦਰਬਾਰ ਅੱਗੇ ਅਰਦਾਸਾਂ ਭੇਟ ਕੀਤੀਆਂ ਜਾਣਗੀਆਂ। ਕਾਲਕਾ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ 24 ਅਗਸਤ ਨੂੰ ਸੰਪੂਰਨ ਹੋਣ ਵਾਲੇ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀ ਬਾਣੀ ਦਾ ਅਨੰਦ ਮਾਨਣ ਅਤੇ ਰੂਹਾਨੀ ਅਸ਼ੀਰਵਾਦ ਪ੍ਰਾਪਤ ਕਰਨ।

## ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਜ਼ਮੀਨ 'ਤੇ ਕਬਜ਼ੇ ਕਰਨ ਦੇ ਮਾਮਲੇ 'ਚ ਐਸਸੀ. ਕਮਿਸ਼ਨ ਵੱਲੋਂ ਸੀਨੀਅਰ ਕਪਤਾਨ ਪੁਲਿਸ ਤੋਂ ਰਿਪੋਰਟ ਤਲਬ

ਚੰਡੀਗੜ੍ਹ, 22 ਅਗਸਤ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਜਲੰਧਰ ਜ਼ਿਲ੍ਹੇ ਦੇ ਪਿੰਡ ਧਲੇਤਾ ਵਿਖੇ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜਮੀਨ 'ਤੇ ਕਬਜਾ ਕਰਨ ਦੇ ਮਾਮਲੇ ਦਾ ਸੂ-ਮੋਟੋ ਨੋਟਿਸ ਲੈਂਦਿਆਂ ਐਸ.ਐਸ.ਪੀ. ਦਿਹਾਤੀ ਜਲੰਧਰ ਤੋਂ ਰਿਪੋਰਟ ਤਲਬ ਕੀਤੀ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਇਹ ਮਾਮਲਾ ਇਕ ਅਖਬਾਰ ਰਾਹੀਂ ਉਹਨਾਂ ਦੇ ਧਿਆਨ ਵਿੱਚ ਆਇਆ ਹੈ, ਜਿਸ ਵਿੱਚ ਪਿੰਡ ਧਲੇਤਾ ਵਿਖੇ ਸਿਵਲ ਪ੍ਰਸ਼ਾਸਨ ਤੇ ਪੁਲਿਸ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜਮੀਨ ਤੇ ਕਬਜਾ ਕੀਤਾ ਗਿਆ ਹੈ ਜਿਸ 'ਤੇ ਕਮਿਸ਼ਨ ਵੱਲੋਂ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਇਸ ਮਾਮਲੇ ਸਬੰਧੀ 26.08.2025 ਨੂੰ ਤੱਥ ਤੇ ਸੂਚਨਾ ਉਪ ਕਪਤਾਨ ਪੁਲਿਸ ਰਾਹੀਂ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

# ਉਚੇਰੀ ਸਿੱਖਿਆ ਵਿਭਾਗ ਨੇ 27 ਪ੍ਰੋਫੈਸਰਾਂ ਨੂੰ ਤਰੱਕੀ ਦੇ ਕੇ ਪ੍ਰਿੰਸੀਪਲ ਬਣਾਇਆ

## ਹਰਜੋਤ ਸਿੰਘ ਬੈਂਸ ਵੱਲੋਂ ਪਦਉੱਨਤ ਹੋਏ ਪ੍ਰੋਫੈਸਰਾਂ ਨੂੰ ਵਧਾਈ

ਚੰਡੀਗੜ੍ਹ, 22 ਅਗਸਤ (ਚ.ਨ.ਸ.): ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਵਿੱਚ ਉਚੇਰੀ ਸਿੱਖਿਆ ਨੂੰ ਹੋਰ ਮਜ਼ਬੂਤ ਕਰਨ ਅਤੇ ਇਸ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਪੰਜਾਬ ਦੇ ਉਚੇਰੀ ਸਿੱਖਿਆ ਵਿਭਾਗ ਨੇ 27 ਐਸੋਸੀਏਟ ਪ੍ਰੋਫੈਸਰਾਂ/ਪ੍ਰੋਫੈਸਰਾਂ ਨੂੰ ਪ੍ਰਿੰਸੀਪਲ (ਕਾਲਜ ਕਾਡਰ) ਵਜੋਂ ਤਰੱਕੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਪਦਉੱਨਤੀਆਂ ਤੋਂ ਬਾਅਦ ਹੁਣ ਪ੍ਰਮੋਸ਼ਨਲ ਕੋਟੇ ਦੀਆਂ ਸਾਰੀਆਂ ਸੀਟਾਂ ਭਰ ਗਈਆਂ ਹਨ। ਹਾਲ ਹੀ ਵਿੱਚ ਹੋਈ ਡੀ.ਪੀ.ਸੀ. ਦੌਰਾਨ ਕੁੱਲ 27 ਨਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ 13 ਫੈਕਲਟੀ ਨੂੰ ਤੁਰੰਤ ਪ੍ਰਭਾਵ ਨਾਲ ਤਰੱਕੀ ਦਿੱਤੀ ਗਈ ਹੈ, ਜਦੋਂਕਿ ਬਾਕੀ 14 ਨੂੰ ਦਸੰਬਰ 2025 ਤੱਕ ਸੀਟਾਂ ਦੀ ਉਪਲਬਧਤਾ ਅਨੁਸਾਰ ਤਰੱਕੀ ਦਿੱਤੀ ਜਾਵੇਗੀ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪ੍ਰਿੰਸੀਪਲਾਂ ਦੀਆਂ ਸਿੱਧੇ ਕੋਟੇ ਦੀਆਂ ਆਸਾਮੀਆਂ ਵੀ ਜਲਦੀ ਭਰੀਆਂ ਜਾਣਗੀਆਂ। ਪ੍ਰੋਫੈਸਰਾਂ ਨੂੰ ਉਨ੍ਹਾਂ ਦੀ ਤਰੱਕੀ ਲਈ ਵਧਾਈ ਦਿੰਦਿਆਂ ਹਰਜੋਤ ਸਿੰਘ ਬੈਂਸ ਨੇ ਉਨ੍ਹਾਂ ਨੂੰ ਉਚੇਰੀ ਸਿੱਖਿਆ ਵਿੱਚ ਪ੍ਰਾਪਤ ਹੋਈ ਇਸ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਲਗਨ, ਸਮਰਪਣ ਤੇ ਸੁਹਿਰਦਤਾ ਨਾਲ ਨਿਭਾਉਣ ਦੀ ਅਪੀਲ ਕੀਤੀ। ਹਰਜੋਤ ਸਿੰਘ ਬੈਂਸ ਨੇ ਭਰੋਸਾ ਜਤਾਇਆ ਕਿ ਇਹ ਤਰੱਕੀਆਂ ਵਿਭਾਗ ਵਿੱਚ ਸਾਕਾਰਾਤਮਕ ਬਦਲਾਅ ਅਤੇ ਉੱਤਮਤਾ ਲਿਆਉਣਗੀਆਂ। ਉਨ੍ਹਾਂ ਇਹ ਵੀ ਆਸ ਪ੍ਰਗਟਾਈ ਕਿ ਪਦਉੱਨਤ ਹੋਏ ਸਾਰੇ ਪ੍ਰੋਫੈਸਰ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਮਿਸਾਲੀ ਅਗਵਾਈ ਕਰਨਗੇ ਅਤੇ ਰਾਜ ਦੀ ਉਚੇਰੀ ਸਿੱਖਿਆ ਪ੍ਰਣਾਲੀ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਉਣਗੇ। ਇਸ ਦੌਰਾਨ ਪ੍ਰਬੰਧਕੀ ਸਕੱਤਰ ਉਚੇਰੀ ਸਿੱਖਿਆ ਨਿੰਦਿਤਾ ਮਿੱਤਰਾ ਨੇ ਵੀ ਨਵੇਂ ਤਰੱਕੀ ਪ੍ਰਾਪਤ ਕਰਨ ਵਾਲੇ ਪ੍ਰੋਫੈਸਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਭਵਿੱਖੀ ਸਫਲਤਾ ਤੇ ਨਵੀਆਂ ਜ਼ਿੰਮੇਵਾਰੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਅਨਿੰਦਿਤਾ ਮਿੱਤਰਾ ਨੇ ਤਰੱਕੀ ਪ੍ਰਾਪਤ ਫੈਕਲਟੀ ਨੂੰ 10 ਦਿਨਾਂ ਦੇ ਅੰਦਰ ਆਪਣੀਆਂ ਹਾਜ਼ਰੀ ਰਿਪੋਰਟਾਂ ਡਾਇਰੈਕਟਰ ਉਚੇਰੀ ਸਿੱਖਿਆ, ਪੰਜਾਬ ਨੂੰ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ। ਇਸ ਦੇ ਨਾਲ ਉਨ੍ਹਾਂ ਕਿਹਾ ਕਿ ਉਕਤ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਤਰੱਕੀ ਨੂੰ ਰੱਦ ਮੰਨਿਆ ਜਾਵੇਗਾ ਅਤੇ ਉਹ ਭਵਿੱਖ ਵਿੱਚ ਦੋ ਸਾਲਾਂ ਲਈ ਤਰੱਕੀ ਦੇ ਯੋਗ ਨਹੀਂ ਹੋਣਗੇ। ਉਨ੍ਹਾਂ ਦੱਸਿਆ ਕਿ ਤਰੱਕੀ ਹਾਸਲ ਕਰਨ ਵਾਲੇ ਇਹ ਪ੍ਰਿੰਸੀਪਲ ਇੱਕ ਸਾਲ ਪਰਖ-ਕਾਲ ਤਹਿਤ ਸੇਵਾ ਨਿਭਾਉਣਗੇ, ਜਿਸ ਦੌਰਾਨ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਨੇੜਿਓਂ ਨਿਗਰਾਨੀ ਕੀਤੀ ਜਾਵੇਗੀ।



# ਸਾਂਸਦ ਸਤਨਾਮ ਸਿੰਘ ਸੰਧੂ ਵੱਲੋਂ ਐਨਡੀਏ ਦੇ ਉਪ ਰਾਸ਼ਟਰਪਤੀ ਉਮੀਦਵਾਰ ਰਾਧਾਕ੍ਰਿਸ਼ਨਨ ਨਾਲ ਮੁਲਾਕਾਤ

ਨਵੀਂ ਦਿੱਲੀ, 22 ਅਗਸਤ (ਚ.ਨ.ਸ.): ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ (ਐਨਡੀਏ) ਦੇ ਉਪ ਰਾਸ਼ਟਰਪਤੀ ਉਮੀਦਵਾਰ ਸੀਪੀ ਰਾਧਾਕ੍ਰਿਸ਼ਨਨ ਨਾਲ ਮੁਲਾਕਾਤ ਕੀਤੀ। ਸੰਸਦ ਮੈਂਬਰ ਨੇ ਸੀਪੀ ਰਾਧਾਕ੍ਰਿਸ਼ਨਨ ਦੀ ਉਪ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰੀ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਨੂੰ "ਇੱਕ ਤਜਰਬੇਕਾਰ ਸਿਆਸਤਦਾਨ" ਦੱਸਿਆ ਜਿਨ੍ਹਾਂ ਦੇ ਜਨਤਕ ਜੀਵਨ ਦੇ ਵਿਸ਼ਾਲ ਤਜਰਬੇ ਨਾਲ ਦੇਸ਼ ਨੂੰ ਬਹੁਤ ਲਾਭ ਹੋਵੇਗਾ।




ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨਾਲ ਗੱਲਬਾਤ ਦੌਰਾਨ, ਉਪ ਰਾਸ਼ਟਰਪਤੀ ਉਮੀਦਵਾਰ ਸੀਪੀ ਰਾਧਾਕ੍ਰਿਸ਼ਨਨ ਨੇ ਪੰਜਾਬ ਤੇ ਪੰਜਾਬੀ ਭਾਈਚਾਰੇ ਬਾਰੇ ਆਪਣੇ ਵਿਚਾਰ ਅਤੇ ਭਾਵਨਾਵਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਉਹ ਭਾਰਤ ਦੇ ਆਜ਼ਾਦੀ ਸੰਗਰਾਮ ਅਤੇ ਰਾਸ਼ਟਰ ਨਿਰਮਾਣ ਵਿੱਚ ਪੰਜਾਬੀ ਭਾਈਚਾਰੇ ਵੱਲੋਂ ਪਾਏ ਯੋਗਦਾਨ 'ਤੇ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਇਹ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਵਿੱਚ ਪੰਜਾਬੀ ਭਾਈਚਾਰੇ ਦਾ ਯੋਗਦਾਨ ਹੋਵੇ, ਜਾਂ ਭਾਰਤ ਨੂੰ ਅਨਾਜ ਵਿੱਚ ਸਵੈ-ਨਿਰਭਰ ਬਣਾਉਣ ਵਿੱਚ ਪੰਜਾਬ ਦੇ ਕਿਸਾਨਾਂ ਦੀ ਭੂਮਿਕਾ ਹੋਵੇ, ਜਾਂ ਭਾਰਤੀ ਅਰਥਵਿਵਸਥਾ ਨੂੰ ਆਕਾਰ ਦੇਣ ਵਿੱਚ ਪੰਜਾਬੀ ਭਾਈਚਾਰੇ ਦੀ ਉੱਦਮਤਾ ਹੋਵੇ - ਪੰਜਾਬੀ ਭਾਈਚਾਰਾ ਸੱਚਾ ਰਾਸ਼ਟਰ ਨਿਰਮਾਤਾ ਹੈ।

# ਆਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ ਸਮੇਤ ਨਿੱਜੀ ਦਸਤਾਵੇਜ਼ ਪ੍ਰਾਪਤ ਕਰਨ ਸਬੰਧੀ ਵੱਡੀ ਗਿਣਤੀ ਵਿੱਚ ਸ਼ਿਕਾਇਤਾਂ ਹੋਈਆਂ ਪ੍ਰਾਪਤ

ਚੰਡੀਗੜ੍ਹ, 22 ਅਗਸਤ (ਚ.ਨ.ਸ.): ਪਿਛਲੇ 24 ਘੰਟਿਆਂ ਵਿੱਚ, ਪੰਜਾਬ ਪੁਲਿਸ ਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ ਕੁਝ ਲੋਕ, ਇੱਕ ਵਿਸ਼ੇਸ਼ ਰਾਜਨੀਤਿਕ ਪਾਰਟੀ ਤੋਂ ਹੋਣ ਦਾ ਦਾਅਵਾ ਕਰਦੇ ਹੋਏ, ਨਾ ਸਿਰਫ ਲੋਕਾਂ ਦਾ ਨਿੱਜੀ ਡੇਟਾ ਇਕੱਠਾ ਕਰ ਰਹੇ ਹਨ, ਸਗੋਂ ਲੋਕਾਂ ਦੇ ਸਰਕਾਰੀ ਕੰਮ ਕਰਵਾਉਣ ਲਈ ਉਹਨਾਂ ਤੋਂ ਕਮਿਸ਼ਨ ਦੇ ਰੂਪ ਵਿੱਚ ਪੈਸੇ ਵੀ ਇਕੱਠੇ ਕਰ ਰਹੇ ਹਨ।




ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਕੁਝ ਨਾਗਰਿਕਾਂ ਨੇ ਇਹ ਵੀ ਸ਼ਿਕਾਇਤ ਕੀਤੀ ਹੈ ਕਿ ਅਜਿਹੇ ਕੁਝ ਵਿਅਕਤੀਆਂ ਨੇ ਖੁਦ ਨੂੰ ਇੱਕ ਖਾਸ ਰਾਜਨੀਤਕ ਪਾਰਟੀ ਨਾਲ ਸਬੰਧਤ ਦੱਸਕੇ ਉਹਨਾਂ ਨਾਲ ਸੰਪਰਕ ਕੀਤਾ ਅਤੇ ਵਰਗਲਾ ਕੇ ਉਨ੍ਹਾਂ (ਸਥਾਨਕ ਲੋਕਾਂ) ਤੋਂ ਉਹਨਾਂ ਦੇ ਬੈਂਕ ਖਾਤਾ ਨੰਬਰ ਲੈ ਲਏ ਅਤੇ ਬਾਅਦ ਵਿੱਚ ਉਨ੍ਹਾਂ ਦੇ ਬੈਂਕ ਖਾਤੇ ਖਾਲੀ ਹੋ ਗਏ।

ਬੁਲਾਰੇ ਨੇ ਅੱਗੇ ਕਿਹਾ ਕਿ ਅਜਿਹੀਆਂ ਸਾਰੀਆਂ ਸ਼ਿਕਾਇਤਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਸੀਂ ਜਨਤਾ ਨੂੰ ਅਪੀਲ ਕਰਦੇ ਹਾਂ ਕਿ ਉਹ ਅਜਿਹੇ ਸਮਾਜ ਵਿਰੋਧੀ ਅਨਸਰਾਂ ਤੋਂ ਦੂਰ ਰਹਿਣ ਅਤੇ ਕਿਸੇ ਨੂੰ ਵੀ ਕੋਈ ਨਿੱਜੀ ਡੇਟਾ ਨਾ ਦੇਣ ਕਿਉਂਕਿ ਇਸਦੀ ਦੁਰਵਰਤੋਂ ਹੋ ਸਕਦੀ ਹੈ। ਲੋਕਾਂ ਨੂੰ ਆਪਣਾ ਸਰਕਾਰੀ ਕੰਮ ਕਰਵਾਉਣ ਲਈ ਅਜਿਹੇ ਕਿਸੇ ਵੀ ਨਿੱਜੀ ਗੈਰ-ਕਾਨੂੰਨੀ ਲੋਕਾਂ ਕੋਲ ਵੀ ਨਹੀਂ ਜਾਣਾ ਚਾਹੀਦਾ। ਸਰਕਾਰ ਨੇ ਪੰਜਾਬ ਭਰ ਵਿੱਚ ਬਹੁਤ ਸਾਰੇ 'ਸੇਵਾ ਕੇਂਦਰ' ਸਥਾਪਤ ਕੀਤੇ ਹਨ। ਲੋਕ ਆਪਣੇ ਸਰਕਾਰੀ ਕੰਮ ਲਈ ਕਿਸੇ ਵੀ 'ਸੇਵਾ ਕੇਂਦਰ' ਜਾਂ ਪੰਜਾਬ ਸਰਕਾਰ ਦੇ ਕਿਸੇ ਵੀ ਦਫ਼ਤਰ ਤੱਕ ਪਹੁੰਚ ਕਰ ਸਕਦੇ ਹਨ। ਲੋਕਾਂ ਨੂੰ ਕਿਸੇ ਵੀ ਸਰਕਾਰੀ ਕੰਮ ਲਈ ਕਿਸੇ ਰਾਜਨੀਤਿਕ ਪਾਰਟੀ ਦੇ ਕਿਸੇ ਵੀ ਵਿਅਕਤੀ ਨੂੰ ਕੋਈ ਕਮਿਸ਼ਨ ਦੇਣ ਦੀ ਜ਼ਰੂਰਤ ਨਹੀਂ ਹੈ। ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਉਨ੍ਹਾਂ ਦੇ ਖੇਤਰ ਵਿੱਚ ਅਜਿਹੇ ਕੋਈ ਗੈਰ-ਕਾਨੂੰਨੀ ਕੈਂਪ ਲਗਾਏ ਗਏ ਹਨ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕਰਨ।

ਬੁਲਾਰੇ ਨੇ ਕਿਹਾ ਕਿ ਭਰੋਸੇਯੋਗ ਸੂਤਰਾਂ ਤੋਂ ਰਿਪੋਰਟਾਂ ਮਿਲੀਆਂ ਸਨ ਕਿ ਕੁਝ ਵਿਅਕਤੀ ਸਥਾਨਕ ਨਿਵਾਸੀਆਂ ਦਾ ਨਿੱਜੀ ਡੇਟਾ ਗੈਰ-ਕਾਨੂੰਨੀ ਤੌਰ 'ਤੇ ਇਕੱਠਾ ਕਰ ਰਹੇ ਹਨ, ਰਾਜ ਸਰਕਾਰ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੀ ਨਿੱਜੀ ਜਾਣਕਾਰੀ ਅਣਅਧਿਕਾਰਤ ਵਿਅਕਤੀਆਂ ਜਾਂ ਏਜੰਸੀਆਂ ਨਾਲ ਸਾਂਝੀ ਨਾ ਕਰਨ, ਕਿਉਂਕਿ ਇਸਦੀ ਕਿਸੇ ਵੀ ਰੂਪ ਵਿਚ ਦੁਰਵਰਤੋਂ ਹੋ ਸਕਦੀ ਹੈ। ਨਾਗਰਿਕਾਂ ਨੂੰ ਸੁਚੇਤ ਰਹਿਣ ਅਤੇ ਅਜਿਹੀ ਕਿਸੇ ਵੀ ਘਟਨਾ ਦੀ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੀ ਸਲਾਹ ਦਿੱਤੀ ਗਈ ਹੈ।

# ਬਰਿੰਦਰ ਕੁਮਾਰ ਗੋਇਲ ਤੇ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਜ਼ਿਲ੍ਹਾ ਫ਼ਾਜ਼ਿਲਕਾ ਦੇ ਸਰਹੱਦੀ ਪਿੰਡਾਂ ਦਾ ਦੌਰਾ

ਚੰਡੀਗੜ੍ਹ/ਫ਼ਾਜ਼ਿਲਕਾ, 22 ਅਗਸਤ (ਚ.ਨ.ਸ.): ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਦੀ ਨਿਗਰਾਨੀ ਕਰਨ ਅਤੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉਨ੍ਹਾਂ ਨੂੰ ਜ਼ਰੂਰੀ ਸਹੂਲਤਾਂ ਤੁਰੰਤ ਮੁਹੱਈਆ ਕਰਾਉਣ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਜ਼ਿਲ੍ਹਾ ਫ਼ਾਜ਼ਿਲਕਾ ਵਿੱਚ ਕੌਮਾਂਤਰੀ ਸਰਹੱਦ 'ਤੇ ਪੈਂਦੇ ਪਿੰਡਾਂ ਦਾ ਦੌਰਾ ਕਰਕੇ ਸਤਲੁਜ ਦੀ ਕ੍ਰੀਕ ਵਿੱਚ ਆਏ ਪਾਣੀ ਦੇ ਪ੍ਰਭਾਵ ਦਾ ਜਾਇਜ਼ਾ ਲਿਆ। ਇਸ ਦੌਰਾਨ ਬਰਿੰਦਰ ਕੁਮਾਰ ਗੋਇਲ ਨੇ ਜਿੱਥੇ ਪਿੰਡ ਕਾਵਾਂਵਾਲੀ ਪੱਤਣ ਤੇ ਮੁਹਾਰ ਜਮਸ਼ੇਰ ਦਾ ਦੌਰਾ ਕੀਤਾ, ਉਥੇ ਤਰੁਨਪ੍ਰੀਤ ਸਿੰਘ ਸੌਂਦ ਵੀ ਮੁਹਾਰ ਜਮਸ਼ੇਰ ਪਿੰਡ ਪਹੁੰਚੇ ਅਤੇ ਲੋਕਾਂ ਦਾ ਹਾਲ-ਚਾਲ ਜਾਣਿਆ। ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਪਿੰਡ ਨੂੰ ਜੋੜਨ ਵਾਲੀ ਸੜਕ 'ਤੇ ਪਾਣੀ ਹੋਣ ਕਾਰਨ ਸ੍ਰੀ ਬਰਿੰਦਰ ਕੁਮਾਰ ਗੋਇਲ ਅਤੇ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਪਿੰਡ ਮੁਹਾਰ ਜਮਸ਼ੇਰ ਦੇ ਅੰਦਰ ਤੱਕ ਟਰੈਕਟਰ 'ਤੇ ਗਏ। ਹਾਲਾਂਕਿ ਪਿੰਡ ਦੇ ਅੰਦਰ ਪਾਣੀ ਦਾਖ਼ਲ ਨਹੀਂ ਹੋਇਆ ਅਤੇ ਸਾਰੇ ਘਰ ਸੁਰੱਖਿਤ ਹਨ। ਸ੍ਰੀ ਗੋਇਲ ਨੇ ਦੱਸਿਆ ਕਿ ਡੈਮਾਂ 'ਤੇ ਫ਼ਿਲਹਾਲ ਪਾਣੀ ਦੀ ਆਮਦ ਘਟੀ ਹੈ ਅਤੇ ਇਸ ਨਾਲ ਆਉਣ ਵਾਲੇ ਦਿਨਾਂ ਵਿੱਚ ਰਾਹਤ ਦੀ ਉਮੀਦ ਹੈ।



ਗੱਲਬਾਤ ਦੌਰਾਨ ਦੋਵੇਂ ਕੈਬਨਿਟ ਮੰਤਰੀਆਂ ਨੇ ਆਖਿਆ ਕਿ ਇਸ ਦੌਰੇ ਦਾ ਮੁੱਖ ਉਦੇਸ਼ ਜਿੱਥੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਫ਼ੌਰੀ ਹੱਲ ਕਰਨਾ ਹੈ, ਉੱਥੇ ਸਮੱਸਿਆ ਦੇ ਸਥਾਈ ਹੱਲ ਦੀ ਯੋਜਨਾਬੰਦੀ ਲਈ ਗਰਾਊਂਡ 'ਤੇ ਜਾ ਕੇ ਸਥਿਤੀ ਦਾ ਮੁਲਾਂਕਣ ਕਰਨਾ ਹੈ। ਉਨ੍ਹਾਂ ਅਧਿਕਾਰੀਆਂ ਤੋਂ ਮੌਜੂਦਾ ਸਥਿਤੀ ਦੀ ਜਾਣਕਾਰੀ ਵੀ ਲਈ। ਕੈਬਨਿਟ ਮੰਤਰੀਆਂ ਨੇ ਕਿਹਾ ਕਿ ਸਰਕਾਰ ਵੱਲੋਂ ਇਸ ਕੁਦਰਤੀ ਆਫਤ ਮੌਕੇ ਲੋਕਾਂ ਦੀ ਹਰ ਸੰਭਵ ਮਦਦ ਕਰਨ ਦੇ ਉਪਰਾਲੇ ਕੀਤੇ ਗਏ ਹਨ ਅਤੇ ਸਾਰੇ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਟੀਮਾਂ, ਪਸ਼ੂ ਪਾਲਣ ਵਿਭਾਗ ਦੀਆਂ ਟੀਮਾਂ ਭੇਜੀਆਂ ਜਾ ਰਹੀਆਂ ਹਨ ਅਤੇ ਲੋੜ ਅਨੁਸਾਰ ਰਾਸ਼ਨ ਵੀ ਉਪਲਬਧ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਰਾਤ ਸਮੇਂ ਸਾਰੇ ਪਿੰਡਾਂ ਵਿੱਚ ਬਿਜਲੀ ਦੀ ਸਪਲਾਈ ਯਕੀਨੀ ਬਣਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਫ਼ੌਰੀ ਮਦਦ ਉਪਲਬਧ ਕਰਵਾਉਣ ਲਈ ਸਾਰੀਆਂ ਟੀਮਾਂ ਤਾਇਨਾਤ ਹਨ ਅਤੇ ਸਾਰੇ ਪ੍ਰਭਾਵਿਤ ਇਲਾਕੇ ਨੂੰ ਸੈਕਟਰਾਂ ਵਿੱਚ ਵੰਡ ਕੇ ਸੈਕਟਰ ਅਫ਼ਸਰ ਲਗਾਏ ਗਏ ਹਨ ਤਾਂ ਜੋ ਲੋਕਾਂ ਨਾਲ ਸਿੱਧਾ ਰਾਬਤਾ ਕਰਕੇ ਜ਼ਰੂਰਤਮੰਦ ਲੋਕਾਂ ਤੱਕ ਮਦਦ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਆਖਿਆ ਕਿ ਸਾਰੇ ਪਿੰਡਾਂ ਦੇ ਲੋਕਾਂ ਦੇ ਸੰਪਰਕ ਨੰਬਰ ਪ੍ਰਸ਼ਾਸਨ ਵੱਲੋਂ ਇਕੱਠੇ ਕੀਤੇ ਜਾ ਰਹੇ ਹਨ ਤਾਂ ਜੋ ਹਰੇਕ ਵਿਅਕਤੀ ਤੱਕ ਸਿੱਧਾ ਸੰਪਰਕ ਹੋ ਸਕੇ। ਕੈਬਨਿਟ ਮੰਤਰੀਆਂ ਨੇ ਇਹ ਵੀ ਕਿਹਾ ਕਿ ਵਿਸ਼ੇਸ਼ ਗਿਰਦਾਵਰੀ ਸਬੰਧੀ ਸਰਕਾਰ ਵੱਲੋਂ ਪਹਿਲਾਂ ਹੀ ਹੁਕਮ ਕਰ ਦਿੱਤੇ ਗਏ ਹਨ ਅਤੇ ਕਿਸਾਨਾਂ ਦੇ ਹਰ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਪਿੰਡਾਂ ਵਿਚ ਰਹਿਣ ਦੀ ਹਦਾਇਤ ਕੀਤੀ ਗਈ ਹੈ ਤਾਂ ਜੋ ਲੋਕਾਂ ਦੀ ਤੁਰੰਤ ਮਦਦ ਹੋ ਸਕੇ। ਇਸ ਮੌਕੇ ਲੋਕਾਂ ਵੱਲੋਂ ਮੰਗ ਪੱਤਰ ਦਿੱਤਾ ਗਿਆ ਤੇ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਉਹ ਖੁਦ ਇਹ ਮੰਗ ਪੱਤਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੱਕ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਸਰਹੱਦੀ ਖਿੱਤੇ ਲੋਕ ਬਹੁਤ ਬਹਾਦਰ ਹਨ ਤੇ ਦੇਸ਼ ਦੀ ਰੱਖਿਆ ਵਿਚ ਵੀ ਸਾਡੀ ਫ਼ੋਰਸ ਨਾਲ ਖੜਦੇ ਹਨ ਅਤੇ ਇਸ ਮੁਸਕਿਲ ਵਿਚ ਸਰਕਾਰ ਇਨ੍ਹਾਂ ਦੇ ਨਾਲ ਖੜੀ ਹੈ।

ਇਸ ਮੌਕੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਇਲਾਕੇ ਵਿੱਚ ਕੱਚੀਆਂ ਜ਼ਮੀਨਾਂ ਦਾ ਮੁੱਦਾ ਕੈਬਨਿਟ ਮੰਤਰੀ ਸਾਹਮਣੇ ਰੱਖਿਆ। ਇਸ 'ਤੇ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਇਸ ਵਿਸ਼ੇ ਬਾਰੇ ਕਮੇਟੀ ਪਹਿਲਾਂ ਹੀ ਕੰਮ ਕਰ ਰਹੀ ਹੈ ਤੇ ਸਰਕਾਰ ਲੋਕਾਂ ਦੀਆਂ ਆਸਾਂ ਤੇ ਉਮੀਦਾਂ ਅਨੁਸਾਰ ਅੱਗੇ ਵਧ ਰਹੀ ਹੈ। ਇਸ ਮੌਕੇ ਫ਼ਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਤੇ ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਇਨ੍ਹਾਂ ਪਿੰਡਾਂ ਵਿੱਚ ਮੰਗ ਅਨੁਸਾਰ ਪਸ਼ੂ ਚਾਰਾ ਉਪਲਬਧ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਪੂਰੀ ਮੁਸਤੈਦੀ ਨਾਲ ਲੋਕਾਂ ਦੀ ਭਲਾਈ ਲਈ ਕੰਮ ਕਰ ਰਿਹਾ ਹੈ ਅਤੇ ਉਹ ਆਪ ਵੀ ਲਗਾਤਾਰ ਲੋਕਾਂ ਨਾਲ ਸਿੱਧਾ ਸੰਪਰਕ ਰੱਖ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਜ਼ਿਲ੍ਹੇ ਵਿੱਚ ਹੜ੍ਹ ਰਾਹਤ ਸਬੰਧੀ ਕੀਤੇ ਪ੍ਰਬੰਧਾਂ ਦੀ ਜਾਣਕਾਰੀ ਵੀ ਸਾਂਝੀ ਕੀਤੀ। ਇਸ ਮੌਕੇ ਐਸ.ਡੀ.ਐਮ ਵੀਰਪਾਲ ਕੌਰ, ਜਲ ਸਰੋਤ ਵਿਭਾਗ ਦੇ ਨਿਗਰਾਨ ਇੰਜੀਨੀਅਰ ਰਾਜਨ ਢੀਂਗੜਾ, ਕਾਰਜਕਾਰੀ ਇੰਜੀਨੀਅਰ ਆਲੋਕ ਚੌਧਰੀ ਵੀ ਹਾਜ਼ਰ ਸਨ।

# ਹਰਦੀਪ ਸਿੰਘ ਮੁੰਡੀਆਂ ਵੱਲੋਂ ਫ਼ਸਲਾਂ ਦੇ ਖ਼ਰਾਬੇ ਦਾ ਮੁਲਾਂਕਣ ਕਰਨ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ

ਚੰਡੀਗੜ੍ਹ, 22 ਅਗਸਤ (ਚ.ਨ.ਸ.): ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ ਤਾਂ ਜੋ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਫਸਲਾਂ ਦੇ ਹੋਏ ਖ਼ਰਾਬੇ ਦਾ ਸਹੀ ਮੁਲਾਂਕਣ ਕੀਤਾ ਜਾ ਸਕੇ। ਸਮੂਹ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਨਿਰਦੇਸ਼ਾਂ ਵਿੱਚ ਕੈਬਨਿਟ ਮੰਤਰੀ ਨੇ ਹਦਾਇਤ ਕੀਤੀ ਹੈ ਪਾਣੀ ਘਟਦੇ ਸਾਰ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਤੁਰੰਤ ਵਿਸ਼ੇਸ਼ ਗਿਰਦਾਵਰੀ ਕੀਤੀ ਜਾਵੇ। ਡੀਸੀਜ਼ ਨੂੰ ਲੋੜੀਂਦੇ ਸਰਟੀਫਿਕੇਟਾਂ ਸਮੇਤ ਨਿਰਧਾਰਤ ਪ੍ਰੋਫਾਰਮੇ ਵਿੱਚ ਮੁਆਵਜ਼ਾ ਕੇਸ ਤਿਆਰ ਕਰ ਕੇ ਬਿਨਾਂ ਕਿਸੇ ਦੇਰੀ ਤੋਂ ਸਰਕਾਰ ਨੂੰ ਜਮ੍ਹਾਂ ਕਰਾਉਣ ਲਈ ਕਿਹਾ ਗਿਆ ਹੈ। ਹਰਦੀਪ ਸਿੰਘ ਮੁੰਡੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਗਿਰਦਾਵਰੀ ਪੂਰੀ ਨਿਰਪੱਖਤਾ ਤੇ ਪਾਰਦਰਸ਼ਤਾ ਢੰਗ ਨਾਲ ਕੀਤੀ ਜਾਵੇਗੀ ਅਤੇ ਇਸ ਦੌਰਾਨ ਸਖ਼ਤ ਨਿਗਰਾਨੀ ਯਕੀਨੀ ਬਣਾਈ ਜਾਵੇਗੀ ਤਾਂ ਜੋ ਕੋਈ ਵੀ ਪ੍ਰਭਾਵਿਤ ਕਿਸਾਨ ਮੁਆਵਜ਼ੇ ਤੋਂ ਵਾਂਝਾ ਨਾ ਰਹੇ।

ਇਸ ਔਖੀ ਘੜੀ 'ਚ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦੇ ਪੰਜਾਬ ਸਰਕਾਰ ਦੇ ਅਹਿਦ ਨੂੰ ਦੁਹਰਾਉਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਮੇਂ ਸਿਰ ਮੁਆਵਜ਼ਾ ਦੇਣ ਤੇ ਕਾਸ਼ਤਕਾਰਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਘਟਾਉਣ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ।

# ਪੰਜਾਬ 'ਚ ਕੱਟੜ ਇਮਾਨਦਾਰ ਨਹੀਂ, ਕੱਟੜ ਲੁਟੇਰੇ ਰਾਜ ਕਰ ਰਹੇ ਨੇ : ਝਿੰਜਰ

ਚੰਡੀਗੜ੍ਹ, 22 ਅਗਸਤ (ਹਰਦੀਪ ਕੌਰ): ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਸਰਬਜੀਤ ਸਿੰਘ ਝਿੰਜਰ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਉੱਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਸਰਕਾਰ ਦੇ ਦਾਅਵਿਆਂ ਦੇ ਉਲਟ, ਪੰਜਾਬ 'ਚ ਗੁੰਡਾ ਟੈਕਸ ਅਤੇ ਮਾਈਨਿੰਗ ਮਾਫ਼ੀਆ ਦੀ ਖੁੱਲ੍ਹੀ ਰਾਜਨੀਤਿਕ ਸ਼ਹਿ ਨਾਲ ਸਰਗਰਮੀ ਜਾਰੀ ਹੈ। ਝਿੰਜਰ ਨੇ ਕਿਹਾ ਕਿ ਅੱਜ ਜ਼ਿਲ੍ਹਾ ਰੋਪੜ ਦੇ ਅਨੰਦਪੁਰ ਸਾਹਿਬ ਅਤੇ ਨੰਗਲ ਖੇਤਰਾਂ ਵਿੱਚ ਰੇਤ ਕ੍ਰੈਸ਼ਰ ਮਾਲਕਾਂ ਤੋਂ ਗੁੰਡਾ ਟੈਕਸ ਵਜੋਂ ਪ੍ਰਤੀ ਫੁੱਟ ਰੇਤੇ ਦੇ ਬਦਲੇ ਚਾਰ ਰੁਪਏ ਦੀ ਮੰਗ ਕੀਤੀ ਜਾ ਰਹੀ ਹੈ। ਇਹ ਗੁੰਡਾ ਟੈਕਸ ਇੰਦਰਪਾਲ ਸਿੰਘ ਨਾਂ ਦੇ ਵਿਅਕਤੀ ਵਲੋਂ ਮੰਗਿਆ ਜਾ ਰਿਹਾ ਹੈ। ਝਿੰਜਰ ਨੇ ਕਿਹਾ ਕਿ ਕੱਟੜ ਇਮਾਨਦਾਰ ਆਮ ਆਦਮੀ ਪਾਰਟੀ ਵਾਲੇ ਤਾਂ ਕਹਿੰਦੇ ਸਨ ਕਿ ਅਸੀਂ ਮਾਈਨਿੰਗ ਮਾਫ਼ੀਆ, ਭ੍ਰਿਸ਼ਟਾਚਾਰ ਖ਼ਤਮ ਕਰ ਦਿਆਂਗੇ।



ਉਨ੍ਹਾਂ ਆਮ ਆਦਮੀ ਪਾਰਟੀ ਦੀ 'ਕੱਟੜ ਇਮਾਨਦਾਰੀ' ਨੂੰ ਝੂਠ ਦਾ ਨਾਟਕ ਕਰਾਰ ਦਿੰਦਿਆਂ ਕਿਹਾ ਕਿ ਇਹ ਸਰਕਾਰ ਮਾਈਨਿੰਗ ਮਾਫ਼ੀਆ ਅਤੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੀ ਬਜਾਏ, ਹੁਣ ਉਹਨਾਂ ਨੂੰ ਹੀ ਪਾਲ ਰਹੀ ਹੈ। ਝਿੰਜਰ ਨੇ ਸਿੱਧਾ ਇਸ਼ਾਰਾ ਅਨੰਦਪੁਰ ਸਾਹਿਬ ਤੋਂ ਵਿਧਾਇਕ ਅਤੇ ਮੰਤਰੀ ਹਰਜੋਤ ਸਿੰਘ ਬੈਂਸ ਵੱਲ ਕੀਤਾ। ਉਨ੍ਹਾਂ ਪੁੱਛਿਆ ਕਿ ਕੀ ਇੰਦਰਪਾਲ ਸਿੰਘ ਵੱਲੋਂ ਗੁੰਡਾ ਟੈਕਸ ਦੀ ਵਸੂਲੀ ਮੰਤਰੀ ਦੀ ਇਜਾਜ਼ਤ ਤੋਂ ਬਿਨਾਂ ਹੋ ਰਹੀ ਹੈ? ਜੇ ਨਹੀਂ, ਤਾਂ ਸਰਕਾਰ ਅਤੇ ਮੰਤਰੀ ਇਸ ਮਾਮਲੇ 'ਚ ਚੁੱਪ ਕਿਉਂ ਹਨ? ਝਿੰਜਰ ਨੇ ਸਾਰੇ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਭ੍ਰਿਸ਼ਟਾਚਾਰ ਤੇ ਮਾਫ਼ੀਆ ਰਾਜ ਖ਼ਿਲਾਫ਼ ਆਵਾਜ਼ ਬੁਲੰਦ ਕਰੋ। ਸੱਚ ਨੂੰ ਸਾਹਮਣੇ ਲਿਆਉਣ ਲਈ ਮੇਰਾ ਸਾਥ ਦਿਓ।

# ਡਾ. ਬਲਜੀਤ ਕੌਰ ਵੱਲੋਂ ਮਲੋਟ ਹਲਕੇ 'ਚ 12 ਕਰੋੜ ਦੀਆਂ ਵਿਕਾਸ ਗ੍ਰਾਂਟਾਂ ਦਾ ਐਲਾਨ

ਚੰਡੀਗੜ੍ਹ, 22 ਅਗਸਤ (ਅੰਮ੍ਰਿਤਪਾਲ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਲੋਟ ਹਲਕੇ ਦੇ ਸਰਵਪੱਖੀ ਵਿਕਾਸ ਲਈ ਵੱਡੇ ਪ੍ਰੋਜੈਕਟਾਂ ਨੂੰ ਅੱਗੇ ਵਧਾਉਂਦਿਆਂ ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਡਾ. ਬਲਜੀਤ ਕੌਰ ਨੇ ਲਗਭਗ 12 ਕਰੋੜ ਰੁਪਏ ਦੀਆਂ ਗ੍ਰਾਂਟਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੀ ਜ਼ਰੂਰਤ ਮੁਤਾਬਕ ਬਿਨਾਂ ਕਿਸੇ ਭੇਦਭਾਵ ਦੇ ਗ੍ਰਾਂਟਾਂ ਜਾਰੀ ਕਰ ਰਹੀ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਆਗਾਮੀ ਝੋਨੇ ਦੇ ਸੀਜ਼ਨ ਲਈ ਪਿੰਡਾਂ ਦੀਆਂ ਮੰਡੀਆਂ ਨੂੰ ਅਪਗ੍ਰੇਡ ਕਰਨ ਲਈ 1.71 ਕਰੋੜ ਰੁਪਏ ਦੀ ਲਾਗਤ ਨਾਲ ਸਟੀਲ ਸ਼ੈਡਾਂ ਬਣਾਏ ਜਾ ਰਹੇ ਹਨ। ਇਸੇ ਤਰ੍ਹਾਂ ਪਿੰਡ ਥੇੜ੍ਹੀ ਦੇ ਪੰਚਾਇਤ ਘਰਾਂ ਦੇ ਨਵੀਨੀਕਰਨ ਲਈ 20 ਲੱਖ ਰੁਪਏ ਜਾਰੀ ਹੋਣ ਨਾਲ ਹੁਣ ਤੱਕ ਕੁੱਲ 26 ਲੱਖ ਰੁਪਏ ਮਿਲ ਚੁੱਕੇ ਹਨ। ਮੰਤਰੀ ਨੇ ਕਿਹਾ ਕਿ ਮਲੋਟ ਸ਼ਹਿਰ ਦੇ ਸੁੰਦਰੀਕਰਨ ਲਈ ਲਗਭਗ 10.12 ਕਰੋੜ ਰੁਪਏ ਦੀ ਲਾਗਤ ਨਾਲ ਗਲੀਆਂ ਵਿੱਚ ਇੰਟਰਲਾਕ ਟਾਈਲਾਂ ਅਤੇ 2,000 ਸਟਰੀਟ ਲਾਈਟਾਂ ਲਗਾਉਣ ਦੇ ਕੰਮ ਸ਼ੁਰੂ ਹੋ ਰਹੇ ਹਨ।



ਡਾ. ਬਲਜੀਤ ਕੌਰ ਨੇ ਕਿਹਾ ਕਿ ਸਰਕਾਰ ਦਾ ਮੁੱਖ ਧਿਆਨ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਸੁਖਾਲਾ ਬਣਾਉਣ 'ਤੇ ਹੈ। ਸਿਹਤ ਸਹੂਲਤਾਂ, ਸਿੱਖਿਆ ਦੇ ਮਿਆਰ, ਸੜਕਾਂ ਦੀ ਸੁਧਾਰ ਅਤੇ ਰੌਸ਼ਨੀ ਵਰਗੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨਾ ਸਰਕਾਰ ਦੀ ਪਹਿਲ ਹੈ ਤਾਂ ਜੋ ਹਰੇਕ ਆਮ ਪਰਿਵਾਰ ਨੂੰ ਅਸਲ ਲਾਭ ਮਿਲ ਸਕੇ। ਉਨ੍ਹਾਂ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ÷ਰੰਗਲਾਂ ਪੰਜਾਬ÷ ਦੀ ਤਸਵੀਰ ਸਾਕਾਰ ਹੋ ਰਹੀ ਹੈ। ਇਹ ਸਿਰਫ਼ ਵਿਕਾਸ ਪ੍ਰੋਜੈਕਟਾਂ ਤੱਕ ਸੀਮਿਤ ਨਹੀਂ ਰਹੇਗੀ, ਸਗੋਂ ਨੌਜਵਾਨਾਂ ਲਈ ਨਵੀਆਂ ਸੰਭਾਵਨਾਵਾਂ, ਖੇਤੀਬਾੜੀ ਵਿੱਚ ਨਵੀਂ ਤਕਨਾਲੋਜੀ ਅਤੇ ਪੰਜਾਬ ਦੇ ਸੱਭਿਆਚਾਰਕ ਰੰਗਾਂ ਦੀ ਮੁੜ ਚਮਕ ਦਾ ਪ੍ਰਤੀਕ ਬਣੇਗੀ। ਲੋਕਾਂ ਦੀ ਭਾਗੀਦਾਰੀ ਨਾਲ ਪੰਜਾਬ ਨੂੰ ਮੁੜ ਖ਼ੁਸ਼ਹਾਲ, ਤਰੱਕੀ ਪਸੰਦ ਤੇ ਰੰਗਲਾ ਰਾਜ ਬਣਾਇਆ ਜਾਵੇਗਾ।

ਆਪਣੇ ਦੌਰੇ ਦੌਰਾਨ ਡਾ. ਬਲਜੀਤ ਕੌਰ ਨੇ ਪਿੰਡ ਤਰਖਾਣ ਵਾਲਾ ਦੇ ਸਰਕਾਰੀ ਸਕੂਲ ਵਿੱਚ ਏ.ਸੀ. ਲਗਵਾ ਕੇ ਵਿਦਿਆਰਥੀਆਂ ਨੂੰ ਸੁਵਿਧਾ ਮੁਹੱਈਆ ਕਰਵਾਈ। ਇਸੇ ਸਮਾਗਮ ਦੌਰਾਨ ਲੋੜਵੰਦਾਂ ਨੂੰ ਵੀਲ੍ਹ ਚੇਅਰਾਂ ਵੀ ਵੰਡੀਆਂ ਗਈਆਂ। ਇਸ ਮੌਕੇ ਉਨ੍ਹਾਂ ਦੇ ਨਿੱਜੀ ਸਹਾਇਕ ਅਰਸ਼ਦੀਪ ਸਿੰਘ ਸਿੱਧੂ ਤੇ ਸ਼ਿੰਦਰਪਾਲ ਸਿੰਘ, ਪਿੰਡ ਦੀ ਪੰਚਾਇਤ, ਸਕੂਲ ਸਟਾਫ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

# ਕੁਲਤਾਰ ਸਿੰਘ ਸੰਧਵਾਂ ਵੱਲੋਂ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਚੰਡੀਗੜ੍ਹ, 22 ਅਗਸਤ (ਚ.ਨ.ਸ.): ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪ੍ਰਸਿੱਧ ਪੰਜਾਬੀ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਦੇ ਬੇਵਕਤੀ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਸੰਧਵਾਂ ਨੇ ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ, ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਸੰਧਵਾਂ ਅਤੇ ਧੀ ਸੋਫੀਆ ਕੁਲਰੀਤ ਕੌਰ ਨਾਲ ਚੰਡੀਗੜ੍ਹ ਵਿਖੇ ਉਨ੍ਹਾਂ ਦੇ ਘਰ, ਖਿੱਚੀ ਹੋਈ ਇੱਕ ਤਸਵੀਰ ਸਾਂਝੀ ਕੀਤੀ।

ਉਨ੍ਹਾਂ ਕਿਹਾ, ਆਪਣੀ ਕਲਾ ਰਾਹੀਂ ਹਾਸੇ ਬਿਖੇਰਨ ਵਾਲੇ ਮਹਾਨ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਹਮੇਸ਼ਾ ਲਈ ਖਾਮੋਸ਼ ਹੋ ਗਏ ਹਨ। ਜਸਵਿੰਦਰ ਭੱਲਾ ਨੇ ਨਾ ਸਿਰਫ਼ ਕਾਮੇਡੀ ਰਾਹੀਂ ਲੋਕਾਂ ਨੂੰ ਹਸਾਇਆ ਤੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਕਟਾਕਸ਼ ਕੀਤੇ ਸਗੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਰਾਹੀਂ ਖੇਤੀ ਕਿੱਤੇ ਦੀ ਖੁਸ਼ਹਾਲੀ ਵਿੱਚ ਵੀ ਯੋਗਦਾਨ ਪਾਇਆ। ਉਹ ਹਮੇਸ਼ਾ ਸਾਡੇ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਦਿਲਾਂ ਵਿੱਚ ਰਹਿਣਗੇ।

ਅਸੀਂ ਉਨ੍ਹਾਂ ਦੀ ਕਲਾ ਲਈ ਹਮੇਸ਼ਾ ਧੰਨਵਾਦੀ ਰਹਾਂਗੇ।ਸਪੀਕਰ ਸੰਧਵਾਂ ਨੇ ਕਿਹਾ ਕਿ ਭੱਲਾ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ ਤੇ ਉਨ੍ਹਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਸ਼ਾਂਤੀ ਦੇਵੇ ਤੇ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

## ਸੰਪਾਦਕੀ

# 'ਆਨਲਾਈਨ ਗੇਮਾਂ' ਦੀ ਕਾਲੀ ਦੁਨੀਆਂ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੰਟਰਨੈੱਟ ਦੇ ਵਿਸਥਾਰ ਦੇ ਮੌਜੂਦਾ ਯੁੱਗ ਵਿੱਚ, ਸ਼ਾਇਦ ਹੀ ਕੋਈ ਖੇਤਰ ਬਚਿਆ ਹੋਵੇ ਜਿਸ ਵਿੱਚ ਇਸਦੀ ਭੂਮਿਕਾ ਮਹੱਤਵਪੂਰਨ ਨਾ ਬਣ ਗਈ ਹੋਵੇ। ਪਰ ਜਿਵੇਂ-ਜਿਵੇਂ ਇਸਦੀ ਸਕਾਰਾਤਮਕ ਵਰਤੋਂ ਦਾ ਦਾਇਰਾ ਵਿਸ਼ਾਲ ਪੱਧਰ ਤੇ ਵਧਿਆ ਹੈ, ਕੁਝ ਅਜਿਹੇ ਖੇਤਰ ਵੀ ਫੈਲ ਰਹੇ ਹਨ ਜੋ ਨਾ ਸਿਰਫ਼ ਸਮਾਜਿਕ ਢਾਂਚੇ ਅਤੇ ਆਰਥਿਕ ਤੌਰ ਤੇ ਨੁਕਸਾਨ ਪਹੁੰਚਾ ਰਹੇ ਹਨ, ਸਗੋਂ ਵੱਡੀ ਗਿਣਤੀ ਵਿੱਚ ਲੋਕ ਮਾਨਸਿਕ ਤੌਰ ਤੇ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਔਨਲਾਈਨ ਰੀਅਲ ਮਨੀ ਗੇਮਿੰਗ ਯਾਨੀ ਪੈਸੇ ਤੇ ਆਧਾਰਿਤ ਔਨਲਾਈਨ ਗੇਮਾਂ ਇੱਕ ਅਜਿਹਾ ਰੁਝਾਨ ਹੈ, ਜੋ ਹੁਣ ਮਨੋਰੰਜਨ ਦੀਆਂ ਸੀਮਾਵਾਂ ਨੂੰ ਪਾਰ ਕਰ ਗਿਆ ਹੈ ਅਤੇ ਪੈਸੇ ਕਮਾਉਣ ਦੇ ਲਾਲਚ ਤੋਂ ਪੈਦਾ ਹੋਣ ਵਾਲੇ ਨਸ਼ਾ ਅਤੇ ਆਰਥਿਕ ਨੁਕਸਾਨ ਦਾ ਗੁੰਝਲਦਾਰ ਰੂਪ ਧਾਰਨ ਕਰ ਚੁੱਕਾ ਹੈ। ਵੱਡੀ ਗਿਣਤੀ ਵਿੱਚ ਲੋਕ ਇਸ ਦੇ ਜਾਲ ਵਿੱਚ ਫਸ ਰਹੇ ਹਨ ਅਤੇ ਆਪਣੀ ਮਿਹਨਤ ਦੀ ਕਮਾਈ ਗੁਆ ਰਹੇ ਹਨ। ਇਸ ਬਾਰੇ ਲੰਬੇ ਸਮੇਂ ਤੋਂ ਚਿੰਤਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ, ਪਰ ਸਰਕਾਰ ਨੇ ਇਸ ਨੂੰ ਰੋਕਣ ਜਾਂ ਨਿਯਮਤ ਕਰਨ ਦੀ ਬਜਾਏ ਇਸਦੇ ਦੂਰਗਾਮੀ ਪ੍ਰਭਾਵਾਂ ਨੂੰ ਨਜ਼ਰਅੰਦਾਜ਼ ਕੀਤਾ। ਇਸਦੇ ਨਤੀਜੇ ਹੁਣ ਸਾਰਿਆਂ ਦੇ ਸਾਹਮਣੇ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ ਅਤੇ ਚਿੰਤਾ ਦਾ ਕਾਰਨ ਬਣ ਰਹੇ ਹਨ। ਇਸ ਕਾਰਨ ਹੋਣ ਵਾਲੇ ਨੁਕਸਾਨਾਂ ਦਾ ਘੇਰਾ ਵਿਆਪਕ ਹੋਣ ਤੋਂ ਬਾਅਦ, ਹੁਣ ਸਰਕਾਰ ਨੇ ਖੁਦ ਵੀ ਇਹ ਸਵੀਕਾਰ ਕਰ ਲਿਆ ਹੈ ਕਿ ਔਨਲਾਈਨ ਰੀਅਲ ਮਨੀ ਗੇਮਿੰਗ ਸਮਾਜ ਲਈ ਇੱਕ ਵੱਡੀ ਸਮੱਸਿਆ ਬਣ ਗਈ ਹੈ ਅਤੇ ਇਸ ਤੇ ਲਗਾਮ ਲਗਾਉਣਾ ਸਮੇਂ ਦੀ ਲੋੜ ਹੈ। ਅੰਦਾਜ਼ਾ ਲਗਾਇਆ ਗਿਆ ਹੈ ਕਿ ਹਰ ਸਾਲ ਲਗਭਗ 45 ਕਰੋੜ ਲੋਕ ਪੈਸੇ-ਅਧਾਰਤ ਔਨਲਾਈਨ ਗੇਮਾਂ ਦੇ ਮਾਮਲੇ ਵਿੱਚ ਲਗਭਗ 20 ਹਜ਼ਾਰ ਕਰੋੜ ਰੁਪਏ ਗੁਆਉਂਦੇ ਹਨ। ਇਸ ਲਤ ਕਾਰਨ ਹੁਣ ਤੱਕ ਸੈਂਕੜੇ ਪਰਿਵਾਰ ਵਿੱਤੀ ਤੌਰ ਤੇ ਬਰਬਾਦ ਹੋ ਚੁੱਕੇ ਹਨ। ਦੁਖਦਾਈ ਪੱਖ ਇਹ ਵੀ ਹੈ ਕਿ ਇਸ ਲਤ ਕਾਰਨ ਲੋਕ ਔਨਲਾਈਨ ਗੇਮਾਂ ਰਾਹੀਂ ਪੈਸੇ ਕਮਾਉਣ ਦੀ ਭੁੱਖ ਵਿੱਚ ਹਾਰਦੇ ਰਹਿੰਦੇ ਹਨ ਅਤੇ ਬਾਅਦ ਵਿੱਚ ਬਹੁਤ ਸਾਰੇ ਲੋਕ ਖੁਦਕੁਸ਼ੀ ਅਤੇ ਹਿੰਸਾ ਵਰਗੇ ਗੰਭੀਰ ਕਦਮ ਚੁੱਕ ਲੈਂਦੇ ਹਨ। ਇਸ ਦੇ ਨੁਕਸਾਨ ਬਾਰੇ ਪਹਿਲਾਂ ਵੀ ਚਿੰਤਾਵਾਂ ਉਠਾਈਆਂ ਗਈਆਂ ਹਨ, ਹੁਣ ਭਾਵੇਂ ਦੇਰ ਨਾਲ, ਪਰ ਸਰਕਾਰ ਨੇ ਗੇਮਿੰਗ ਉਦਯੋਗ ਦੇ ਇੱਕ ਹਿੱਸੇ ਤੋਂ ਹੋਣ ਵਾਲੇ ਮਾਲੀਏ ਦੇ ਸਵਾਲ ਨੂੰ ਪਿੱਛੇ ਛੱਡ ਕੇ ਸਮਾਜਿਕ ਭਲਾਈ ਨੂੰ ਤਰਜੀਹ ਦੇਣ ਦਾ ਫੈਸਲਾ ਕੀਤਾ ਹੈ। ਇਸ ਕ੍ਰਮ ਵਿੱਚ, ਔਨਲਾਈਨ ਗੇਮਾਂ ਨੂੰ ਨਿਯਮਤ ਕਰਨ ਅਤੇ ਵਿਦਿਅਕ ਅਤੇ ਸਮਾਜਿਕ ਔਨਲਾਈਨ ਗੇਮਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਬਿੱਲ ਲੋਕ ਸਭਾ ਵਿੱਚ ਪਾਸ ਕੀਤਾ ਗਿਆ ਹੈ। ਇਹ ਸੱਚ ਹੈ ਕਿ ਅੱਜ ਸਰਕਾਰ ਪੈਸੇ ਨਾਲ ਸਬੰਧਤ ਔਨਲਾਈਨ ਗੇਮਿੰਗ ਨੂੰ ਇੱਕ ਵੱਡੀ ਬੁਰਾਈ ਕਹਿ ਰਹੀ ਹੈ ਅਤੇ ਕਹਿ ਰਹੀ ਹੈ ਕਿ ਇਸ ਤੋਂ ਬਚਣ ਦੀ ਲੋੜ ਹੈ, ਪਰ ਦੁੱਖ ਦੀ ਗੱਲ ਇਹ ਹੈ ਕਿ ਜਦੋਂ ਅਜਿਹੀਆਂ ਅਖੌਤੀ ਗੇਮਾਂ ਲੋਕਾਂ ਵਿੱਚ ਆਪਣੀ ਜਗ੍ਹਾ ਬਣਾ ਰਹੀਆਂ ਸਨ, ਉਨ੍ਹਾਂ ਨੂੰ ਸਮਾਜ ਤੋਂ ਵੱਖ ਕਰ ਰਹੀਆਂ ਸਨ ਅਤੇ ਇਸਦੇ ਬਹੁ-ਪੱਧਰੀ ਨਕਾਰਾਤਮਕ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਸਨ, ਤਾਂ ਇਸ ਪ੍ਰਤੀ ਪ੍ਰਗਟ ਕੀਤੀ ਗਈ ਚਿੰਤਾ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਸਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਨੇ ਖੁਦ 2023 ਵਿੱਚ ਪੈਸੇ ਨਾਲ ਸਬੰਧਤ ਔਨਲਾਈਨ ਗੇਮਿੰਗ ਤੇ 28 ਪ੍ਰਤੀਸ਼ਤ ਜੀਐਸਟੀ ਵੀ ਲਗਾਇਆ ਸੀ। ਜਦੋਂ ਕਿ ਇਹ ਛੁਪਿਆ ਨਹੀਂ ਹੈ ਕਿ ਔਨਲਾਈਨ ਗੇਮਾਂ ਦੀ ਲਤ ਕਾਰਨ, ਬਹੁਤ ਸਾਰੇ ਨੌਜਵਾਨਾਂ ਦੀ ਸੋਚਣ ਦੀ ਪ੍ਰਕਿਰਿਆ ਤੇਜ਼ੀ ਨਾਲ ਬਦਲ ਗਈ ਹੈ। ਅਜਿਹੀਆਂ ਬਹੁਤ ਸਾਰੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਵਿੱਚ ਇੱਕ ਕਿਸ਼ੋਰ ਹਿੰਸਕ ਹੋ ਗਿਆ ਅਤੇ ਜਾਂ ਤਾਂ ਖੁਦਕੁਸ਼ੀ ਕਰ ਲਈ ਜਾਂ ਔਨਲਾਈਨ ਗੇਮਾਂ ਖੇਡਣਾ ਜਾਰੀ ਰੱਖਣ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਕਿਸੇ ਦੀ ਹੱਤਿਆ ਕਰ ਦਿੱਤੀ। ਇਸ ਲਈ, ਇਸਦੇ ਮਨੋਵਿਗਿਆਨਕ ਪਹਿਲੂਆਂ ਨੂੰ ਵੀ ਸਮਝਣ ਦੀ ਜ਼ਰੂਰਤ ਹੈ। ਵੈਸੇ ਵੀ, ਪੈਸੇ ਨਾਲ ਸਬੰਧਤ ਔਨਲਾਈਨ ਗੇਮਾਂ ਨੂੰ ਅਭਿਆਸ ਵਿੱਚ ਜੂਏ ਤੋਂ ਵੱਖਰਾ ਦੇਖਣਾ ਮੁਸ਼ਕਲ ਹੈ। ਪਰ ਇਸ ਤੱਕ ਆਸਾਨ ਪਹੁੰਚ ਦੇ ਕਾਰਨ, ਇਸਦਾ ਰੂਪ ਹੋਰ ਗੁੰਝਲਦਾਰ ਹੋ ਜਾਂਦਾ ਹੈ।

-ਜਗਜੀਤ ਸਿੰਘ ਦਰਦੀ

### ਰਾਜਨੀਤਿਕ ਸਟੰਟਾਂ ਵਿੱਚ ਲੋਕਾਂ ਦਾ ਭਲਾ ਕਿਵੇਂ ਹੋਵੇਗਾ ?

# ਪੰਜਾਬ ਦੇ ਰਾਜਨੀਤਿਕ ਡਰਾਮੇ ਵਿੱਚ ਗੁੰਮ ਹੋ ਰਹੇ ਅਸਲ ਮੁੱਦੇ



ਪ੍ਰੋ . ਡਾ . ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬੀ ਰਾਜਨੀਤੀ ਤੇ ਮਸਲਿਆਂ ਦੇ ਗਹਿਰੇ ਜਾਣਕਾਰ ਲੇਖਕ ਨੇ ਇਸ ਲੇਖ ਵਿੱਚ ਪੰਜਾਬ ਦੇ ਲੋਕਾਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਮਸ਼ਵਰਾ ਦਿੰਦਿਆਂ ਹੋਇਆ ਇਹ ਉਮੀਦ ਕੀਤੀ ਹੈ ਕਿ ਸਭ ਕੁੱਝ ਭੁੱਲ ਕੇ ਪੰਜਾਬ ਦੇ ਭਲੇ ਲਈ ਕਿਉਂ ਨਹੀਂ ਸਰਬ ਧਰਮ ਸਦਭਾਵ ਲੋਕ ਯਾਤਰਾ ਕੱਢੀ ਜਾਏ ਜਿਸ ਵਿੱਚ ਸਥਾਨਕ ਲੋਕਾਂ ਨਾਲ ਮਿਲ ਕੇ ਸ਼ਾਂਤੀ ਭਾਈਚਾਰੇ ਅਤੇ ਤਰੱਕੀ ਲਈ ਨਵੇਂ ਪੰਜਾਬ ਦਾ ਏਜੰਡਾ ਤੈਅ ਕੀਤਾ ਜਾਵੇ ।ਲੇਖਕ ਡਾ ਕ੍ਰਿਸ਼ਨ ਕੁਮਾਰ ਰੱਤੂ ਦੀ ਪਹਿਲ ਹੈ ਜੋ ਇਸ ਲੇਖ ਵਿੱਚ ਪ੍ਰਗਟਾਈ ਗਈ ਹੈ। ਇਹ ਲੇਖ ਸਾਡੇ ਪਾਠਕਾਂ ਨੂੰ ਪਸੰਦ ਆਵੇਗਾ) ਅੱਜ ਪੰਜਾਬ ਦੀ ਰਾਜਨੀਤੀ ਤੇ ਪੰਜਾਬ ਦੇ ਹਾਲਾਤ ਜਿਸ ਤਰ੍ਹਾਂ ਦੇ ਹੁਣ ਬਣ ਗਏ ਹਨ ਉਸ ਵਿੱਚ ਲੋਕ ਬੇਜਾਰ, ਮਜਬੂਰ ਤੇ ਉਦਾਸੀਨਤਾ ਦੇ ਡੂੰਘੇ ਗਰਤ ਵਿੱਚ ਚਲੇ ਜਾ ਰਹੇ ਹਨ ।ਇਸ ਤਰ੍ਹਾਂ ਲੱਗਦਾ ਹੈ ਕਿ ਕੋਈ ਮੰਤਰ ਵੀ ਪੰਜਾਬ ਵਿੱਚ ਕੁੱਝ ਨਹੀਂ ਕਰ ਰਿਹਾ ਹੈ । ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਵੋਟਾਂ ਦੀ ਸ਼ਤਰੰਜ ਤੇ ਵੋਟਰਾਂ ਦੇ ਲਈ ਜੋ ਸਟੰਟ ਕਰ ਰਹੀਆਂ ਹਨ ਉਹ ਪੰਜਾਬ ਦੇ ਲੋਕ ਲੋਕਾਂ ਨੂੰ ਸਮਝਣਾ ਚਾਹੀਦਾ ਹੈ।

ਪੰਜਾਬ ਦੇ ਲੋਕ ਇਸ ਵੇਲੇ ਮੀਹਾਂ ਤੇ ਹੜਾਂ ਨਾਲ ਡੁੱਬੇ ਹੋਏ ਇਲਾਕੇ ਕਿਸਾਨਾਂ ਦੇ ਕਰਜੇ ਬੇਰੁਜ਼ਗਾਰੀ ਤੇ ਨਸ਼ੇ ਜਿਹੀਆਂ ਅਲਾਮਤਾਂ ਵਿੱਚ ਉਲਝੇ ਹੋਏ ਪੰਜਾਬ ਵਾਸਤੇ ਕੀ ਸਰਬ ਪਾਰਟੀ ਸਦਭਾਵ ਲੋਕ ਯਾਤਰਾ ਨਹੀਂ ਨਿਕਲ ਸਕਦੀ । ਜਿਸ ਵਿੱਚ ਪੰਜਾਬ ਦੇ ਲੋਕ ਜੁੜਨ ਅਸਲ ਵਿੱਚ ਮਿਲ ਬੈਠ ਕੇ ਕਿਸੇ ਨਵੇਂ ਏਜੰਡੇ ਤੇ ਗੱਲਬਾਤ ਕਰਨੀ ਇਹੀ ਪੰਜਾਬ ਦੀਆਂ ਸਮੱਸਿਆਵਾਂ ਦਾ ਹੱਲ ਹੈ। ਜਿਸ ਤੋਂ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਹਮੇਸ਼ਾ ਪਾਲਾ ਵਟਦੀਆਂ ਰਹੀਆਂ ਹਨ ।

ਪਿਛਲੇ 75 ਸਾਲਾਂ ਵਿੱਚ ਇਹ ਕੁੱਝ ਹੀ ਤਾਂ ਹੋਇਆ ਹੈ, ਆਓ ਦੇਖਦੇ ਹਾਂ ਪੰਜਾਬ ਵਿੱਚ ਹੁਣ ਅੱਜ ਦੇ ਕੀ ਹਾਲਾਤ ਹਨ। ਪੰਜਾਬ, ਜਿਸ ਨੂੰ ਅਕਸਰ ਸੋਨੇ ਕੀ ਚਿੜੀ ਜਾਂ ਪੰਜ ਨਦੀਆਂ ਦੀ ਧਰਤੀ ਵਜੋਂ ਸੰਬੋਧਿਆ ਜਾਂਦਾ ਹੈ, ਅੱਜ ਆਪਣੀ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਦੇ ਡੂੰਘੇ ਸੰਕਟ ਵਿੱਚ ਫਸਿਆ ਹੋਇਆ ਹੈ।

ਅੱਜ ਰਾਜਨੀਤਿਕ ਪਾਰਟੀਆਂ ਦਾ ਡਰਾਮਾ, ਜੋ ਛੋਟੇ-ਛੋਟੇ ਮੁੱਦਿਆਂ ਤੇ ਲੜਾਈਆਂ ਅਤੇ ਇੱਕ-ਦੂਜੇ ਤੇ ਇਲਜ਼ਾਮਬਾਜ਼ੀ ਵਿੱਚ ਰੁੱਝਿਆ ਹੋਇਆ ਹੈ, ਨੇ ਪੰਜਾਬ ਦੀਆਂ ਅਸਲ ਸਮੱਸਿਆਵਾਂ ਨੂੰ ਪਿਛੋਕੜ ਵਿੱਚ ਧੱਕ ਦਿੱਤਾ ਹੈ। ਕਿਸਾਨਾਂ ਦੀ ਆਰਥਿਕ ਤੰਗੀ, ਨੌਜਵਾਨਾਂ ਵਿੱਚ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਮਹਾਂਮਾਰੀ, ਔਰਤਾਂ ਤੇ ਵਧ ਰਹੇ ਅੱਤਿਆਚਾਰ, ਸੜਕਾਂ ਤੇ ਬੇਕਾਬੂ ਮੌਤਾਂ ਅਤੇ ਸਰਕਾਰੀ ਦਫਤਰਾਂ ਵਿੱਚ ਫੈਲਿਆ ਭ੍ਰਿਸ਼ਟਾਚਾਰ—ਇਹ ਸਾਰੇ ਮੁੱਦੇ ਪੰਜਾਬ ਦੀ ਜਨਤਾ ਨੂੰ ਰੋਜ਼ਾਨਾ ਪੀੜਦੇ ਹਨ। ਅਜਿਹੇ ਸਮੇਂ ਵਿੱਚ ਸਵਾਲ ਇਹ ਉੱਠਦਾ ਹੈ ਕਿ ਕੀ ਰਾਜਨੀਤਿਕ ਪਾਰਟੀਆਂ ਦੀ ਇਹ ਵੰਡੀ ਹੋਈ ਸੋਚ ਅਤੇ ਸਿਆਸੀ ਸਟੰਟਬਾਜ਼ੀ ਪੰਜਾਬ ਦੇ ਲੋਕਾਂ ਦਾ ਭਲਾ ਕਰ ਸਕਦੀ ਹੈ ? ਜੇ ਨਹੀਂ, ਤਾਂ ਕੀ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕਠੇ ਹੋ ਕੇ ਸਰਬ ਧਰਮ ਸਦਭਾਵ, ਸ਼ਾਂਤੀ ਅਤੇ ਨਵੇਂ ਪੰਜਾਬ ਦੇ ਏਜੰਡੇ ਤੇ ਲੋਕ ਯਾਤਰਾ ਨਹੀਂ ਕੱਢਣੀ ਚਾਹੀਦੀ ?

ਅੱਜ ਪੰਜਾਬ ਦੀਆਂ ਮੁੱਖ ਸਮੱਸਿਆਵਾਂ ਦੇ ਵਿਸਥਾਰ ਵਿੱਚ ਜਾਇਜ਼ਾ ਅਤੇ ਇਸ ਸਵਾਲ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰਾਂਗੇ ਕਿ ਪੰਜਾਬ ਵਿੱਚ ਰਾਜਨੀਤਿਕ ਡਰਾਮਾ ਅਤੇ ਅਸਲ ਮੁੱਦਿਆਂ ਤੋਂ ਭਟਕਾਅ ਵਿੱਚ ਹੈ। ਪੰਜਾਬ ਦੀ ਰਾਜਨੀਤੀ ਅੱਜ ਇੱਕ ਡਰਾਮੇ ਵਾਂਗ ਬਣ ਗਈ ਹੈ, ਜਿੱਥੇ ਪਾਰਟੀਆਂ ਛੋਟੇ-ਮੋਟੇ ਮਸਲਿਆਂ ਤੇ ਲੜਦੀਆਂ ਰਹਿੰਦੀਆਂ ਹਨ ਅਤੇ ਅਸਲ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ। ਹਾਲ ਹੀ ਵਿੱਚ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਗਠਜੋੜ ਦੀਆਂ ਚਰਚਾਵਾਂ ਨੇ ਰਾਜਨੀਤਿਕ ਮਾਹੌਲ ਨੂੰ ਗਰਮਾ ਦਿੱਤਾ ਹੈ। ਇਸ ਤੋਂ ਇਲਾਵਾ, ਆਮ ਆਦਮੀ ਪਾਰਟੀ ਸਰਕਾਰ ਨੇ ਵਿਵਾਦਗ੍ਰਸਤ ਲੈਂਡ ਪੂਲਿੰਗ ਨੀਤੀ 2025 ਨੂੰ ਵਾਪਸ ਲੈ ਲਿਆ ਹੈ, ਜਿਸ ਨੂੰ ਵਿਰੋਧੀ ਪਾਰਟੀਆਂ ਨੇ ਵੱਡੀ ਨਾਕਾਮੀ ਦੱਸਿਆ ਹੈ। ਬੇਅਦਬੀ ਦੇ ਮਾਮਲੇ ਤੇ ਵੀ ਰਾਜਨੀਤੀ ਗਰਮ ਹੈ, ਜਿੱਥੇ ਬੀਜੇਪੀ ਨੇ ਸਰਕਾਰ ਨੂੰ ਰਾਜਨੀਤੀ ਕਰਨ ਦਾ ਇਲਜ਼ਾਮ ਲਾਇਆ ਹੈ। ਹੁਣ ਇਸ ਤੋਂ ਇਲਾਵਾ, ਪੰਜਾਬ ਵਿੱਚ ਬਿਲਡਿੰਗ ਨਿਯਮਾਂ ਦੇ ਡਰਾਫਟ ਨੂੰ ਵੀ ਵਿਰੋਧੀ ਪਾਰਟੀਆਂ ਅਤੇ ਵਾਤਾਵਰਨ ਸਮੂਹਾਂ ਨੇ ਵਿਰੋਧ ਕੀਤਾ ਹੈ। ਇਹ ਰਾਜਨੀਤਿਕ ਝਗੜੇ ਅਸਲ ਮੁੱਦਿਆਂ ਜਿਵੇਂ ਕਿ ਕਿਸਾਨਾਂ ਦੀ ਬਰਬਾਦੀ, ਨੌਜਵਾਨਾਂ ਦੀ ਨਿਰਾਸ਼ਾ ਅਤੇ ਸਮਾਜਿਕ ਅਸੁਰੱਖਿਆ ਨੂੰ ਭੁੱਲ ਜਾਂਦੇ ਹਨ। ਇੰਡੀਆ-ਪਾਕਿਸਤਾਨ ਸਰਹੱਦੀ ਤਣਾਅ ਵਿੱਚ ਵੀ ਪੰਜਾਬ ਦੇ ਰਾਜਨੀਤਿਕ ਨੇਤਾ ਨਾਕਾਮ ਸਾਬਤ ਹੋ ਰਹੇ ਹਨ, ਜਿੱਥੇ ਕਿਸੇ ਪਾਰਟੀ ਨੇ ਅਜੇ ਤੱਕ ਕਿਸੇ ਸਰਹੱਦੀ ਪਿੰਡ ਨੂੰ ਨਹੀਂ ਵੇਖਿਆ। ਇਹ ਡਰਾਮਾ ਲੋਕਾਂ ਨੂੰ ਭਟਕਾਉਂਦਾ ਹੈ ਅਤੇ ਅਸਲ ਵਿਕਾਸ ਨੂੰ ਰੋਕਦਾ ਹੈ। ਅੱਜ ਪੰਜਾਬ ਦੀਆਂ ਮੁੱਖ ਸਮੱਸਿਆਵਾਂ ਵੇਖੀਏ ਤਾਂ ਪੰਜਾਬ ਦੇ ਕਿਸਾਨਾਂ ਦਾ ਬੁਰਾ ਹਾਲ ਅਤੇ ਹੜ੍ਹਾਂ ਨਾਲ ਤਬਾਹੀ ਸਾਹਮਣੇ ਹੈ। ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਕਿਸਾਨੀ ਹੈ, ਪਰ ਅੱਜ ਪੰਜਾਬ ਦਾ ਕਿਸਾਨ ਆਰਥਿਕ ਸੰਕਟ ਵਿੱਚ ਡੁੱਬਿਆ ਹੋਇਆ ਹੈ। ਹੜ੍ਹਾਂ, ਸੋਕਾ, ਘਟਦੀਆਂ ਫਸਲਾਂ ਦੀਆਂ ਕੀਮਤਾਂ ਅਤੇ ਵਧਦਾ ਕਰਜ਼ਾ ਨੇ ਕਿਸਾਨਾਂ ਨੂੰ ਨਿਰਾਸ਼ਤਾ ਦੇ ਗਾਰ੍ਹੇ ਵਿੱਚ ਧੱਕ ਦਿੱਤਾ ਹੈ ਤੇ ਪੰਜਾਬ ਨੂੰ ਬਰੈੱਡਬਾਸਕੈਟ ਤੋਂ ਬੈਟਲਗਰਾਊਂਡ ਵਜੋਂ ਵਰਨਣ ਕੀਤਾ ਜਾ ਰਿਹਾ ਹੈ, ਜਿੱਥੇ ਖੇਤੀਬਾੜੀ ਦੀ ਟੁੱਟੀ ਹੋਈ ਵਿਵਸਥਾ, ਨਸ਼ਿਆਂ ਦੀ ਮਹਾਂਮਾਰੀ ਅਤੇ ਆਰਥਿਕ ਗੈਰ-ਪ੍ਰਬੰਧ ਨੇ ਸੂਬੇ ਨੂੰ ਸੰਕਟ ਵਿੱਚ ਧੱਕ ਦਿੱਤਾ ਹੈ। ਹੁਣ ਖੇਤੀਬਾੜੀ ਦੀ ਲਾਗਤ ਵਧਣ ਅਤੇ ਬਜ਼ਾਰ ਵਿੱਚ ਉਚਿਤ ਮੁੱਲ ਨਾ ਮਿਲਣ ਕਾਰਨ ਕਿਸਾਨ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਹੋ ਰਹੇ ਹਨ। ਹਾਲ ਹੀ ਦੇ ਸਮੇਂ ਵਿੱਚ ਹੜ੍ਹਾਂ ਨੇ ਕਈ ਇਲਾਕਿਆਂ ਵਿੱਚ ਫਸਲਾਂ ਨੂੰ ਤਬਾਹ ਕਰ ਦਿੱਤਾ, ਜਿਸ ਨੇ ਕਿਸਾਨਾਂ ਦੀ ਕਮਰ ਤੋੜ ਦਿੱਤੀ ਹੈ। ਸਰਕਾਰ ਦੀਆਂ ਨੀਤੀਆਂ, ਜਿਵੇਂ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਅਤੇ ਬੀਮਾ ਸਕੀਮਾਂ ਦੀ ਅਣਹੋਂਦ, ਨੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ ਹੈ। ਪੰਜਾਬ ਯੂਥ ਕਾਂਗਰਸ ਨੇ ਵੀ ਕਿਸਾਨਾਂ ਦੇ ਮਸਲੇ, ਬੇਰੁਜ਼ਗਾਰੀ ਅਤੇ ਨਸ਼ਿਆਂ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤੇ ਹਨ। ਸਰਕਾਰ ਨੇ ਕਿਸਾਨਾਂ ਨੂੰ ਸਮਰਥਨ ਦੇਣ ਦਾ ਦਾਅਵਾ ਕੀਤਾ ਹੈ, ਪਰ ਅਣਪੂਰੇ ਵਾਅਦੇ ਜਿਵੇਂ ਨਸ਼ੇ ਮੁਕਤ ਪੰਜਾਬ ਬਣਾਉਣਾ ਅਜੇ ਵੀ ਵਿਵਾਦ ਵਿੱਚ ਹੈ।ਅੱਜ ਨਸ਼ਿਆਂ ਦੀ ਮਹਾਂਮਾਰੀ ਅਤੇ ਬੇਰੁਜ਼ਗਾਰੀ ਨਾਲ ਨੌਜਵਾਨਾਂ ਵਿੱਚ ਨਿਰਾਸ਼ਾ ਵਿਚ ਪੰਜਾਬ ਦੇ ਨੌਜਵਾਨ, ਜੋ ਸੂਬੇ ਦਾ ਭਵਿੱਖ ਹਨ, ਅੱਜ ਨਸ਼ਿਆਂ ਅਤੇ ਬੇਰੁਜ਼ਗਾਰੀ ਦੀ ਦਲਦਲ ਵਿੱਚ ਫਸ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਨਸ਼ਿਆਂ ਦੀ ਵਰਤੋਂ ਨੇ ਲੱਖਾਂ ਪਰਿਵਾਰਾਂ ਨੂੰ ਤਬਾਹ ਕਰ ਦਿੱਤਾ ਹੈ। ਨਸ਼ਿਆਂ ਦੀ ਸਮੱਗਲਿੰਗ ਅਤੇ ਵੰਡ ਦੇ ਨੈਟਵਰਕ ਨੂੰ ਰੋਕਣ ਵਿੱਚ ਸਰਕਾਰ ਦੀ ਅਸਫਲਤਾ ਸਪੱਸ਼ਟ ਹੈ।

ਹੁਣ ਪੰਜਾਬ ਨੂੰ ਨਸ਼ੇ ਮੁਕਤ ਬਣਾਉਣ ਦਾ ਵਾਅਦਾ ਅਜੇ ਵੀ ਅਧੂਰਾ ਹੈ, ਹਾਲਾਂਕਿ ਪੰਜਾਬ ਪੁਲਿਸ ਨੇ ਨਸ਼ਾ ਵਪਾਰੀਆਂ ਵਿਰੁੱਧ ਕਾਰਵਾਈ ਕੀਤੀ ਹੈ। ਇਸ ਦੇ ਨਾਲ ਹੀ, ਬੇਰੁਜ਼ਗਾਰੀ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਨੂੰ ਜਨਮ ਦਿੱਤਾ ਹੈ। ਸਰਕਾਰੀ ਅਤੇ ਨਿੱਜੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਘਟਦੇ ਜਾ ਰਹੇ ਹਨ, ਜਿਸ ਕਾਰਨ ਨੌਜਵਾਨ ਵਿਦੇਸ਼ਾਂ ਵੱਲ ਪਰਵਾਸ ਕਰਨ ਲਈ ਮਜਬੂਰ ਹੋ ਰਹੇ ਹਨ। ਉਦਯੋਗਾਂ ਦੀ ਘਾਟ ਅਤੇ ਨਵੇਂ ਨਿਵੇਸ਼ਾਂ ਦੀ ਲੋੜ ਨੇ ਬੇਰੁਜ਼ਗਾਰੀ ਅਤੇ ਨਸ਼ਿਆਂ ਨੂੰ ਵਧਾਇਆ ਹੈ। ਡਰੱਗਜ਼ ਅਤੇ ਨਿਰਾਸ਼ਾ ਨੇ ਪੰਜਾਬ ਨੂੰ ਡੂੰਘੇ ਸੰਕਟ ਵਿੱਚ ਧੱਕ ਦਿੱਤਾ ਹੈ, ਜਿੱਥੇ ਨਸ਼ੇ ਨਾਲ ਜੁੜੀ ਗਰੀਬੀ ਅਤੇ ਅਪਰਾਧ ਵਧ ਰਹੇ ਹਨ। ਸਰਕਾਰ ਨੇ ਐਂਟੀ-ਡਰੱਗ ਮੁਹਿੰਮ ਚਲਾਈ ਹੈ, ਜਿਸ ਨੇ ਸਕਾਰਾਤਮਕ ਨਤੀਜੇ ਦਿਖਾਏ ਹਨ, ਪਰ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ।

ਅੱਜ ਵੀ ਪੰਜਾਬ ਵਿੱਚ ਔਰਤਾਂ ਤੇ ਅੱਤਿਆਚਾਰ ਅਤੇ ਸਮਾਜਿਕ ਅਸੁਰੱਖਿਆ ਹੈ। ਪੰਜਾਬ ਵਿੱਚ ਔਰਤਾਂ ਦੀ ਸੁਰੱਖਿਆ ਇੱਕ ਗੰਭੀਰ ਮੁੱਦਾ ਹੈ। ਘਰੇਲੂ ਹਿੰਸਾ, ਜਿਨਸੀ ਸ਼ੋਸ਼ਣ ਅਤੇ ਕੰਮ ਵਾਲੀਆਂ ਥਾਵਾਂ ਤੇ ਅਸੁਰੱਖਿਆ ਨੇ ਔਰਤਾਂ ਦੀ ਸੁਤੰਤਰਤਾ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਹਿਊਮਨ ਰਾਈਟਸ ਵਾਚ ਦੀ ਰਿਪੋਰਟ ਅਨੁਸਾਰ, ਭਾਰਤ ਵਿੱਚ ਔਰਤਾਂ ਵਿਰੁੱਧ ਅੱਤਿਆਚਾਰ ਜਾਰੀ ਹਨ। ਪੰਜਾਬ ਵਿੱਚ ਚੋਣਾਂ ਦੌਰਾਨ ਔਰਤਾਂ ਵਿਰੁੱਧ ਅੱਤਿਆਚਾਰਾਂ ਨੂੰ ਲੈ ਕੇ ਬੀਜੇਪੀ ਨੇ ਨੈਸ਼ਨਲ ਕਮਿਸ਼ਨ ਫਾਰ ਵੂਮੈਨ ਨੂੰ ਕਾਰਵਾਈ ਦੀ ਮੰਗ ਕੀਤੀ ਹੈ। ਕਈ ਅੰਦੋਲਨਾਂ ਨਾਲ ਜੁੜੇ ਪੁਰਾਣੇ ਮਾਮਲਿਆਂ ਵਿੱਚ ਵੀ ਔਰਤਾਂ ਵਿਰੁੱਧ ਅੱਤਿਆਚਾਰਾਂ ਦੇ ਇਲਜ਼ਾਮ ਲੱਗੇ ਹਨ। ਇਹ ਮਸਲੇ ਰਾਜਨੀਤਿਕ ਪਾਰਟੀਆਂ ਨੂੰ ਔਰਤਾਂ ਦੀ ਸੁਰੱਖਿਆ ਲਈ ਇੱਕਠੇ ਹੋਣ ਲਈ ਮਜਬੂਰ ਕਰਦੇ ਹਨ, ਪਰ ਰਾਜਨੀਤਿਕ ਡਰਾਮਾ ਇਸ ਨੂੰ ਨਜ਼ਰਅੰਦਾਜ਼ ਕਰਦਾ ਹੈ।

ਅੱਜ ਪੰਜਾਬ ਵਿਚ ਸੜਕਾਂ ਤੇ ਬੇਲਗਾਮ ਮੌਤਾਂ ਅਤੇ ਸੁਰੱਖਿਆ ਦੀ ਘਾਟ ਕਾਰਨ ਪੰਜਾਬ ਵਿੱਚ ਸੜਕ ਹਾਦਸੇ ਇੱਕ ਵੱਡੀ ਸਮੱਸਿਆ ਹਨ, ਜਿੱਥੇ ਹਰ ਸਾਲ ਹਜ਼ਾਰਾਂ ਲੋਕ ਮੌਤ ਦੇ ਮੂੰਹ ਵਿੱਚ ਜਾਂਦੇ ਹਨ। ਹਾਲਾਂਕਿ, ਸਰਕਾਰ ਨੇ ਸੜਕ ਸੁਰੱਖਿਆ ਫੋਰਸ ਨਾਲ 2024 ਵਿੱਚ ਹਾਦਸਿਆਂ ਵਿੱਚ ਮੌਤਾਂ ਨੂੰ 45% ਘਟਾ ਦਿੱਤਾ ਹੈ। ਇਹ ਫੋਰਸ ਹਾਈਵੇਅ ਤੇ ਨਿਯਮਾਂ ਨੂੰ ਲਾਗੂ ਕਰਦੀ ਹੈ ਅਤੇ ਜ਼ਖਮੀਆਂ ਨੂੰ ਤੁਰੰਤ ਮਦਦ ਪਹੁੰਚਾਉਂਦੀ ਹੈ। ਇਕ ਹੋਰ ਫਰਿਸ਼ਤੇ ਯੋਜਨਾ ਨੇ ਵੀ ਹਾਦਸੇ ਵਾਲੀਆਂ ਥਾਵਾਂ ਤੇ ਮੁਫਤ ਇਲਾਜ ਨੂੰ ਯਕੀਨੀ ਬਣਾਇਆ ਹੈ। ਪਰ ਅਜੇ ਵੀ ਟਰੈਕਟਰ-ਟਰਾਲੀ ਹਾਦਸੇ ਮੌਤਾਂ ਦਾ ਵੱਡਾ ਕਾਰਨ ਹਨ। ਹੋਰ ਸੂਬੇ ਇਸ ਮਾਡਲ ਨੂੰ ਨਹੀਂ ਅਪਨਾ ਰਹੇ, ਜਿਸ ਨਾਲ ਰਾਸ਼ਟਰੀ ਪੱਧਰ ਤੇ ਮੌਤਾਂ ਵਧ ਰਹੀਆਂ ਹਨ।

ਅੱਜ ਵੀ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਅਤੇ ਵਿਕਾਸ ਵਿੱਚ ਰੁਕਾਵਟ ਜਾਰੀ ਹੈ। ਹੁਣ ਭ੍ਰਿਸ਼ਟਾਚਾਰ ਪੰਜਾਬ ਦੀ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਸਰਕਾਰੀ ਦਫਤਰਾਂ ਵਿੱਚ ਰਿਸ਼ਵਤ ਅਤੇ ਨੈਪੋਟਿਜ਼ਮ ਨੇ ਆਮ ਆਦਮੀ ਨੂੰ ਪੀੜਿਆ ਹੈ। ਹਾਲਾਂਕਿ, ਨੇ ਐਂਟੀ-ਕਰੱਪਸ਼ਨ ਹੈਲਪਲਾਈਨ ਚਲਾਈ ਹੈ ਅਤੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਹੈ। ਭਾਰਤ ਵਿੱਚ 66% ਕਾਰੋਬਾਰਾਂ ਨੇ ਰਿਸ਼ਵਤ ਦਿੱਤੀ ਹੈ, ਜੋ ਸਥਾਨਕ ਅਧਿਕਾਰੀਆਂ ਨੂੰ ਜਾਂਦੀ ਹੈ। ਕਰੱਪਸ਼ਨ ਪਰਸੈਪਸ਼ਨ ਇੰਡੈਕਸ ਵਿੱਚ ਭਾਰਤ 93ਵੇਂ ਨੰਬਰ ਤੇ ਹੈ। ਇਹ ਭ੍ਰਿਸ਼ਟਾਚਾਰ ਅਸਲ ਵਿਕਾਸ ਨੂੰ ਰੋਕਦਾ ਹੈ ਅਤੇ ਲੋਕਾਂ ਨੂੰ ਨਿਰਾਸ਼ ਕਰਦਾ ਹੈ।ਇਸ ਮੌਕੇ ਤੇ ਪੰਜਾਬ ਦੇ ਰਾਜਨੀਤਿਕ ਸਟੰਟਾਂ ਵਿੱਚ ਲੋਕਾਂ ਦਾ ਭਲਾ ਕਿਵੇਂ ਹੋਵੇਗਾ ? ਇਹ ਰਾਜਨੀਤਿਕ ਡਰਾਮਾ ਅਸਲ ਮੁੱਦਿਆਂ ਨੂੰ ਭਟਕਾਉਂਦਾ ਹੈ। ਛੋਟੇ ਮਸਲਿਆਂ ਤੇ ਲੜਾਈਆਂ ਨੇ ਪੰਜਾਬ ਨੂੰ ਪਿੱਛੇ ਧੱਕ ਦਿੱਤਾ ਹੈ। ਲੋਕਾਂ ਦਾ ਭਲਾ ਤਾਂ ਤਦ ਹੀ ਹੋਵੇਗਾ ਜੇ ਪਾਰਟੀਆਂ ਅਸਲ ਸਮੱਸਿਆਵਾਂ ਤੇ ਧਿਆਨ ਦੇਣ।

ਅੱਜ ਸਭ ਪਾਰਟੀਆਂ ਮਿਲ ਕੇ ਲੋਕ ਯਾਤਰਾ ਕੱਢਣ ਇਹ ਇੱਕ ਨਵਾਂ ਏਜੰਡਾ ਹੋ ਸਕਦਾ ਹੈ। ਕਿਉਂ ਨਹੀਂ ਸਾਰੀਆਂ ਪਾਰਟੀਆਂ ਇੱਕਠੀਆਂ ਹੋ ਕੇ ਇੱਕ ਲੋਕ ਯਾਤਰਾ ਕੱਢਣ ? ਇਹ ਯਾਤਰਾ ਸਰਬ ਧਰਮ ਸਦਭਾਵਨਾ, ਸ਼ਾਂਤੀ ਅਤੇ ਨਵੇਂ ਪੰਜਾਬ ਦੇ ਏਜੰਡੇ ਤੇ ਅਧਾਰਿਤ ਹੋਵੇ। ਇਸ ਵਿੱਚ ਕਿਸਾਨਾਂ ਦੀ ਸਹਾਇਤਾ, ਨਸ਼ੇ ਵਿਰੁੱਧ ਮੁਹਿੰਮ, ਰੁਜ਼ਗਾਰ ਸਿਰਜਣਾ, ਔਰਤਾਂ ਦੀ ਸੁਰੱਖਿਆ, ਸੜਕ ਸੁਰੱਖਿਆ ਅਤੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਨੂੰ ਸ਼ਾਮਲ ਕੀਤਾ ਜਾਵੇ। ਅਜਿਹੀ ਯਾਤਰਾ ਲੋਕਾਂ ਨੂੰ ਇੱਕਠੇ ਕਰੇਗੀ ਅਤੇ ਰਾਜਨੀਤਿਕ ਪਾਰਟੀਆਂ ਨੂੰ ਅਸਲ ਵਿਕਾਸ ਲਈ ਮਜਬੂਰ ਕਰੇਗੀ।

**ਹੁਣ ਨਿੱਗਰ ਨਤੀਜਿਆਂ ਲਈ ਨਵੇਂ ਪੰਜਾਬ ਲਈ ਏਕਤਾ ਦੀ ਲੋੜ**

ਪੰਜਾਬ ਨੂੰ ਬਚਾਉਣ ਲਈ ਰਾਜਨੀਤਿਕ ਪਾਰਟੀਆਂ ਨੂੰ ਆਪਸੀ ਝਗੜੇ ਛੱਡ ਕੇ ਏਕਤਾ ਵੱਲ ਵਧਣਾ ਚਾਹੀਦਾ ਹੈ। ਲੋਕ ਯਾਤਰਾ ਵਰਗੇ ਕਦਮ ਨਾਲ ਅਸੀਂ ਇੱਕ ਨਵਾਂ ਪੰਜਾਬ ਬਣਾ ਸਕਦੇ ਹਾਂ, ਜਿੱਥੇ ਕਿਸਾਨ ਖੁਸ਼ਹਾਲ ਹੋਣ, ਨੌਜਵਾਨ ਰੁਜ਼ਗਾਰ ਵਾਲੇ ਹੋਣ, ਔਰਤਾਂ ਸੁਰੱਖਿਅਤ ਹੋਣ ਅਤੇ ਸਮਾਜ ਭ੍ਰਿਸ਼ਟਾਚਾਰ ਮੁਕਤ ਹੋਵੇ। ਇਹ ਸਮਾਂ ਹੈ ਏਕਤਾ ਅਤੇ ਕਾਰਵਾਈ ਦਾ, ਨਹੀਂ ਤਾਂ ਪੰਜਾਬ ਹੋਰ ਡੁੱਬ ਜਾਵੇਗਾ।

# ਸਿੰਧੂ ਦਾ ਸੱਦਾ: ਪ੍ਰਭੂਸੱਤਾ ਦੀ ਵਾਪਸੀ ਅਤੇ ਮਾਣ ਦੀ ਬਹਾਲੀ



ਅਰਜੁਨ ਰਾਮ ਮੇਘਵਾਲ
ਕੇਂਦਰੀ ਕਾਨੂੰਨ ਅਤੇ ਨਿਆਂ ਰਾਜ ਮੰਤਰੀ (ਸੁਤੰਤਰ ਚਾਰਜ) ਅਤੇ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ, ਭਾਰਤ ਸਰਕਾਰ

ਮਾਨਸੂਨ ਸ਼ਬਦ ਸਮੁੱਚੇ ਭਾਰਤ ਵਿੱਚ ਖੁਸ਼ੀ, ਉਮੀਦ ਅਤੇ ਮਾਣ ਦੀ ਲਹਿਰ ਪੈਦਾ ਕਰਦਾ ਹੈ। ਇਹ ਸਿਰਫ਼ ਬਰਸਾਤ ਨਹੀਂ, ਸਗੋਂ ਨਵੀਂ ਸ਼ੁਰੂਆਤ, ਨਵੀਨੀਕਰਨ ਅਤੇ ਦੇਸ਼ ਦੀ ਆਰਥਿਕ ਗਤੀ ਨੂੰ ਰਫ਼ਤਾਰ ਦੇਣ ਦਾ ਪ੍ਰਤੀਕ ਹੈ। ਭਾਰਤ ਦੀ ਭੂਗੋਲਿਕ ਸਥਿਤੀ, ਭਰਪੂਰ ਵਰਖਾ ਨਾਲ ਮਿਲ ਕੇ, ਸਿਰਫ਼ ਨਦੀਆਂ ਨੂੰ ਨਵਾਂ ਜੀਵਨ ਨਹੀਂ ਦਿੰਦੀ, ਸਗੋਂ ਜਲ ਸਰੋਤਾਂ ਦੀ ਚਾਦਰ ਪੂਰੇ ਦੇਸ਼ ਵਿੱਚ ਫੈਲਾ ਦਿੰਦੀ ਹੈ। ਇਹ ਤਰੱਕੀ ਦੇ ਮੌਸਮ ਦਾ ਪ੍ਰਤੀਕ ਹੈ ਅਤੇ ਆਜ਼ਾਦੀ ਦਿਵਸ ਦੇ ਜਸ਼ਨਾਂ ਦੇ ਨਾਲ ਦੇਸ਼ ਭਗਤੀ ਦੀ ਇੱਕ ਵਿਲੱਖਣ ਭਾਵਨਾ ਦਾ ਸੰਚਾਰ ਕਰਦਾ ਹੈ। ਲਾਲ ਕਿਲ੍ਹੇ ਦੀ ਫ਼ਸੀਲ ਤੋਂ, ਪ੍ਰਧਾਨ ਮੰਤਰੀ ਦੇ ਭਾਸ਼ਣ ਨੇ ਇੱਕ ਵਾਰ ਫਿਰ ਅਭਿਲਾਸ਼ੀ ਨਾਗਰਿਕਾਂ ਲਈ ਇੱਕ ਅਜਿਹਾ ਖਾਕਾ ਪੇਸ਼ ਕੀਤਾ ਹੈ, ਜੋ ਇੱਕ ਵਿਕਸਿਤ ਭਾਰਤ ਦੇ ਨਿਰਮਾਣ ਦੇ ਮੁੱਖ ਟੀਚੇ ਨੂੰ ਹਾਸਲ ਕਰਨ ਲਈ ਰਾਹ ਪੱਧਰਾ ਕਰਦਾ ਹੈ। ਸੰਸਦ ਦੇ ਇਸ ਵਿਸ਼ੇਸ਼ ਮਾਨਸੂਨ ਇਜਲਾਸ ਦੀ ਸ਼ੁਰੂਆਤ ਵਿੱਚ, ਪ੍ਰਧਾਨ ਮੰਤਰੀ ਨੇ ਇਸ ਨੂੰ ਭਾਰਤ ਦਾ ਮਾਣਮੱਤਾ ਇਜਲਾਸ ਆਖਿਆ ਸੀ। ਭਾਰਤੀ ਫੌਜੀਆਂ ਦੀ ਬਹਾਦਰੀ, ਆਪ੍ਰੇਸ਼ਨ ਸਿੰਦੂਰ ਦੀ ਸਫਲਤਾ, ਪਾਕਿਸਤਾਨ ਵਲੋਂ ਪ੍ਰਯੋਜਿਤ ਅੱਤਵਾਦ ਦੇ ਕਾਰਖਾਨਿਆਂ ਤੇ ਫੈਸਲਾਕੁੰਨ ਹਮਲੇ ਅਤੇ ਸਿੰਧੂ ਜਲ ਸੰਧੀ (ਆਈਡਬਲਿਊਟੀ) ਨੂੰ ਮੁਅੱਤਲ ਕਰਨਾ - ਇਹ ਸਾਰੇ ਭਾਰਤ ਦੀ ਮਜ਼ਬੂਤ ਇੱਛਾ ਸ਼ਕਤੀ ਦੀ ਗਵਾਹੀ ਭਰਦੇ ਹਨ ਅਤੇ ਰਾਸ਼ਟਰੀ ਮਾਨਸਿਕਤਾ ਤੇ ਇੱਕ ਅਮਿੱਟ ਛਾਪ ਛੱਡਦੇ ਹਨ। ਫਿਰ ਵੀ, ਸਰਕਾਰ ਵੱਲੋਂ ਸਾਰੇ ਮੁੱਦਿਆਂ ਤੇ ਖੁੱਲ੍ਹ ਕੇ ਚਰਚਾ ਕਰਨ ਦੀ ਇੱਛਾ ਦੇ ਬਾਵਜੂਦ, ਵਿਰੋਧੀ ਧਿਰ ਨੇ ਰੁਕਾਵਟ ਪਾਉਣ ਦਾ ਰਾਹ ਚੁਣਿਆ ਅਤੇ ਵਿਆਪਕ ਲੋਕ ਹਿਤ ਦੀ ਕੀਮਤ ਤੇ ਚਰਚਾ ਨੂੰ ਇੱਕ ਸਿਆਸੀ ਨਾਟਕ ਤੱਕ ਸੀਮਤ ਕਰ ਦਿੱਤਾ।

ਦੇਸ਼ ਲੰਬੇ ਸਮੇਂ ਤੋਂ ਕਾਂਗਰਸ ਦੀ ਉਸ ਪੁਰਾਣੀ ਆਦਤ ਦਾ ਬੋਝ ਢੋ ਰਿਹਾ ਹੈ, ਜਿਸ ਵਿੱਚ ਉਹ ਸੁਆਰਥ ਨੂੰ ਰਾਸ਼ਟਰੀ ਹਿਤ ਤੋਂ ਉੱਪਰ ਰੱਖਦੀ ਆਈ ਹੈ। ਵੰਡ ਦੀ ਦੁਖਦਾਈ ਭਿਆਨਕਤਾ ਤੋਂ ਲੈ ਕੇ ਨਹਿਰੂਵਾਦੀ ਕੂਟਨੀਤੀ ਦੀਆਂ ਮਹਿੰਗੀਆਂ ਅਸਫਲਤਾਵਾਂ ਤੱਕ, ਇਤਿਹਾਸ ਗਵਾਹ ਹੈ ਕਿ ਕਿਵੇਂ ਇਨ੍ਹਾਂ ਫੈਸਲਿਆਂ ਨੇ ਭਾਰਤ ਦੀ ਮੂਲ ਧਾਰਨਾ ਨੂੰ ਕਮਜ਼ੋਰ ਕਰ ਦਿੱਤਾ। ਸਿੰਧੂ ਜਲ ਸੰਧੀ (1960) ਤੇ ਨੇੜਿਓਂ ਨਜ਼ਰ ਮਾਰਨ ਨਾਲ ਲੋਕਾਂ ਅਤੇ ਦੇਸ਼ ਦੇ ਵਿਕਾਸ ਦੀ ਕੀਮਤ ਤੇ ਤੁਸ਼ਟੀਕਰਨ ਅਤੇ ਬਹੁਤ ਜ਼ਿਆਦਾ ਨਰਮੀ ਵਰਤਣ ਦੀ ਕਹਾਣੀ ਸਾਹਮਣੇ ਆਉਂਦੀ ਹੈ, ਜੋ ਰਾਸ਼ਟਰੀ ਵਿਕਾਸ ਦੀਆਂ ਸੰਭਾਵਨਾਵਾਂ ਵਿੱਚ ਅੜਿੱਕਾ ਲਾਉਂਦੀ ਰਹੀ ਹੈ। ਇਹ ਬਹੁਤ ਹੀ ਅਫਸੋਸਨਾਕ ਗੱਲ ਹੈ ਕਿ ਭਾਰਤ ਦੇ ਵਿਕਾਸ ਲਈ ਜ਼ਰੂਰੀ ਹਿਤਾਂ ਨੂੰ ਛੱਡ ਕੇ ਇੱਕ ਐਸੀ ਸਿਆਸੀ ਸੋਚ ਨੂੰ ਮੰਨਿਆ ਗਿਆ, ਜਿਸ ਨੇ ਆਪਣੇ ਲੋਕਾਂ ਦੀ ਭਲਾਈ ਤੋਂ ਵੱਧ ਪਾਕਿਸਤਾਨ ਦੇ ਲਾਭ ਨੂੰ ਤਰਜੀਹ ਦਿੱਤੀ।

ਅਸਲ ਵਿੱਚ, ਵਿਸ਼ਵ ਬੈਂਕ ਦੀ ਸਾਲਸੀ ਵਿੱਚ ਹੋਈ ਸਿੰਧੂ ਜਲ ਸੰਧੀ (ਆਈਡਬਲਿਊਟੀ) ਨੇ ਸਿੰਧੂ ਨਦੀ ਪ੍ਰਣਾਲੀ ਦੇ ਪਾਣੀਆਂ ਦੀ ਪਾਕਿਸਤਾਨ ਦੇ ਹੱਕ ਵਿੱਚ ਵੰਡ (80:20) ਕੀਤੀ। ਸਿੰਧੂ ਨਦੀ ਪ੍ਰਣਾਲੀ ਮੁੱਖ ਤੌਰ ਤੇ ਭਾਰਤ ਤੋਂ ਸ਼ੁਰੂ ਹੁੰਦੀ ਹੈ। ਇਸ ਸੰਧੀ ਨੇ ਭਾਰਤ ਨੂੰ ਸਿੰਧ, ਚਨਾਬ ਅਤੇ ਜੇਹਲਮ ਵਰਗੇ ਮਹੱਤਵਪੂਰਨ ਪੱਛਮ ਵੱਲ ਵਗਦੇ ਦਰਿਆਵਾਂ ਤੇ ਕੰਟਰੋਲ ਛੱਡਣ ਲਈ ਮਜਬੂਰ ਕਰ ਦਿੱਤਾ, ਜਿਸ ਨਾਲ ਵਿਸ਼ਾਲ ਜਲ ਸਰੋਤ ਗੁਆ ਦਿੱਤੇ ਗਏ ਜੋ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਗੁਜਰਾਤ ਦੇ ਵਿਸ਼ਾਲ ਖੁਸ਼ਕ ਅਤੇ ਸੋਕੇ ਵਾਲੇ ਖੇਤਰਾਂ ਨੂੰ ਹਰਾ-ਭਰਾ ਬਣਾ ਸਕਦੇ ਸਨ। ਜੇਕਰ ਰਾਸ਼ਟਰੀ ਹਿਤਾਂ ਦੀ ਰਾਖੀ ਕੀਤੀ ਜਾਂਦੀ, ਤਾਂ ਸੁਚੱਜੇ ਢੰਗ ਨਾਲ ਸੰਗਠਿਤ ਜਲ ਬੁਨਿਆਦੀ ਢਾਂਚੇ ਨਾਲ ਖੇਤਰ ਦੇ ਸਮੁੱਚੇ ਵਿਕਾਸ ਵਿੱਚ ਵਾਧਾ ਹੋ ਸਕਦਾ ਸੀ।

ਹਾਲਾਂਕਿ, ਇਸ ਮਹੱਤਵਪੂਰਨ ਤਿਆਗ ਤੋਂ ਵਿਆਪਕ ਕੂਟਨੀਤਕ ਲਾਭ ਹਾਸਲ ਕਰਨ ਦੀਆਂ ਉਮੀਦਾਂ ਗੁੰਮਰਾਹਕੁੰਨ ਸਾਬਤ ਹੋਈਆਂ। ਸੰਧੀ ਦੇ ਪ੍ਰਕਿਰਿਆਤਮਕ ਪ੍ਰਬੰਧਨ ਨੇ ਹੋਰ ਚਿੰਤਾਵਾਂ ਵਧਾ ਦਿੱਤੀਆਂ। ਸੰਧੀ ਤੇ 19 ਸਤੰਬਰ 1960 ਨੂੰ ਦਸਤਖਤ ਕੀਤੇ ਗਏ ਸਨ। ਪਰ ਇਸਨੂੰ ਦੋ ਮਹੀਨੇ ਬਾਅਦ, ਨਵੰਬਰ ਵਿੱਚ, ਸਿਰਫ਼ ਦੋ ਘੰਟੇ ਦੀ ਰਸਮੀ ਚਰਚਾ ਲਈ ਸੰਸਦ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਜਿਵੇਂ ਹੀ ਸੰਧੀ ਬਾਰੇ ਤੱਥ ਸਾਹਮਣੇ ਆਏ, ਇਸਦੇ ਵੱਖ-ਵੱਖ ਪਹਿਲੂਆਂ ਦੀ ਜਾਂਚ ਕਰਨ ਤੋਂ ਬਾਅਦ ਪ੍ਰਮੁੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਉਲਟ ਟਿੱਪਣੀਆਂ ਸੁਰਖੀਆਂ ਵਿੱਚ ਛਪੀਆਂ। ਏਨੇ ਮਹੱਤਵਪੂਰਨ ਸਮਝੌਤੇ ਪ੍ਰਤੀ ਸੰਸਦੀ ਪੱਧਰ ਤੇ ਇਸ ਜਲਦਬਾਜ਼ੀ ਵਾਲੀ ਪਹੁੰਚ ਨੇ ਲੋਕਤੰਤਰੀ ਨਿਗਰਾਨੀ, ਪਾਰਦਰਸ਼ਤਾ ਅਤੇ ਸਮਕਾਲੀ ਲੀਡਰਸ਼ਿਪ ਦੀ ਮਾੜੀ ਨੀਅਤ ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ।ਇਸ ਸੀਮਤ ਸੰਸਦੀ ਜਾਂਚ ਦੇ ਬਾਵਜੂਦ, ਸਿੰਧ ਜਲ ਸੰਧੀ ਨੂੰ ਭਾਰਤੀ ਸੰਸਦ ਵਿੱਚ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਸ ਸਮੇਂ ਦੇ ਇੱਕ ਨੌਜਵਾਨ ਸੰਸਦ ਮੈਂਬਰ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ ਚੇਤਾਵਨੀ ਦਿੱਤੀ ਕਿ ਪ੍ਰਧਾਨ ਮੰਤਰੀ ਨਹਿਰੂ ਦਾ ਇਹ ਤਰਕ ਕਿ ਪਾਕਿਸਤਾਨ ਦੀਆਂ ਗੈਰ-ਵਾਜਬ ਮੰਗਾਂ ਅੱਗੇ ਝੁਕਣ ਨਾਲ ਦੋਸਤੀ ਅਤੇ ਸਦਭਾਵਨਾ ਸਥਾਪਤ ਹੋਵੇਗੀ, ਬੁਨਿਆਦੀ ਤੌਰ ਤੇ ਤਰੁੱਟੀਪੂਰਨ ਹੈ।

30 ਨਵੰਬਰ 1960 ਨੂੰ ਸੰਸਦ ਵਿੱਚ ਹੋਈ ਬਹਿਸ ਦਰਸਾਉਂਦੀ ਹੈ ਕਿ ਸਾਰੀਆਂ ਧਿਰਾਂ ਵਲੋਂ ਸੰਧੀ ਦੀ ਆਲੋਚਨਾ ਕੀਤੀ ਗਈ ਸੀ। ਜ਼ਿਆਦਾਤਰ ਮੈਂਬਰਾਂ ਨੇ ਸਰਕਾਰ ਦੀ ਆਲੋਚਨਾ ਕੀਤੀ ਅਤੇ ਉਸ ਤੇ ਪਾਕਿਸਤਾਨ ਅੱਗੇ ਝੁਕਣ ਅਤੇ ਭਾਰਤੀ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ। ਰਾਜਸਥਾਨ ਤੋਂ ਕਾਂਗਰਸ ਸੰਸਦ ਮੈਂਬਰ ਸ਼੍ਰੀ ਹਰੀਸ਼ ਚੰਦਰ ਮਾਥੁਰ, ਅਸ਼ੋਕ ਮਹਿਤਾ, ਏਸੀ ਗੁਹਾ, ਕਮਿਊਨਿਸਟ ਪਾਰਟੀ ਦੇ ਸੰਸਦ ਮੈਂਬਰ ਕੇਟੀਕੇ ਤੰਗਾਮਨੀ, ਸਰਦਾਰ ਇਕਬਾਲ ਸਿੰਘ, ਬ੍ਰਿਜਰਾਜ ਸਿੰਘ ਨੇ ਇਸ ਜਲ ਕੂਟਨੀਤੀ ਬਾਰੇ ਆਪਣੀਆਂ ਚਿੰਤਾਵਾਂ ਅਤੇ ਇਸਦੀ ਅਸਫਲਤਾ ਦੇ ਨਤੀਜਿਆਂ ਬਾਰੇ ਖਦਸ਼ੇ ਸਪੱਸ਼ਟ ਤੌਰ ਤੇ ਪ੍ਰਗਟ ਕੀਤੇ। ਕੁੱਲ ਮਿਲਾ ਕੇ, ਸੰਧੀ ਨੂੰ ਇੱਕ ਪਾਸੜ, ਨਾ ਕਿ ਲੈਣ-ਦੇਣ ਤੇ ਅਧਾਰਤ ਕਿਹਾ ਜਾ ਸਕਦਾ ਹੈ।ਇਸ ਸਬੰਧ ਵਿੱਚ, ਇਹ ਮੰਦਭਾਗਾ ਸੀ ਕਿ ਲੋਕ ਸਭਾ ਵਿੱਚ ਆਪਣੇ ਜਵਾਬ ਦੌਰਾਨ, ਪ੍ਰਧਾਨ ਮੰਤਰੀ ਨਹਿਰੂ ਨੇ ਮਾਣਯੋਗ ਸੰਸਦ ਮੈਂਬਰਾਂ ਦੀ ਸਮਝ ਤੇ ਸਵਾਲ ਚੁੱਕੇ ਅਤੇ ਉਨ੍ਹਾਂ ਨੂੰ ਘੱਟ ਸਮਝਿਆ। ਆਪਣੇ ਜਵਾਬ ਵਿੱਚ, ਉਨ੍ਹਾਂ ਕਿਹਾ ਕਿ ਸੰਸਦ ਮੈਂਬਰਾਂ ਵਲੋਂ ਕੀਤੀ ਗਈ ਆਲੋਚਨਾ ਤੱਥਾਂ ਅਤੇ ਸ਼ਾਮਲ ਵਿਚਾਰਾਂ ਦੀ ਅਗਿਆਨਤਾ ਤੇ ਅਧਾਰਤ ਸੀ। ਉਨ੍ਹਾਂ (ਨਹਿਰੂ) ਨੇ ਅੱਗੇ ਕਿਹਾ, ਮੈਨੂੰ ਅਫ਼ਸੋਸ ਹੈ ਕਿ ਇੱਕ ਬਹੁਤ ਮਹੱਤਵਪੂਰਨ ਮਾਮਲੇ ਨੂੰ... ਇੱਕ ਅਜਿਹਾ ਮਾਮਲਾ ਜੋ ਨਾ ਸਿਰਫ਼ ਵਰਤਮਾਨ ਨਾਲ ਸਗੋਂ ਭਵਿੱਖ ਨਾਲ ਵੀ ਜੁੜਿਆ ਹੈ... ਏਨੇ ਹਲਕੇ ਢੰਗ ਨਾਲ ਅਤੇ ਏਨੀ ਲਾਪਰਵਾਹੀ ਅਤੇ ਤੰਗ ਸੋਚ ਨਾਲ ਲਿਆ ਜਾ ਰਿਹਾ ਹੈ।

ਇਸ ਸੰਧੀ ਨੇ ਭਾਰਤ ਦੇ ਹਿਤਾਂ ਨੂੰ ਧੁੰਦਲਾ ਕਰ ਦਿੱਤਾ ਅਤੇ ਪਾਕਿਸਤਾਨ ਲਈ ਇੱਕ ਫੈਸਲਾਕੁੰਨ ਪ੍ਰਾਪਤੀ ਸਾਬਤ ਹੋਈ। ਅਯੂਬ ਖਾਨ ਨੇ ਇੱਕ ਜਨਤਕ ਪ੍ਰਸਾਰਣ ਵਿੱਚ ਮੰਨਿਆ ਕਿ ਇਸ ਸੰਧੀ ਦੀ ਵੈਧਤਾ ਅਤੇ ਗੁਣ-ਔਗੁਣ ਪਾਕਿਸਤਾਨ ਦੇ ਵਿਰੁੱਧ ਸਨ, ਪਰ ਇਸ ਮਾਮਲੇ ਵਿੱਚ ਨਹਿਰੂ ਦੀ ਕੂਟਨੀਤਕ ਅਸਫਲਤਾ ਨੇ ਪਾਕਿਸਤਾਨ ਨੂੰ ਇੱਕ ਅਗੇਤ ਦਿਵਾ ਦਿੱਤੀ। 4 ਸਤੰਬਰ 1960 ਨੂੰ ਰਾਵਲਪਿੰਡੀ ਵਿੱਚ ਆਪਣੇ ਪ੍ਰਸਾਰਣ ਵਿੱਚ, ਅਯੂਬ ਖਾਨ ਨੇ ਕਿਹਾ, ਹੁਣ ਸਾਨੂੰ ਜੋ ਹੱਲ ਮਿਲਿਆ ਹੈ, ਉਹ ਆਦਰਸ਼ ਨਹੀਂ ਹੈ... ਪਰ ਇਹ ਸਭ ਤੋਂ ਵਧੀਆ ਹੱਲ ਹੈ ਜੋ ਅਸੀਂ ਹਾਲਾਤ ਵਿੱਚ ਹਾਸਲ ਕਰ ਸਕਦੇ ਸੀ, ਇਨ੍ਹਾਂ ਵਿੱਚੋਂ ਬਹੁਤ ਸਾਰੇ ਨੁਕਤੇ, ਭਾਵੇਂ ਉਨ੍ਹਾਂ ਦੇ ਗੁਣ-ਔਗੁਣ ਅਤੇ ਵੈਧਤਾ ਕੁਝ ਵੀ ਹੋਵੇ, ਸਾਡੇ ਵਿਰੁੱਧ ਹਨ। ਇਹ ਖੁਲਾਸੇ ਅੱਜ ਵੀ ਰਾਸ਼ਟਰੀ ਹਿਤ ਨੂੰ ਨੀਵਾਂ ਰੱਖਣ ਦੇ ਪਿੱਛੇ ਦੇ ਮੰਤਵ ਬਾਰੇ ਸਵਾਲ ਖੜ੍ਹੇ ਕਰਦੇ ਹਨ।

ਜਿਵੇਂ ਕਿ ਨਿਰੰਜਨ ਡੀ ਗੁਲਾਟੀ ਆਪਣੀ ਕਿਤਾਬ ਇੰਡਸ ਵਾਟਰ ਟ੍ਰੀਟੀ: ਐਨ ਐਕਸਰਸਾਈਜ਼ ਇਨ ਇੰਟਰਨੈਸ਼ਨਲ ਮੀਡੀਏਸ਼ਨ ਵਿੱਚ ਲਿਖਦੇ ਹਨ ਕਿ ਪ੍ਰਧਾਨ ਮੰਤਰੀ ਨਹਿਰੂ ਨੇ ਖੁਦ 28 ਫਰਵਰੀ 1961 ਨੂੰ ਇਸ ਨਿਰਾਸ਼ਾ ਨੂੰ ਸਵੀਕਾਰ ਕਰਦੇ ਹੋਏ ਕਿਹਾ ਸੀ: ਮੈਨੂੰ ਉਮੀਦ ਸੀ ਕਿ ਇਹ ਸਮਝੌਤਾ ਹੋਰ ਸਮੱਸਿਆਵਾਂ ਦੇ ਹੱਲ ਦਾ ਰਾਹ ਖੋਲ੍ਹੇਗਾ, ਪਰ ਅਸੀਂ ਉੱਥੇ ਹੀ ਖੜ੍ਹੇ ਹਾਂ, ਜਿੱਥੇ ਅਸੀਂ ਪਹਿਲਾਂ ਸੀ। ਇਸ ਸੰਧੀ ਤੋਂ ਬਾਅਦ ਹੋਈਆਂ ਘਟਨਾਵਾਂ ਵਿੱਚ ਆਇਆ ਡੂੰਘਾ ਫਰਕ ਇਸ ਸਮਝੌਤੇ ਦੀ ਅਸਮਾਨਤਾ ਨੂੰ ਹੋਰ ਵੀ ਸਪੱਸ਼ਟ ਕਰਦਾ ਹੈ। ਨਹਿਰੂ ਦੀ ਢਿੱਲ ਅਤੇ ਰਾਸ਼ਟਰੀ ਹਿਤਾਂ ਨੂੰ ਪਾਸੇ ਰੱਖਣ ਦੇ ਰੁਝਾਨ ਨੇ ਸਮੇਂ ਦੇ ਨਾਲ ਭਾਰੀ ਨੁਕਸਾਨ ਪਹੁੰਚਾਇਆ। ਫਰਵਰੀ 1962 ਵਿੱਚ 'ਵਾਸ਼ਿੰਗਟਨ ਪੋਸਟ' ਨਾਲ ਗੱਲਬਾਤ ਕਰਦੇ ਹੋਏ, ਪ੍ਰਧਾਨ ਮੰਤਰੀ ਨਹਿਰੂ ਨੇ ਕਿਹਾ ਕਿ ਸਿੰਧੂ ਜਲ ਸੰਧੀ 'ਤੇ ਦਸਤਖ਼ਤ ਕਰਨਾ ਅੱਗੇ ਵਧਣ ਦਾ ਇੱਕ ਵੱਡਾ ਕਦਮ ਹੈ ਅਤੇ ਇਹ ਸਮਝੌਤਾ (ਕਸ਼ਮੀਰ ਦੇ) ਖੇਤਰੀ ਮਸਲਿਆਂ ਨਾਲੋਂ ਕਾਫੀ ਜ਼ਿਆਦਾ ਮਹੱਤਵਪੂਰਨ ਹੈ।

ਸਪੱਸ਼ਟ ਚੇਤਾਵਨੀਆਂ ਦੇ ਬਾਵਜੂਦ, ਸ਼ਾਂਤੀ ਅਤੇ ਅੰਤਰਰਾਸ਼ਟਰੀ ਮਨੌਤ ਦੀ ਆਪਣੀ ਖੋਜ ਵਿੱਚ, ਕਾਂਗਰਸ ਦੀ ਲੀਡਰਸ਼ਿਪ ਨੇ ਭਾਰਤ ਦੀ ਲੰਬੇ ਸਮੇਂ ਦੀ ਜਲ ਸੁਰੱਖਿਆ ਅਤੇ ਖੁਸ਼ਹਾਲੀ ਤੋਂ ਵਧਕੇ ਕੂਟਨੀਤਕ ਸਹੂਲਤ ਨੂੰ ਚੁਣਿਆ। ਤੁਸ਼ਟੀਕਰਨ ਦੀ ਇਹ ਨੀਤੀ ਕਈ ਮੋਰਚਿਆਂ ਤੇ ਰਾਸ਼ਟਰੀ ਤਰੱਕੀ ਲਈ ਨੁਕਸਾਨਦੇਹ ਸਾਬਤ ਹੋਈ। ਸੰਧੀ ਤੋਂ ਉਮੀਦ ਕੀਤੇ ਗਏ ਮਨੋਵਿਗਿਆਨਕ ਅਤੇ ਭਾਵਨਾਤਮਕ ਲਾਭ ਕਦੇ ਵੀ ਮਿਲੇ ਨਹੀਂ। ਇਸਦੇ ਉਲਟ, ਇਹ ਜੰਗਾਂ ਅਤੇ ਲਗਾਤਾਰ ਸਰਹੱਦੀ ਤਣਾਅ ਦਾ ਕਾਰਨ ਬਣੀ। ਇਸ ਪਾਣੀ-ਵੰਡ ਦੀ ਕਰੜੀ ਵਿਵਸਥਾ ਨੇ ਭਾਰਤ ਦੀ ਸੋਕੇ ਨਾਲ ਲੜਨ, ਸਿੰਚਾਈ ਪ੍ਰਣਾਲੀਆਂ ਦਾ ਵਿਸਥਾਰ ਕਰਨ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਖੇਤੀਬਾੜੀ ਨੂੰ ਮਜ਼ਬੂਤ ਕਰਨ ਲਈ ਆਪਣੇ ਕੁਦਰਤੀ ਸਰੋਤਾਂ ਦੀ ਵਰਤੋਂ ਕਰਨ ਦੀ ਸਮਰੱਥਾ ਨੂੰ ਸੀਮਤ ਕਰ ਦਿੱਤਾ। ਸੱਤਾ ਦੇ ਭੁੱਖੇ ਸ਼ਾਸਕਾਂ ਨੇ ਆਤਮ-ਨਿਰਭਰਤਾ ਨੂੰ ਯਕੀਨੀ ਬਣਾਉਣ ਲਈ ਕੋਈ ਜ਼ਿੰਮੇਵਾਰੀ ਮਹਿਸੂਸ ਨਹੀਂ ਕੀਤੀ, ਜਿਸ ਨਾਲ ਭਾਰਤ ਕਮਜ਼ੋਰ ਹੋ ਗਿਆ। ਦਰਅਸਲ, ਇਹ ਸੰਧੀ ਭਾਰਤ ਲਈ ਪਾਣੀ ਲਈ ਕੂਟਨੀਤੀ ਦੀ ਅਸਫਲਤਾ ਅਤੇ ਪਾਕਿਸਤਾਨ ਲਈ ਇੱਕ ਸਿਆਸੀ ਜਿੱਤ ਸੀ।

ਹੁਣ, ਮੋਦੀ ਸਰਕਾਰ ਇਸ ਇਤਿਹਾਸਕ ਗਲਤੀ ਨੂੰ ਸੁਧਾਰਨ ਵੱਲ ਇੱਕ ਹੋਰ ਦਲੇਰ ਅਤੇ ਫੈਸਲਾਕੁੰਨ ਕਦਮ ਚੁੱਕ ਰਹੀ ਹੈ। ਭਾਰਤ ਨੇ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਆਪਣੇ ਪ੍ਰਭੂਸੱਤਾ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਸਿੰਧੂ ਜਲ ਸੰਧੀ (ਆਈਡਬਲਿਊਟੀ) ਨੂੰ ਉਦੋਂ ਤੱਕ ਮੁਅੱਤਲ ਕਰ ਦਿੱਤਾ ਹੈ ਜਦੋਂ ਤੱਕ ਪਾਕਿਸਤਾਨ ਭਰੋਸੇਯੋਗਤਾ ਨਾਲ ਨਹੀਂ ਚੱਲਦਾ ਅਤੇ ਅੰਤ ਵਿੱਚ ਸਰਹੱਦ ਪਾਰ ਅੱਤਵਾਦ ਨੂੰ ਆਪਣਾ ਸਮਰਥਨ ਛੱਡ ਦਿੰਦਾ ਹੈ। ਪ੍ਰਧਾਨ ਮੰਤਰੀ ਮੋਦੀ ਦਾ ਸੱਦਾ ਉਨ੍ਹਾਂ ਲੋਕਾਂ ਲਈ ਇੱਕ ਕਰੜੀ ਚੇਤਾਵਨੀ ਹੈ ਜੋ ਰਾਸ਼ਟਰੀ ਹਿਤਾਂ ਨੂੰ ਕਮਜ਼ੋਰ ਕਰ ਰਹੇ ਹਨ: ਅੱਤਵਾਦ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ; ਪਾਣੀ ਅਤੇ ਖ਼ੂਨ ਇਕੱਠੇ ਨਹੀਂ ਵਹਿ ਸਕਦੇ। ਇਹ ਕਦਮ ਪਿਛਲੀਆਂ ਨੀਤੀਆਂ ਤੋਂ ਹਟ ਕੇ ਇੱਕ ਸਾਹਸੀ ਅਤੇ ਇਤਿਹਾਸਕ ਬਦਲਾਅ ਦੀ ਨਿਸ਼ਾਨੀ ਹੈ। ਇਹ ਸਿਰਫ਼ ਇੱਕ ਕੂਟਨੀਤਕ ਸੰਤੁਲਨ ਨਹੀਂ ਹੈ, ਸਗੋਂ ਆਪਣੇ ਸਰੋਤਾਂ, ਕਿਸਾਨਾਂ ਦੇ ਹਿਤਾਂ ਅਤੇ ਸੰਬੰਧਤ ਹਿੱਸੇਦਾਰਾਂ ਦੀ ਰੋਜ਼ੀ-ਰੋਟੀ ਦੀ ਰਾਖੀ ਲਈ ਭਾਰਤ ਦੇ ਖੁਦਮੁਖਤਿਆਰੀ ਹੱਕ ਦਾ ਇੱਕ ਮਜ਼ਬੂਤ ਰਣਨੀਤਿਕ ਦਾਅਵਾ ਹੈ — ਜੋ ਪਾਕਿਸਤਾਨ ਵੱਲੋਂ ਲਗਾਤਾਰ ਆਉਣ ਵਾਲੇ ਸਰਹੱਦੀ ਖ਼ਤਰਿਆਂ ਦੇ ਸਾਹਮਣੇ ਰਾਸ਼ਟਰ ਪਹਿਲਾਂ ਦੇ ਸਿਧਾਂਤ ਨੂੰ ਸਰਬਉੱਚ ਰੱਖਦਾ ਹੈ।

ਸਿੰਧੂ ਜਲ ਸੰਧੀ ਦੀ ਮੁਅੱਤਲੀ ਕੂਟਨੀਤੀ ਤੋਂ ਕਿਤੇ ਵਧਕੇ ਹੈ - ਇਹ ਭਾਰਤ ਦੇ ਵਿਕਾਸਸ਼ੀਲ ਭਾਰਤ02047 ਦੇ ਟੀਚੇ ਨੂੰ ਪੂਰਾ ਕਰਨ ਦੇ ਦ੍ਰਿੜ ਇਰਾਦੇ ਨੂੰ ਦਰਸਾਉਂਦੀ ਹੈ। ਆਪਣੇ ਜਲ ਸਰੋਤਾਂ ਤੇ ਨਿਯੰਤਰਣ ਮੁੜ ਹਾਸਲ ਕਰਕੇ, ਭਾਰਤ ਜਲਵਾਯੂ ਅਨੁਕੂਲ ਬੁਨਿਆਦੀ ਢਾਂਚਾ ਬਣਾ ਸਕਦਾ ਹੈ, ਸਿੰਚਾਈ ਪ੍ਰਣਾਲੀਆਂ ਨੂੰ ਮਜ਼ਬੂਤ ਕਰ ਸਕਦਾ ਹੈ ਅਤੇ ਸਨਅਤੀ ਵਿਕਾਸ ਨੂੰ ਪ੍ਰਫੁੱਲਤ ਕਰ ਸਕਦਾ ਹੈ - ਜੋ ਕਿ ਇੱਕ ਵਿਕਸਿਤ ਰਾਸ਼ਟਰ ਬਣਨ ਦੀ ਕੁੰਜੀ ਹੈ। ਇਹ ਫੈਸਲਾ ਪੁਰਾਣੇ ਸਮਝੌਤਿਆਂ ਨਾਲ ਥੋਪੀ ਗਈ ਸਹਿਮਤੀ ਨੂੰ ਖਤਮ ਕਰਦਾ ਹੈ ਅਤੇ ਪਾਣੀ ਦੀ ਖੁਦਮੁਖਤਿਆਰੀ ਨੂੰ ਤਰੱਕੀ ਦੀ ਬੁਨਿਆਦ ਵਜੋਂ ਸਥਾਪਿਤ ਕਰਦਾ ਹੈ। ਇਹ ਇੱਕ ਦਲੇਰਾਨਾ ਕਦਮ ਹੈ ਜੋ ਆਤਮ-ਨਿਰਭਰਤਾ, ਸਥਿਰਤਾ ਅਤੇ ਸੰਮਲਿਤ ਵਿਕਾਸ ਦੇ ਮਿਸ਼ਨ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ।

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
ਮੋ:97816-46008

# ਮਹਿਲਾਵਾਂ ਪੜ੍ਹਾਈ ਲਿਖਾਈ ਨੂੰ 'ਔਗੁਣ' ਨਾ ਬਣਾਉਣ

ਅੱਜ ਤੋਂ ਪੰਜਾਹ ਸਾਲ ਪਿੱਛੇ ਜੇਕਰ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤੀ ਸਮਾਜ ਵਿੱਚ ਔਰਤ ਦੀ ਹਾਲਤ ਕਾਫੀ ਤਰਸਯੋਗ ਸੀ ਪਰ ਜਿਵੇਂ-ਜਿਵੇਂ ਵਿੱਦਿਆ ਦਾ ਪਸਾਰ ਹੁੰਦਾ ਗਿਆ ਅਤੇ ਸਮਾਜਿਕ ਕੁਰੀਤੀਆਂ ਨੂੰ ਖੋਰਾ ਲੱਗਦਾ ਗਿਆ, ਔਰਤ ਘਰ ਦੀਆਂ ਵਲਗਣਾਂ 'ਚੋਂ ਬਾਹਰ ਆਉਂਦੀ ਗਈ ਅਤੇ ਉਨ੍ਹਾ ਰਾਹਾਂ 'ਤੇ ਪੱਕੇ ਪੈਰੀਂ ਤੁਰਨ ਲੱਗ ਪਈ ਜਿਨ੍ਹਾ ਰਾਹਾਂ ਨੂੰ ਪੁਰਸ਼ ਕੇਵਲ ਆਪਣੀ ਮਲਕੀਅਤ ਸਮਝੀ ਬੈਠਾ ਸੀ। ਵਿੱਦਿਆ ਦੀ ਪ੍ਰਾਪਤੀ ਨੇ ਔਰਤ ਨੂੰ ਆਪਣੇ ਭਲੇ-ਬੁਰੇ ਅਤੇ ਹੱਕਾਂ ਆਦਿ ਤੋਂ ਜਾਣੂ ਕਰਵਾਇਆ ਤੇ ਇਸ ਜਾਗਰੂਕ ਹੋਈ ਔਰਤ ਨੇ ਆਪਣੇ ਹੱਕਾਂ ਨੂੰ ਹਾਸਿਲ ਕਰਨ ਲਈ ਪੂਰੀ ਵਾਹ ਲਗਾ ਦਿੱਤੀ ਤੇ ਇਹ ਸਿਲਸਿਲਾ ਅੱਜ ਵੀ ਨਿਰੰਤਰ ਜਾਰੀ ਹੈ।

ਅੱਜ ਦੁਨੀਆ ਦਾ ਅਜਿਹਾ ਕੋਈ ਵੀ ਕਿੱਤਾ,ਕਾਜ ਖੇਤਰ ਜਾਂ ਅਹੁਦਾ ਅਜਿਹਾ ਨਹੀਂ ਹੈ ਜੋ ਔਰਤ ਦੀ ਪਹੁੰਚ ਤੋਂ ਬਾਹਰ ਹੋਵੇ। ਔਰਤ ਦੇ ਸਵੈਮਾਣ ਅਤੇ ਸਵੈ-ਵਿਸ਼ਵਾਸ਼ ਦੀ ਤਾਕਤ ਨੇ ਜਿੱਥੇ ਔਰਤ ਨੂੰ ਅਛੂਤੇ ਦਿਸਹੱਦਿਆਂ ਤੱਕ ਪੁੱਜਣ ਵਿੱਚ ਮਦਦ ਕੀਤੀ ਹੈ,ਉੱਥੇ ਹੀ ਔਰਤ ਦੇ ਅੰਦਰ ਕੁਝ ਕਮੀਆਂ ਤੇ ਕਮਜ਼ੋਰੀਆਂ ਨੂੰ ਵੀ ਜਨਮ ਦਿੱਤਾ ਹੈ। ਕੁਝ ਮਾਮਲਿਆਂ ਵਿੱਚ ਔਰਤ ਦੀ ਪੜ੍ਹਾਈ-ਲਿਖਾਈ ਹੀ ਉਸਦਾ ਔਗੁਣ ਬਣ ਬੈਠੀ ਹੈ।

ਗੱਲ ਜੇਕਰ ਘਰ ਦੇ ਨਿੱਕੇ-ਨਿੱਕੇ ਕੰਮਾਂ ਤੋਂ ਸ਼ੁਰੂ ਕਰੀਏ ਤਾਂ ਜ਼ਿਆਦਾ ਠੀਕ ਰਹੇਗਾ। ਪੇਂਡੂ ਇਲਾਕਿਆਂ 'ਚ ਰਹਿ ਰਹੀਆਂ ਅਧਿਕਤਰ ਕਾਲਜੀਏਟ ਕੁੜੀਆਂ ਨੂੰ ਪਸ਼ੂ ਸਾਂਭਣੇ ਹੁਣ ਚੰਗੇ ਨਹੀਂ ਲੱਗਦੇ ਹਨ। ਗੋਹਾ ਚੁੱਕਣ ਅਤੇ ਧਾਰਾਂ ਕੱਢਣ ਵਿੱਚ ਉਨ੍ਹਾ ਦੀ ਰੁਚੀ ਖ਼ਤਮ ਹੁੰਦੀ ਜਾ ਰਹੀ ਹੈ। ਸਾਗ ਰਿੰਨ੍ਹਣਾ,ਕਣਕ ਛੱਟਣਾ, ਰਜਾਈ ਨਗੰਦਣਾ ਅਤੇ ਇਸ ਤਰ੍ਹਾਂ ਦੇ ਕਈ ਹੋਰ ਘਰੇਲੂ ਕੰਮ ਹੁਣ ਉਨ੍ਹਾ ਨੂੰ ਵਾਧੂ ਅਤੇ ਮਾੜੇ ਲੱਗਣ ਲੱਗ ਪਏ ਹਨ। ਅੱਜ ਅਨੇਕਾਂ ਹੀ ਅਜਿਹੀਆਂ ਗ੍ਰੈਜੂਏਸ਼ਨ ਕਰ ਰਹੀਆਂ ਜਾਂ ਕਰ ਚੁੱਕੀਆਂ ਸ਼ਹਿਰੀ ਕੁੜੀਆਂ ਹਨ ਜਿਨ੍ਹਾ ਨੂੰ ਹਰ ਨਵੇਂ ਫ਼ੈਸ਼ਨ ਦਾ ਤਾਂ ਚਾਹੇ ਪੂਰਾ ਪਤਾ ਹੋਵੇ ਪਰ ਰਸੋਈ ਦੀ ਦਹਿਲੀਜ਼ ਉਨ੍ਹਾ ਨੇ ਸ਼ਾਇਦ ਹੀ ਟੱਪੀ ਹੋਵੇਗੀ। ਵੱਡੇ ਨਹੁੰ ਅਤੇ ਉਨ੍ਹਾ 'ਤੇ ਲੱਗੀ ਨੇਲ ਪਾਲਿਸ਼ ਭਲਾ ਉਨ੍ਹਾ ਨੂੰ ਭਾਂਡੇ ਕਿਵੇਂ ਮਾਂਜਣ ਦੇਵੇਗੀ ? ਝਾੜੂ-ਪੋਚਾ ਕਰਨਾ ਤਾਂ ਕਈ ਪੜ੍ਹੀਆਂ ਲਿਖੀਆਂ ਕੁੜੀਆਂ ਨੂੰ ਪਹਾੜ ਜਿੱਡਾ ਕੰਮ ਨਜ਼ਰੀਂ ਆਉਣਾ ਸ਼ੁਰੂ ਹੋ ਗਿਆ ਹੈ। ਹੱਥੀਂ ਕਢਾਈ ਕੱਢਣ ਅਤੇ ਸਿਉਂਣ-ਪਰੋਣ ਦਾ ਸ਼ੌਕ ਤਾਂ ਹੁਣ ਕਿਸੇ ਵਿਰਲੀ ਕੁੜੀ ਦੇ ਅੰਦਰ ਸਾਹ ਲੈਂਦਾ ਹੋਵੇਗਾ।

ਇਹ ਅਕਸਰ ਵੇਖਣ 'ਚ ਆਇਆ ਹੈ ਕਿ ਅਮੀਰ ਘਰਾਂ ਦੀਆਂ ਅਨੇਕਾਂ ਪੜ੍ਹੀਆਂ-ਲਿਖੀਆਂ ਜਾਂ ਨੌਕਰੀਸ਼ੁਦਾ ਕੁੜੀਆਂ ਤੇ ਔਰਤਾਂ ਨੇ ਆਪਣਾ ਵਜ਼ਨ ਘਟਾਉਣ ਲਈ ਜੌਗਿੰਗ, ਕਸਰਤ, ਯੋਗਾ ਜਾਂ ਜਿਮ ਆਦਿ ਦਾ ਸਹਾਰਾ ਲੈਂਦੀਆਂ ਹਨ ਪਰ ਘਰ ਦਾ ਹਰ ਨਿੱਕਾ-ਵੱਡਾ ਕੰਮ ਕਰਨ ਲਈ ਉਨ੍ਹਾ ਨੇ ਨੌਕਰ ਰੱਖੇ ਹੋਏ ਹਨ। ਬਜ਼ੁਰਗਾਂ ਦੁਆਰਾ ਕੁਝ ਕਹੇ ਜਾਣ 'ਤੇ ਅੱਗੋਂ ਜਵਾਬ ਮਿਲਦਾ ਹੈ-''ਲਓ ਜੀ,ਐਨੀਆਂ ਸਾਰੀਆਂ ਡਿਗਰੀਆਂ ਲੈ ਕੇ ਹੁਣ ਅਸੀਂ ਚੁੱਲ੍ਹੇ ਮੂਹਰੇ ਹੱਥ ਸਾੜ੍ਹੀਏ ..? .. ਆਹ ਨੌਕਰ-ਚਾਕਰ ਕਾਹਦੇ ਲਈ ਰੱਖੇ ਨੇ ?''ਗੱਲ ਨੌਕਰਾਂ ਦੇ ਹੋਣ ਜਾਂ ਨਾ ਹੋਣ ਦੀ ਨਹੀਂ ਹੈ। ਯਾਦ ਰੱਖੋ ਨੌਕਰ ਤੁਹਾਡੇ ਪਰਿਵਾਰਕ ਮੈਂਬਰਾਂ ਲਈ ਰੋਟੀ ਪਰੋਸ ਸਕਦੇ ਹਨ ਪਰ ਪਿਆਰ ਨਹੀਂ। ਇਹ ਵੀ ਪਾਇਆ ਗਿਆ ਹੈ ਕਿ ਕੁਝ ਘਰਾਂ ਦੀਆਂ ਪੜ੍ਹੀਆਂ-ਲਿਖੀਆਂ ਔਰਤਾਂ ਆਪਣੇ ਬੱਚਿਆਂ ਨੂੰ ਆਪਣੇ ਹੱਥੀਂ ਦੋ ਰੋਟੀਆਂ ਵੇਲ ਕੇ ਦੇਣ ਦੀ ਥਾਂ ਉਨ੍ਹਾ ਦੇ ਢਿੱਡ ਪੀਜ਼ਾ, ਬਰਗਰ ਜਾਂ ਨੂਡਲ ਆਦਿ ਨਾਲ ਭਰ ਰਹੀਆਂ ਹਨ। ਕਿੱਟੀ ਪਾਰਟੀਆਂ 'ਤੇ ਜਾਣ ਜਾਂ ਟੀ.ਵੀ.ਲੜੀਵਾਰ ਵੇਖਣ ਲਈ ਤਾਂ ਉਨ੍ਹਾ ਕੋਲ ਵਕਤ ਹੈ ਪਰ ਆਪਣੇ ਬੱਚਿਆਂ ਨਾਲ ਵਕਤ ਬਿਤਾਅ ਕੇ ਉਨ੍ਹਾ ਨੂੰ ਚੰਗੇ ਸੰਸਕਾਰ ਦੇਣ ਲਈ ਉਨ੍ਹਾ ਕੋਲ ਵਕਤ ਦੀ ਘਾਟ ਹੈ।

ਪੜ੍ਹਾਈ-ਲਿਖਾਈ ਅਸਲ ਵਿੱਚ ਇਸ ਲਈ ਕਰਵਾਈ ਜਾਂਦੀ ਹੈ ਤਾਂ ਕਿ ਸਾਡੀ ਸੋਚ ਵਿਕਸਿਤ ਹੋ ਸਕੇ ਤੇ ਸਾਡਾ ਜੀਵਨ ਹੋਰ ਚੰਗੇਰਾ ਬਣ ਸਕੇ। ਪੜ੍ਹਾਈ-ਲਿਖਾਈ ਦਾ ਮਕਸਦ ਹੋਣਾ ਚਾਹੀਦਾ ਹੈ ਕਿ ਸਾਡੀ ਭਾਰਤੀ ਸੰਸਕ੍ਰਿਤੀ,ਸਾਡਾ ਅਮੀਰ ਸੱਭਿਆਚਾਰ ਤੇ ਸਾਡੀ ਮਾਂ ਬੋਲੀ ਹੋਰ ਵਧੇ-ਫੁੱਲੇ ਅਤੇ ਦੁਨੀਆਂ ਦੇ ਹਰ ਕੋਨੇ 'ਚ ਫੈਲੇ। ਇਹ ਬਹੁਤ ਹੀ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਸਾਡੀਆਂ ਕੁਝ ਪੜ੍ਹੀਆਂ-ਲਿਖੀਆਂ ਕੁੜੀਆਂ ਆਪਣਾ ਵਿਰਸੇ ਦਾ ਮਾਣ ਦੱਸੀ ਜਾਂਦੀ ਸੰਗ-ਸ਼ਰਮ ਨੂੰ ਛੱਡ ਕੇ 'ਖੁੱਲ੍ਹ' ਦੇ ਪੱਛਮੀ ਸੰਕਲਪ ਨੂੰ ਅਪਣਾ ਰਹੀਆਂ ਹਨ। 'ਡੇਟ' 'ਤੇ ਜਾਣਾ , 'ਬ੍ਰੇਕਅੱਪ' ਕਰ ਲੈਣਾ ਜਾਂ 'ਲਿਵ ਇਨ ਰਿਲੇਸ਼ਨਸ਼ਿਪ' 'ਚ ਰਹਿਣਾ ਹੁਣ ਉਨ੍ਹਾ ਨੇ ਅਪਨਾਉਣਾ ਸ਼ੁਰੂ ਕਰ ਦਿੱਤਾ ਹੈ ਜਦੋਂ ਕਿ ਭਾਰਤੀ ਸੰਸਕ੍ਰਿਤੀ 'ਚ ਇਨ੍ਹਾ ਚੀਜ਼ਾਂ ਦੀ ਕੋਈ ਥਾਂ ਨਹੀਂ ਹੈ। ਉਹ ਇਹ ਨਹੀਂ ਸਮਝ ਪਾ ਰਹੀਆਂ ਹਨ ਕਿ 'ਮਾਡਰਨ' ਹੋਣ ਦਾ ਮਤਲਬ ਸੋਚ ਤੋਂ ਮਾਡਰਨ ਹੋਣਾ ਹੁੰਦਾ ਹੈ ਨਾ ਕਿ ਘੱਟ ਕੱਪੜੇ ਜਾਂ ਨੰਗੇਜ਼ ਦਰਸਾਉਂਦੇ ਕੱਪੜੇ ਪਹਿਨਣਾ ਜਾਂ ਸਮਾਜ ਲਈ ਢਾਹੂ ਬਿਰਤੀ ਵਾਲੀਆਂ ਤਬਾਹਕੁਨ ਪੱਛਮੀ ਰੀਤੀਆਂ ਨੂੰ ਅਪਨਾਉਣਾ। ਤੀਹ ਕੁ ਸਾਲ ਪਹਿਲਾਂ ਦੀ ਬਨਿਸਪਤ ਅੱਜ ਭਾਰਤ ਵਿੱਚ ਤਲਾਕ ਦੇ ਕੇਸਾਂ ਅਤੇ ਸੱਸ-ਸਹੁਰੇ ਤੋਂ ਵੱਖ ਰਹਿਣ ਵਾਲੀਆਂ ਨੂੰਹਾਂ ਦੀ ਸੰਖਿਆ ਕਾਫੀ ਵਧ ਚੁੱਕੀ ਹੈ। ਇਸਦਾ ਕਾਰਨ ਅਜੋਕੀ ਨਾਰੀ ਦਾ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਜਾਣਾ ਵੀ ਹੈ। ਹੱਕਾਂ ਪ੍ਰਤੀ ਜਾਗਰੂਕ ਹੋਣਾ ਅਤੇ ਹੱਕ ਮੰਗਣਾ ਕੋਈ ਬੁਰੀ ਗੱਲ ਨਹੀਂ ਹੈ ਪਰ ਹੱਕਾਂ ਦੇ ਨਾਲ ਆਪਣੇ ਪਰਿਵਾਰ ਅਤੇ ਸਮਾਜ ਪ੍ਰਤੀ ਫ਼ਰਜ਼ਾਂ ਸਬੰਧੀ ਜਾਗਰੂਕ ਹੋਣਾ ਵੀ ਜ਼ਰੂਰੀ ਹੈ। ਸਹਿਯੋਗ, ਸਹਿਣਸ਼ੀਲਤਾ ਅਤੇ ਸਮਝੌਤਾਵਾਦੀ ਨੀਤੀ ਪੁਰਾਣੀਆਂ ਔਰਤਾਂ ਦੇ ਗੁਣ ਸਨ ਜਿਨ੍ਹਾ ਨੇ ਕਈ ਘਰ ਟੁੱਟਣੋਂ ਬਚਾਅ ਲਏ ਸਨ। ਦਖਾਂਤਕ ਪੱਖ ਇਹ ਹੈ ਕਿ ਤਲਾਕ ਜਾਂ ਪਰਿਵਾਰ ਤੋਂ ਵੱਖ ਹੋਣ ਦੀ ਸਭ ਤੋਂ ਵੱਧ ਪੀੜ ਤਾਂ ਔਰਤ ਨੂੰ ਹੀ ਸਹਾਰਨੀ ਪੈਂਦੀ ਹੈ। ਨੌਕਰੀਸ਼ੁਦਾ ਔਰਤਾਂ ਨੂੰ ਆਪਣੀ ਪੜ੍ਹਾਈ-ਲਿਖਾਈ ਦੀ ਵਰਤੋਂ ਘਰਾਂ ਤੇ ਦਿਲਾਂ ਨੂੰ ਜੋੜਨ ਲਈ ਹੋਣੀ ਚਾਹੀਦੀ ਹੈ ਨਾ ਕਿ ਘਰਾਂ ਤੇ ਦਿਲਾਂ 'ਚ ਕੰਧਾਂ ਖੜੀਆਂ ਕਰਨ ਲਈ। ਇਹ ਇਕ ਕੌੜੀ ਹਕੀਕਤ ਹੈ ਕਿ ਲੋਕ ਅਕਸਰ ਆਖਦੇ ਹਨ-"ਬੇਗਾਨੀ ਧੀ ਨੇ ਆਉਂਦਿਆਂ ਹੀ ਭਰਾਵਾਂ ਵਿੱਚ ਕੰਧ ਕਢਾ ਦਿੱਤੀ "। ਇਹ ਇਲਜ਼ਾਮ ਧੋਣਾ ਹਰ ਔਰਤ ਤੇ ਖ਼ਾਸ ਕਰਕੇ ਪੜ੍ਹੀ-ਲਿਖੀ ਔਰਤ ਦੇ ਹੱਥ ਵਿੱਚ ਹੈ। ਅਖ਼ੀਰ 'ਚ ਇਹ ਸਪੱਸ਼ਟ ਕਰਨਾ ਬਣਦਾ ਹੈ ਕਿ ਪੜ੍ਹਨ ਲਿਖਣ ਦਾ ਮਤਲਬ ਹੁੰਦਾ ਹੈ ਕਿ ਅਸੀਂ ਨਵਾਂ ਗਿਆਨ, ਨਵੀਂ ਸੋਝੀ ਲੈ ਕੇ ਆਪਣੇ ਫ਼ਰਜ਼,ਆਪਣੇ ਕੰਮ ਅਤੇ ਆਪਣੇ ਹੁਨਰ ਨੂੰ ਹੋਰ ਸੁਆਰਨਾ ਹੈ ਤੇ ਉਹ ਹੁਨਰ ਚਾਹੇ ਵਪਾਰਕ ਹੋਵੇ,ਘਰੇਲੂ ਕੰਮ ਦਾ ਹੋਵੇ ਤੇ ਚਾਹੇ ਕਲਾਤਮਕ ਰੁਚੀਆਂ ਵਾਲਾ ਹੋਵੇ।ਸਮੇਂ ਦੀ ਲੋੜ ਹੈ ਕਿ ਔਰਤਾਂ ਆਪਣੀ ਪੜ੍ਹਾਈ-ਲਿਖਾਈ ਨੂੰ ਔਗੁਣ ਨਾ ਬਣਾਉਣ ਅਤੇ ਇਸ ਤੋਂ ਫ਼ਾਇਦਾ ਲੈ ਕੇ ਆਪਣੇ ਮਾਪਿਆਂ, ਸੱਸ-ਸਹੁਰੇ, ਪਤੀ ਅਤੇ ਬੱਚਿਆਂ ਦੇ ਦਿਲ ਜਿੱਤਣ ਦੀ ਕੋਸ਼ਿਸ ਕਰਨ ਅਤੇ ਘਰ ਨੂੰ ਸਵਰਗ ਬਣਾਉਣ ਲਈ ਪੂਰੀ ਵਾਹ ਲਗਾ ਦੇਣ ਤਾਂ ਕਿ ਪੜ੍ਹਾਈ-ਲਿਖਾਈ ਦੇ ਸਹੀ ਮਾਅਨੇ ਸਮਾਜ ਨੂੰ ਸਮਝਾਏ ਜਾ ਸਕਣ।

# ਜੀਵਨ ਜੁਗਤਿ ਸਮਾਗਮ ਦੌਰਾਨ ਹੈੱਡ ਗ੍ਰੰਥੀ ਗਿ. ਰਘਬੀਰ ਸਿੰਘ ਦਾ ਸਨਮਾਨ



ਅੰਮ੍ਰਿਤਸਰ, 22 ਅਗਸਤ (ਬਬਲੂ ਮਹਾਜਨ): ਜੁੱਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜੀਵਨ ਜੁਗਤਿ ਸਮਾਗਮਾਂ ਦੀ 6 ਜੁਲਾਈ ਤੋਂ 23 ਅਗਸਤ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਖੁਸ਼ੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਤਿੰਨ ਸੌ ਪੰਜਾਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸ਼ਹਿਰ ਦੇ ਵੱਖ ਵੱਖ ਅਸਥਾਨਾਂ ਤੇ ਚਲ ਰਹੀ ਧਾਰਮਿਕ ਦੀਵਾਨਾ ਦੀ ਲੜੀ ਤਹਿਤ 21 ਅਗਸਤ ਦੇ ਦੀਵਾਨ ਸਚਖੰਡ ਵਾਸੀ ਬਾਬਾ ਜੈਮਲ ਸਿੰਘ ਜੀ ਭੂਰੀ ਵਾਲਿਆਂ ਦੇ ਤਪ ਅਸਥਾਨ ਤਰਨ ਤਾਰਨ ਰੋਡ ਸਥਿਤ ਡੇਰਾ ਸੰਤ ਬਾਬਾ ਭੂਰੀ ਵਾਲਾ ਵਿਖੇ ਰਾਤ 7 ਵਜੇ ਤੋਂ 10 ਵਜੇ ਤੱਕ ਸਜਾਏ ਗਏ।ਇਹ ਮਹਾਨ ਕਾਰਜ ਸਿੱਖ ਕੌਮ ਦੀ ਸਿਰਮੌਰ ਸੰਸਥਾ ਤੇ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀਂ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਸ੍ਰੀ ਦਰਬਾਰ ਦੇ ਸਹਿਯੋਗ ਅਤੇ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਰਜਿ: ਸ੍ਰੀ ਅੰਮ੍ਰਿਤਸਰ ਸੁਸਾਇਟੀ ਦੇ ਮੁੱਖ ਸੇਵਾਦਾਰ ਰਜਿੰਦਰ ਸਿੰਘ, ਸਰਪ੍ਰਸਤ ਤੇ ਮੋਢੀ ਜਸਬੀਰ ਸਿੰਘ ਬੈਂਕ ਵਾਲਿਆਂ ਦੀ ਸਰਪ੍ਰਸਤੀ ਹੇਠ ਲਗਪਗ ਚਾਰ ਦਹਾਕਿਆਂ ਤੋਂ ਹਰ ਸਾਲ ਕਰਵਾਏ ਜਾ ਰਹੇ ਹਨ। ਜਿਸ ਵਿਚ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ,ਪੰਥ ਪ੍ਰਸਿੱਧ ਕੀਰਤਨੀਏ, ਮਹਾਨ ਕਥਾਵਾਚਕ, ਸੰਤ ਮਹਾਂਪੁਰਸ਼ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੀ ਛਹਿਬਰ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।24 ਅਗਸਤ ਸਵੇਰੇ ਮੁੱਢ ਕਦੀਮਾਂ ਤੋਂ ਚਲੀ ਆ ਰਹੀ ਪ੍ਰੰਪਰਾ ਅਨੁਸਾਰ ਸਵੇਰੇ 7 ਵਜੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੁਨਿਹਰੀ ਪਾਲਕੀ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਲੌਕਿਕ ਨਗਰ ਕੀਰਤਨ ਆਰੰਭ ਹੋਵੇਗਾ।ਜੋ ਪੁਰਾਤਨ ਰਸਤੇ ਬਜਾਰ ਰਾਮਸਰ, ਚੌਂਕ ਬਾਬਾ ਸਾਹਿਬ, ਚੌਂਕ ਕਰੋੜੀ, ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ , ਅਤੇ ਸ੍ਰੀ ਗੁਰੂ ਰਾਮਦਾਸ ਸਰਾਂ ਤੋਂ ਹੁੰਦਾ ਹੋਇਆ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸੰਪੰਨ ਹੋਵੇਗਾ। ਸ੍ਰ ਰਜਿੰਦਰ ਸਿੰਘ ਨੇ ਦੱਸਿਆ ਕਿ ਜਿਉਂ ਜਿਉਂ ਇਹ ਦਿਹਾੜਾ ਨਜ਼ਦੀਕ ਆ ਰਿਹਾ ਹੈ ਤਿਉਂ ਤਿਉਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਵਧਦਾ ਜਾ ਰਿਹਾ ਹੈ। ਇਲਾਕੇ ਦੀਆਂ ਸੰਗਤਾਂ ਵੱਲੋਂ ਗੁਰੂ ਸਾਹਿਬ ਜੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਸਾਫ਼ ਸਫ਼ਾਈ ਦੇ ਨਾਲ ਨਾਲ ਆਪਣੇ ਘਰਾਂ ਦੇ ਬਾਹਰ ਰੰਗ ਬਿਰੰਗੀ ਲਾਈਟਾਂ ਅਤੇ ਵੰਨ ਸੁਵੰਨੇ ਫੁੱਲਾਂ ਨਾਲ ਸ਼ਿੰਗਾਰਿਆ ਜਾ ਰਿਹਾ ਹੈ।ਜਿਲਾ ਪੁਲਿਸ ਪ੍ਰਸ਼ਾਸਨ ਵਲੋਂ ਵੀ ਇਸ ਮਹਾਨ ਦਿਹਾੜੇ ਮੌਕੇ ਬਹੁਤ ਭਾਰੀ ਗਿਣਤੀ ਵਿੱਚ ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਟ੍ਰੈਫਿਕ ਨੂੰ ਸੁਚਾਰੂ ਢੰਗ ਕੰਟਰੋਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾ ਰਿਹਾ ਹੈ। ਪ੍ਰਮੁੱਖ ਸਖਸ਼ੀਅਤਾਂ ਨੂੰ ਸੰਸਥਾ ਦੇ ਅਹੁਦੇਦਾਰਾਂ ਵੱਲੋਂ ਉਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਉਨ੍ਹਾਂ ਦੱਸਿਆ ਕਿ 22 ਅਗਸਤ ਦੇ ਦੀਵਾਨ ਸੁਲਤਾਨ ਵਿੰਡ ਰੋਡ ਸਥਿਤ ਗੁਰਦੁਆਰਾ ਬਾਬਾ ਸੇਵਾ ਸਿੰਘ ਹਾਲ ਅਜੀਤ ਨਗਰ ਵਿਖੇ ਸ਼ਾਮ 6 ਤੋਂ 9.30 ਵਜੇ ਤੱਕ ਸਜਾਏ ਜਾਣਗੇ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵਲੋਂ ਬੱਸਾਂ ਦੇ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਹਨ ਇਹ ਬੱਸਾਂ ਚਾਟੀਵਿੰਡ ਸਥਿਤ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਨਜ਼ਦੀਕ ਸ਼੍ਰੋਮਣੀ ਕਮੇਟੀ ਦੇ ਅਧੀਨ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਤੋਂ ਬਾਅਦ ਸ਼ਾਮ 5 ਵਜੇ ਸੰਗਤਾਂ ਨੂੰ ਸਮਾਗਮ ਸਥਾਨ ਤੇ ਲੈ ਕੇ ਜਾਣ ਤੇ ਵਾਪਸ ਲਿਆਉਣ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਜਿੰਨ੍ਹਾਂ ਵਿੱਚ ਸੁਰਜੀਤ ਸਿੰਘ, ਸੁਖਵਿੰਦਰ ਸਿੰਘ, ਜੀਵਨ ਸਿੰਘ, ਹਰਪ੍ਰੀਤ ਸਿੰਘ ਲਾਡੀ ਜ਼ਿਕਰਯੋਗ ਹਨ। ਮੈਨੇਜਰ ਬਿਕਰਮਜੀਤ ਸਿੰਘ ਨੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਤੇ ਸ਼ਹਿਰ ਦੀਆਂ ਸਮੂਹ ਧਾਰਮਿਕ ਸਭਾ ਸੁਸਾਇਟੀਆ ਇਲਾਕਾ ਨਿਵਾਸੀਆਂ ਸਿੰਘ ਸਭਾਵਾਂ ਦੇ ਮੁੱਖੀਆਂ ਨੂੰ ਨਿਮਰਤਾ ਸਹਿਤ ਅਪੀਲ/ ਬੇਨਤੀ ਕੀਤੀ ਕਿ ਅੰਮ੍ਰਿਤ ਵਰਖਾ ਦੇ ਮਹਾਨ ਕੁੰਭ ਵਿਚ ਹਾਜ਼ਰੀਆਂ ਭਰ ਕੇ ਆਪਣੇ ਜੀਵਨ ਨੂੰ ਸਫਲਾ ਕਰੋ। ਉਨ੍ਹਾਂ ਵੱਖ ਵੱਖ ਸੇਵਾਵਾਂ ਨਿਭਾਉਣ ਵਾਲੇ ਗੁਰਮੁੱਖ ਵੀਰਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਦਾ ਧੰਨਵਾਦ ਕਰਦਿਆਂ ਜੀ ਆਇਆਂ ਕਿਹਾ। ਗੁਰੂ ਕਾ ਲੰਗਰ ਅਤੁੱਟ ਲਗਾਇਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ



ਅੰਮ੍ਰਿਤਸਰ, 22 ਅਗਸਤ (ਗੁਰਦਿਆਲ ਸਿੰਘ): ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿਚ ਅੱਜ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ, ਹੈੱਡ ਗ੍ਰੰਥੀ ਗਿਆਨੀ ਸੁਰਜੀਤ ਸਿੰਘ ਸਭਰਾ ਅਤੇ ਗਿਆਨੀ ਨਿਰਮਲ ਸਿੰਘ ਸਮੇਤ ਸੰਗਤਾਂ ਮੌਜੂਦ ਸਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਗੁਰਪੁਰਬ 24 ਅਗਸਤ 2025 ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ, ਜਿਸ ਦੇ ਭੋਗ ਮਗਰੋਂ 24 ਅਗਸਤ ਨੂੰ ਪੁਰਾਤਨ ਪ੍ਰੰਪਰਾ ਅਨੁਸਾਰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਜਾਵੇਗਾ। ਇਨ੍ਹਾਂ ਸਮਾਗਮਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਸਮੇਤ ਸਿੰਘ ਸਾਹਿਬਾਨ ਤੇ ਪ੍ਰਮੁੱਖ ਸਖਸੀਅਤਾਂ ਹਾਜਰੀ ਭਰਨਗੀਆਂ। ਉਨ੍ਹਾਂ ਸੰਗਤਾਂ ਨੂੰ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਭਾਈ ਦਿਲਰਾਜ ਸਿੰਘ, ਬਲਦੇਵ ਸਿੰਘ ਧੁੰਨ, ਜਗਜੀਤ ਸਿੰਘ, ਤਲਵਿੰਦਰ ਸਿੰਘ ਆਦਿ ਹਾਜਰ ਸਨ।

# ਹੈਂਡ ਗ੍ਰਨੇਡ, ਪਿਸਤੌਲ ਤੇ ਜ਼ਿੰਦਾ ਰੌਂਦ ਸਮੇਤ ਇੱਕ ਕਾਬੂ



ਚੋਗਾਵਾਂ, 22 ਅਗੱਸਤ (ਸੁਬੇਗ ਸਿੰਘ ਸੋਨਾ): ਪੁਲਿਸ ਦੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਕੇਂਦਰੀ ਏਜੰਸੀਆਂ ਨਾਲ ਸਾਂਝੇ ਆਪਰੇਸ਼ਨ ਦੌਰਾਨ ਖੁਫੀਆ ਜਾਣਕਾਰੀ ਤੇ ਕਾਰਵਾਈ ਕਰਦਿਆਂ ਹੈਂਡ ਗ੍ਰਨੇਡ, ਪਿਸਤਲ ਤੇ ਜਿੰਦਾ ਰੌਂਦ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਿਲ ਕੀਤੀ ਹੈ। ਇਸ ਸਬੰਧੀ ਡੀਐਸਪੀ ਰਾਜਾਸਾਂਸੀ ਇੰਦਰਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਕਿ ਮਲਕੀਤ ਸਿੰਘ ਜੋ ਨਾਮਵਰ ਗੈਂਗਸਟਰ ਹਰਵਿੰਦਰ ਰਿੰਦਾ ਜੋ ਇਸ ਵਕਤ ਪਾਕਿਸਤਾਨ ਰਹਿ ਰਿਹਾ ਹੈ ਦੇ ਸੰਪਰਕ ਵਿੱਚ ਹੈ। ਜਿਸ ਨੇ ਨਾਮਵਰ ਗੈਂਗਸਟਰ ਹਰਵਿੰਦਰ ਸਿੰਘ ਰਿੰਦਾ ਦੇ ਕਹਿਣ ਤੇ ਕੁਝ ਦਿਨ ਪਹਿਲਾਂ ਕਿਸੇ ਲੋਕੇਸ਼ਨ ਤੇ ਇੱਕ ਹੈਂਡ ਗਰਨੇਡ, ਇੱਕ ਵਿਦੇਸ਼ੀ ਪਿਸਟਲ ਅਤੇ ਮੈਗਜ਼ੀਨ ਸਮੇਤ 10 ਜਿੰਦਾ ਰੌਂਦ ਚੁੱਕੇ ਹਨ। ਜੋ ਅੱਜ ਮਲਕੀਤ ਸਿੰਘ ਉਕਤ ਹੈਂਡ ਗ੍ਰਨੇਡ, ਪਿਸਟਲ ਅਤੇ ਜਿੰਦਾ ਰੌਂਦ ਲੈ ਕੇ ਮੋਟਰਸਾਈਕਲ ਤੇ ਸਵਾਰ ਹੋ ਕੇ ਪਿੰਡ ਪੰਡੋਰੀ ਤੋਂ ਬੱਚੀਵਿੰਡ, ਕਿ ਰ ਲ ਗ ੜ੍ਹ ਨੂੰ ਆ ਰਿਹਾ ਹੈ। ਜਿਸ ਤੇ ਕਾਰਵਾਈ ਕਰਦਿਆਂ ਏ.ਐਸ ਆਈ ਮਨਜਿੰਦਰ ਸਿੰਘ ਪੁਲਿਸ ਪਾਰਟੀ ਵੱਲੋਂ ਯੋਜਨਾਬੱਧ ਤਰੀਕੇ ਨਾਲ ਨਾਕਾਬੰਦੀ ਕਰਕੇ ਮਲਕੀਤ ਸਿੰਘ ਕੀਤੂ ਪੁੱਤਰ ਜੰਗ ਸਿੰਘ ਵਾਸੀ ਪੰਡੋਰੀ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਪੁਲਿਸ ਥਾਣਾ ਲੋਪੋਕੇ ਵਿਖੇ 25 (8)-54-59 49 ਅਸਲਾ ਐਕਟ, 3,4,5 ਐਕਸਪਲੋਸਿਵ ਸਬਸਟਾਸ ਐਕਟ 1908 ਅਧੀਨ ਮੁਕਦਮਾ ਦਰਜ ਕਰਕੇ ਪੂਰੇ ਨੈੱਟਵਰਕ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

## ਜਸਵਿੰਦਰ ਭੱਲਾ ਦੇ ਤੁਰ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ : ਡਾ. ਸੈਣੀ



ਨਵਾਂਸ਼ਹਿਰ, 22 ਅਗਸਤ (ਸੁਖਦੇਵ ਸਿੰਘ ਉੜਾਪੜ): ਪੰਜਾਬ ਲਈ ਉਸ ਸਮੇਂ ਮਨਹੂਦ ਦਿਨ ਚੜ੍ਹਿਆ ਜਦੋਂ ਪੰਜਾਬੀ ਕ ਲਾ ਕਾ ਰ ਜਸਵਿੰਦਰ ਭੱਲਾ ਇਸ ਜਹਾਨ ਨੂੰ ਅਲਵਿਦਾ ਕਹਿ ਗਏ। ਇਸ ਦੀ ਘੜੀ ਵਿੱਚ ਦੁੱਖ ਸਾਂਝਾ ਕਰਦੇ ਡਾਕਟਰ ਗੁਰਨਾਮ ਸਿੰਘ ਸੈਣੀ ਦੱਸਿਆ ਮਰਹੂਮ ਕਲਾਕਾਰ ਜਸਵਿੰਦਰ ਭੱਲਾ ਨੇ ਲੰਬਾ ਸਮਾਂ ਪੰਜਾਬੀ ਸੱਭਿਆਚਾਰ ਲਈ ਕੰਮ ਕੀਤਾ ਅਤੇ ਲੋਕਾਂ ਦੇ ਮਸਲਿਆਂ ਨੂੰ ਕਮੇਡੀਅਨ ਰਾਹੀਂ ਜੱਗ ਜਾਹਿਰ ਕੀਤਾ ਅਤੇ ਲੋਕਾਂ ਨੂੰ ਹਸਾਇਆ। ਇਹਨਾਂ ਦੇ ਤੁਰ ਜਾਣ ਨਾਲ ਜਿੱਥੇ ਫਿਲਮ ਇੰਡਸਟਰੀ ਨੂੰ ਘਾਟਾ ਪਿਆ ਉੱਥੇ ਪੰਜਾਬ ਨੂੰ ਵੀ ਬਹੁਤ ਘਾਟਾ ਪਿਆ ਡਾਕਟਰ ਸੈਣੀ ਨੇ ਦੱਸਿਆ ਕਮੇਡੀਅਨ ਜਸਵਿੰਦਰ ਭਲਾ ਨੇ ਜਿੱਥੇ ਛਣਕਟਾ ਲੋਕਾਂ ਦੀ ਝੋਲੀ ਚ ਪਾਇਆ ਉਥੇ ਅਨੇਕਾਂ ਫਿਲਮਾਂ ਵਿੱਚ ਕੰਮ ਕੀਤਾ ਹੈ। ਜਸਵਿੰਦਰ ਭੱਲਾ ਨੇ ਸਾਫ ਸੁਥਰੀਆਂ ਫਿਲਮਾਂ ਦੀ ਪੇਸ਼ਕਾਰੀ ਕਰਕੇ ਫਿਲਮ ਜਗਤ ਵਿੱਚ ਪੰਜਾਬ ਦਾ ਨਾਮ ਰੋਸ਼ਨ ਕੀਤਾ ਜਿਸ ਸਦਕਾ ਲੋਕ ਪੰਜਾਬੀ ਫਿਲਮਾਂ ਨੂੰ ਪਸੰਦ ਕਰ ਰਹੇ ਹਨ।

## ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ — ਪੰਜਾਬ ਸਟੇਟ ਡੀਅਰ 50 ਕੌਲਟ ਸ਼ੁੱਕਰਵਾਰ ਹਫਤਾਵਾਰੀ ਲਾਟਰੀ ਦਾ ਨਤੀਜਾ — ਡਰਾਅ ਮਿਤੀ : 22.08.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)

B 13543

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)

24716 29520 31728 34401 43855 46720 58023 62269 67403 75470

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖ਼ਰੀ 4 ਅੰਕਾਂ 'ਤੇ)

0314 1768 4880 5126 7188

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖ਼ਰੀ 4 ਅੰਕਾਂ 'ਤੇ)

0277 1190 1669 1693 2620 4604 4823 5527 9847 9853

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖ਼ਰੀ 4 ਅੰਕਾਂ 'ਤੇ)

0562 0844 1138 2861 3049 4081 4740 6693 7647 7709

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖ਼ਰੀ 4 ਅੰਕਾਂ 'ਤੇ)

0142 0534 0967 1007 4611 5253 6900 7404 8553 9178

ਸੱਤਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖ਼ਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 0003 | 0007 | 0031 | 0072 | 0077 | 0111 | 0118 | 0123 | 0125 | 0131 |
| 0143 | 0163 | 0175 | 0201 | 0232 | 0248 | 0267 | 0278 | 0313 | 0322 |
| 0325 | 0334 | 0344 | 0346 | 0349 | 0362 | 0364 | 0381 | 0397 | 0400 |
| 0419 | 0437 | 0474 | 0480 | 0494 | 0498 | 0509 | 0510 | 0516 | 0518 |
| 0524 | 0537 | 0538 | 0549 | 0552 | 0553 | 0565 | 0573 | 0583 | 0584 |
| 0593 | 0597 | 0602 | 0608 | 0611 | 0613 | 0616 | 0625 | 0635 | 0648 |
| 0658 | 0698 | 0705 | 0706 | 0715 | 0718 | 0734 | 0766 | 0776 | 0836 |
| 0837 | 0859 | 0875 | 0894 | 0905 | 0912 | 0913 | 0919 | 0929 | 0941 |
| 0961 | 0975 | 0977 | 0987 | 0989 | 0991 | 0999 | 1003 | 1012 | 1013 |
| 1026 | 1063 | 1076 | 1114 | 1147 | 1177 | 1185 | 1186 | 1198 | 1206 |
| 1210 | 1228 | 1232 | 1238 | 1240 | 1247 | 1265 | 1267 | 1269 | 1271 |
| 1329 | 1336 | 1345 | 1351 | 1355 | 1356 | 1359 | 1362 | 1371 | 1379 |
| 1385 | 1397 | 1452 | 1463 | 1471 | 1474 | 1478 | 1481 | 1486 | 1487 |
| 1496 | 1508 | 1516 | 1517 | 1519 | 1531 | 1558 | 1576 | 1579 | 1617 |
| 1663 | 1665 | 1680 | 1685 | 1687 | 1732 | 1764 | 1778 | 1779 | 1783 |
| 1789 | 1813 | 1815 | 1844 | 1858 | 1860 | 1870 | 1882 | 1883 | 1904 |
| 1919 | 1924 | 1929 | 1932 | 1936 | 1944 | 1963 | 1964 | 1968 | 1974 |
| 2004 | 2027 | 2032 | 2050 | 2064 | 2067 | 2076 | 2080 | 2089 | 2115 |
| 2147 | 2153 | 2171 | 2185 | 2197 | 2199 | 2210 | 2261 | 2269 | 2272 |
| 2278 | 2295 | 2313 | 2324 | 2326 | 2339 | 2351 | 2353 | 2358 | 2359 |
| 2367 | 2375 | 2379 | 2407 | 2408 | 2418 | 2429 | 2431 | 2433 | 2435 |
| 2454 | 2457 | 2458 | 2462 | 2465 | 2490 | 2545 | 2553 | 2573 | 2574 |
| 2581 | 2585 | 2598 | 2605 | 2612 | 2640 | 2677 | 2678 | 2697 | 2700 |
| 2701 | 2721 | 2723 | 2731 | 2744 | 2753 | 2765 | 2769 | 2784 | 2791 |
| 2840 | 2865 | 2871 | 2956 | 2967 | 2983 | 2992 | 3031 | 3033 | 3059 |
| 3060 | 3073 | 3087 | 3126 | 3156 | 3172 | 3186 | 3190 | 3205 | 3207 |
| 3241 | 3254 | 3261 | 3270 | 3271 | 3273 | 3288 | 3303 | 3320 | 3325 |
| 3335 | 3336 | 3357 | 3368 | 3372 | 3384 | 3412 | 3418 | 3425 | 3442 |
| 3461 | 3473 | 3516 | 3517 | 3536 | 3539 | 3556 | 3558 | 3561 | 3567 |
| 3594 | 3596 | 3615 | 3624 | 3633 | 3636 | 3671 | 3677 | 3697 | 3700 |
| 3702 | 3709 | 3710 | 3716 | 3728 | 3733 | 3734 | 3742 | 3761 | 3766 |
| 3776 | 3797 | 3810 | 3838 | 3886 | 3893 | 3907 | 3909 | 3920 | 3921 |
| 3925 | 3947 | 3968 | 3977 | 3979 | 4006 | 4020 | 4024 | 4026 | 4027 |
| 4033 | 4047 | 4061 | 4074 | 4080 | 4092 | 4098 | 4106 | 4140 | 4141 |
| 4145 | 4180 | 4219 | 4223 | 4238 | 4243 | 4258 | 4259 | 4280 | 4281 |
| 4287 | 4296 | 4300 | 4307 | 4311 | 4317 | 4340 | 4341 | 4342 | 4346 |
| 4386 | 4408 | 4457 | 4469 | 4483 | 4492 | 4495 | 4496 | 4510 | 4511 |
| 4521 | 4531 | 4533 | 4556 | 4571 | 4573 | 4575 | 4593 | 4617 | 4618 |
| 4635 | 4639 | 4640 | 4648 | 4680 | 4682 | 4699 | 4718 | 4725 | 4727 |
| 4732 | 4747 | 4768 | 4784 | 4791 | 4799 | 4818 | 4846 | 4858 | 4864 |
| 4877 | 4878 | 4893 | 4906 | 4914 | 4925 | 4928 | 4932 | 4934 | 4953 |
| 4973 | 4981 | 5011 | 5023 | 5024 | 5026 | 5042 | 5068 | 5077 | 5079 |
| 5083 | 5086 | 5100 | 5105 | 5146 | 5158 | 5160 | 5161 | 5164 | 5180 |
| 5189 | 5212 | 5218 | 5228 | 5249 | 5279 | 5291 | 5312 | 5314 | 5328 |
| 5329 | 5364 | 5382 | 5398 | 5405 | 5452 | 5471 | 5477 | 5483 | 5495 |
| 5506 | 5516 | 5523 | 5525 | 5535 | 5568 | 5590 | 5592 | 5598 | 5618 |
| 5673 | 5675 | 5693 | 5727 | 5735 | 5737 | 5750 | 5753 | 5772 | 5782 |
| 5788 | 5790 | 5795 | 5808 | 5849 | 5851 | 5860 | 5862 | 5868 | 5877 |
| 5880 | 5881 | 5892 | 5894 | 5901 | 5916 | 5925 | 5941 | 5958 | 5983 |
| 5988 | 6063 | 6071 | 6086 | 6090 | 6095 | 6099 | 6111 | 6169 | 6171 |
| 6173 | 6183 | 6190 | 6253 | 6256 | 6269 | 6291 | 6333 | 6337 | 6338 |
| 6346 | 6359 | 6376 | 6396 | 6408 | 6413 | 6422 | 6432 | 6442 | 6447 |
| 6449 | 6481 | 6509 | 6556 | 6559 | 6590 | 6596 | 6597 | 6627 | 6657 |
| 6660 | 6673 | 6687 | 6710 | 6723 | 6729 | 6744 | 6750 | 6774 | 6779 |
| 6791 | 6799 | 6830 | 6831 | 6837 | 6864 | 6880 | 6883 | 6891 | 6892 |
| 6906 | 6911 | 6913 | 6930 | 6939 | 6953 | 6957 | 6966 | 6970 | 6975 |
| 6982 | 6999 | 7002 | 7019 | 7023 | 7039 | 7043 | 7044 | 7047 | 7056 |
| 7088 | 7089 | 7138 | 7141 | 7147 | 7152 | 7155 | 7163 | 7165 | 7200 |
| 7283 | 7284 | 7287 | 7302 | 7303 | 7329 | 7333 | 7336 | 7381 | 7386 |
| 7388 | 7393 | 7412 | 7430 | 7449 | 7454 | 7466 | 7480 | 7484 | 7490 |
| 7507 | 7511 | 7523 | 7603 | 7628 | 7640 | 7643 | 7644 | 7648 | 7684 |
| 7702 | 7706 | 7707 | 7771 | 7773 | 7783 | 7787 | 7789 | 7790 | 7801 |
| 7802 | 7805 | 7813 | 7814 | 7830 | 7839 | 7851 | 7881 | 7882 | 7884 |
| 7885 | 7886 | 7923 | 7939 | 7964 | 7975 | 7991 | 8008 | 8020 | 8025 |
| 8034 | 8036 | 8057 | 8089 | 8106 | 8120 | 8121 | 8155 | 8159 | 8160 |
| 8167 | 8176 | 8183 | 8202 | 8208 | 8218 | 8220 | 8225 | 8230 | 8233 |
| 8242 | 8249 | 8254 | 8258 | 8265 | 8267 | 8344 | 8356 | 8373 | 8381 |
| 8387 | 8393 | 8395 | 8397 | 8404 | 8418 | 8444 | 8492 | 8497 | 8534 |
| 8543 | 8561 | 8566 | 8580 | 8584 | 8585 | 8600 | 8610 | 8611 | 8624 |
| 8627 | 8632 | 8652 | 8656 | 8676 | 8679 | 8683 | 8686 | 8699 | 8703 |
| 8710 | 8728 | 8729 | 8730 | 8733 | 8738 | 8751 | 8752 | 8767 | 8769 |
| 8805 | 8835 | 8872 | 8879 | 8909 | 8912 | 8927 | 8929 | 8941 | 8989 |
| 8994 | 9012 | 9023 | 9026 | 9037 | 9047 | 9050 | 9052 | 9070 | 9085 |
| 9089 | 9092 | 9093 | 9101 | 9105 | 9129 | 9134 | 9141 | 9144 | 9177 |
| 9185 | 9199 | 9202 | 9221 | 9224 | 9264 | 9291 | 9299 | 9324 | 9326 |
| 9353 | 9354 | 9384 | 9388 | 9391 | 9392 | 9419 | 9427 | 9464 | 9481 |
| 9489 | 9496 | 9499 | 9500 | 9509 | 9526 | 9568 | 9577 | 9580 | 9586 |
| 9596 | 9601 | 9636 | 9644 | 9684 | 9689 | 9690 | 9696 | 9719 | 9731 |
| 9732 | 9750 | 9763 | 9772 | 9778 | 9795 | 9796 | 9823 | 9828 | 9830 |
| 9842 | 9852 | 9885 | 9887 | 9888 | 9889 | 9895 | 9979 | 9987 | 9990 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼


## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਈ-ਨੀਲਾਮੀ ਕੀਤੀ ਜਾਵੇਗੀ (ਟੇਬਲ ਅਨੁਸਾਰ)। ਜਿਸ ਦਾ ਵੇਰਵਾ ਵੈਬਸਾਈਟ IREPS ਉਤੇ ਮੌਜੂਦ ਹੈ। ਈ-ਨੀਲਾਮੀ ਲੀਜਿੰਗ ਦੀ ਬਿਆਨਾ ਰਾਸ਼ੀ, ਬੋਲੀ ਦੀ 5% ਹੋਵੇਗੀ ਅਤੇ ਬੋਲੀ, ਘਟ ਤੋਂ ਘਟ ਬੋਲੀ ਮੁੱਲ ਤੋਂ 0.2% ਵਧਾ ਕੇ ਲਗਾਉਣੀ ਹੋਵੇਗੀ।

ਨੀਲਾਮੀ ਕੈਟਲਾਗ ਨੰ.: UMB-Cat-08-2025 — ਰੇਟ ਯੂਨਿਟ: ਸਲਾਨਾ ਲਾਈਸੈਂਸ ਫੀਸ

ਨੀਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ: 04.09.2025 ਨੂੰ 12:00 ਵਜੇ

| ਲ. ਨੰ. | ਲਾਟ ਨੰ. ਅਤੇ ਵੇਰਵਾ | ਨੀਲਾਮੀ ਸਮਾਪਤ ਹੋਣ ਦੀ ਮਿਤੀ ਤੇ ਸਮਾਂ |
|---|---|---|
| 1 | Catg-UMB-MOT-GMU-12-23-1 (ਖਾਨ ਪਾਨ-ਜਨਰਲ ਮਾਈਨਰ ਯੂਨਿਟ (GMU) (Size 10'X6') ਪਲੇਟਫਾਰਮ ਨੰ. 1 ਮਲੋਟ ਰੇਲਵੇ ਸਟੇਸ਼ਨ ਉਤੇ | 04.09.2025 ਨੂੰ 12:30 ਵਜੇ |
| 2 | Catg-UMB-MET-GMU-169-25-1 (ਖਾਨ ਪਾਨ-ਜਨਰਲ ਮਾਈਨਰ ਯੂਨਿਟ (GMU) (Size 10'X6') ਸਟਾਲ ਨੰ. 1 ਪਲੇਟਫਾਰਮ ਨੰ. 1 ਮਲੇਰਕੋਟਲਾ ਰੇਲਵੇ ਸਟੇਸ਼ਨ ਉਤੇ | 04.09.2025 ਨੂੰ 12:30 ਵਜੇ |
| 3 | Catg-UMB-KNN-SMU-166-25-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (SMU) ਅਨੁਸੂਚਿਤ ਜਾਤੀ (ਸੁਤੰਤਰਤਾ ਸੈਨਾਨੀ, ਯੁਧ ਵਿਚ ਸ਼ਹੀਦ ਦੀ ਵਿਧਵਾ, ਰੇਲ ਕਰਮਚਾਰੀ ਦੀ ਵਿਧਵਾ) ਸ਼੍ਰੇਣੀ ਦੇ ਲਈ (Size 10' X 6') ਪਲੇਟਫਾਰਮ ਨੰ. 1 ਖੰਨਾ ਰੇਲਵੇ ਸਟੇਸ਼ਨ ਉਤੇ | 04.09.2025 ਨੂੰ 12:30 ਵਜੇ |
| 4 | Catg-UMB-KLM-SMU-19-23-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (SMU) (Size 10' X 6') ਘਟ ਗਿਣਤੀ ਮਹਿਲਾ ਦੇ ਲਈ Circulating area ਕਾਲਕਾ ਰੇਲਵੇ ਸਟੇਸ਼ਨ | 04.09.2025 ਨੂੰ 12:30 ਵਜੇ |
| 5 | Catg-UMB-NLDM-SMU-162-25-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (SMU) (Size 10' X 6') ਅਨੁਸੂਚਿਤ ਜਨਜਾਤੀ ਮਹਿਲਾ ਪਲੇਟਫਾਰਮ ਨੰ. 1 ਨੰਗਲ ਡੈਮ ਰੇਲਵੇ ਸਟੇਸ਼ਨ ਉਤੇ | 04.09.2025 ਨੂੰ 12:30 ਵਜੇ |
| 6 | Catg-UMB-PTA-SMU-59-24-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (SMU) (Size 10' X 6') ਅਨੁਸੂਚਿਤ ਜਾਤੀ ਸ਼੍ਰੇਣੀ ਦੇ ਲਈ ਸਟਾਲ ਨੰ. 12 ਪਲੇਟਫਾਰਮ ਨੰ. 1 ਪਟਿਆਲਾ ਰੇਲਵੇ ਸਟੇਸ਼ਨ ਉਤੇ | 04.09.2025 ਨੂੰ 12:30 ਵਜੇ |
| 7 | Catg-UMB-BXC-SMU-167-25-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (SMU) (Size 10' X 6') ਅਨੁਸੂਚਿਤ ਜਾਤੀ ਮਹਿਲਾ ਪਲੇਟਫਾਰਮ ਨੰ. 1 ਬਰਨਾਲਾ ਰੇਲਵੇ ਸਟੇਸ਼ਨ ਉਤੇ | 04.09.2025 ਨੂੰ 12:30 ਵਜੇ |
| 8 | Catg-UMB-RPJ-SMU-164-25-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (SMU) ਦਿਵਯਾਂਗ ਮਹਿਲਾ ਦੇ ਲਈ size of stall is 13 "2 X 13 "2 circulating area ਰਾਜਪੁਰਾ ਰੇਲਵੇ ਸਟੇਸ਼ਨ ਉਤੇ | 04.09.2025 ਨੂੰ 12:30 ਵਜੇ |
| 9 | Catg-UMB-ANSB-SMU-163-25-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (SMU) (Size 10' X 6') ਹੋਰ ਪਿਛੜਾ ਵਰਗ ਪਲੇਟਫਾਰਮ ਨੰ. 1 ਆਨੰਦਪੁਰ ਰੇਲਵੇ ਸਟੇਸ਼ਨ ਉਤੇ | 04.09.2025 ਨੂੰ 12:30 ਵਜੇ |

ਈ-ਨੀਲਾਮੀ ਦੀ ਵਧੇਰੇ ਜਾਣਕਾਰੀ ਲਈ ਸਾਰੇ ਭਾਵੀ ਨਿਵਿਦਾਕਰਤਾ ਰੇਲਵੇ ਵੈਬਸਾਈਟ www.ireps.gov.in ਨੂੰ ਦੇਖੋ। 2567/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਸ੍ਰੀ ਗੁਰੂ ਰਾਮ ਦਾਸ ਚੈਰੀਟੇਬਲ ਹਸਪਤਾਲ ਵਿਖੇ ਹੈਡ ਨੇਕ ਤੇ ਕੈਂਸਰ ਸਿੰਪੋਜ਼ੀਅਮ ਕਰਵਾਇਆ




ਅੰਮ੍ਰਿਤਸਰ, 22 ਅਗਸਤ (ਬਬਲੂ ਮਹਾਜਨ): ਸ੍ਰੀ ਗੁਰੂ ਰਾਮ ਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਸ੍ਰੀ ਅੰਮ੍ਰਿਤਸਰ ਤੇ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਹੈੱਡ ਨੇਕ ਓਨਕੋਲੋਜੀ ਸੋਸਾਇਟੀਜ਼ ਦੁਆਰਾ ਸੰਸਥਾ ਵਿਖੇ "ਹੈੱਡ ਨੇਕ ਕੈਂਸਰ ਸਿੰਪੋਜ਼ੀਅਮ" ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਸਮਾਗਮ ਦਾ ਉਦੇਸ਼ ਹੈੱਡ ਨੇਕ ਕੈਂਸਰ ਦਿਵਸ ਮੌਕੇ ਜਾਗਰੂਕਤਾ ਪੈਦਾ ਕਰਨਾ ਅਤੇ ਨਵੀਨਤਮ ਇਲਾਜ ਵਿਧੀਆਂ 'ਤੇ ਚਰਚਾ ਕਰਨਾ ਸੀ. ਸਮਾਗਮ ਵਿੱਚ ਡਾ. ਆਸ਼ੀਸ਼ ਗੁਲੀਆ, ਡਾਇਰੈਕਟਰ, ਹੋਮੀ ਬਾਬਾ ਕੈਂਸਰ ਸੈਂਟਰ, ਨਿਊ ਚੰਡੀਗੜ੍ਹ ਨੇ ਮੁੱਖ ਮਹਿਮਾਨ ਤੇ ਡਾ. ਅਨਿਲ ਡੀਕੋਰੂਜ਼, ਡਾਇਰੈਕਟਰ, ਓਨਕੋਲੋਜੀ ਅਪੋਲੋ ਹਸਪਤਾਲ, ਟਾਟਾ ਮੈਮੋਰੀਅਲ ਹਸਪਤਾਲ ਮੁੰਬਈ ਦੇ ਸਾਬਕਾ ਡਾਇਰੈਕਟਰ ਤੇ ਯੂਆਈਸੀਸੀ ਜੇਨੇਵਾ ਦੇ ਤਤਕਾਲ ਸਾਬਕਾ ਪ੍ਰਧਾਨ ਨੇ ਗੈਸਟ ਆਫ਼ ਆਨਰ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾ. ਆਸ਼ੀਸ਼ ਗੁਲੀਆ ਨੇ ਐਸ.ਜੀ.ਆਰ.ਡੀ. ਯੂਨੀਵਰਸਿਟੀ ਦੇ ਡੀਨ ਡਾ. ਏ.ਪੀ. ਸਿੰਘ ਨਾਲ ਮਿਲ ਕੇ ਮਰੀਜ਼ਾਂ ਦੀ ਦੇਖਭਾਲ ਨੂੰ ਤਰਜੀਹ ਦਿੰਦੇ ਹੋਏ ਕੈਂਸਰ ਦੀ ਬਿਮਾਰੀ ਵਿਰੁੱਧ ਇੱਕ-ਜੁੱਟ ਹੋ ਕੇ ਲੜਨ, ਆਪਸੀ ਸਿਖਲਾਈ ਪ੍ਰੋਗਰਾਮਾਂ ਰਾਹੀਂ ਉੱਭਰ ਰਹੇ ਮੈਡੀਕਲ ਪੇਸ਼ੇਵਰਾਂ ਦੇ ਹੁਨਰਾਂ ਨੂੰ ਵਧਾਉਣ ਦੇ ਮਕਸਦ ਨਾਲ ਇੱਕ ਸਮਝੌਤਾ ਪੱਤਰ 'ਤੇ ਦਸਤਖਤ ਕਰਕੇ ਇੱਕ ਮਹੱਤਵਪੂਰਨ ਸਾਂਝੇਦਾਰੀ ਨੂੰ ਰਸਮੀ ਰੂਪ ਦਿੱਤਾ। ਸਮਾਗਮ ਵਿੱਚ ਦੁਨੀਆਂ ਵਿੱਚ ਮੰਨੇ-ਪ੍ਰਮੰਨੇ ਮਾਹਿਰ ਡਾ. ਸੀ.ਐਸ. ਬਾਲ, ਪ੍ਰੋਫੈਸਰ ਤੇ ਮੁੱਖੀ, ਨਿਊਕਲੀਅਰ ਮੈਡੀਸਨ, ਏਮਜ਼, ਨਵੀਂ ਦਿੱਲੀ ਤੇ ਡਾ. ਅਸ਼ਵਨੀ ਸੂਦ, ਪ੍ਰੋਫੈਸਰ, ਨਿਊਕਲੀਅਰ ਮੈਡੀਸਨ, ਪੀਜੀਆਈ ਚੰਡੀਗੜ੍ਹ ਸ਼ਾਮਲ ਸਨ।

ਡਾ. ਡੀਕੋਰੂਜ਼ ਨੇ ਕੈਂਸਰ ਦੇ ਇਲਾਜ ਤੇ ਦੇਖਭਾਲ ਲਈ ਇਲਾਜ ਦੀਆਂ ਆਧੁਨਿਕ ਵਿਧੀਆਂ ਦੇ ਨਾਲ ਜੁੜੇ ਰਹਿਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ. ਡਾ. ਗੌਰੀ ਪੰਤਵੈਦਿਆ, ਮੁੱਖੀ, ਹੈੱਡ-ਨੇਕ ਆਨਕੋਲੋਜੀ ਵਿਭਾਗ, ਟਾਟਾ ਮੈਮੋਰੀਅਲ ਹਸਪਤਾਲ, ਮੁੰਬਈ ਨੇ ਕੈਂਸਰ ਦੇ ਇਲਾਜ ਦੀ ਪਹੁੰਚ ਨੂੰ ਦੂਰ-ਦੁਰਾਡੇ ਪਿੰਡਾਂ ਤੱਕ ਆਸਾਨੀ ਨਾਲ ਪਹੁੰਚਾਉਣ 'ਤੇ ਜ਼ੋਰ ਦਿੱਤਾ। ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ, ਨੌਜਵਾਨ ਡਾਕਟਰਾਂ ਅਤੇ ਗ੍ਰੈਜੂਏਟਾਂ ਨੂੰ ਐਫ.ਏ.ਐਸ.ਐਸ. ਵਿੱਚ ਸਿਖਲਾਈ ਦਿੱਤੀ ਗਈ, ਜੋ ਕਿ ਮੂੰਹ ਦੇ ਕੈਂਸਰ ਤੋਂ ਪੀੜਤ ਮਰੀਜ਼ਾਂ ਦੀ ਸਹਾਇਤਾ ਲਈ ਤਿਆਰ ਕੀਤੀ ਗਈ ਇੱਕ ਅਤਿ-ਆਧੁਨਿਕ ਪੁਨਰਵਾਸ ਤਕਨੀਕ ਹੈ। ਅਜਿਹੀਆਂ ਪਹਿਲਕਦਮੀਆਂ ਰਾਹੀਂ, ਐਸ.ਜੀ.ਆਰ.ਡੀ. ਯੂਨੀਵਰਸਿਟੀ ਨਾ ਸਿਰਫ਼ ਡਾਕਟਰੀ ਸਿੱਖਿਆ ਨੂੰ ਅੱਗੇ ਵਧਾ ਰਹੀ ਹੈ, ਸਗੋਂ ਕੈਂਸਰ ਤੋਂ ਪ੍ਰਭਾਵਿਤ ਲੋਕਾਂ ਨੂੰ ਪ੍ਰਭਾਸ਼ਾਲੀ ਇਲਾਜ ਮੁਹੱਈਆਂ ਕਰਵਾ ਕੇ ਉਨ੍ਹਾਂ ਦੇ ਜੀਵਨ 'ਤੇ ਵੀ ਡੂੰਘਾ ਪ੍ਰਭਾਵ ਪਾ ਰਹੀ ਹੈ। ਇਸ ਮੌਕੇ ਡਾ. ਪੰਕਜ ਗੁਪਤਾ, ਇਗਜਾਮੀਨੇਸ਼ਨ ਕੰਟਰੋਲਰ, ਐਸ.ਜੀ.ਆਰ.ਡੀ.ਯੂ.ਐਚ.ਐਸ., ਸ੍ਰੀ ਅੰਮ੍ਰਿਤਸਰ, ਡਾ. ਸਾਹਿਬਾ ਕੁਕਰੇਜਾ, ਪ੍ਰੋਫੈਸਰ ਤੇ ਮੁੱਖੀ, ਬਾਇਓਕੈਮਿਸਟਰੀ ਵਿਭਾਗ, ਡਾ. ਅਰਵਿੰਦਰ ਸਿੰਘ ਸੂਦ, ਪ੍ਰੋਫੈਸਰ ਅਤੇ ਮੁਖੀ, ਈ.ਐਨ.ਟੀ. ਵਿਭਾਗ, ਡਾ. ਵਨੀਤਾ ਸਰੀਨ, ਡਾ. ਪੂਜਾ ਸਿੰਘ, ਡਾ. ਜਸਕਰਨ ਸਿੰਘ, ਡਾ. ਭਾਨੂੰ ਭਾਰਦਵਾਜ (ਸਾਰੇ ਈ.ਐਨ.ਟੀ. ਵਿਭਾਗ ਤੋਂ) ਅਤੇ ਹੋਰ ਉੱਘੀਆਂ ਸ਼ਖਸੀਅਤਾਂ ਮੌਜੂਦ ਸਨ।


**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ



### ਜਨਤਕ ਸੂਚਨਾ

ਵਿਸ਼ਾ : ਅਲਾਟੀ/ਟ੍ਰਾਂਸਫਰੀ ਸ੍ਰੀ ਜਸਪਾਲ ਸਿੰਘ ਸਪੁੱਤਰ ਸ੍ਰੀ ਕਰਮ ਸਿੰਘ ਦੀ ਬੇਵਸੀਅਤੀ ਮੌਤ 'ਤੇ (1) ਸ੍ਰੀਮਤੀ ਗੁਰਦੀਸ਼ ਕੌਰ ਸੁਪਤਨੀ ਸਵਰਗੀ ਸ੍ਰੀ ਜਸਪਾਲ ਸਿੰਘ ਅਤੇ (2) ਸ੍ਰੀ ਮਨਜੋਤ ਸਿੰਘ ਸੁਪੁੱਤਰ ਸਵਰਗੀ ਸ੍ਰੀ ਜਸਪਾਲ ਸਿੰਘ ਦੇ ਨਾਮ 'ਤੇ ਸੈਕਟਰ 49, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰ. 2794-ਬੀ ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸੈਕਟਰ 49, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰ. 2794-ਬੀ ਦੇ ਮਾਲਕ ਸ੍ਰੀ ਜਸਪਾਲ ਸਿੰਘ ਸਪੁੱਤਰ ਸ੍ਰੀ ਕਰਮ ਸਿੰਘ ਦੇ ਕਾਨੂੰਨੀ ਵਾਰਸਾਂ ਦੁਆਰਾ ਦਿੱਤੀ ਸੂਚਨਾ ਅਨੁਸਾਰ ਚੰਡੀਗੜ੍ਹ ਵਿਖੇ 16.07.2022 ਨੂੰ ਮੌਤ ਹੋ ਗਈ ਸੀ।(1) ਸ੍ਰੀਮਤੀ ਗੁਰਦੀਸ਼ ਕੌਰ ਸੁਪਤਨੀ ਸਵਰਗੀ ਸ੍ਰੀ ਜਸਪਾਲ ਸਿੰਘ ਅਤੇ (2) ਸ੍ਰੀ ਮਨਜੋਤ ਸਿੰਘ ਸੁਪੁੱਤਰ ਸਵਰਗੀ ਸ੍ਰੀ ਜਸਪਾਲ ਸਿੰਘ ਨੇ ਸ੍ਰੀ ਜਸਪਾਲ ਸਿੰਘ ਸਪੁੱਤਰ ਸ੍ਰੀ ਕਰਮ ਸਿੰਘ ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਵਾਂ 'ਤੇ ਸੈਕਟਰ 49, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰ. 2794-ਬੀ ਦੀ ਮਾਲਕੀ ਦੇ ਤਬਾਦਲੇ ਲਈ ਬੇਨਤੀ ਕੀਤੀ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) ਸ੍ਰੀਮਤੀ ਗੁਰਦੀਸ਼ ਕੌਰ (ਸੁਪਤਨੀ) ਅਤੇ (2) ਸ੍ਰੀ ਮਨਜੋਤ ਸਿੰਘ (ਸੁਪੁੱਤਰ) ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਸ੍ਰੀ ਮਨੀਸ਼ ਭਾਰਤੀ ਸਪੁੱਤਰ ਸ੍ਰੀ ਬਲਦੇਵ ਭਾਰਤੀ ਨੇ ਦਸਤਾਵੇਜ਼ ਦੇ ਗੁੰਮ ਹੋਣ ਕਾਰਨ ਰਿਹਾਇਸ਼ੀ ਇਕਾਈ ਨੰਬਰ 2791, ਸੈਕਟਰ 47-ਸੀ, ਚੰਡੀਗੜ੍ਹ ਦੇ ਸਬੰਧ ਵਿਚ ਤਬਾਦਲਾ ਪੱਤਰ ਦਾ ਦੂਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਨ੍ਹਾਂ ਨੇ ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 20.08.2025 ਨੂੰ ਚੰਡੀਗੜ੍ਹ ਪੁਲਿਸ ਕੋਲ ਪੰਜੀਕ੍ਰਿਤ ਲੜੀ ਨੰ. 438119 ਐਲਏਆਰ ਨੰ. 2025/026706 'ਤੇ ਪੀਐਸ 31 ਕੋਲ ਗੁੰਮੀ ਹੋਈ ਵਸਤੂ ਦੀ ਸੂਚਨਾ ਰਿਪੋਰਟ ਵੀ ਜਮ੍ਹਾਂ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਤਬਾਦਲਾ ਪੱਤਰ ਦਾ ਦੂਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਜਮ੍ਹਾਂ ਕਰਵਾ ਦਿੱਤਾ ਜਾਵੇ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।

ਵਿਸ਼ਾ : ਅਲਾਟੀ/ਟ੍ਰਾਂਸਫਰੀ ਸ੍ਰੀ ਮੋਹਨ ਲਾਲ ਸਪੁੱਤਰ ਸ੍ਰੀ ਚਮਨ ਲਾਲ ਦੇ ਨਾਮ ਤੋਂ ਸ੍ਰੀ ਵਿਕਾਸ ਰਾਏ ਸਪੁੱਤਰ ਸ੍ਰੀ ਮੋਹਨ ਲਾਲ ਕਸ਼ਯਪ ਦੇ ਨਾਮ 'ਤੇ ਤਬਾਦਲਾ ਡੀਡ ਦੇ ਆਧਾਰ 'ਤੇ ਸੈਕਟਰ 41-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 411 ਦਾ ਤਬਾਦਲਾ/ਪਰਿਵਰਤਨ।

(ਪਿਤਾ ਤੋਂ ਪੁੱਤਰ ਨੂੰ)

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ 41-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 411 ਅਲਾਟੀ/ਟ੍ਰਾਂਸਫਰੀ ਸ੍ਰੀ ਮੋਹਨ ਲਾਲ ਸਪੁੱਤਰ ਸ੍ਰੀ ਚਮਨ ਲਾਲ ਦੇ ਨਾਮ 'ਤੇ ਦਰਜ ਹੈ। ਸ੍ਰੀ ਵਿਕਾਸ ਰਾਏ ਸਪੁੱਤਰ ਸ੍ਰੀ ਮੋਹਨ ਲਾਲ ਕਸ਼ਯਪ ਵੱਲੋਂ ਸੂਚਨਾ ਦਿੱਤੀ ਗਈ ਹੈ, ਜਿਨ੍ਹਾਂ ਨੇ 17.07.2025 ਨੂੰ ਸਬ ਰਜਿਸਟਰਾਰ, ਚੰਡੀਗੜ੍ਹ ਦੇ ਦਫ਼ਤਰ ਵਿਚ ਉਨ੍ਹਾਂ ਦੇ ਨਾਮ 'ਤੇ ਕਾਰਜਰੂਪ ਅਤੇ ਪੰਜੀਕ੍ਰਿਤ ਤਬਾਦਲਾ ਡੀਡ ਦੇ ਆਧਾਰ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਮਾਲਕੀ ਅਧਿਕਾਰ ਦੇ ਤਬਾਦਲੇ ਬਿਨੈ ਕੀਤਾ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸਬੰਧੀ ਕੋਈ ਵੀ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਕੋਲ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਸ੍ਰੀ ਦਿਨੇਸ਼ ਕੁਮਾਰ ਜੈਸਵਾਲ ਸਪੁੱਤਰ ਸ੍ਰੀ ਅੱਛੇ ਲਾਲ ਜੈਸਵਾਲ, ਵਾਸੀ ਮਕਾਨ ਨੰ. 1017, ਸੈਕਟਰ 45-ਬੀ, ਚੰਡੀਗੜ੍ਹ ਨੇ ਦਸਤਾਵੇਜ਼ ਦੇ ਗੁੰਮ ਹੋਣ ਕਾਰਨ ਰਿਹਾਇਸ਼ੀ ਇਕਾਈ ਨੰਬਰ 1017, ਸੈਕਟਰ 45-ਬੀ, ਚੰਡੀਗੜ੍ਹ ਦੇ ਸਬੰਧ ਵਿਚ ਤਬਾਦਲਾ ਪੱਤਰ ਦਾ ਦੂਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਚੰਡੀਗੜ੍ਹ ਪੁਲਿਸ ਕੋਲ ਮਿਤੀ 21.08.2025 ਨੂੰ ਆਈਸੀਐਮਐਸ/2025/028232 ਦੇ ਅਧੀਨ ਆਨਲਾਈਨ ਡੀਡੀਆਰ ਰਿਪੋਰਟ ਵੀ ਜਮ੍ਹਾਂ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਦਰਸਾਏ ਸ੍ਰੀ ਦਿਨੇਸ਼ ਕੁਮਾਰ ਜੈਸਵਾਲ ਸਪੁੱਤਰ ਸ੍ਰੀ ਅੱਛੇ ਲਾਲ ਜੈਸਵਾਲ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਤਬਾਦਲਾ ਪੱਤਰ ਦਾ ਦੂਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਜਮ੍ਹਾਂ ਕਰਵਾ ਦਿੱਤਾ ਜਾਵੇ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੀ ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਵਿਕਰੀਕਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀ ਸੰਜੇ ਕੁਮਾਰ ਸਪੁੱਤਰ ਸ੍ਰੀ ਚੰਦਰ ਭਾਨ | ਸ੍ਰੀ ਰਵਿੰਦਰ ਪ੍ਰਸ਼ਾਦ ਤਿਵਾੜੀ ਸਪੁੱਤਰ ਸ੍ਰੀ ਭਗਵਤੀ ਪ੍ਰਸ਼ਾਦ ਤਿਵਾੜੀ | 3332/2 | MIG | 45-ਡੀ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਸ੍ਰੀਮਤੀ ਵਿਜੇ ਲਕਸ਼ਮੀ ਸੇਠ ਸਪੁੱਤਰੀ ਪ੍ਰੇਮ ਰਾਜ, ਸ੍ਰੀਮਤੀ ਪ੍ਰਿਯੰਕਾ ਸੇਠ ਸੁਪਤਨੀ ਸਵਰਗੀ ਸ੍ਰੀ ਭੁਪੇਸ਼ ਸੇਠ, ਮਿਸ ਸੁਦੀਕਸ਼ਾ ਸੇਠ ਸਪੁੱਤਰੀ ਸ੍ਰੀ ਭੁਪੇਸ਼ ਸੇਠ ਅਤੇ ਸ੍ਰੀ ਨਿਸਚੇ ਸੇਠ ਸਪੁੱਤਰ ਸਵਰਗੀ ਸ੍ਰੀ ਭੁਪੇਸ਼ ਸੇਠ, ਵਾਸੀ 213, ਸੈਕਟਰ 45-ਏ, ਚੰਡੀਗੜ੍ਹ ਨੇ ਦਸਤਾਵੇਜ਼ ਦੇ ਗੁੰਮ ਹੋਣ ਕਾਰਨ ਰਿਹਾਇਸ਼ੀ ਇਕਾਈ ਨੰਬਰ 213, ਸੈਕਟਰ 45-ਏ, ਚੰਡੀਗੜ੍ਹ ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦੂਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 31.01.2025 ਨੂੰ ਚੰਡੀਗੜ੍ਹ ਪੁਲਿਸ ਕੋਲ ਪੰਜੀਕ੍ਰਿਤ ਲੜੀ ਨੰ. 191483 ਐਲਏਆਰ ਨੰ. 2025/003598 'ਤੇ ਪੀਐਸ 34 ਕੋਲ ਗੁੰਮੀ ਹੋਈ ਵਸਤੂ ਦੀ ਸੂਚਨਾ ਰਿਪੋਰਟ ਵੀ ਜਮ੍ਹਾਂ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦੂਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਜਮ੍ਹਾਂ ਕਰਵਾ ਦਿੱਤਾ ਜਾਵੇ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ 16 ਦੇ ਅਧੀਨ ਆਪਣੇ ਨਾਂਵਾਂ 'ਤੇ ਲਹੂ ਸਬੰਧ ਤਬਾਦਲਾ ਨੀਤੀ ਦੇ ਅਧੀਨ ਨਿਮਨ ਦਰਸਾਈ ਰਿਹਾਇਸ਼ੀ ਇਕਾਈ ਦੀ 41.67% ਅਲਾਟਮੈਂਟ ਦੇ ਤਬਾਦਲੇ ਲਈ ਬਿਨੈ ਕੀਤਾ ਹੈ :-

| ਲ. ਨ. | ਬਿਨੈਕਾਰ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰੀ) ਸ੍ਰੀ/ਸ੍ਰੀਮਤੀ/ਕੁਮਾਰੀ | ਅਲਾਟੀ/ਟ੍ਰਾਂਸਫਰੀ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰਰ) ਸ੍ਰੀ/ਸ੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀ ਫਰੇਸ਼ ਕੌਸ਼ਲ ਸਪੁੱਤਰ ਸਵਰਗੀ ਸ੍ਰੀ ਰਮੇਸ਼ ਨਾਥ ਕੌਸ਼ਲ | ਸ੍ਰੀਮਤੀ ਲੀਲਾ ਕੌਸ਼ਲ ਸੁਪਤਨੀ ਸਵਰਗੀ ਸ੍ਰੀ ਰਮੇਸ਼ ਨਾਥ ਕੌਸ਼ਲ | 2357 | EWS | 40-ਸੀ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।

ਵਿਸ਼ਾ : ਅਲਾਟੀ/ਟ੍ਰਾਂਸਫਰੀ ਸ੍ਰੀ ਕਰਨਦੀਪ ਸਿੰਘ ਸਪੁੱਤਰ ਸ੍ਰੀ ਰਵਿੰਦਰ ਪਾਲ ਸਿੰਘ ਦੇ ਨਾਮ ਤੋਂ ਸ੍ਰੀ ਸਤਪ੍ਰੀਤ ਸਿੰਘ ਸਪੁੱਤਰ ਸ੍ਰੀ ਹਰਜੀਤ ਸਿੰਘ ਦੇ ਨਾਮ 'ਤੇ ਵਿਕਰੀ ਡੀਡ ਦੇ ਅਧਾਰ 'ਤੇ ਸੈਕਟਰ 51-ਏ, ਚੰਡੀਗੜ੍ਹ ਵਿਚ 2ਬੀਆਰ ਵਰਗ ਦੀ ਰਿਹਾਇਸ਼ੀ ਇਕਾਈ ਨੰ. 9, ਜ਼ਮੀਨੀ ਤਲ ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸੈਕਟਰ 51-ਏ, ਚੰਡੀਗੜ੍ਹ ਵਿਚ 2ਬੀਆਰ ਵਰਗ ਦੀ ਰਿਹਾਇਸ਼ੀ ਇਕਾਈ ਨੰ. 9, ਜ਼ਮੀਨੀ ਤਲ ਅਲਾਟੀ/ਟ੍ਰਾਂਸਫਰੀ ਸ੍ਰੀ ਕਰਨਦੀਪ ਸਿੰਘ ਸਪੁੱਤਰ ਸ੍ਰੀ ਰਵਿੰਦਰ ਪਾਲ ਸਿੰਘ ਦੇ ਨਾਮ 'ਤੇ ਦਰਜ ਹੈ। ਹੁਣ, ਸ੍ਰੀ ਕਰਨਦੀਪ ਸਿੰਘ ਸਪੁੱਤਰ ਸ੍ਰੀ ਰਵਿੰਦਰ ਪਾਲ ਸਿੰਘ ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 20.05.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ ਸ੍ਰੀ ਸਤਪ੍ਰੀਤ ਸਿੰਘ ਸਪੁੱਤਰ ਸ੍ਰੀ ਹਰਜੀਤ ਸਿੰਘ ਨੂੰ ਵੇਚ ਦਿੱਤੀ ਹੈ। ਸ੍ਰੀ ਸਤਪ੍ਰੀਤ ਸਿੰਘ ਸਪੁੱਤਰ ਸ੍ਰੀ ਹਰਜੀਤ ਸਿੰਘ ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

## ਉੱਤਰ ਰੇਲਵੇ

### ਖੁਲ੍ਹੀ ਈ-ਨਿਵਿਦਾ ਸੂਚਨਾ

ਪ੍ਰਮੁੱਖ ਬਿਜਲੀ ਇੰਜੀਨੀਅਰ/ਪਰਿਯੋਜਨਾ, ਅੰਬਾਲਾ ਕੈਂਟ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਕੰਮਾਂ ਦੇ ਲਈ ਵੈਬਸਾਈਟ www.ireps.gov.in 'ਤੇ ਖੁਲ੍ਹੀ ਈ-ਨਿਵਿਦਾ ਮੰਗ ਕਰਦੇ ਹਨ। ਨਿਵਿਦਾਕਾਰ ਆਪਣਾ ਮੂਲ/ਸੰਸ਼ੋਧਿਤ ਪ੍ਰਸਤਾਵ ਤੈਅ ਸਮਾਪਤੀ ਸਮੇਂ ਅਤੇ ਮਿਤੀ ਤਕ ਪੇਸ਼ ਕਰ ਸਕਦੇ ਹਨ। ਕੋਈ ਵੀ ਨਿਵਿਦਾ ਮੈਨੂੰਅਲ ਰੂਪ ਨਾਲ ਸਵੀਕਾਰ ਨਹੀਂ ਕੀਤੀ ਜਾਵੇਗੀ।

| ਨਿਵਿਦਾ ਨੰਬਰ ਅਤੇ ਕੰਮ ਦਾ ਵੇਰਵਾ | ਅੰਦਾਜਨ ਲਾਗਤ/ਰਾਸ਼ੀ App Cost (ਰੁ. ਵਿਚ) | ਬਿਡ ਸਕਿਉਰਿਟੀ/ ਬਿਆਨਾ ਰਾਸ਼ੀ (ਰੁ. ਵਿਚ) | ਕੰਮ ਸਮਾਪਤੀ ਸਮਾਂ (ਮਹੀਨੇ ਵਿਚ) | ਨਿਵਿਦਾ ਫਾਰਮ ਦੀ ਲਾਗਤ | ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮਾਂ |
|---|---|---|---|---|---|
| NR-UMB-Proj-Civil-27205 ਉਤਰ ਰੇਲਵੇ ਦਾ ਪ੍ਰੋਜੈਕਟ (2x25 ਕੇ ਵਿ.) ਦੇ ਸਬੰਧ ਵਿਚ ਅੰਬਾਲਾ ਛਾਉਣੀ ਵਿਚ ਸਰਵਿਸ ਅਤੇ ਰਿਹਾਇਸ਼ੀ ਭਵਨਾਂ ਦੀ ਰਿਪੇਅਰ/ਰਖ ਰਖਾਅ, ਅਧਿਕਾਰੀ ਰੇਸਟ ਹਾਊਸ ਅਤੇ ਅਧੀਨਸਥ ਰੇਸਟ ਹਾਊਸ ਵਿਚ ਵਾਧੂ ਅਤੇ ਬਦਲਾਅ ਕੰਮ ਅਤੇ ਵਿਵਿਧ/ਸਬੰਧਤ ਕੰਮ। | 192.14 ਲਖ | 2,46,100/- | 12 Twelve | ਕੁਝ ਨਹੀਂ (ਨਿਲ) | 22.09.2025 ਨੂੰ 15:00ਵਜੇ ਤਕ |

ਨਿਵਿਦਾ ਦਸਤਾਵੇਜ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹਨ ਅਤੇ ਇਨ੍ਹਾਂ ਉਥੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਈ-ਟੈਂਡਰਿੰਗ ਦੇ ਸਬੰਧ ਵਿਚ ਬਿਆਨਾ ਰਾਸ਼ੀ/ਬਿਆਨਾ ਰਾਸ਼ੀ ਜਮ੍ਹਾਂ (ਬਿਡ ਸਕਿਉਰਿਟੀ) ਕੇਵਲ ਨੈਟ ਬੈਂਕਿੰਗ ਅਤੇ ਭੁਗਤਾਨ ਗੇਟਵੇ ਦੇ ਮਾਧਿਅਮ ਨਾਲ ਹੀ ਸਵੀਕਾਰ ਕੀਤੀ ਜਾਏਗੀ। ਸਾਫਟਵੇਅਰ (ਆਈਆਰਈਪੀਐਸ) ਵਿਚ ਬੈਂਕ ਖਾਤਾ ਨੰਬਰ ਅਤੇ ਤਕਨੀਕੀ ਵੇਰਵੇ ਉਪਲਬਧ ਕਰਾਏ ਗਏ ਹਨ, ਜਿਨ੍ਹਾਂ ਤਕ ਸੰਭਾਵਿਤ ਰਜਿਸਟਰਡ ਨਿਵਿਦਾਕਰਤਾਵਾਂ ਨੂੰ ਨਿਵਿਦਾ ਦੇ ਸਮੇਂ ਪਹੁੰਚ ਹੋਵੇਗੀ। ਨੋਟ: ਤਕਨੀਕੀ ਅਤੇ ਵਿਤੀ ਯੋਗਤਾ ਅਤੇ ਹੋਰ ਸਾਰੇ ਨਿਯਮ ਅਤੇ ਸ਼ਰਤਾਂ, ਨਿਵਿਦਾ ਦਸਤਾਵੇਜ ਵਿਚ ਵੇਖੇ ਜਾ ਸਕਦੇ ਹਨ ਅਤੇ ਰੇਲਵੇ ਦੀ ਵੈਬਸਾਈਟ ਯਾਨੀ www.ireps.gov.in ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਨਿਵਿਦਾ ਸੂਚਨਾ ਲੜੀਵਾਰ: NR/Proj/UMB/Civil/Advt./01 ਤਾਰੀਕ: 21.08.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2566/25

# ਪਹਿਲਾ ਰਾਗ ਮਲਾਰ ਕੀਰਤਨ ਦਰਬਾਰ ਕਰਵਾਇਆ



ਲੁਧਿਆਣਾ, 22 ਅਗਸਤ (ਰਵਿੰਦਰ ਸਿੰਘ ਨਿੱਝਰ) : ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੱਖ ਸਕੂਲ ਆਫ ਮਿਊਜ਼ਿਕ ਲੁਧਿਆਣਾ ਵੱਲੋਂ ਬੀਤੀ ਰਾਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਤੰਤੀ ਸਾਜ਼ਾਂ ਦੇ ਨਾਲ ਪਹਿਲੇ ਮਲਾਰ ਰਾਗ ਕੀਰਤਨ ਦਰਬਾਰ ਅੰਦਰ ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਇੰਦਰਜੀਤ ਸਿੰਘ ਮੱਕੜ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਗੁਰਮਤਿ ਸੰਗੀਤ ਕਲਾ ਅਤੇ ਵਿਰਾਸਤੀ ਤੰਤੀ ਸਾਜ਼ਾਂ ਦੇ ਰਾਹੀਂ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਕੀਰਤਨ ਕਰਨ ਦੀ ਪੰਥਕ ਪਰੰਪਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੁਰਮਤਿ ਸੰਗੀਤ ਕਲਾ ਨੂੰ ਸੰਸਾਰ ਪੱਧਰ 'ਤੇ ਹੋਰ ਉਤਸ਼ਾਹਿਤ ਕਰਨ ਦੀ ਵੱਡੀ ਲੋੜ ਹੈ, ਤਾਂ ਹੀ ਅਸੀ ਆਪਣੀ ਰਵਾਇਤੀ ਪੁਰਾਤਨ ਕੀਰਤਨ ਸ਼ੈਲੀ ਦੀ ਕਲਾ ਨੂੰ ਬਣਦਾ ਮਾਣ ਸਤਿਕਾਰਦਿਵਾਉਣ ਵਿੱਚ ਸਫਲਤਾ ਪ੍ਰਾਪਤ ਕਰ ਸਕਾਂਗੇ। ਉਨ੍ਹਾਂ ਪ੍ਰੋ. ਗੁਰਚਰਨ ਸਿੰਘ ਜਵੱਦੀ ਤੇ ਗਿਆਨੀ ਦਵਿੰਦਰਪਾਲ ਸਿੰਘ ਦਾ ਧੰਨਵਾਦ ਕੀਤਾ। ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਗੁਰਿੰਦਰ ਸਿੰਘ ਬਟਾਲਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਕਮਲਜੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸਿਮਰਨਜੀਤ ਸਿੰਘ ਸਧੂਰ ਅਮਰੀਕਾ ਵਾਲੇ, ਭਾਈ ਗੁਰਚਰਨ ਸਿੰਘ ਜਵੱਦੀ, ਬੀਬੀ ਦਵਨੀਤ ਕੌਰ ਤੇ ਬੀਬੀ ਗੁਰਸਿਮਰਨ ਕੌਰ ਲੁਧਿਆਣੇ ਵਾਲੇ, ਬੀਬੀ ਕਿਰਪਾ ਕੌਰ ਤੇ ਬੀਬੀ ਹਰਮਨਪ੍ਰੀਤ ਕੌਰ ਦੇ ਕੀਰਤਨੀ ਜੱਥਿਆਂ ਸਮੇਤ ਸਿੱਖ ਸਕੂਲ ਆਫ ਮਿਊਜ਼ਿਕ ਦੇ ਵਿਦਿਆਰਥੀਆਂ ਦੇ ਕੀਰਤਨੀ ਜੱਥੇ ਨੇ ਆਪਣੀ ਹਾਜ਼ਰੀਆਂ ਭਰਕੇ ਤੰਤੀ ਸਾਜ਼ਾਂ ਰਾਹੀਂ ਨਿਰਧਾਰਤ ਮਲਾਰ ਰਾਗ ਵਿੱਚ ਗੁਰਬਾਣੀ ਦਾ ਆਨੰਦਮਈ ਕੀਰਤਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਕੀਰਤਨੀ ਜੱਥਿਆਂ ਦੇ ਮੈਂਬਰਾਂ ਨੂੰ ਸਿਰਪਾਓ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਸਟੇਜ ਸੈਕਟਰੀ ਦੀ ਸੇਵਾ ਗਿਆਨੀ ਦਵਿੰਦਰਪਾਲ ਸਿੰਘ ਨੇ ਨਿਭਾਈ। ਇਸ ਮੌਕੇ ਮਹਿੰਦਰ ਸਿੰਘ ਡੰਗ, ਬਲਵੀਰ ਸਿੰਘ ਭਾਟੀਆ, ਅਤੱਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਭੁਪਿੰਦਰ ਸਿੰਘ ਅਰੋੜਾ,ਹਰਪਾਲ ਸਿੰਘ ਖਾਲਸਾ,, ਗੁਰਦੀਪ ਸਿੰਘ ਡੀਮਾਣਟੇ, ਨਰਿੰਦਰਪਾਲ ਸਿੰਘ ਕਥੂਰੀਆਂ, ਭੁਪਿੰਦਰ ਸਿੰਘ ਜੁਨੇਜਾ, ਹਰਮਿੰਦਰ ਸਿੰਘ ਭਾਟੀਆ, ਰਜਿੰਦਰ ਸਿੰਘ ਮਕੜ, ਸੁਰਿੰਦਰਪਾਲ ਸਿੰਘ ਭੁਟੀਆਨੀ, ਭੁਪਿੰਦਰ ਸਿੰਘ ਪ੍ਰਿੰਸ, ਜਸਵਿੰਦਰ ਸਿੰਘ ਕੋਹਲੀ,ਰਾਣਾ ਦਿਵਰਜੀਤ ਸਿੰਘ, ਦਿਵਰਜੀਤ ਸਿੰਘ ਖੁਰਾਣਾ, ਪਰਮਜੀਤ ਸਿੰਘ ਸੇਠੀ,ਅਵਤਾਰ ਸਿੰਘ ਬੀ.ਕੇ,ਹਰਮੀਤ ਸਿੰਘ ਡੰਗ ਅਤੇ ਅਵਤਾਰ ਸਿੰਘ ਮਿੱਡਾ ਵੀ ਹਾਜ਼ਰ ਸਨ।

# ਸਪਰਿੰਗ ਡੇਲ ਸਕੂਲ ਦੀਆਂ ਵਾਲੀਬਾਲ ਟੀਮਾਂ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ 'ਚ ਜਿੱਤ ਪ੍ਰਾਪਤ ਕੀਤੀ




ਲੁਧਿਆਣਾ, 22 ਅਗਸਤ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਦੀ ਅੰਡਰ-17 ਟੀਮ ਦੀਆਂ ਵਾਲੀਬਾਲ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਪੰਜਾਬ ਸਕੂਲ ਖੇਡਾਂ ਵਾਲੀਬਾਲ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਉਨ੍ਹਾਂ ਦਾ, ਉਨ੍ਹਾਂ ਦੇ ਮਾਪਿਆਂ ਦਾ ਅਤੇ ਸਕੂਲ ਦਾ ਮਾਣ ਵਧਿਆ। ਇਸ ਦੌਰਾਨ, ਅੰਡਰ-19 ਕੁੜੀਆਂ ਦੀ ਟੀਮ ਨੇ ਵੀ ਆਪਣੇ ਸ਼ਾਨਦਾਰ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਜ਼ਿਲ੍ਹਾ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਹ ਮੁਕਾਬਲਾ ਗੁਰੂ ਨਾਨਕ ਸਟੇਡੀਅਮ ਵਿਖੇ ਆਯੋਜਿਤ ਕੀਤਾ ਗਿਆ ਸੀ। ਜੇਤੂ ਖਿਡਾਰੀਆਂ ਨੂੰ ਮੈਡਲ, ਸਰਟੀਫਿਕੇਟ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ। ਅੰਡਰ-17 ਵਾਲੀਬਾਲ ਮੁਕਾਬਲਾ, ਪਹਿਲਾ ਸਥਾਨ ਸੋਨਮ (ਕਲਾਸ ਗਿਆਰ੍ਹਵੀਂ), ਜੀਆ (ਕਲਾਸ ਨੌਵੀਂ), ਖੁਸ਼ੀ (ਕਲਾਸ ਦਸਵੀਂ), ਪ੍ਰਭਿਆ (ਕਲਾਸ ਦਸਵੀਂ), ਪ੍ਰਾਚੀ (ਕਲਾਸ ਨੌਵੀਂ) ਅਤੇ ਸ੍ਰਿਸ਼ਟੀ ਕਲਾਸ ਨੌਵੀਂ। ਅੰਡਰ-19 ਵਾਲੀਬਾਲ ਮੁਕਾਬਲਾ, ਦੂਜਾ ਸਥਾਨ ਪ੍ਰਾਚੀ ਸ਼ਰਮਾ (ਕਲਾਸ ਬਾਰ੍ਹਵੀਂ), ਅਰਵਿੰਦਰ ਕੌਰ (ਕਲਾਸ ਗਿਆਰ੍ਹਵੀਂ), ਜਸਮੀਤ ਕੌਰ (ਕਲਾਸ ਗਿਆਰ੍ਹਵੀਂ) ਅਤੇ ਏਂਜਲ (ਕਲਾਸ ਗਿਆਰ੍ਹਵੀਂ) ਨੇ ਹਾਸਿਲ ਕੀਤਾ। ਸਕੂਲ ਦੀ ਮਾਣਯੋਗ ਚੇਅਰਪਰਸਨ ਮੈਡਮ ਅਵਿਨਾਸ਼ ਕੌਰ ਵਾਲੀਆ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਜ਼ਿਲ੍ਹਾ ਪੱਧਰੀ ਜਿੱਤ 'ਤੇ ਵਧਾਈ ਦਿੱਤੀ ਅਤੇ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਡਾਇਰੈਕਟਰ ਮਨਦੀਪ ਵਾਲੀਆ ਅਤੇ ਸ੍ਰੀਮਤੀ ਕਮਲ ਪ੍ਰੀਤ, ਡਿਪਟੀ ਡਾਇਰੈਕਟਰ ਸ਼ੈਨੀਕਾ ਵਰਮਾ, ਅਤੇ ਪ੍ਰਿੰਸੀਪਲ ਅਨਿਲ ਸ਼ਰਮਾ ਨੇ ਵੀ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਹੋਰ ਵਿਦਿਆਰਥੀਆਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕੀਤਾ।

# ਗਾਇਕ ਅਣਖੀਲਾ ਅਤੇ ਜੱਸ ਨੇ ਬਜ਼ੁਰਗ ਗਾਇਕਾਂ ਤੇ ਸਾਜ਼ਿੰਦਿਆਂ ਦੀ ਮਾੜੀ ਹਾਲਤ 'ਤੇ ਚਿੰਤਾ ਪ੍ਰਗਟ ਕੀਤੀ



ਲੁਧਿਆਣਾ, 22 ਅਗਸਤ (ਰਵਿੰਦਰ ਸਿੰਘ ਨਿੱਝਰ) : ਲੋਕ ਗਾਇਕ ਜਸਬੀਰ ਜੱਸ ਨੇ ਦੱਸਿਆ ਕਿ ਕੱਲ੍ਹ ਨਾਮਵਰ ਲੋਕ ਗਾਇਕ ਬਲਕਾਰ ਅਣਖੀਲਾ ਦੇ ਗ੍ਰਹਿ ਵਿਖੇ ਕੁਝ ਗਾਇਕ ਇਕੱਠੇ ਹੋਏ। ਉਹਨਾਂ ਦੱਸਿਆ ਕਿ ਇਸ ਮੌਕੇ ਬਜ਼ੁਰਗ ਗਾਇਕਾਂ ਅਤੇ ਸਾਜ਼ਿੰਦਿਆਂ ਦੀ ਮਾੜੀ ਹਾਲਤ ਬਾਰੇ ਵਿਚਾਰਾਂ ਕੀਤੀਆਂ ਗਈਆਂ। ਜੱਸ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਗਾਇਕ ਜਾਂ ਸਾਜ਼ਿੰਦਿਆਂ ਦੀ ਉਮਰ 60 ਸਾਲ ਤੋਂ ਟੱਪ ਚੁੱਕੀ ਹੈ ਉਨ੍ਹਾਂ ਨੂੰ ਪੈਨਸ਼ਨ ਲਗਾਈ ਜਾਵੇ ਤਾਂ ਕਿ ਉਹ ਆਪਣਾ ਰੋਟੀ ਦਾ ਗੁਜ਼ਾਰਾ ਚਲਾ ਸਕਣ। ਜੱਸ ਨੇ ਆਖਿਆ ਕਿ ਪੰਜਾਬ ਦੇ ਅਨੇਕਾਂ ਗਾਇਕ ਤੇ ਸਾਜ਼ਿੰਦੇ ਅਜਿਹੇ ਹਨ ਜਿਨਾਂ ਕੋਲ ਅੱਜ ਦੀ ਘੜੀ ਕੋਈ ਪ੍ਰੋਗਰਾਮ ਨਹੀਂ ਹੈ ਉਨ੍ਹਾਂ ਉਹ ਸਰੀਰਕ ਤੌਰ 'ਤੇ ਇੰਨੇ ਕਮਜ਼ੋਰ ਹੋ ਚੁੱਕੇ ਹਨ ਕਿ ਹੁਣ ਪ੍ਰੋਗਰਾਮ ਨਹੀਂ ਕਰ ਸਕਦੇ ਪਰੰਤੂ ਉਹਨਾਂ ਕੋਲ ਰੋਜ਼ੀ ਰੋਟੀ ਦਾ ਕੋਈ ਹੋਰ ਸਾਧਨ ਵੀ ਨਹੀਂ ਹੈ। ਇਸ ਲਈ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਜਿਨ੍ਹਾਂ ਗਾਇਕਾਂ ਜਾਂ ਸਾਜ਼ਿੰਦਿਆਂ ਨੇ ਆਪਣੀ ਉਮਰ ਦੇ ਕੀਮਤੀ ਦਿਨਾਂ ਵਿੱਚ ਪੰਜਾਬੀ ਸੱਭਿਆਚਾਰ ਦੀ ਸੇਵਾ ਕੀਤੀ ਹੈ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਹਰਦੀਪ ਅਟਵਾਲ ਤੇ ਹੋਰ ਵੀ ਕਈ ਗਾਇਕ ਮੌਜੂਦ ਸਨ।

# ਵਿਧਾਇਕ ਗਰੇਵਾਲ ਤੇ ਮੇਅਰ ਵੱਲੋਂ ਪਾਵਰਕਾਮ ਅਧਿਕਾਰੀਆਂ ਨਾਲ ਬੈਠਕ



ਲੁਧਿਆਣਾ, 22 ਅਗਸਤ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਵੱਲੋਂ ਹਲਕੇ ਵਿੱਚ ਚੱਲ ਰਹੇ ਪਾਵਰਕਾਮ ਵਿਭਾਗ ਦੇ ਕਾਰਜਾਂ ਸਬੰਧੀ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕੀਤੀ ਗਈ। ਇਸ ਦੌਰਾਨ ਵਿਭਾਗ ਦੇ ਚੀਫ ਜਗਦੀਵ ਸਿੰਘ ਹਾਂਸ, ਐਸ ਸੀ ਈਸਟ ਤੋਂ ਇਲਾਵਾ ਐਸ ਡੀ ਓ, ਜੇ ਈ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਅਤੇ ਮੇਅਰ ਪ੍ਰਿੰਸੀਪਲ ਮੈਡਮ ਇੰਦਰਜੀਤ ਕੌਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਹਲਕਾ ਪੂਰਬੀ ਵਿੱਚ ਚੱਲ ਰਹੇ ਬਿਜਲੀ ਵਿਭਾਗ ਦੇ ਕੰਮਾਂ ਨੂੰ ਲੈ ਕੇ ਅੱਜ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਹੈ, ਇਸ ਮੀਟਿੰਗ ਦੌਰਾਨ, ਜਿੱਥੇ ਚੱਲ ਰਹੇ ਕੰਮਾਂ ਨੂੰ ਜਲਦ ਨਿਪਟਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ, ਉਥੇ ਹੀ ਦੂਜੇ ਪਾਸੇ ਦਾਣਾ ਮੰਡੀ ਬਹਾਦਰ ਕੇ ਰੋਡ, ਰਾਹੋਂ ਰੋਡ ਗ੍ਰਿਡ ਦੇ ਕੰਮਾਂ ਨੂੰ ਜਲਦ ਨਿਪਟਾਉਣ ਤੋਂ ਇਲਾਵਾ ਵਰਧਮਾਨ ਦੀ ਬੈਕਸਾਈਡ ਵੱਡਾ ਗ੍ਰਿਡ ਲਗਾਉਣ ਲਈ ਅਤੇ ਫੋਕਲ ਪੁਆਇੰਟ ਗ੍ਰਿਡ ਨੂੰ ਅਪਗਰੇਡ ਕਰਨ ਲਈ ਵੀ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕਈ ਇਲਾਕਿਆਂ ਵਿੱਚ ਤਾਰਾਂ ਲਟਕਣ ਦੀ ਸਮੱਸਿਆ ਸਾਹਮਣੇ ਆ ਰਹੀ ਹੈ, ਉਸ ਲਈ ਵੀ ਹੱਲ ਦੇ ਬਿਨ ਬਕਸੇ ਲਗਾਏ ਜਾਣਗੇ, ਤਾਂ ਜੋ ਬਿਜਲੀ ਦੀਆਂ ਤਾਰਾਂ ਲਟਕਣ ਦੀ ਸਮੱਸਿਆ ਤੋਂ ਨਿਜਾਤ ਮਿਲ ਸਕੇ। ਉਨ੍ਹਾਂ ਦੱਸਿਆ ਕਿ ਹਲਕਾ ਪੂਰਬੀ ਵਿੱਚ ਜਿਆਦਾਤਰ ਟਰਾਂਸਫਾਰਮਰ ਵੀ ਬਦਲੇ ਗਏ ਹਨ ਅਤੇ ਜਿਸ ਇਲਾਕੇ ਵਿੱਚ ਟਰਾਂਸਫਾਰਮਰਾਂ ਦੀ ਜ਼ਰੂਰਤ ਹੈ ਆਉਣ ਵਾਲੇ ਦਿਨਾਂ ਵਿੱਚ ਉਹਨਾਂ ਇਲਾਕਿਆਂ ਵਿੱਚ ਵੀ ਨਵੇਂ ਟਰਾਂਸਫਾਰਮਰ ਲਗਾਏ ਜਾਣਗੇ। ਵਿਧਾਇਕ ਗਰੇਵਾਲ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਪੂਰਬੀ ਵਿੱਚ ਵਿਕਾਸ ਪੱਖੋਂ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਹਲਕੇ ਵਿੱਚ ਬਿਜਲੀ ਸਪਲਾਈ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਹਰ ਤਰ੍ਹਾਂ ਦੇ ਕਦਮ ਚੁੱਕੇ ਜਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਬਿਜਲੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਂ ਰਹਿਣ ਦਿੱਤੀ ਜਾਵੇਗੀ।

# ਅੱਜ ਦੀ ਕਿਸਾਨ ਮਹਾਂਪੰਚਾਇਤ ਦੀਆਂ ਤਿਆਰੀਆਂ ਮੁਕੰਮਲ : ਲੱਖੋਵਾਲ



ਲੁਧਿਆਣਾ, 22 ਅਗਸਤ (ਰਵਿੰਦਰ ਸਿੰਘ ਨਿੱਝਰ) : ਅੱਜ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਅਤੇ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਨੇ ਪ੍ਰੈਸ ਨੋਟ ਜਾਰੀ ਕਰਦਿਆ ਕਿਹਾ ਕਿ ਸਮਰਾਲੇ ਅਨਾਜ ਮੰਡੀ ਵਿਖੇ ਕੀਤੀ ਜਾ ਰਹੀ 24 ਅਗਸਤ ਦੀ ਮਹਾਂਪੰਚਾਇਤ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਸਾਰੇ ਵਰਕਰਾਂ ਤੇ ਕਿਸਾਨਾਂ ਦੀਆਂ ਡਿਊਟੀਆਂ ਲੱਗ ਗਈਆਂ ਹਨ ਅਤੇ ਵੱਖ-ਵੱਖ ਟੀਮਾਂ ਬਣਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਦੱਸੇ ਜਾ ਚੁੱਕੇ ਹਨ ਲੱਖੋਵਾਲ ਨੇ ਕਿਹਾ ਕਿ ਇਹ ਮਹਾਂਪੰਚਾਇਤ ਲੈਂਡ ਪੂਲਿੰਗ ਪਾਲਿਸੀ ਰੱਦ ਕਰਵਾਉਣ ਦੀ ਜੇਤੂ ਰੈਲੀ ਅਤੇ ਕਿਸਾਨਾਂ ਦੀਆਂ ਪਿਛਲੇ ਸਮੇਂ ਤੋਂ ਲਟਕਦੀਆਂ ਮੰਗਾਂ ਲਾਗੂ ਕਰਵਾਉਣ ਲਈ ਕੀਤੀ ਜਾ ਰਹੀ ਹੈ ਕਿਸਾਨਾਂ ਦੀਆਂ ਲਟਕਦੀਆਂ ਮੰਗਾਂ ਜਿਵੇਂ ਗੰਨੇ ਦੀ ਬਕਾਇਆ ਰਾਸ਼ੀ,ਕੋਆਪਰੇਟਿਵ ਦੇ ਸੁਧਾਰ,ਵਨ ਟਾਈਮ ਸੈਟਲਮੈਂਟ ਸਕੀਮ,ਹੜਾਂ ਦਾ ਮੁਆਵਜ਼ਾ,ਅਵਾਰਾ ਡੰਗਰਾਂ ਦਾ ਪ੍ਰਬੰਧਾਂ ਦਾ ਦੁਆਰਾ ਡਟ ਕੇ ਵਿਰੋਧ ਕਰਵਾਉਣ ਲਈ ਕੀਤੀ ਜਾ ਰਹੀ ਹੈ।

ਲੱਖੋਵਾਲ ਨੇ ਪੰਜਾਬ ਦੇ ਸਾਰੇ ਵਰਗਾਂ ਦੇ ਲੋਕਾਂ, ਕਿਸਾਨਾਂ, ਮਜ਼ਦੂਰਾਂ,ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਸਾਰੇ ਇਕੱਠੇ ਹੋ ਕੇ 24 ਅਗਸਤ ਨੂੰ ਸਮਰਾਲੇ ਦੀ ਜੇਤੂ ਰੈਲੀ ਵਿੱਚ ਵੱਧ ਚੜ੍ਹ ਕੇ ਸਵੇਰੇ 10 ਵਜੇ ਪਹੁੰਚਣ ਸਾਰੇ ਪ੍ਰਬੰਧ ਮੁਕੰਮਲ ਹਨ ਮੀਂਹ ਪੈਣ ਦੀ ਸੂਰਤ ਵਿੱਚ ਸ਼ੈਡ ਦਾ ਪ੍ਰਬੰਧ ਅਤੇ ਲੰਗਰ,ਪਾਣੀ ਦਾ ਵੀ ਖਾਸ ਪ੍ਰਬੰਧ ਹੈ ਇਸ ਰੈਲੀ ਨੂੰ ਸਫਲ ਬਣਾਉਣ ਲਈ ਪਰਮਿੰਦਰ ਸਿੰਘ ਪਾਲਮਾਜਰਾ, ਮਨਜੀਤ ਸਿੰਘ ਢੀਂਡਸਾ, ਗੁਰਪ੍ਰੀਤ ਸਿੰਘ ਸਾਹਾਬਾਣਾ, ਪਮਨਦੀਪ ਸਿੰਘ ਮੇਹਲੋਂ, ਬੂਟਾ ਸਿੰਘ, ਈਰਿੰਦਰ ਸਿੰਘ ਜੱਲੀ,ਹਰਦੀਪ ਭਰਥਲਾ,ਗਿਆਨ ਸਿੰਘ ਮੰਡ, ਰਘੁਬੀਰ ਸਿੰਘ ਕੂੰਮ ਕਲਾਂ, ਗੁਰਇੰਦਰ ਸਿੰਘ ਭੈਣੀ,ਗਗਨ ਕਡਿਆਣਾ, ਕੁਲਜੀਤ ਗੱਦੋਵਾਲ, ਬਹਾਦਰ ਲੱਖੋਵਾਲ,ਮੋਨੂ ਲੱਖੋਵਾਲ ਆਦਿ ਆਪਣਾ ਪੂਰਾ ਯੋਗਦਾਨ ਪਾ ਰਹੇ ਹਨ।

# ਭੀਖ ਮੰਗਣ 'ਤੇ ਪਾਬੰਦੀ ਲਗਾਈ ਜਾਵੇ : ਕਮਲ, ਸਰੋਏ



ਲੁਧਿਆਣਾ, 22 ਅਗਸਤ (ਰਵਿੰਦਰ ਸਿੰਘ ਨਿੱਝਰ) : ਵਿਮੈਨ ਜਸਟਿਸ ਆਰਗੇਨਾਈਜੇਸ਼ਨ ਦੀ ਪ੍ਰਧਾਨ ਕਮਲਜੀਤ ਕੌਰ ਕਮਲ ਅਤੇ ਸੀਨੀਅਰ ਅਹੁਦੇਦਾਰ ਮਨਜੀਤ ਕੌਰ ਸਰੋਏ ਨੇ ਆਖਿਆ ਹੈ ਕਿ ਪੰਜਾਬ ਵਿੱਚ ਭੀਖ ਮੰਗਣ ਤੇ ਪੂਰਨ ਪਾਬੰਦੀ ਲਗਾਈ ਜਾਵੇ। ਉਹਨਾਂ ਕਿਹਾ ਕਿ ਵੈਸੇ ਤਾਂ ਪੂਰੇ ਭਾਰਤ ਵਿੱਚ ਹੀ ਭੀਖ ਦੇ ਪਾਬੰਦੀ ਲਾਉਣ ਦੀ ਜਰੂਰਤ ਹੈ ਪ੍ਰੰਤੂ ਪੰਜਾਬ ਵਿੱਚ ਇਹ ਕਦਮ ਇਕਦਮ ਪੁੱਟਿਆ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਯੂਪੀ ਬਿਹਾਰ ਜਾਂ ਕਈ ਹੋਰ ਪ੍ਰਦੇਸ਼ਾਂ ਤੋਂ ਆਏ ਕੁਝ ਲੋਕਲੋਕ ਭੀਖ ਮੰਗ ਕੇ ਲੱਖਾਂ ਰੁਪਈਆ ਇਕੱਠਾ ਕਰ ਰਹੇ ਹਨ। ਉਹਨਾਂ ਕਿਹਾ ਕਿ ਬਹੁਤ ਸਾਰੇ ਲੋਕ ਅਪਾਹਜ ਹੋਣ ਦਾ ਡਰਾਮਾ ਕਰਕੇ ਜਾਂ ਆਪਣੇ ਬੱਚਿਆਂ ਨੂੰ ਅੱਗੇ ਕਰਕੇ ਆਮ ਲੋਕਾਂ ਨੂੰ ਜਜ਼ਬਾਤੀ ਤੌਰ ਤੇ ਬਲੈਕਮੇਲ ਕਰਦੇ ਹਨ ਅਤੇ ਤਰਸ ਖਾ ਕੇ ਪੰਜਾਬੀ ਲੋਕ ਇਹਨਾਂ ਨੂੰ ਕੁਝ ਨਾ ਕੁਝ ਦੇ ਦਿੰਦੇ ਹਨ ਅਤੇ ਇਸ ਤਰ੍ਹ ਇੱਕ ਇੱਕ ਮੰਗਤਾ ਹਰ ਰੋਜ਼ ਹਜ਼ਾਰਾਂ ਰੁਪਏ ਇਕੱਠੇ ਕਰਦਾ ਹੈ। ਉਹਨਾਂ ਕਿਹਾ ਕਿ ਸਿਰਫ ਬੱਚਿਆਂ ਨੂੰ ਹੀ ਭੀਖ ਮੰਗਣ ਤੋਂ ਰੋਕਣ ਦੀ ਲੋੜ ਨਹੀਂ ਬਲਕਿ ਬਾਲਗ ਅਤੇ ਬਜ਼ੁਰਗਾਂ ਨੂੰ ਵੀ ਭੀਖ ਮੰਗਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਉਹਨਾਂ ਕਿਹਾ ਕਿ ਹੋ ਸਕਦਾ ਹੈ ਕਿ ਭੀਖ ਮੰਗਣ ਦੀ ਆੜ ਵਿੱਚ ਕੋਈ ਬੰਦਾ ਜਸੂਸੀ ਕਰਦਾ ਹੋਵੇ ਜੋ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਵੱਡਾ ਖਤਰਾ ਬਣ ਪਸਕਦਾ ਹੈ। ਕਮਲ ਅਤੇ ਸਰੋਏ ਨੇ ਆਖਿਆ ਕਿ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਤੁਰੰਤ ਫੈਸਲਾ ਲੈ ਕੇ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸ ਦੇ ਅੰਦਰ ਭੀਖ ਮੰਗਣ ਤੇ ਪੂਰਨ ਪਾਬੰਦੀ ਹੋਣੀ ਚਾਹੀਦੀ ਹੈ ਅਤੇ ਭੀਖ ਮੰਗਣ ਵਾਲਿਆਂ ਲਈ ਵੱਡੇ ਜੁਰਮਾਨੇ ਅਤੇ ਸਜ਼ਾ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਹੀ ਪੰਜਾਬ ਸਮੇਤ ਸਮੁੱਚੇ ਦੇਸ਼ ਨੂੰ ਭੀਖ ਮੁਕਤ ਸੂਬਾ ਜਾਂ ਦੇਸ਼ ਬਣਾਇਆ ਜਾ ਸਕਦਾ ਹੈ।

# ਕੁਲਾਰ ਨੂੰ ਆਈਕੋਨਿਕ ਲੀਡਰ ਪੁਰਸਕਾਰ ਨਾਲ ਕੀਤਾ ਸਨਮਾਨਤ



ਲੁਧਿਆਣਾ, 22 ਅਗਸਤ (ਵਿਸ਼ਾਲ ਸ਼ਰਮਾ) : ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ (ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ) ਨੂੰ ਸਾਈਕਲ ਅਤੇ ਸਹਾਇਕ ਉਦਯੋਗਾਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਚੰਡੀਗੜ੍ਹ ਵਿਖੇ ਆਈਕੋਨਿਕ ਲੀਡਰਸ਼ਿਪ ਕਨਕਲੇਵ ਵਿਖੇ ਪੰਜਾਬ ਦੇ ਮਾਣਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ ਦੁਆਰਾ ਆਈਕੋਨਿਕ ਲੀਡਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰਾਜੀਵ ਚਾਵਲਾ ਚੇਅਰਮੈਨ ਆਏ.ਐਮ.ਐਸ.ਐਮ.ਈ.ਓਫ.ਇੰਡੀਆ ਨੇ ਗੁਰਮੀਤ ਸਿੰਘ ਕੁਲਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਗੁਰਮੀਤ ਸਿੰਘ ਕੁਲਾਰ ਦੀ ਸਖ਼ਤ ਮਿਹਨਤ ਅਤੇ ਲਗਨ ਸਦਕਾ ਹੀ ਉਨ੍ਹਾਂ ਨੂੰ ਇਹ ਪੁਰਸਕਾਰ ਮਿਲਿਆ ਹੈ। ਓਂਕਾਰ ਸਿੰਘ ਪਾਹਵਾ ਚੇਅਰਮੈਨ ਏਵਨ ਸਾਈਕਲਜ਼ ਲਿਮਟਿਡ ਨੇ ਗੁਰਮੀਤ ਸਿੰਘ ਕੁਲਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਗੁਰਮੀਤ ਸਿੰਘ ਕੁਲਾਰ ਦੀ ਅਥਾਹ ਮਿਹਨਤ ਅਤੇ ਲਗਨ ਸਦਕਾ ਇਹ ਐਵਾਰਡ ਹਾਸਿਲ ਹੋਇਆ ਹੈ। ਕੇ.ਕੇ.ਸੇਠ ਚੇਅਰਮੈਨ ਫਿਕੋ ਨੇ ਕਿਹਾ ਕਿ ਗੁਰਮੀਤ ਸਿੰਘ ਕੁਲਾਰ ਦੀ ਇੰਡਸਟਰੀ ਅਤੇ ਸਮਾਜ ਲਈ ਕੀਤੀ ਮਿਹਨਤ ਨੂੰ ਮਾਨਤਾ ਮਿਲੀ ਹੈ ਅਤੇ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਪੰਕਜ ਮੁੰਜਾਲ ਚੇਅਰਮੈਨ ਅਤੇ ਐੱਸ.ਕੇ. ਰਾਏ ਵਾਈਸ-ਚੇਅਰਮੈਨ ਹੀਰੋ ਸਾਈਕਲਜ਼ ਲਿਮਟਿਡ ਅਤੇ ਸਕੱਤਰ ਜਨਰਲ ਲੁਧਿਆਣਾ ਸੰਸਕ੍ਰਿਤ ਸਮਾਗਮ ਨੇ ਕਿਹਾ ਕਿ ਸਾਨੂੰ ਗੁਰਮੀਤ ਸਿੰਘ ਕੁਲਾਰ 'ਤੇ ਮਾਣ ਹੈ, ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਗੁਰਵਿੰਦਰ ਸਿੰਘ ਸਚਦੇਵਾ ਪ੍ਰਧਾਨ ਲੁਧਿਆਣਾ ਪਾਈਪ ਐਂਡ ਸੈਨੇਟਰੀ ਟ ?ਰੇਡਰਜ਼ ਐਸੋਸੀਏਸ਼ਨ ਨੇ ਗੁਰਮੀਤ ਸਿੰਘ ਕੁਲਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਉਨ੍ਹਾਂ ਦੀ ਮਿਹਨਤ ਦਾ ਤਾਜ ਹੈ।ਮਨਜਿੰਦਰ ਸਿੰਘ ਸਚਦੇਵਾ ਪ੍ਰਧਾਨ ਬੈਡੋ ਨੇ ਕਿਹਾ ਕਿ 'ਕੁਲਾਰ ਦੇ ਅਣਥੱਕ ਯਤਨਾਂ ਅਤੇ ਲੁਧਿਆਣਾ ਅਤੇ ਪੰਜਾਬ ਦੇ ਉਦਯੋਗ ਨੂੰ ਅਥਾਹ ਸਮਰਥਨ ਦਾ ਤਾਜ ਮਿਲਿਆ ਹੈ। ਨਰਿੰਦਰ ਭਮਰਾ ਪ੍ਰਧਾਨ ਫਾਸਟਨਰਜ਼ ਮੈਨੂਫੈਕਚਰਰਜ਼ ਆਫ ਇੰਡੀਆ ਨੇ ਗੁਰਮੀਤ ਸਿੰਘ ਕੁਲਾਰ ਨੂੰ ਵਧਾਈ ਦਿੱਤੀ ਅਤੇ ਸਾਨੂੰ ਕੁਲਾਰ 'ਤੇ ਮਾਣ ਹੈ। ਦਲਬੀਰ ਸਿੰਘ ਧੀਮਾਨ ਚੇਅਰਮੈਨ ਯੂਨਾਈਟਿਡ ਸਿਲਾਈ ਮਸ਼ੀਨ ਐਂਡ ਪਾਰਟਸ ਮੈਨੂਫੈਕਚਰਰਜ਼ ਐਸੋਸੀਏਸ਼ਨ ਨੇ ਕਿਹਾ ਕਿ ਕੁਲਾਰ ਸਨਮਾਨ ਦੇ ਹੱਕਦਾਰ ਹਨ। ਸੁਖਦਿਆਲ ਸਿੰਘ ਬਸੰਤ ਚੇਅਰਮੈਨ ਰਾਮਗੜ੍ਹੀਆ ਫਾਊਂਡੇਸ਼ਨ ਨੇ ਗੁਰਮੀਤ ਸਿੰਘ ਕੁਲਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਉਦਯੋਗ ਲਈ 24 ✓ 7 ਉਪਲਬਧ ਹਨ, ਅਤੇ ਇਹ ਕੁਲਾਰ ਦੀ ਸਖ਼ਤ ਮਿਹਨਤ ਹੈ ਜਿਸ ਕਾਰਨ ਇਹ ਵੱਕਾਰੀ ਮਾਨਤਾ ਪ੍ਰਾਪਤ ਹੋਈ ਹੈ।

# ਵਿਧਾਇਕਾ ਮਾਣੂੰਕੇ ਦੇ ਯਤਨਾਂ ਸਦਕਾ ਭੰਮੀਪੁਰਾ ਵਿਖੇ ਬਿਜਲੀ ਦਾ ਨਵਾਂ 66 ਕੇਵੀ ਗਰਿੱਡ ਮਨਜ਼ੂਰ



ਜਗਰਾਉਂ, 22 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਦੇ ਯਤਨਾਂ ਸਦਕਾ ਇਲਾਕੇ ਦੇ ਲੋਕਾਂ ਨੂੰ ਨਿਰਵਿਘਨ ਅਤੇ ਪੂਰੀ ਬਿਜਲੀ ਸਪਲਾਈ ਦੇਣ ਲਈ ਪੰਜਾਬ ਸਰਕਾਰ ਵੱਲੋਂ ਪਿੰਡ ਭੰਮੀਪੁਰਾ ਵਿਖੇ ਬਿਜਲੀ ਦਾ ਨਵਾਂ 66 ਕੇਵੀ ਗਰਿੱਡ ਬਨਾਉਣ ਦੀ ਮੰਨਜ਼ੂਰੀ ਦੇ ਦਿੱਤੀ ਹੈ ਅਤੇ ਇਸ ਗਰਿੱਡ ਦੇ ਨਿਰਮਾਣ ਲਈ ਪੰਜਾਬ ਸਰਕਾਰ ਦੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿਭਾਗ ਵੱਲੋਂ ਮਿਤੀ 21 ਅਗਸਤ ਨੂੰ ਪੱਤਰ ਨੰਬਰ 3780 ਰਾਹੀਂ ਲਗਭਗ ਪੌਣੇ ਸੱਤ ਕਰੋੜ ਰੁਪਏ ਵੀ ਜਾਰੀ ਕਰ ਦਿੱਤੇ ਗਏ ਹਨ। ਹਲਕੇ ਦੇ ਲੋਕਾਂ ਨੂੰ ਇਸ ਵੱਡੀ ਖੁਸ਼ਖਬਰੀ ਦੀ ਜਾਣਕਾਰੀ ਦਿੰਦੇ ਹੋਏ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਦੱਸਿਆ ਕਿ ਉਹ ਆਪਣੇ ਹਲਕੇ ਨੂੰ ਬਿਜਲੀ ਦੀਆਂ ਵੱਡੀਆਂ ਸਮੱਸਿਆਵਾਂ ਤੋਂ ਨਿਜਾਤ ਦਿਵਾਉਣ ਲਈ ਲਗਾਤਾਰ ਯਤਨਸ਼ੀਲ ਹਨ ਅਤੇ ਪਿੰਡ ਭੰਮੀਪੁਰਾ ਵਿਖੇ ਮੰਨਜ਼ੂਰ ਹੋਏ ਬਿਜਲੀ ਦੇ 66 ਕੇਵੀ ਗਰਿੱਡ ਦੀ ਮੰਨਜ਼ੂਰੀ ਤੋਂ ਪਹਿਲਾਂ ਪਿੰਡ ਗਿੱਦੜਵਿੰਡੀ ਵਿਖੇ ਸਵਾ ਚਾਰ ਕਰੋੜ ਰੁਪਏ ਦੀ ਲਾਗਤ ਨਾਲ ਨਵਾਂ 66 ਕੇਵੀ ਗਰਿੱਡ ਬਣਾਉਣਾ ਸ਼ੁਰੂ ਹੋ ਚੁੱਕਾ ਹੈ ਅਤੇ ਪਿੰਡ ਭੁਜਗਰ ਵਿਖੇ ਨਵਾਂ 66 ਕੇਵੀ ਗਰਿੱਡ ਬਨਾਉਣ ਲਈ ਪੌਣੇ ਸੱਤ ਕਰੋੜ ਰੁਪਏ ਦੀ ਰਕਮ ਵੀ ਜਾਰੀ ਹੋ ਚੁੱਕੀ ਹੈ, ਜਿਸ ਦੇ ਨਿਰਮਾਣ ਕਾਰਜਾਂ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਤੋਂ ਇਲਾਵਾ ਪਿੰਡ ਕਾਉਂਕੇ ਕਲਾਂ ਵਿਖੇ ਵੀ ਨਵਾਂ 66 ਕੇਵੀ ਗਰਿੱਡ ਲਗਾਉਣ ਲਈ ਯਤਨ ਜਾਰੀ ਹਨ ਅਤੇ ਜਗਰਾਉਂ ਸ਼ਹਿਰ ਵਿੱਚ ਵੀ 66 ਕੇਵੀ ਗਰਿੱਡ ਸਥਾਪਿਤ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਵਿਧਾਇਕਾ ਮਾਣੂੰਕੇ ਨੇ ਹੋਰ ਦੱਸਿਆ ਕਿ ਪਿੰਡ ਭੰਮੀਪੁਰਾ ਵਿਖੇ ਨਵਾਂ 66 ਕੇਵੀ ਗਰਿੱਡ ਸਥਾਪਿਤ ਹੋਣ ਨਾਲ ਪਿੰਡ ਭੰਮਪੁਰਾ ਤੋਂ ਇਲਾਵਾ ਪਿੰਡ ਚੀਮਾਂ, ਬੱਸੂਵਾਲ, ਲੰਮੇ, ਮਾਣੂੰਕੇ ਬਾਵਾ, ਮਾਣੂੰਕੇ, ਦੇਹੜਕਾ, ਰਣਧੀਰਗੜ੍ਹ, ਅਖਾੜਾ, ਡੱਲਾ, ਮੱਲ੍ਹਾ ਆਦਿ ਪਿੰਡਾਂ ਦੇ ਲੋਕਾਂ ਨੂੰ ਘਰੇਲੂ ਅਤੇ ਖੇਤੀਬਾੜੀ ਸੈਕਟਰ ਲਈ ਨਿਰਵਿਘਨ ਅਤੇ ਪੂਰੀ ਬਿਜਲੀ ਸਪਲਾਈ ਮਿਲੇਗੀ ਅਤੇ ਘੱਟ ਵੋਲਟੇਜ਼ ਦੀ ਸਮੱਸਿਆ ਖਤਮ ਹੋ ਜਾਵੇਗੀ। ਇਸ ਮੌਕੇ ਜਗਰਾਉਂ ਦੇ ਐਕਸੀਅਨ ਇੰਜ:ਗੁਰਪ੍ਰੀਤਮਹਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਹੋਰਾਂ ਦੇ ਸਹਿਯੋਗ ਨਾਲ ਇਲਾਕੇ ਦੇ ਲੋਕਾਂ ਨੂੰ ਬਿਜਲੀ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਬਿਜਲੀ ਦੇ ਵੱਡੇ ਪ੍ਰੋਜੈਕਟ ਮੰਨਜ਼ੂਰ ਹੋਏ ਹਨ ਅਤੇ ਬਹੁਤ ਸਾਰੇ ਕਰੋੜਾਂ ਰੁਪਏ ਦੀ ਲਾਗਤ 11 ਕੇਵੀ ਫੀਡਰ ਵੀ ਉਸਾਰੇ ਗਏ ਹਨ।

# ਡੀ.ਸੀ. ਵੱਲੋਂ ਨਸ਼ਾ ਪ੍ਰਭਾਵਿਤ ਵਿਅਕਤੀਆਂ ਨੂੰ ਤਰੰਗ ਹੈਲਪਲਾਈਨ ਅਪਨਾਉਣ ਦੀ ਅਪੀਲ।



ਲੁਧਿਆਣਾ, 22 ਅਗਸਤ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸ਼ੁੱਕਰਵਾਰ ਨੂੰ ਨਸ਼ੇ ਦੀ ਲਤ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਤਰੰਗ ਹੈਲਪਲਾਈਨ (9779-175050) ਦੀ ਵਰਤੋਂ ਕਰਨ ਦੀ ਦਿਲੋਂ ਅਪੀਲ ਕੀਤੀ ਜੋ ਕਿ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਰਿਕਵਰੀ ਅਤੇ ਮੁੱਖ ਧਾਰਾ ਸਮਾਜ ਵਿੱਚ ਮੁੜ ਏਕੀਕਰਨ ਦਾ ਸਮਰਥਨ ਕਰਨ ਲਈ ਸ਼ੁਰੂ ਕੀਤੀ ਗਈ ਇੱਕ ਪਰਿਵਰਤਨਸ਼ੀਲ ਪਹਿਲ ਹੈ। ਆਪਣੇ ਵੀਡੀਓ ਸੰਦੇਸ਼ ਵਿੱਚ ਸ੍ਰੀ ਜੈਨ ਨੇ ਕਿਹਾ ਕਿ ਤਰੰਗ: ਨਵੀਂ ਸ਼ੁਰੂਆਤ ਦੀ ਲਹਿਰ ਇੱਕ ਟੋਲ-ਫਰੀ ਹੈਲਪਲਾਈਨ ਹੈ, ਜੋ ਰੋਜ਼ਾਨਾ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਚੱਲਦੀ ਹੈ, ਜਿਸਦਾ ਪ੍ਰਬੰਧਨ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਅਤੇ ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ (ਡੀ.ਬੀ.ਈ.ਈ) ਦੁਆਰਾ ਡਰੀਮ ਅਫੇਅਰ ਐਨਜੀਓ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਹੈਲਪਲਾਈਨ ਮਨੋਵਿਗਿਆਨਕ ਸਲਾਹ, ਪੁਨਰਵਾਸ ਮਾਰਗਦਰਸ਼ਨ ਅਤੇ ਰੋਜ਼ੀ-ਰੋਟੀ ਦੇ ਮੌਕੇ, ਗੁਪਤਤਾ ਅਤੇ ਵਿਅਕਤੀਗਤ ਦੇਖਭਾਲ ਨੂੰ ਯਕੀਨੀ ਬਣਾਉਣ ਸਮੇਤ ਵਿਆਪਕ ਸਹਾਇਤਾ ਪ੍ਰਦਾਨ ਕਰਦੀ ਹੈ। ਡੀ.ਸੀ ਹਿਮਾਂਸ਼ੂ ਜੈਨ ਨੇ ਜ਼ੋਰ ਦੇ ਕੇ ਕਿਹਾ ਕਿ ਤਰੰਗ ਨਸ਼ਾਖੋਰੀ ਨਾਲ ਜੂਝ ਰਹੇ ਲੋਕਾਂ ਲਈ ਇੱਕ ਜੀਵਨ ਰੇਖਾ ਹੈ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਹਰੇਕ ਵਿਅਕਤੀ ਨੂੰ ਪੇਸ਼ੇਵਰ ਸਲਾਹ, ਢਾਂਚਾਗਤ ਪੁਨਰਵਾਸ, ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਰਾਹੀਂ ਰਿਕਵਰੀ ਲਈ ਸਾਧਨਾਂ ਨਾਲ ਸਸ਼ਕਤ ਬਣਾਉਣਾ ਹੈ ਅਤੇ ਪ੍ਰਭਾਵਿਤ ਲੋਕਾਂ ਨੂੰ ਹੈਲਪਲਾਈਨ 'ਤੇ ਕਾਲ ਕਰਕੇ ਪਹਿਲਾ ਕਦਮ ਚੁੱਕਣ ਅਤੇ ਕੀਮਤੀ ਯੋਗਦਾਨ ਪਾਉਣ ਵਾਲਿਆਂ ਵਜੋਂ ਸਮਾਜ ਵਿੱਚ ਆਪਣਾ ਸਥਾਨ ਮੁੜ ਪ੍ਰਾਪਤ ਕਰਨ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਨੇ ਵਿਸਥਾਰ ਵਿੱਚ ਦੱਸਿਆ ਕਿ ਸਿਖਲਾਈ ਪ੍ਰਾਪਤ ਸਲਾਹਕਾਰ ਪ੍ਰੇਰਣਾਦਾਇਕ ਸਲਾਹ, ਸਮਾਜਿਕਕਰਨ ਸੁਝਾਅ ਅਤੇ ਨਿਯਮਤ ਫਾਲੋ-ਅਪ ਪੇਸ਼ ਕਰਦੇ ਹਨ, ਇੱਕ ਢਾਂਚਾਗਤ ਮਿਆਰੀ ਸੰਚਾਲਨ ਪ੍ਰਕਿਰਿਆ ਦੇ ਨਾਲ ਜੋ ਵਿਅਕਤੀਗਤ ਦੇਖਭਾਲ ਨੂੰ ਯਕੀਨੀ ਬਣਾਉਂਦੀ ਹੈ। ਅਜੇ ਤੱਕ ਇਲਾਜ ਅਧੀਨ ਨਾ ਹੋਣ ਵਾਲੇ ਵਿਅਕਤੀਆਂ ਨੂੰ ਨਜ਼ਦੀਕੀ ਆਊਟਪੇਸ਼ੈਂਟ ਓਪੀਓਇਡ ਅਸਿਸਟਡ ਟਰੀਟਮੈਂਟ (ਓ.ਓ.ਏ.ਟੀ) ਕਲੀਨਿਕ ਵਿੱਚ ਭੇਜਿਆ ਜਾਂਦਾ ਹੈ, ਜਦੋਂ ਕਿ ਇਲਾਜ ਅਧੀਨ ਵਿਅਕਤੀਆਂ ਨੂੰ ਨਸ਼ਾ ਛੁਡਾਊ ਜਾਂ ਮੁੜ ਵਸੇਬਾ ਕੇਂਦਰਾਂ ਵਿੱਚ ਭੇਜਿਆ ਜਾਂਦਾ ਹੈ।

# ਅਸੁਸ ਨੇ ਲੁਧਿਆਣਾ 'ਚ ਹਾਈਬ੍ਰਿਡ ਸਟੋਰ ਦੀ ਸ਼ੁਰੂਆਤ ਕਰਕੇ ਭਾਰਤ 'ਚ ਆਪਣੀ ਰਿਟੇਲ ਰਣਨੀਤੀ ਨੂੰ ਮਜ਼ਬੂਤੀ ਪ੍ਰਦਾਨ ਕੀਤੀ




ਲੁਧਿਆਣਾ, 22 ਅਗਸਤ (ਕਰਨੈਲ ਸਿੰਘ ਐੱਮ.ਏ.) : ਦੇਸ਼ ਭਰ ਵਿੱਚ ਆਪਣੀ ਬ੍ਰਾਂਡ ਰਿਟੇਲ ਹਿੱਸੇਦਾਰੀ ਨੂੰ ਮਜ਼ਬੂਤ ਕਰਨ ਵੱਲ ਇੱਕ ਹੋਰ ਕਦਮ ਵਜੋਂ, ਤਾਈਵਾਨ ਦੀ ਤਕਨੀਕੀ ਕੰਪਨੀ 'ਅਸੁਸ ਇੰਡੀਆ' ਨੇ ਅੱਜ ਲੁਧਿਆਣਾ ਵਿੱਚ ਆਪਣੇ ਹਾਈਬ੍ਰਿਡ ਸਟੋਰ ਦੀ ਸ਼ੁਰੂਆਤ ਕਰਨ ਦੀ ਘੋਸ਼ਣਾ ਕੀਤੀ ਹੈ। ਇਹ ਨਵਾਂ ਹਾਈਬ੍ਰਿਡ ਸਟੋਰ 650 ਵਰਗ ਫੁੱਟ ਵਿੱਚ ਫੈਲਿਆ ਹੋਇਆ ਹੈ ਅਤੇ ਇੱਥੇ ਇਲੈਕਟਰਾਨਿਕਸ ਅਤੇ ਕੰਪਿਊਟਰ ਉਪਕਰਣਾਂ ਦੀ ਵਿਸ਼ਾਲ ਸ਼੍ਰੇਣੀ ਉਪਲੱਬਧ ਹੋਵੇਗੀ, ਜਿਸ ਵਿੱਚ ਅਸੁਸ ਦੇ ਪ੍ਰਮੁੱਖ ਉਤਪਾਦ ਜਿਵੇਂ ਕਿ ਵਿਵੋਬੁੱਕ, ਜ਼ੈਨਬੁੱਕ, ਰਿਪਬਲਿਕ ਆਫ ਗੇਮਰਜ਼ ਲੈਪਟਾਪ, ਗੇਮਿੰਗ ਡੈਸਕਟਾਪ, ਆਲ-ਇਨ-ਵਨ ਡੈਸਕਟਾਪ ਅਤੇ ਹੋਰ ਸਹਾਇਕ ਉਪਕਰਣ ਸ਼ਾਮਲ ਹਨ। ਲੁਧਿਆਣਾ ਵਿੱਚ ਇਹ ਬ੍ਰਾਂਡ ਦਾ ਪਹਿਲਾ ਹਾਈਬ੍ਰਿਡ ਸਟੋਰ ਵੀ ਹੈ, ਜਿਸ ਨਾਲ ਪੰਜਾਬ ਵਿੱਚ ਕੁੱਲ ਸਟੋਰਾਂ ਦੀ ਗਿਣਤੀ 15 ਹੋ ਗਈ ਹੈ।

ਵਿਸਥਾਰ ਬਾਰੇ ਗੱਲ ਕਰਦੇ ਹੋਏ, ਜਿਗਨੇਸ਼ ਭਾਵਸਾਰ, ਰਾਸ਼ਟਰੀ ਵਿਕਰੀ ਪ੍ਰਬੰਧਕ - ਪੀਸੀ ਅਤੇ ਗੇਮਿੰਗ ਵਿਭਾਗ, ਅਸੁਸ ਇੰਡੀਆ ਨੇ ਕਿਹਾ ' ਅਸੀਂ ਭਾਰਤ ਵਿੱਚ ਆਪਣੇ ਰਿਟੇਲ ਵਿਸਥਾਰ ਦੀ ਘੋਸ਼ਣਾ ਕਰਕੇ ਬਹੁਤ ਹੀ ਉਤਸ਼ਾਹਿਤ ਹਾਂ। ਪੰਜਾਬ ਸਾਡੇ ਲਈ ਇੱਕ ਮਹੱਤਵਪੂਰਨ ਬਾਜ਼ਾਰ ਹੈ, ਇਸ ਲਈ ਲੁਧਿਆਣਾ ਵਰਗੇ ਚੰਗੀਆਂ ਸੰਭਾਲਣਾ ਵਾਲੇ ਸ਼ਹਿਰ ਵਿੱਚ ਨਵੇਂ ਬ੍ਰਾਂਡ ਸਟੋਰ ਦੀ ਸ਼ੁਰੂਆਤ, ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਗ੍ਰਾਹਕਾਂ ਨੂੰ ਸਾਡੀਆਂ ਨਵੀਨਤਮ ਤਕਨੀਕਾਂ ਦਾ ਵਿਲੱਖਣ ਅਨੁਭਵ ਦੇਣ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗਾ। ਰਣਨੀਤਕ ਰਿਟੇਲ ਵਿਸਥਾਰ ਰਾਹੀਂ, ਅਸੀਂ ਭਵਿੱਖ ਵਿੱਚ ਆਪਣੇ ਉਪਭੋਗਤਾਵਾਂ ਲਈ ਹੋਰ ਸੰਪਰਕ ਕੇਂਦਰ ਬਣਾਉਂਦੇ ਰਹਾਂਗੇ ਅਤੇ ਉਨ੍ਹਾਂ ਨਾਲ ਸਿੱਧੇ ਸੰਵਾਦ ਵਿੱਚ ਵਾਧਾ ਕਰਾਂਗੇ।' ਤਿਉਹਾਰੀ ਪੇਸ਼ਕਸ਼ਾਂ ਦੇ ਹਿੱਸੇ ਵਜੋਂ, ਅਸੁਸ ਲੈਪਟਾਪਾਂ 'ਤੇ ਕੇਵਲ 99 ਰੁਪਏ ਤੋਂ ਸ਼ੁਰੂ ਹੋ ਰਹੀਆਂ ਵਿਸ਼ੇਸ਼ ਵਾਰੰਟੀ ਵਾਧੂ ਸਕੀਮਾਂ ਅਤੇ ਐਕਸੈਸਰੀ ਬੰਡਲ ਪੇਸ਼ ਕਰ ਰਹੀ ਹੈ।

# ਨੈਤਿਕ ਸਿੱਖਿਆ ਇਮਤਿਹਾਨ 'ਚ 1650 ਸਕੂਲਾਂ ਦੇ 165000 ਵਿਦਿਆਰਥੀਆਂ ਨੇ ਹਿੱਸਾ ਲਿਆ



ਲੁਧਿਆਣਾ, 22 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਅਕਾਦਮਿਕ ਕੌਂਸਲ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਅੱਜ ਦੇਸ਼ ਭਰ ਵਿਚ ਵਿਦਿਆਰਥੀਆਂ ਦੇ ਸਰਬਪੱਖੀ ਸ਼ਖਸੀਅਤ ਉਸਾਰੀ ਅਤੇ ਉਹਨਾਂ ਨੂੰ ਨੈਤਿਕ ਗੁਣਾਂ ਨਾਲ ਭਰਨ ਲਈ ਕਰਵਾਏ ਗਏ ਨੈਤਿਕ ਸਿੱਖਿਆ ਇਮਤਿਹਾਨ ਵਿਚ 1650 ਸਕੂਲਾਂ ਦੇ 1 ਲੱਖ 65 ਹਜ਼ਾਰ ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਇਸ ਇਮਤਿਹਾਨ ਦੇ ਸਿਲੇਬਸ ਲਈ ਪੁਸਤਕ 'ਬਾਲ-ਵਿਰਸਾ' ਅਤੇ 'ਤੇਗ ਬਹਾਦਰ ਸਿਮਰਿਐ' ਨਿਰਧਾਰਤ ਕੀਤੀਆਂ ਗਈਆਂ ਸਨ। ਜਿਸ ਵਿਚ 'ਤੇਗ ਬਹਾਦਰ ਸਿਮਰਿਐ' ਪੁਸਤਕ ਰਾਹੀਂ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਪ੍ਰਤੀ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਅਕਾਦਮਿਕ ਕੌਂਸਲ ਦੇ ਐਡੀਸ਼ਨਲ ਚੀਫ਼ ਸਕੱਤਰ ਸ੍ਰ. ਨਰਿੰਦਰਪਾਲ ਸਿੰਘ ਅਤੇ ਇਮਤਿਹਾਨ ਦੇ ਕੋਆਰਡੀਨੇਟਰ ਡਾ.ਅਮਨਦੀਪ ਸਿੰਘ ਨੇ ਦੱਸਿਆ ਕਿ ਇਹ ਇਮਤਿਹਾਨ ਦੇਸ਼ ਭਰ ਵਿੱਚ ਤੀਜੀ ਤੋਂ ਪੰਜਵੀਂ, ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਬਾਰਵੀਂ ਕਲਾਸ ਤੱਕ ਤਿੰਨ ਗਰੁੱਪਾਂ ਵਿਚ ਕਰਵਾਇਆ ਗਿਆ।

ਉਨ੍ਹਾਂ ਦੱਸਿਆ ਕਿ ਇਮਤਿਹਾਨ ਦੀ ਸਫਲਤਾ ਲਈ ਪਠਾਨਕੋਟ-ਗੁਰਦਾਸਪੁਰ ਜ਼ੋਨ ਦੇ ਸ੍ਰ. ਰਸ਼ਪਾਲ ਸਿੰਘ, ਸ੍ਰ. ਜਸਵਿੰਦਰ ਸਿੰਘ, ਅੰਮ੍ਰਿਤਸਰ-ਤਰਨ ਤਾਰਨ ਜ਼ੋਨ ਦੇ ਡਾ. ਮਲਕੀਅਤ ਸਿੰਘ, ਸ੍ਰ. ਜਸਵੰਤ ਸਿੰਘ ਪਟਵਾਰੀ, ਹੁਸ਼ਿਆਰਪੁਰ ਜ਼ੋਨ ਦੇ ਸ੍ਰ. ਨਵਪ੍ਰੀਤ ਸਿੰਘ, ਸ੍ਰ. ਜਗਜੀਤ ਸਿੰਘ, ਜਲੰਧਰ-ਕਪੂਰਥਲਾ ਜ਼ੋਨ ਦੇ ਸ੍ਰ. ਜਗਦੀਸ਼ ਸਿੰਘ ਬੱਡੋਂ, ਰੂਪਨਗਰ-ਐਸ.ਬੀ.ਐਸ. ਨਗਰ ਸ੍ਰ. ਬਿਕਰਮਜੀਤ ਸਿੰਘ, ਸ੍ਰ. ਮਨਦੀਪ ਸਿੰਘ, ਐਸ.ਏ.ਐਸ. ਨਗਰ ਜ਼ੋਨ ਦੇ ਸ੍ਰ. ਗੁਰਚਰਨ ਸਿੰਘ ਭਿਓਰਾ, ਲੁਧਿਆਣਾ ਜ਼ੋਨ ਦੇ ਸ੍ਰ. ਜਸਪਾਲ ਸਿੰਘ ਕੋਚ, ਫਿਰੋਜ਼ਪੁਰ-ਮੋਗਾ ਜ਼ੋਨ ਦੇ ਸ੍ਰ. ਗੁਰਭੇਜ ਸਿੰਘ, ਸ੍ਰ. ਇੰਦਰਪਾਲ ਸਿੰਘ, ਫਰੀਦਕੋਟ-ਸ੍ਰੀ ਮੁਕਤਸਰ ਸਾਹਿਬ-ਬਠਿੰਡਾ ਜ਼ੋਨ ਦੇ ਸ੍ਰ. ਰਣਜੀਤ ਸਿੰਘ, ਗੁਰਚਰਨ ਸਿੰਘ, ਅਬੋਹਰ-ਸ੍ਰੀ ਗੰਗਾ ਨਗਰ ਜ਼ੋਨ ਦੇ ਸ੍ਰ. ਮਨਮੋਹਨ ਸਿੰਘ ਅਰਨੀਵਾਲਾ ਅਤੇ ਸੰਗਰੂਰ-ਬਰਨਾਲਾ-ਮਾਨਸਾ-ਮਲੇਰਕੋਟਲਾ ਜ਼ੋਨ ਦੇ ਸ੍ਰ. ਕੁਲਵੰਤ ਸਿੰਘ ਅਤੇ ਸ੍ਰ. ਅਜਮੇਰ ਸਿੰਘ ਅਤੇ ਸਾਰੀਆਂ ਸਟੇਟਾਂ ਦੇ ਸਟੇਟ ਪ੍ਰਧਾਨ ਅਤੇ ਸਟੇਟ ਸਕੱਤਰਾਂ ਨੇ ਇਮਤਿਹਾਨ ਨੂੰ ਸਫਲ ਕਰਨ ਵਿਚ ਆਪਣਾ ਯੋਗਦਾਨ ਪਾਇਆ। ਇਸ ਸਮੇਂ ਜਥੇਬੰਦੀ ਦੇ ਚੇਅਰਮੈਨ ਸ੍ਰ. ਬਲਜੀਤ ਸਿੰਘ, ਚੀਫ਼ ਆਰਗੇਨਾਈਜ਼ਰ ਸ੍ਰ. ਬ੍ਰਿਜਿੰਦਰਪਾਲ ਸਿੰਘ, ਚੀਫ਼ ਸਕੱਤਰ ਸ੍ਰ. ਪਿਰਥੀ ਸਿੰਘ, ਸਟੇਟ ਪ੍ਰਧਾਨ ਪੰਜਾਬ ਸ੍ਰ. ਹਰਜੀਤ ਸਿੰਘ ਨੰਗਲ ਅਤੇ ਜਥੇਬੰਦਕ ਸਕੱਤਰ ਸ੍ਰ. ਸ਼ਿਵਰਾਜ ਸਿੰਘ ਨੇ ਸਮੂੰਹ ਪ੍ਰਿੰਸੀਪਲ ਸਾਹਿਬਾਨ, ਇਮਤਿਹਾਨ ਸੁਪਰਡੈਂਟ, ਸੁਪਰਵਾਈਜ਼ਰ ਅਤੇ ਜ਼ੋਨਲ ਕੋਆਰਡੀਨੇਟਰਾਂ ਨੂੰ ਇਮਤਿਹਾਨ ਦੀ ਸਫ਼ਲਤਾ ਦੀ ਵਧਾਈ ਦਿੱਤੀ ਅਤੇ ਕੀਤੇ ਉਦਮਾਂ ਲਈ ਧੰਨਵਾਦ ਕੀਤਾ। ਉਨ੍ਹਾਂ ਹੋਰ ਦੱਸਿਆ ਕਿ ਜ਼ੋਨਲ ਪੱਧਰ 'ਤੇ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਆਕਰਸ਼ਕ ਇਨਾਮ ਅਤੇ ਸਰਟੀਫਿਕੇਟ ਦੇ ਕੇ ਉਤਸ਼ਾਹਤ ਕੀਤਾ ਜਾਵੇਗਾ।

# ਵਿਧਾਇਕ ਬੱਗਾ ਵੱਲੋਂ ਵਾਰਡ ਨੰਬਰ 87 'ਚ ਸੜਕਾਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ




ਲੁਧਿਆਣਾ, 22 ਅਗਸਤ (ਰਵਿੰਦਰ ਸਿੰਘ ਨਿੱਝਰ) : ਵਿਧਾਇਕ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 87 ਅਧੀਨ ਕਾਰਾਬਾਰ ਰੋਡ ਦੀਆਂ ਲੰਬੀਆਂ ਗਲੀਆਂ ਦੇ ਨਿਰਮਾਣ ਕਾਰਜ਼ਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਕੌਂਸਲਰ ਅਮਨ ਬੱਗਾ, ਕੌਂਸਲਰ ਹਰਜਿੰਦਰ ਬਾਲੀ, ਜਸਪਾਲ ਸਿੰਘ ਬੰਨੀ, ਵਿਕਰਮ ਚੋਪੜਾ, ਬਿੱਟੂ ਰਾਣਾ ਤੇ ਹੋਰ ਇਲਾਕਾ ਨਿਵਾਸੀ ਵੀ ਮੌਜੂਦ ਸਨ। ਵਿਧਾਇਕ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਲੋਕਾਂ ਨੂੰ ਮਿਆਰੀ ਸਿੱਖਿਆ, ਸਿਹਤ ਸੇਵਾਵਾਂ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹਲਕੇ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਸਥਾਨਕ ਵਸਨੀਕਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਇਲਾਕਾ ਨਿਵਾਸੀਆਂ ਵੱਲੋਂ ਵਿਧਾਇਕ ਬੱਗਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ।

# ਅੱਜ ਬਿਜਲੀ ਬੰਦ ਰਹੇਗੀ

ਲੁਧਿਆਣਾ, 22 ਅਗਸਤ (ਵਿਸ਼ਾਲ ਸ਼ਰਮਾ) : 66 ਕੇਵੀ ਡੀਸੀ ਕੰਪਲੈਕਸ ਗਰਿੱਡ ਅਧੀਨ ਸਾਰੇ 11 ਕੇਵੀ ਫੀਡਰ 23-08-25 ਨੂੰ ਸਵੇਰੇ 03:00 ਵਜੇ ਤੋਂ ਸਵੇਰੇ 07:00 ਵਜੇ ਤੱਕ 66 ਕੇਵੀ ਭੂਮੀਗਤ ਕੇਬਲ ਦੇ ਪਿੰਨ ਪੁਆਇੰਟ ਫਾਲਟ ਕਾਰਨ ਬੰਦ ਰਹਿਣਗੇ। ਪ੍ਰਭਾਵਿਤ ਖੇਤਰ- ਸੰਦੀਪ ਨਗਰ, ਗੁਲਮੋਹਰ ਹੋਟਲ ਲਾਈਨ, ਨੌਰੀਆ ਮੱਲ ਜੈਨ ਸਕੂਲ ਦੇ ਨੇੜੇ ਖੇਤਰ, ਭਾਰਤ ਨਗਰ ਚੌਂਕ, ਜਵਾਹਰ ਨਗਰ ਕੈਂਪ, ਸੀਤਾ ਨਗਰ, ਰੇਲਵੇ ਯਾਰਡ, ਈ.ਐਸ.ਆਈ ਹਸਪਤਾਲ ਖੇਤਰ, ਲਾਜਪਤ ਨਗਰ, ਸੰਪੂਰਨ ਕਲੋਨੀ, ਮਾਡਲ ਗ੍ਰਾਮ, ਕੰਚਰ ਮਾਰਕੀਟ, ਅਤੇ ਨਿਊ ਮਾਡਲ ਟਾਊਨ ਆਦਿ ਇਲਾਕੇ ਪ੍ਰਭਾਵਿਤ ਰਹਿਣਗੇ

# ਹਲਕਾ ਆਤਮ ਨਗਰ ਵਿੱਚ 'ਆਪ' ਦੇ ਮਹਿਲਾ ਵਿੰਗ ਦੀ ਮੀਟਿੰਗ



ਲੁਧਿਆਣਾ, 22 ਅਗਸਤ (ਵਿਸ਼ਾਲ ਸ਼ਰਮਾ) : ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਜੀ ਦੇ ਦਿਸ਼ਾ- ਨਿਰਦੇਸ਼ਾਂ ਅਨੁਸਾਰ, ਉਨ੍ਹਾਂ ਦੇ ਦਫ਼ਤਰ ਵਿੱਚ ਇੱਕ ਮੀਟਿੰਗ ਹੋਈ ਜਿਸ ਵਿੱਚ ਔਰਤਾਂ ਨੂੰ ਨਵੀਆਂ ਜ਼ਿੰਮੇਵਾਰੀਆਂ ਅਤੇ ਪਾਰਟੀ ਨੀਤੀਆਂ ਬਾਰੇ ਜਾਣਕਾਰੀ ਦਿੱਤੀ ਗਈ। ਦਫ਼ਤਰ ਵਿੱਚ, ਨਵ-ਨਿਯੁਕਤ ਔਰਤਾਂ ਨਾਲ ਉਨ੍ਹਾਂ ਦੇ ਬਲਾਕ ਅਤੇ ਉਨ੍ਹਾਂ ਦੇ ਵਾਰਡ ਪੱਧਰ ਬਾਰੇ ਗੱਲਬਾਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਆਤਮ ਨਗਰ ਹਲਕਾ ਪ੍ਰਧਾਨ ਸੁਖਪ੍ਰੀਤ ਕੌਰ ਨੇ ਕੀਤੀ ਅਤੇ ਇਸ ਮੌਕੇ ਮਾਲਵਾ ਸੈਂਟਰਲ ਜ਼ੋਨ ਇੰਚਾਰਜ ਅਜਿੰਦਰ ਕੌਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਨੇ ਔਰਤਾਂ ਨੂੰ ਪਾਰਟੀ ਵਿੱਚ ਮਹਿਲਾ ਸੰਗਠਨ ਨੂੰ ਮਜ਼ਬੂਤ ਕਰਨ ਲਈ ਵੀ ਪ੍ਰੇਰਿਤ ਕੀਤਾ। ਮਨੀਸ਼ਾ ਕਪੂਰ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ, ਮਹਿਲਾ ਸੰਗਠਨ ਨੂੰ ਮਜ਼ਬੂਤ ਕਰਨਾ ਅਤੇ ਹਰ ਘਰ ਦੀਆਂ ਔਰਤਾਂ ਨੂੰ ਪਾਰਟੀ ਦੀਆਂ ਨੀਤੀਆਂ ਨਾਲ ਜੋੜਨਾ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਇਸ ਮੌਕੇ ਹਰਪ੍ਰੀਤ ਪੰਨੂ, ਸੁਖਵਿੰਦਰ ਗਿੱਲ, ਸੁਮਨਜੀਤ ਕੌਰ, ਡਿੰਪਲ ਵਾਸਨ ਅਤੇ ਨੀਲਮ ਲਖਨਪਾਲ ਅਤੇ ਹੋਰ ਮਹਿਲਾ ਅਧਿਕਾਰੀ ਹਾਜ਼ਰ ਸਨ।

# ਹਲਕਾ ਪੂਰਬੀ ਦੇ ਵਾਰਡ ਨੰ. 19 'ਚ ਨਸ਼ਾ ਮੁਕਤੀ ਮੋਰਚਾ ਦੀ ਮੀਟਿੰਗ



ਲੁਧਿਆਣਾ, 22 ਅਗਸਤ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਦੀ "ਯੁੱਧ ਨਸ਼ਿਆਂ ਵਿਰੁੱਧ"ਮੁਹਿੰਮ ਹੇਠ ਵਾਰਡ ਨੰ: 19 ਵਿੱਚ ਨਸ਼ਾ ਮੁਕਤੀ ਮੋਰਚਾ ਦੀ ਮੀਟਿੰਗ ਆਮ ਆਦਮੀ ਪਾਰਟੀ ਦੇ ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰ ਸੰਦੀਪ ਮਿਸ਼ਰਾ ਦੀ ਅਗਵਾਈ ਹੇਠ ਹੋਇਆ। ਇਸ ਕੈਂਪ ਵਿੱਚ ਵਾਰਡ ਨੂੰ 19 ਦੇ ਵਸਨੀਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਉਹ ਆਪਣੇ ਇਲਾਕੇ ਵਿੱਚ ਨਸ਼ਾ ਵੇਚਣ ਤੇ ਖਰੀਦਣ ਵਾਲਿਆਂ ਬਾਰੇ ਸਬੰਧਤ ਪੁਲਿਸ ਥਾਣੇ ਨੂੰ ਜਾਣਕਾਰੀ ਮੁਹਈਆ ਕਰਾਉਣ ਅਤੇ ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਵਾਰਡ-ਵਾਈਜ਼ 'ਵਾਰਡ ਡਿਫੈਂਸ ਕਮੇਟੀ, ਦਾ ਗਠਨ ਵੀ ਕੀਤਾ ਗਿਆ, ਜੋ ਪੁਲਿਸ ਪ੍ਰਸ਼ਾਸਨ ਨਾਲ ਮਿਲ ਕੇ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਕਰਨਗੇ। ਵਾਰਡ ਨੰ: 19 ਦੀ ਕੌਂਸਲਰ ਨਿਧਿ ਗੁਪਤਾ ਨੇ ਦੱਸਿਆ ਕਿ ਉਨ੍ਹਾਂ ਦੇ ਵਾਰਡ ਵਿੱਚ ਨਸ਼ਾ ਲਗਭਗ ਖਤਮ ਹੋ ਚੁੱਕਾ ਹੈ, ਪਰ ਫਿਰ ਵੀ ਉਹ ਸਰਕਾਰ ਨਾਲ ਮਿਲ ਕੇ ਇਸ ਨੂੰ ਪੂਰੀ ਤਰ੍ਹਾਂ ਮੁਕਾਉਣ ਦਾ ਸੰਕਲਪ ਲੈਂਦੇ ਹਨ। ਉਨ੍ਹਾਂ ਨੇ ਆਪਣੇ ਸਮਰਥਕਾਂ ਅਤੇ ਵਸਨੀਕਾਂ ਨੂੰ ਵੀ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਤੇ ਪੂਰਬੀ ਹਲਕੇ ਦੀ ਮਹਿਲ਼ਾ ਵਿੰਗ ਦੀ ਪ੍ਰਧਾਨ ਰਾਧਾ ਮਲਹੋਤਰਾ, ਮਹਾਵੀਰ (ਬਲਾਕ ਪ੍ਰਧਾਨ), ਨੋਡਲ ਅਫਸਰ ਸਤੀਸ਼ ਕੁਮਾਰ, ਬੁੱਟਾਰਾਮ, ਸਰੋਜ ਮੱਗੋ, ਬਲਦੇਵ ਸਿੰਘ, ਹਰੀਸ਼ ਆਨੰਦ, ਸੁਮਿਤ ਵਸ਼ਿਸ਼ਟ, ਰੋਹਿਤ ਗੋਯਲ, ਅੰਕੁਸ਼ ਮਿੱਤਲ, ਆਯੁਸ਼ ਸੋਨੀ, ਮਨਵੀਰ ਸਿੰਘ ਗਰਚਾ, ਦਮਨ ਜੌਲੀ, ਅਰਜੁਨ ਢਿੱਲੋਂ, ਗੁਰਬਚਨ ਸਿੰਘ ਕੋਹਲੀ, ਰੋਹਿਤ ਮੱਗੋ ਅਤੇ ਕਈ ਹੋਰ ਵਸਨੀਕ ਅਤੇ ਸਬੰਧਤ ਥਾਣੇ ਦਾ ਪੁਲਿਸ ਅਤੇ ਪ੍ਰਸ਼ਾਸਨਕ ਅਧਿਕਾਰੀ ਵੀ ਹਾਜ਼ਰ ਸਨ।

# ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸਕੂਲ ਵਿਖੇ ਬੂਟੇ ਲਗਾਏ



ਲੁਧਿਆਣਾ, 22 ਅਗਸਤ (ਕਰਨੈਲ ਸਿੰਘ ਐੱਮ.ਏ.) : ਅੱਜ ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿੱਚ ਪੰਜਾਬੀ ਜਾਗਰਣ ਦੀ ਮੁਹਿੰਮ ਅਧੀਨ 'ਮੇਰੀ ਬਗੀਚੀ ਮੇਰੀ ਸ਼ਾਨ' ਦੇ ਤਹਿਤ ਸਕੂਲ ਵਿੱਚ 50 ਬੂਟੇ ਲਗਾਏ ਗਏ। ਇਸ ਮੌਕੇ ਉੱਤੇ ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ 'ਸੇਵਾਪੰਥੀ', ਪ੍ਰਿੰਸੀਪਲ ਹਿੰਮਤ ਕੌਰ ਅਤੇ ਡਾਇਰੈਕਟਰ ਰਮਣੀਕ ਸਿੰਘ ਘੁੰਮਣ, ਸਮੂਹ ਸਟਾਫ਼ ਅਤੇ ਬੱਚੇ ਸ਼ਾਮਲ ਹੋਏ। ਇਸ ਮੌਕੇ ਉੱਤੇ ਮਹੰਤ ਜੀ ਨੇ ਕਿਹਾ ਕਿ ਪੰਜਾਬੀ ਜਾਗਰਣ ਦੀ ਇਹ ਮੁਹਿੰਮ ਬਹੁਤ ਪ੍ਰਸੰਸਾਯੋਗ ਹੈ, ਕਿਉਂਕਿ ਅੱਜ ਦੇ ਸਮੇਂ ਵਿੱਚ ਜੋ ਕੁਦਰਤੀ ਆਫ਼ਤਾਂ ਆ ਰਹੀਆਂ ਹਨ। ਉਹਨਾਂ ਦਾ ਕਾਰਨ ਜੰਗਲਾਂ ਦੀ ਕਟਾਈ ਅਤੇ ਵੱਧ ਰਹੀ ਅਬਾਦੀ ਹੈ। ਇਸ ਮੁਹਿੰਮ ਨਾਲ ਸਾਡਾ ਪੰਜਾਬ ਫਿਰ ਹਰਿਆ-ਭਰਿਆ ਹੋ ਜਾਵੇਗਾ ਅਤੇ ਉਸ ਕੰਮ ਨਾਲ ਰੰਗਲੇ ਪੰਜਾਬ ਦਾ ਸੁਪਨਾ ਵੀ ਸਾਕਾਰ ਹੋ ਜਾਵੇਗਾ। ਇਸ ਨਾਲ ਵਾਤਾਵਰਨ ਦੀ ਸ਼ੁੱਧਤਾ ਹੋਵੇਗੀ ਅਤੇ ਹੜ੍ਹ ਵਰਗੀਆਂ ਸਥਿਤੀਆਂ ਤੋਂ ਨਿਜਾਤ ਮਿਲੇਗੀ।

# ਦੇਸ਼ ਭਗਤ ਯੂਨੀਵਰਸਿਟੀ ਵਿਖੇ ਦੀਕਸ਼ਾਰੰਭ ਇੰਡਕਸ਼ਨ ਪ੍ਰੋਗਰਾਮ ਨਾਲ ਨਵੇਂ ਵਿਦਿਆਰਥੀਆਂ ਦਾ ਸਵਾਗਤ




ਮੰਡੀ ਗੋਬਿੰਦਗੜ੍ਹ, 22 ਅਗਸਤ (ਸੂਦ): ਦੇਸ਼ ਭਗਤ ਯੂਨੀਵਰਸਿਟੀ ਨੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਸਟੂਡੈਂਟ ਇੰਡਕਸ਼ਨ ਪ੍ਰੋਗਰਾਮ ਕਰਵਾਇਆ, ਜਿਸ ਦਾ ਉਦੇਸ਼ ਨਵੇਂ ਵਿਦਿਆਰਥੀਆਂ ਦਾ ਸਵਾਗਤ ਤੇ ਉਨ੍ਹਾਂ ਨੂੰ ਅਮੀਰ ਅਕਾਦਮਿਕ ਯਾਤਰਾ ਲਈ ਤਿਆਰ ਕਰਨਾ ਸੀ। ਇਸ ਮੌਕੇ ਪ੍ਰੇਰਨਾਦਾਇਕ ਭਾਸ਼ਣ, ਦਿਲਚਸਪ ਸੈਸ਼ਨ ਤੇ ਜੀਵੰਤ ਸੱਭਿਆਚਾਰ ਪੇਸ਼ ਕੀਤਾ ਗਿਆ। ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਰਜਿਸਟਰਾਰ ਡਾ. ਸੁਰਿੰਦਰ ਪਾਲ ਕਪੂਰ ਨੇ ਜੀ ਆਇਆ ਆਖਿਆ, ਜਿਸ ਉਪਰੰਤ ਵਾਈਸ ਚਾਂਸਲ ਡਾ. ਹਰਸ਼ ਸਦਾਵਰਤੀ ਨੇ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਤੇ ਉੱਤਮਤਾ ਪ੍ਰਾਪਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਪ੍ਰਸਿੱਧ ਮਾਹਿਰ ਬੁਲਾਰੇ ਅਤੇ ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਪੰਕਜ ਠੱਕਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਨਿਹਰੀ ਭਵਿੱਖ ਬਾਰੇ ਸੁਝਾਅ ਦਿੱਤੇ। ਇਸ ਦੌਰਾਨ ਫਿਰਦੌਸ ਬੈਂਡ ਦੇ ਸ਼ਾਨਦਾਰ ਪ੍ਰਦਰਸ਼ਨ ਰਾਹੀਂ ਸੱਭਿਆਚਾਰਕ ਜੀਵੰਤਤਾ ਨੂੰ ਦਰਸਾਇਆ। ਵਿਦਿਆਰਥੀਆਂ ਨੇ ਡੀਨ, ਡਾਇਰੈਕਟਰ ਤੇ ਫੈਕਲਟੀ ਮੈਂਬਰਾਂ ਨਾਲ ਗੱਲਬਾਤ ਕਰਕੇ ਯੂਨੀਵਰਸਿਟੀ ਦੇ ਅਕਾਦਮਿਕ ਵਾਤਾਵਰਣ, ਸੱਭਿਆਚਾਰ ਤੇ ਉਮੀਦਾਂ ਆਦਿ ਬਾਰੇ ਜਾਣਕਾਰੀ ਹਾਸਲ ਕੀਤੀ। ਸ਼ਾਮ ਨੂੰ ਪ੍ਰੈਜ਼ੀਡੈਂਟ ਦੇ ਓਐਸਡੀ ਅਮਿਤ ਕੁਕਰੇਜਾ ਨੇ ਪ੍ਰਸਿੱਧ ਗਾਇਕ ਕਮਲਜੀਤ ਸਿੰਘ ਨਾਲ ਲਾਈਵ ਪ੍ਰਦਰਸ਼ਨ ਕੀਤਾ ਜਿਸ ਨਾਲ ਜਸ਼ਨ ਵਿੱਚ ਇੱਕ ਸੁਰੀਲਾ ਅਹਿਸਾਸ ਸ਼ਾਮਲ ਹੋਇਆ।

# ਕੈਨੇਡਾ 'ਚ ਪੰਜਾਬੀ ਵਿਦਿਆਰਥੀ ਨੇ ਕੀਤੀ ਖ਼ੁਦਕੁਸ਼ੀ, ਵਿੱਤੀ ਧੋਖਾਧੜੀ ਦਾ ਸੀ ਸ਼ਿਕਾਰ

ਲੁਧਿਆਣਾ, 22 ਅਗਸਤ (ਚ.ਨ.ਸ): ਲੁਧਿਆਣਾ ਦੇ ਖੰਨਾ ਦੇ ਇੱਕ 20 ਸਾਲਾ ਨੌਜਵਾਨ ਨੇ ਵਿੱਤੀ ਧੋਖਾਧੜੀ ਦਾ ਸ਼ਿਕਾਰ ਹੋਣ ਤੋਂ ਬਾਅਦ, ਕੈਨੇਡਾ ਦੇ ਸਰੀ ਵਿੱਚ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਰਿਪੋਰਟਾਂ ਅਨੁਸਾਰ, ਖੰਨਾ ਦੇ ਇੱਕ ਪਿੰਡ ਦਾ ਰਹਿਣ ਵਾਲਾ ਪੀੜਤ 16 ਅਗਸਤ ਦੇਰ ਰਾਤ ਚਿਮਨੀ ਹਿੱਲ ਪਾਰਕ ਵਿੱਚ ਇੱਕ ਝੂਲੇ ਨਾਲ ਲਟਕਦਾ ਮਿਲਿਆ। ਪੀੜਤ, ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ, ਦੋ ਸਾਲ ਪਹਿਲਾਂ ਸਟੱਡੀ ਵੀਜ਼ਾ 'ਤੇ ਕੈਨੇਡਾ ਗਿਆ ਸੀ। ਉਹ ਆਪਣੀ ਪੜ੍ਹਾਈ ਪੂਰੀ ਕਰਨ ਦੇ ਨੇੜੇ ਸੀ ਪਰ ਕਥਿਤ ਤੌਰ 'ਤੇ ਕਾਰ ਲੋਨ ਵਿੱਚ ਫਸਣ ਤੋਂ ਬਾਅਦ ਉਹ ਡੂੰਘੇ ਤਣਾਅ ਵਿੱਚ ਪੈ ਗਿਆ ਸੀ, ਜੋ ਉਸ 'ਤੇ ਭਾਰੀ ਬੋਝ ਬਣ ਗਿਆ। ਪੀੜਤ ਦੇ ਦੋਸਤਾਂ ਦੇ ਅਨੁਸਾਰ, ਉਹ ਰਾਤ 10.40 ਵਜੇ ਦੇ ਕਰੀਬ ਆਪਣੇ ਘਰੋਂ ਨਿਕਲਿਆ ਅਤੇ ਬਾਅਦ ਵਿੱਚ ਇੱਕ ਟੈਕਸਟ ਸੁਨੇਹਾ ਭੇਜਿਆ ਜਿਸ ਵਿੱਚ ਉਨ੍ਹਾਂ ਨੂੰ ਆਪਣੇ ਲਾਪਤਾ ਹੋਣ ਬਾਰੇ ਪੁਲਿਸ ਨੂੰ ਸੂਚਿਤ ਕਰਨ ਲਈ ਕਿਹਾ ਗਿਆ। ਘੰਟਿਆਂ ਬਾਅਦ, ਉਸਦੀ ਲਾਸ਼ ਇੱਕ ਪਾਰਕ ਵਿੱਚ ਮਿਲੀ। ਇਸ ਦੁਖਾਂਤ ਨੇ ਖੰਨਾ ਵਿੱਚ ਉਸਦੇ ਪਰਿਵਾਰ ਨੂੰ ਤੋੜ ਦਿੱਤਾ ਹੈ। ਪਿੰਡ ਵਾਸੀਆਂ ਨੇ ਖੁਲਾਸਾ ਕੀਤਾ ਕਿ ਉਸਦੀ ਮਾਂ ਨੂੰ ਅਜੇ ਤੱਕ ਘਟਨਾ ਬਾਰੇ ਸੂਚਿਤ ਨਹੀਂ ਕੀਤਾ ਗਿਆ ਹੈ, ਕਿਉਂਕਿ ਰਿਸ਼ਤੇਦਾਰਾਂ ਨੂੰ ਡਰ ਹੈ ਕਿ ਉਹ ਇਸ ਝਟਕੇ ਨੂੰ ਬਰਦਾਸ਼ਤ ਨਹੀਂ ਕਰ ਸਕੇਗੀ। ਪਿੰਡ ਦੇ ਸਰਪੰਚ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਪੀੜਤ ਦੀ ਲਾਸ਼ ਨੂੰ ਅੰਤਿਮ ਸਸਕਾਰ ਲਈ ਭਾਰਤ ਵਾਪਸ ਲਿਆਉਣ ਲਈ ਮਾਮਲੇ ਦੀ ਪੈਰਵੀ ਕਰੇ।

# ਅੰਮ੍ਰਿਤਪਾਲ ਸਿੰਘ ਦੀ ਪਾਰਟੀ ਤੇ ਅਕਾਲੀ ਦਲ ਦੇ ਬਾਗ਼ੀ ਧੜੇ 'ਚ ਗਠਜੋੜ ਦੀਆਂ ਕੋਸ਼ਿਸ਼ਾਂ ਜਾਰੀ: ਸ਼੍ਰੋਮਣੀ ਕਮੇਟੀ ਮੈਂਬਰ

ਅੰਮ੍ਰਿਤਸਰ, 22 ਅਗਸਤ (ਚ.ਨ.ਸ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਮੈਂਬਰ ਅਨੁਸਾਰ ਅਕਾਲੀ ਦਲ (ਵਾਰਿਸ ਪੰਜਾਬ ਦੇ) ਅਤੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਬਾਗੀ ਧੜੇ ਵਿਚਕਾਰ ਗਠਜੋੜ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਫਿਰੋਜ਼ਪੁਰ ਤੋਂ ਐਸਜੀਪੀਸੀ ਮੈਂਬਰ ਮਨਜੀਤ ਸਿੰਘ ਨੇ ਕਿਹਾ ਕਿ ਅਕਾਲੀ ਦਲ ਦੇ ਬਾਗੀ ਧੜੇ ਪਿੱਛੇ ਪੰਜ ਮੈਂਬਰੀ ਕਮੇਟੀ ਨੇ ਹਾਲ ਹੀ ਵਿੱਚ 'ਵਾਰਿਸ ਪੰਜਾਬ ਦੇ' ਦੀ ਲੀਡਰਸ਼ਿਪ ਨਾਲ ਮੀਟਿੰਗ ਕੀਤੀ ਹੈ। ਸਾਨੂੰ ਉਮੀਦ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਸਹਿਮਤੀ ਬਣ ਜਾਵੇਗੀ। ਤਰਨਤਾਰਨ ਵਿਧਾਨ ਸਭਾ ਹਲਕੇ ਵਿੱਚ ਹੋਣ ਵਾਲੀ ਉਪ-ਚੋਣ ਲਈ ਪਾਰਟੀਆਂ ਵੱਲੋਂ ਸਾਂਝਾ ਉਮੀਦਵਾਰ ਖੜ੍ਹੇ ਕਰਨ ਦੀਆਂ ਅਟਕਲਾਂ ਵਿਚਕਾਰ ਮਨਜੀਤ ਦਾ ਇਹ ਬਿਆਨ ਆਇਆ ਹੈ। ਦੋਵਾਂ ਪਾਰਟੀਆਂ ਦੇ ਸੂਤਰਾਂ ਨੇ ਕਿਹਾ ਕਿ ਉਹ ਮਨੁੱਖੀ ਅਧਿਕਾਰ ਕਾਰਕੁੰਨ ਸਵਰਗੀ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੂੰ ਮੈਦਾਨ ਵਿੱਚ ਉਤਾਰ ਸਕਦੇ ਹਨ, ਜਿਨ੍ਹਾਂ ਨੇ 1990 ਦੇ ਦਹਾਕੇ ਵਿੱਚ ਪੰਜਾਬ ਵਿੱਚ ਗੈਰ-ਨਿਆਇਕ ਕਤਲਾਂ ਦਾ ਪਰਦਾਫਾਸ਼ ਕੀਤਾ ਸੀ ਅਤੇ 1995 ਵਿੱਚ ਇਸ ਲਈ ਮਾਰਿਆ ਗਿਆ ਸੀ। ਪਹਿਲਾਂ, ਦਿਨ ਵੇਲੇ, ਅਫਵਾਹਾਂ ਸਨ ਕਿ ਵਾਰਿਸ ਪੰਜਾਬ ਦੇ ਖਾਲੜਾ ਨੂੰ ਉਪ-ਚੋਣ ਲਈ ਮੈਦਾਨ ਵਿੱਚ ਉਤਾਰਿਆ ਜਾਵੇਗਾ। ਹਾਲਾਂਕਿ, ਜਦੋਂ ਸੰਪਰਕ ਕੀਤਾ ਗਿਆ, ਤਾਂ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੇ ਬੁਲਾਰੇ ਜਗਦੀਪ ਸਿੰਘ ਰੰਧਾਵਾ ਨੇ ਅਜਿਹੇ ਕਿਸੇ ਵੀ ਵਿਕਾਸ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਖਾਲੜਾ ਚੋਣ ਨਹੀਂ ਲੜ ਰਹੇ ਸਨ। ਉਨ੍ਹਾਂ ਨੇ ਅਫਵਾਹਾਂ ਦੇ ਸਰੋਤ 'ਤੇ ਵੀ ਸ਼ੱਕ ਕੀਤਾ। ਖਾਲੜਾ ਨੇ ਹਾਲ ਹੀ ਵਿੱਚ (ਪਹਿਲਾਂ ਟਵਿੱਟਰ) 'ਤੇ ਇੱਕ ਪੋਸਟ ਰਾਹੀਂ ਅਜਿਹੇ ਦਾਅਵਿਆਂ ਦਾ ਜਨਤਕ ਤੌਰ 'ਤੇ ਖੰਡਨ ਕੀਤਾ ਸੀ।

**ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਯੁਕਤ ਅਕਾਲੀ ਦਲ ਲਈ ਅਪੀਲ ਕੀਤੀ**

ਇੱਕ ਵੱਖਰੇ ਘਟਨਾਕ੍ਰਮ ਵਿੱਚ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਵੀਰਵਾਰ ਨੂੰ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਖਿੰਡੇ ਹੋਏ ਧੜਿਆਂ ਨੂੰ ਇੱਕਜੁੱਟ ਕਰਨ ਵਿੱਚ ਦਖਲ ਦੇਣ ਦੀ ਅਪੀਲ ਕੀਤੀ।

# ਟੈਕਸਾਸ ਦੀ ਔਰਤ ਆਪਣੇ 6 ਸਾਲ ਦੇ ਪੁੱਤਰ ਦੇ ਕਤਲ ਦੇ ਦੋਸ਼ ਹੇਠ ਭਾਰਤ 'ਚੋਂ ਗ੍ਰਿਫ਼ਤਾਰ

ਨਿਊਯਾਰਕ, 22 ਅਗਸਤ(ਚ.ਨ.ਸ): ਸਿੰਡੀ ਰੌਡਰਿਗਜ਼ ਸਿੰਘ 2023 ਵਿੱਚ ਅਮਰੀਕਾ ਤੋਂ ਭੱਜ ਗਈ ਸੀ, ਜਦੋਂ ਅਧਿਕਾਰੀਆਂ ਨੇ ਉਸ ਤੋਂ ਉਸਦੇ 6 ਸਾਲ ਦੇ ਬੇਟੇ ਦੇ ਲਾਪਤਾ ਹੋਣ ਬਾਰੇ ਪੁੱਛਗਿੱਛ ਕੀਤੀ ਸੀ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (629) ਨੇ ਵੀਰਵਾਰ ਨੂੰ ਕਿਹਾ ਕਿ ਟੈਕਸਾਸ ਦੀ ਇੱਕ ਔਰਤ ਜੋ ਆਪਣੇ 6 ਸਾਲ ਦੇ ਪੁੱਤਰ ਦੇ ਲਾਪਤਾ ਹੋਣ ਤੋਂ ਬਾਅਦ ਦੇਸ਼ ਛੱਡ ਕੇ ਭੱਜ ਗਈ ਸੀ, ਨੂੰ ਦੋ ਸਾਲਾਂ ਤੋਂ ਵੱਧ ਸਮੇਂ ਬਾਅਦ ਭਾਰਤ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਸੰਯੁਕਤ ਰਾਜ ਵਾਪਸ ਆ ਗਈ ਹੈ। ਔਰਤ, ਸਿੰਡੀ ਰੌਡਰਿਗਜ਼ ਸਿੰਘ, 40, ਨੂੰ ਜੁਲਾਈ ਵਿੱਚ ਐਫ.ਬੀ.ਆਈ. ਦੀ 10 ਸਭ ਤੋਂ ਵੱਧ ਲੋੜੀਂਦੇ ਭਗੌੜਿਆਂ ਦੀ ਸੂਚੀ ਵਿੱਚ ਰੱਖਿਆ ਗਿਆ ਸੀ। 2023 ਦੇ ਅਖੀਰ ਵਿੱਚ, ਉਸ 'ਤੇ ਟੈਕਸਾਸ ਦੇ ਟੈਰੈਂਟ ਕਾਉਂਟੀ ਵਿੱਚ ਉਸਦੇ ਪੁੱਤਰ, ਨੋਏਲ ਅਲਵਾਰੇਜ਼ ਦੇ ਲਾਪਤਾ ਹੋਣ ਦੇ ਸਬੰਧ ਵਿੱਚ ਕਤਲ ਦਾ ਦੋਸ਼ ਲਗਾਇਆ ਗਿਆ ਸੀ, ਜਿਸਨੂੰ ਮ੍ਰਿਤਕ ਮੰਨਿਆ ਜਾਂਦਾ ਹੈ ਪਰ ਜਿਸਦੀ ਲਾਸ਼ ਕਦੇ ਨਹੀਂ ਮਿਲੀ। ਐਫ.ਬੀ.ਆਈ. ਨੇ ਕਿਹਾ ਕਿ ਲੜਕੇ ਨੂੰ ਆਖਰੀ ਵਾਰ ਅਕਤੂਬਰ 2022 ਵਿੱਚ ਜ਼ਿੰਦਾ ਦੇਖਿਆ ਗਿਆ ਸੀ। ਮਾਰਚ 2023 ਵਿੱਚ, ਸ਼੍ਰੀਮਤੀ ਰੌਡਰਿਗਜ਼ ਸਿੰਘ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਨੋਏਲ ਮੈਕਸੀਕੋ ਵਿੱਚ ਆਪਣੇ ਜੈਵਿਕ ਪਿਤਾ ਨਾਲ ਰਹਿ ਰਿਹਾ ਸੀ। ਐਫ.ਬੀ.ਆਈ. ਦੇ ਅਨੁਸਾਰ, ਦੋ ਦਿਨ ਬਾਅਦ, ਉਹ ਆਪਣੇ ਪਤੀ, ਅਰਸ਼ਦੀਪ ਸਿੰਘ ਅਤੇ ਛੇ ਬੱਚਿਆਂ ਨਾਲ ਭਾਰਤ ਲਈ ਇੱਕ ਫਲਾਈਟ ਵਿੱਚ ਸਵਾਰ ਹੋ ਗਈ। ਭਾਰਤੀ ਅਧਿਕਾਰੀਆਂ ਨੇ ਸ਼੍ਰੀਮਤੀ ਰੌਡਰਿਗਜ਼ ਸਿੰਘ ਨੂੰ ਲੱਭ ਲਿਆ ਤੇ 6.2.9. ਨੇ ਉਸਨੂੰ ਸੰਯੁਕਤ ਰਾਜ ਅਮਰੀਕਾ ਭੇਜ ਦਿੱਤਾ, ਜਿੱਥੇ ਉਹ ਹੁਣ ਟੈਰੈਂਟ ਕਾਉਂਟੀ ਜੇਲ੍ਹ ਵਿੱਚ ਹਿਰਾਸਤ ਵਿੱਚ ਹੈ।

# ਡੀ.ਸੀ. ਡਾ. ਥਿੰਦ ਵੱਲੋਂ ਰੋਜ਼ਾ ਸ਼ਰੀਫ਼ ਦੇ ਤਿੰਨ ਦਿਨਾਂ ਸਾਲਾਨਾ ਉਰਸ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ



ਫ਼ਤਹਿਗੜ੍ਹ ਸਾਹਿਬ, 22 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਸ਼ੇਖ ਮੁਜੱਦਿਦ ਅਲਫ਼ਸਾਨੀ ਦੇ, ਰੋਜ਼ਾ ਸ਼ਰੀਫ਼ ਵਿਖੇ ਚੱਲ ਰਹੇ ਤਿੰਨ ਦਿਨਾਂ ਸਲਾਨਾ ਉਰਸ ਦੇ ਦੂਜੇ ਦਿਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਰੋਜ਼ਾ ਸ਼ਰੀਫ਼ ਦੇ ਸਲਾਨਾ ਉਰਸ ਵਿੱਚ, ਦੇਸ਼ ਵਿਦੇਸ਼ ਵਿੱਚੋਂ ਸ਼ਰਧਾਲੂ ਜ਼ਿਆਰਤ ਕਰਨ ਲਈ ਆਉਂਦੇ ਹਨ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਜਿਥੇ ਮੈਡੀਕਲ ਟੀਮਾਂ ਤੇ ਐਂਬੂਲੈਂਸ ਤਾਇਨਾਤ ਕੀਤੀਆਂ ਗਈਆਂ ਹਨ, ਉਥੇ ਹੀ ਸ਼ਰਧਾਲੂਆਂ ਦੇ ਪੀਣ ਲਈ ਸਾਫ ਸੁਥਰਾ ਪਾਣੀ, ਔਰਤਾਂ ਤੇ ਮਰਦਾਂ ਦੇ ਵੱਖਰੇ ਪਖਾਨੇ, ਸੁਰੱਖਿਆ ਅਤੇ ਰੌਸ਼ਨੀ ਆਦਿ ਦੇ ਨਾਲ-ਨਾਲ ਸਾਰੇ ਜ਼ਰੂਰੀ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਇਸ ਮੌਕੇ ਰੋਜ਼ਾ ਸ਼ਰੀਫ ਦੇ ਖਲੀਫਾ ਸਈਅਦ ਸਾਦਿਕ ਰਜ਼ਾ ਤੋਂ ਸ਼ੇਖ ਮੁਜੱਦਿਦ ਅਲਫ਼ ਸਾਨੀ ਦੇ ਜੀਵਨ ਬਾਰੇ ਜਾਣਕਾਰੀ ਵੀ ਹਾਸਲ ਕੀਤੀ। ਇਸ ਮੌਕੇ ਰੋਜ਼ਾ ਸ਼ਰੀਫ ਦੇ ਖਲੀਫਾ ਸਈਅਦ ਸਾਦਿਕ ਰਜ਼ਾ ਨੇ ਦੱਸਿਆ ਕਿ ਸ਼ੇਖ ਮੁਜੱਦਿਦ ਅਲਫ਼ ਸਾਨੀ ਨੇ ਸਮੁੱਚੀ ਮਾਨਵਤਾ ਨੂੰ ਆਪਸੀ ਭਾਈਚਾਰਕ ਸਾਂਝ ਮਜਬੂਤ ਕਰਨ ਦਾ ਸੁਨੇਹਾ ਦਿੱਤਾ ਤੇ ਸ਼ੇਖ ਮੁਜੱਦਿਦ ਅਲਫ਼ ਸਾਨੀ ਨੂੰ ਉਨਾਂ ਦੇ ਸੁਧਾਰਵਾਦੀ ਕੰਮਾਂ ਲਈ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਰੋਜ਼ਾ ਸ਼ਰੀਫ ਦੇ ਉਰਸ ਮੌਕੇ ਵੱਡੀ ਗਿਣਤੀ ਸ਼ਰਧਾਲੂ ਦੂਰੋਂ ਨੇੜਿਓਂ ਸ਼ੇਖ ਮੁਜੱਦਿਦ ਅਲਫ਼ ਸਾਨੀ ਨੂੰ ਸਜਦਾ ਕਰਨ ਲਈ ਤਸ਼ਰੀਫ ਲਿਆਉਂਦੇ ਹਨ ਤੇ ਰੋਜ਼ਾ ਸ਼ਰੀਫ ਦਾ ਮਹੱਤਵ ਇਸਲਾਮ ਧਰਮ ਵਿੱਚ ਬਹੁਤ ਉੱਚਾ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂ ਇੱਥੇ ਆ ਕੇ ਪ੍ਰਾਰਥਨਾ ਕਰਦੇ ਹਨ ਤੇ ਧਿਆਨ ਲਗਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਅੰਦਰੂਨੀ ਸ਼ਾਂਤੀ ਮਿਲਦੀ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸ਼ਨ ਤੇ ਪੁਲਿਸ ਵੱਲੋਂ ਕੀਤੇ ਗਏ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਡਾ. ਥਿੰਦ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਅਰਵਿੰਦ ਕੁਮਾਰ ਗੁਪਤਾ, ਆਮ ਆਦਮੀ ਪਾਰਟੀ ਦੇ ਘੱਟ ਗਿਣਤੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਚਮਨ ਕੁਰੈਸ਼ੀ ਸਮੇਤ ਹੋਰ ਸਖਸ਼ੀਅਤਾਂ ਵੀ ਮੌਜੂਦ ਸਨ।

# ਹਰਿਆਣਾ ਦੇ ਪਿੰਡ 'ਚ ਅਗਨੀਵੀਰ ਦੀ ਗੋਲ਼ੀ ਮਾਰ ਕੇ ਹੱਤਿਆ

## ਪਰਿਵਾਰ ਨੇ ਲਗਾਏ ਬਦਲੇ ਦੇ ਹਮਲੇ ਦੇ ਦੋਸ਼

ਫਰੀਦਾਬਾਦ, 22 ਅਗਸਤ (ਚ.ਨ.ਸ): ਹਰਿਆਣਾ ਦੇ ਪਲਵਲ ਜ਼ਿਲ੍ਹੇ ਵਿੱਚ ਇੱਕ ਅਗਨੀਵੀਰ ਦੀ ਕਥਿਤ ਤੌਰ 'ਤੇ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਦੋਂ ਉਹ ਆਪਣੇ ਘਰ ਵਿੱਚ ਇਕੱਲਾ ਸੌਂ ਰਿਹਾ ਸੀ, ਕਿਉਂਕਿ ਉਸਦੇ ਰਿਸ਼ਤੇਦਾਰਾਂ ਨੇ ਦਾਅਵਾ ਕੀਤਾ ਹੈ ਕਿ ਪੁਲਿਸ ਨੇ ਕਿਹਾ ਕਿ ਪਹਿਲਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ 'ਤੇ ਹਮਲਾ ਕਰਨ ਵਾਲੇ ਪਿੰਡ ਵਾਸੀ ਇਸ ਹੱਤਿਆ ਪਿੱਛੇ ਸਨ। 20 ਸਾਲਾ ਬਲਦੇਵ ਨੂੰ ਬੁੱਧਵਾਰ ਰਾਤ ਨੂੰ ਮੰਡਕੋਲਾ ਪਿੰਡ ਵਿੱਚ ਮਾਰ ਦਿੱਤਾ ਗਿਆ, ਇੱਕ ਦਿਨ ਬਾਅਦ ਜਦੋਂ ਉਹ ਛੁੱਟੀ 'ਤੇ ਘਰ ਆਇਆ ਸੀ। ਉਨ੍ਹਾਂ ਕਿਹਾ ਕਿ ਉਸਨੂੰ ਇਸ ਸਾਲ ਅਗਨੀਵੀਰ ਵਜੋਂ ਭਰਤੀ ਕੀਤਾ ਗਿਆ ਸੀ। ਬਲਦੇਵ ਦੇ ਪਿਤਾ ਖੇਮਚੰਦ ਨੇ ਕਿਹਾ ਕਿ ਪਿਛਲੇ ਮਹੀਨੇ, ਉਸਦੇ ਭਰਾ, ਬਿਸ਼ਨ ਸ਼ਰਮਾ 'ਤੇ ਰਾਜੇਂਦਰ, ਨਰੇਸ਼, ਬੰਸੀ ਅਤੇ ਮੰਜੂ ਨੇ ਹਮਲਾ ਕੀਤਾ ਸੀ, ਜੋ ਸਾਰੇ ਉਨ੍ਹਾਂ ਦੇ ਪਿੰਡ ਦੇ ਸਨ। ਉਨ੍ਹਾਂ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਉਨ੍ਹਾਂ ਵਿਰੁੱਧ ਗੜ੍ਹਪੁਰੀ ਪੁਲਿਸ ਸਟੇਸ਼ਨ ਵਿੱਚ ਮਾਮਲਾ ਦਰਜ ਕੀਤਾ ਗਿਆ ਸੀ। ਉਹ ਮੇਰੇ ਪਰਿਵਾਰ 'ਤੇ ਕੇਸ ਵਾਪਸ ਲੈਣ ਲਈ ਲਗਾਤਾਰ ਦਬਾਅ ਪਾ ਰਹੇ ਸਨ ਅਤੇ ਸਾਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਸਨ। ਮੈਂ ਇਸ ਬਾਰੇ ਕਈ ਵਾਰ ਪੁਲਿਸ ਨੂੰ ਰਿਪੋਰਟ ਕੀਤੀ ਸੀ, ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਮੰਗਲਵਾਰ ਨੂੰ, ਮੇਰਾ ਪੁੱਤਰ ਬਲਦੇਵ ਫੌਜ ਤੋਂ ਛੁੱਟੀ 'ਤੇ ਪਿੰਡ ਆਇਆ ਸੀ। ਬੁੱਧਵਾਰ ਨੂੰ, ਉਹ ਪਿੰਡ ਦੇ ਬਾਹਰ ਖੇਤ ਵਿੱਚ ਸਾਡੇ ਪੁਰਾਣੇ ਘਰ ਵਿੱਚ ਇਕੱਲਾ ਸੌਂ ਰਿਹਾ ਸੀ, ਜਿੱਥੇ ਰਾਜੇਂਦਰ, ਨਰੇਸ਼, ਬੰਸੀ ਅਤੇ ਅਰੁਣ ਤੇ ਇੱਕ ਹੋਰ ਵਿਅਕਤੀ ਨੇ ਬਲਦੇਵ ਦੇ ਸਿਰ ਵਿੱਚ ਗੋਲ਼ੀ ਮਾਰ ਦਿੱਤੀ, ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਗੜ੍ਹਪੁਰੀ ਪੁਲਿਸ ਸਟੇਸ਼ਨ ਦੇ ਐਸਐਚਓ ਇੰਸਪੈਕਟਰ ਅਸ਼ਵਨੀ ਕੁਮਾਰ ਨੇ ਕਿਹਾ ਕਿ ਅਸੀਂ ਅੱਜ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ ਹੈ। ਜਾਂਚ ਜਾਰੀ ਹੈ ਤੇ ਮੁਲਜ਼ਮ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪਿੱਛੇ ਘੁੰਮਣ ਦੀ ਥਾਂ ਸਵੈ-ਰੁਜ਼ਗਾਰ ਸ਼ੁਰੂ ਕਰਨੇ ਚਾਹੀਦੇ ਹਨ: ਰਾਜੂ ਖੰਨਾ, ਚਨਾਰਥਲ

ਅਮਲੋਹ, 22 ਅਗਸਤ (ਜਸਵੰਤ ਸਿੰਘ): ਪੰਜਾਬ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪਿੱਛੇ ਘੁੰਮਣ ਦੀ ਥਾਂ ਸਵੈ-ਰੁਜ਼ਗਾਰ ਅਧੀਨ ਆਪਣੇ ਕਾਰੋਬਾਰ ਸ਼ੁਰੂ ਕਰਕੇ ਹੋਰਨਾਂ ਲਈ ਨੌਕਰੀਆਂ ਦੇ ਸਾਧਨ ਪੈਦਾ ਕਰਨੇ ਚਾਹੀਦੇ ਹਨ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸਰਨਜੀਤ ਸਿੰਘ ਚਨਾਰਥਲ ਨੇ ਸੁਖਵਿੰਦਰ ਸਿੰਘ ਕਾਲਾ ਅਰੋੜਾ ਵੱਲੋਂ ਅਮਲੋਹ ਵਿੱਚ ਸਵੈਂ-ਰੁਜ਼ਗਾਰ ਤਹਿਤ ਟੀਵੀਐਸ ਸਕੂਟਰ ਮੋਟਰਸਾਈਕਲਾ ਦੀ ਖੋਲੀ ਗਈ, ਏਜੰਸੀ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਸੁਖਵਿੰਦਰ ਸਿੰਘ ਕਾਲਾ ਅਰੋੜਾ ਤੋਂ ਬਾਕੀ ਨੌਜਵਾਨਾਂ ਨੂੰ ਸੇਧ ਲੈਣ ਦਾ ਸੱਦਾ ਦਿਤਾ ਤੇ ਇਸ ਵਲੋਂ ਲੋਕਾਂ ਦੀ ਸੇਵਾ ਲਈ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜ਼ਾਂ ਦੀ ਵੀ ਸਲਾਘਾ ਕੀਤੀ। ਇਸ ਮੌਕੇ ਸ੍ਰੀ ਸੁਖਮਣੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜੁਝਾਰ ਸਿੰਘ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਵੀ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਭਾਜਪਾ ਦੇ ਸੂਬਾਈ ਆਗੂ ਪ੍ਰਦੀਪ ਕੁਮਾਰ ਗਰਗ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਜਥੇਦਾਰ ਹਰਬੰਸ ਸਿੰਘ ਬਡਾਲੀ, ਕੁਲਦੀਪ ਸਿੰਘ ਮੁੱਢੜੀਆ, ਜਰਨੈਲ ਸਿੰਘ ਮਾਜਰੀ, ਹਰਿੰਦਰ ਸਿੰਘ ਦੀਵਾ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸ਼ਾਹੀ, ਪਾਵਰਕਾਮ ਦੇ ਐਸਡੀਓ ਗੁਰਦਰਸ਼ਨ ਸਿੰਘ, ਜੇਈ ਦਵਿੰਦਰਜੀਤ ਸਿੰਘ, ਹਰਵਿੰਦਰ ਸਿੰਘ ਬਿੰਦਾ ਮਾਜਰੀ, ਜਸ਼ਨ ਸ਼ਾਹਪੁਰ, ਸ਼੍ਰੋਮਣੀ ਪੱਤਰਕਾਰ ਭੂਸ਼ਨ ਸੂਦ, ਸਾਬਕਾ ਚੇਅਰਮੈਨ ਜਸਮੀਤ ਸਿੰਘ ਰਾਜਾ, ਅਜੈ ਸਿੰਘ ਲਿਬੜਾ, ਪੱਤਰਕਾਰ ਜਸਵੰਤ ਸਿੰਘ ਗੋਲਡ, ਪਰਮਿੰਦਰ ਸਿੰਘ ਨੀਟਾ ਸੰਧੂ, ਕਰਮਜੀਤ ਸਿੰਘ ਭਗੜਾਣਾ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਭਗੜਾਣਾ, ਐਡਵੋਕੇਟ ਸੀਤਲ ਸ਼ਰਮਾ, ਰਾਜਨ ਅਰੋੜਾ, ਜਸਪਾਲ ਸਿੰਘ ਪਾਲੀ, ਮਿੰਟੂ ਅਰੋੜਾ, ਗਊਸ਼ਾਲਾ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ, ਗੁਰਬਖਸ਼ ਸਿੰਘ ਬੈਣਾ, ਨੀਰਜ ਜਿੰਦਲ, ਰਵੀ ਸ਼ਰਮਾ, ਜਗਦੀਸ਼ ਸਿੰਘ ਲੋਟੇ, ਡਾ. ਅਰੁਜਨ ਸਿੰਘ, ਜਰਨੈਲ ਸਿੰਘ ਅਕਾਲਗੜ੍ਹ, ਹਰਨੇਕ ਸਿੰਘ, ਜਗਤਾਰ ਸਿੰਘ ਗਿੱਲ, ਕਸਮੀਰਾ ਸਿੰਘ ਸੋਨੀ, ਹਰਕੀਰਤ ਸਿੰਘ ਪਨਾਗ, ਪਰਮਵੀਰ ਸਿੰਘ, ਹਰਜੀਤ ਸਿੰਘ ਹੈਪੀ, ਰੂਪ ਸਿੰਘ ਅਮਲੋਹ, ਬਲਜਿੰਦਰ ਸਿੰਘ ਹੈਪੀ, ਰੇਸ਼ਮ ਸਿੰਘ ਵਿਰਕ, ਅਮਰੀਕ ਸਿੰਘ ਮੇਜੀ, ਹੈਪੀ ਟਿੱਬੀ, ਵਿੱਕੀ ਵਰਮਾ ਤੇ ਧਰਮਪਾਲ ਭੜੀ ਆਦਿ ਹਾਜ਼ਰ ਸਨ।



# ਵੈਟਰਨਰੀ ਇੰਸਪੈਕਟਰ ਕੱਲ ਕਰਨਗੇ ਜ਼ਬਰਦਸਤ ਰੋਸ ਪ੍ਰਦਰਸ਼ਨ ਵੱਡੇ ਪੱਧਰ 'ਤੇ ਕੀਤੀ ਤਿਆਰੀ: ਗੁਰਦੀਪ ਸਿੰਘ ਬਾਸੀ



ਮੁਕੇਰੀਆਂ, 22 ਅਗਸਤ (ਧਰਮ ਚੰਦ): ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਆਪਣੇ ਹੱਕਾਂ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ, ਐਸੋਸੀਏਸ਼ਨ ਦੇ ਨੁਮਾਇੰਦਿਆਂ ਦੀਆਂ ਕਈ ਮੀਟਿੰਗਾਂ ਵਿਭਾਗ ਦੇ ਮਾਨਯੋਗ ਮੰਤਰੀ ਗੁਰਮੀਤ ਸਿੰਘ ਖੁਡੀਆਂ ਅਤੇ ਵਿਭਾਗ ਦੇ ਆਲਾ ਅਫਸਰਾਂ ਨਾਲ ਹੋ ਚੁੱਕੀਆਂ ਹਨ, ਪਰ ਸਾਰੀਆਂ ਮੀਟਿੰਗਾਂ ਬੇ ਸਿੱਟਾ ਰਹੀਆਂ ਹਨ, ਇਹਨਾਂ ਗੱਲਾਂ ਦਾ ਪ੍ਰਗਟਾਵਾ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਦੀਪ ਸਿੰਘ ਬਾਸੀ ਅਤੇ ਸੂਬਾ ਪ੍ਰੈਸ ਸਕੱਤਰ ਗੁਰਜੀਤ ਸਿੰਘ ਹੋਰਾਂ ਪ੍ਰੈਸ ਨੋਟ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਵੈਟਰਨਰੀ ਇੰਸਪੈਕਟਰ ਕੇਡਰ ਵਿਭਾਗ ਦੀ ਰੀੜ ਦੀ ਹੱਡੀ ਹੈ, ਇਸ ਕੇਡਰ ਵੱਲੋਂ ਵਿਭਾਗ ਦਾ 90% ਕੰਮ ਕੀਤਾ ਜਾਂਦਾ ਹੈ ਅਤੇ ਵਿਭਾਗ ਵਿੱਚ ਸਭ ਤੋਂ ਵੱਧ ਗਿਣਤੀ ਵੀ ਵੈਟਨਰੀ ਇੰਸਪੈਕਟਰਾਂ ਦੀ ਹੀ ਹੈ ਵੈਟਰਨਰੀ ਇੰਸਪੈਕਟਰ ਦਿਨ ਰਾਤ ਪਿੰਡਾਂ ਵਿੱਚ ਪਸ਼ੂ ਪਾਲਕਾਂ ਦੀ ਸੇਵਾ ਕਰਦੇ ਹਨ, ਵਿਭਾਗ ਦੁਆਰਾ ਦਿੱਤੇ ਗਏ ਟੀਚੇ ਜਿਵੇਂ ਕਿ, ਬਨਾਵਟੀ ਗਰਭਦਾਨ, ਸੈਕਸ ਸੀਮਨ ਸਕੀਮ, ਨੈਸ਼ਨਲ ਡਿਜੀਜ਼ ਕੰਟਰੋਲ ਪ੍ਰੋਗਰਾਮ, ਵੈਕਸੀਨੇਸ਼ਨ, ਮੁਢਲੀ ਸਹਾਇਤਾ, ਡੀਵੋਰਮਿੰਗ ਕਪੇਨ, ਕੈਟਲ ਸੈਂਸਸ, ਜਾਗਰੂਕਤਾ ਕੈਂਪ, ਆਦਿ ਸਾਰਾ ਕੰਮ ਵੈਟਰਨਰੀ ਇੰਸਪੈਕਟਰਾਂ ਦੁਆਰਾ ਹੀ ਕੀਤਾ ਜਾਂਦਾ ਹੈ, ਪਰ ਜਦੋਂ ਮੰਗਾਂ ਦੀ ਗੱਲ ਆਉਂਦੀ ਹੈ। ਵਿਭਾਗ ਦੀ ਅਫਸਰ ਸ਼ਾਹੀ ਦੇ ਦਬਾਅ ਹੇਠਾਂ ਸਰਕਾਰ ਵੱਲੋਂ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ, ਵੈਟਰਨਰੀ ਇੰਸਪੈਕਟਰਾਂ ਦੀਆਂ ਸੀਨੀਅਰ ਵੈਟਰਨਰੀ ਇੰਸਪੈਕਟਰ ਦੀ ਪੋਸਟ ਨੂੰ ਹਾਲੇ ਤੱਕ ਪ੍ਰਮੋਸ਼ਨ ਵਿੱਚ ਨਹੀਂ ਬਦਲਿਆ ਗਿਆ, ਨਾ ਹੀ ਸਕੇਲਾਂ ਵਿੱਚ ਕੋਈ ਸੋਧ ਕੀਤੀ ਗਈ ਹੈ, ਨਾ ਹੀ ਵੈਟਰਨਰੀ ਇੰਸਪੈਕਟਰ ਕੌਂਸਲ ਦੀ ਰਜਿਸਟਰੇਸ਼ਨ 'ਤੇ ਕੋਈ ਕੰਮ ਹੋਇਆ ਹੈ, ਜਿਸ 'ਤੇ ਕਿ ਸਰਕਾਰ ਦਾ ਇੱਕ ਰੁਪਈਆ ਵੀ ਨਹੀਂ ਲੱਗਦਾ, ਜਿਸ ਨਾਲ ਕੇਡਰ ਵਿੱਚ ਸਰਕਾਰ ਅਤੇ ਵਿਭਾਗ ਦੀ ਅਫਸਰਸ਼ਾਹੀ ਵਿਰੁੱਧ ਭਾਰੀ ਰੋਸ ਪਾਇਆ ਜਾ ਰਿਹਾ, ਹੁਣ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਕੋਲ ਸੰਘਰਸ਼ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਰਿਹਾ, ਆਖਰਕਾਰ ਅੱਕ ਕੇ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਏ ਸੰਘਰਸ਼ ਦਾ ਐਲਾਨ ਕਰ ਦਿੱਤਾ ਹੈ, ਕੱਲ 24 ਤਰੀਕ ਦਿਨ ਐਤਵਾਰ ਨੂੰ ਪੰਜਾਬ ਭਰ ਦੇ ਵੈਟਰਨਰੀ ਇੰਸਪੈਕਟਰ ਡਾਇਰੈਕਟਰ ਪਸ਼ੂ ਪਾਲਣ ਦੇ ਦਫਤਰ ਮੁਹਾਲੀ ਵਿਖੇ ਰੋਸ਼ ਪ੍ਰਦਰਸ਼ਨ ਕਰਨਗੇ, ਇੱਥੋਂ ਸੈਕਟਰੀਏਟ ਵੱਲ ਮਾਰਚ ਕਰਨਗੇ, ਜਿਸ ਵਿੱਚ ਮੌਜੂਦਾ ਵੈਟਰਨਰੀ ਇੰਸਪੈਕਟਰਾਂ ਤੋਂ ਇਲਾਵਾ ਰਿਟਾਇਰ ਹੋ ਚੁੱਕੇ ਵੈਟਰਨਰੀ ਇੰਸਪੈਕਟਰ ਅਤੇ ਬੇਰੁਜ਼ਗਾਰ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ ਇਹ ਇਕੱਠ ਹਜ਼ਾਰਾਂ ਦੀ ਗਿਣਤੀ ਵਿੱਚ ਹੋਵੇਗਾ, ਇਸ ਸਬੰਧੀ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਦੀਪ ਸਿੰਘ ਬਾਸੀ ਤੇ ਸੂਬਾ ਪ੍ਰੈਸ ਸਕੱਤਰ ਗੁਰਜੀਤ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਉਹਨਾਂ ਨੇ ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ।

# ਨਰਿੰਦਰਪਾਲ ਸਿੰਘ ਸਵਨਾ ਹੜ੍ਹ ਪੀੜਤ ਪਿੰਡਾਂ ਦੇ ਲੋਕਾਂ ਦਾ ਹਾਲ ਜਾਣਨ ਪਹੁੰਚੇ



ਫਾਜ਼ਿਲਕਾ, 22 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹੜ੍ਹ ਪੀੜ੍ਹਤ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਇਹ ਪ੍ਰਗਟਾਵਾ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਪਿੰਡ ਦੋਨਾ ਨਾਨਕਾ ਤੇ ਤੇਜਾ ਰੁਹੇਲਾ ਵਿਖੇ ਪਹੁੰਚ ਕੇ ਹੜ੍ਹ ਪੀੜਤ ਲੋਕਾਂ ਦਾ ਹਾਲ ਚਾਲ ਜਾਣਨ ਤੇ ਪਸ਼ੂਆਂ ਲਈ ਹਰਾ ਚਾਰਾ ਵੰਡਣ ਮੌਕੇ ਕੀਤਾ। ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਉਹ ਫਾਜ਼ਿਲਕਾ ਦੇ ਲੋਕਾਂ ਦੇ ਨਾਲ ਹਨ ਤੇ ਹਰ ਸਮੇਂ ਲੋਕਾਂ ਵਿੱਚ ਵਿਚਰ ਕੇ ਉਨ੍ਹਾਂ ਦਾ ਹਾਲ ਚਾਲ ਪੁੱਛਦੇ ਹਨ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਉਨ੍ਹਾਂ ਨੂੰ ਲੋੜੀਂਦੀਆਂ ਜ਼ਰੂਰਤ ਦੀਆਂ ਚੀਜ਼ਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਰਲ ਮਿਲ ਕੇ ਇਸ ਕੁਦਰਤ ਦੀ ਕਰੋਪੀ ਦਾ ਸਾਹਮਣਾ ਕਰਾਂਗੇ। ਉਨ੍ਹਾਂ ਹਲਕਾ ਵਾਸੀਆਂ ਖਾਸ ਕਰ ਹਰ ਪੀੜਤ ਲੋਕਾਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਇਸ ਮੁਸ਼ਕਲ ਦੀ ਘੜੀ ਵਿੱਚ ਪੰਜਾਬ ਸਰਕਾਰ ਤੇ ਉਹ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਤੇ ਹਰ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦਾ ਸਾਥ ਦੇਣ ਦੀ ਤਿਆਰ ਹਨ। ਇਸ ਤਰ੍ਹਾਂ ਪ੍ਰਸ਼ਾਸਨ ਵੱਲੋਂ ਤਿਆਰ ਇਹ ਵਿਭਾਗੀ ਟੀਮਾਂ ਲੋਕਾਂ ਦੀ ਜਾਲ ਤੇ ਮਾਲ ਦੀ ਰਾਖੀ ਲਈ ਤਤਪਰ ਹੋ ਕੇ ਕੰਮ ਕਰ ਰਹੀਆਂ ਹਨ।

# ਅੱਖਾਂ ਦਾ ਮੁਫ਼ਤ ਚੈਕਅੱਪ ਕੈਂਪ 24 ਨੂੰ



ਫਾਜ਼ਿਲਕਾ, 22 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਥਾਨਕ ਗਊਸ਼ਾਲਾ ਰੋਡ 'ਤੇ ਸਥਿਤ ਗੁਪਤਾ ਹਸਪਤਾਲ ਵਿੱਚ 24 ਅਗਸਤ, ਐਤਵਾਰ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਨਿਊ ਪੋਲਸ ਹੈਲਥ ਕੇਅਰ, ਬਠਿੰਡਾ ਦੇ ਡਾ. ਹਰਸ਼ਿਤ ਕਟਾਰੀਆ ਵੱਲੋਂ ਸਫ਼ੈਦ, ਕਾਲਾ ਮੋਤੀਆ ਦੀ ਜਾਂਚ, ਬੱਚਿਆਂ ਦੀਆਂ ਅੱਖਾਂ ਦੇ ਰੋਗਾਂ ਦੀ ਜਾਂਚ, ਬਿਨਾਂ ਟਾਂਕੇ ਚੀਰੇ ਦੇ ਹਰ ਕਿਸਮ ਦੇ ਆਪ੍ਰੇਸ਼ਨਾਂ ਲਈ ਖ਼ਾਸ ਸੁਵਿਧਾਵਾਂ ਦਿੱਤੀਆਂ ਜਾਣਗੀਆਂ। ਮਰੀਜ਼ ਆਪਣੀਆਂ ਪੁਰਾਣੀਆਂ ਮੈਡੀਕਲ ਰਿਪੋਰਟਾਂ ਨਾਲ ਲੈ ਕੇ ਆਉਣ। ਇਸ ਦੇ ਨਾਲ ਹੀ ਬਠਿੰਡਾ ਦੇ ਆਰ ਗਗਨ ਮਲਟੀ ਸਪੈਸ਼ਲਟੀ ਹਸਪਤਾਲ ਦੇ ਡਾ. ਅੰਕਿਤ ਛਾਬੜਾ ਵੱਲੋਂ ਮੁਫ਼ਤ ਮੈਗਾ ਕੈਂਪ ਵਿੱਚ ਸ਼ੂਗਰ, ਥਾਇਰਾਇਡ, ਹਾਰਮੋਨ ਤੇ ਹੋਰ ਸਮੱਸਿਆਵਾਂ ਅਤੇ ਬੀਮਾਰੀਆਂ ਦੀ ਜਾਂਚ ਕਰਕੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਜਾਣਗੀਆਂ।

# ਸੀਨੀਅਰ ਸਿਟੀਜ਼ਨ ਦਿਵਸ ਮਨਾਇਆ




ਫਿਰੋਜ਼ਪੁਰ, 22 ਅਗਸਤ (ਤਿਵਾੜੀ): ਸੀਨੀਅਰ ਸਿਟੀਜ਼ਨ ਫੋਰਮ ਫਿਰੋਜ਼ਪੁਰ ਵੱਲੋਂ ਵਿਸ਼ਵ ਪੱਧਰ 'ਤੇ 21 ਅਗਸਤ ਨੂੰ ਮਨਾਏ ਸੀਨੀਅਰ ਸਿਟੀਜ਼ਨ ਦਿਵਸ ਸਬੰਧੀ ਵਿਸ਼ੇਸ਼ ਮੀਟਿੰਗ ਬਾਗਬਾਨ ਕੰਪਲੈਕਸ ਮੱਖੂ ਗੇਟ ਦੇ ਬਾਹਰ ਫ਼ਿਰੋਜ਼ਪੁਰ ਸ਼ਹਿਰ ਵਿਖੇ ਪਰਦੀਪ ਧਵਨ ਦੀ ਅਗਵਾਈ ਵਿੱਚ ਸੀਨੀਅਰ ਸਿਟੀਜ਼ਨ ਦਿਵਸ ਸਮਾਗਮ ਕੀਤਾ ਗਿਆ, ਜਿਸ ਵਿੱਚ ਫੋਰਮ ਦੇ ਮੈਂਬਰਾਂ ਤੋਂ ਇਲਾਵਾ ਬਹੁਤ ਹੀ ਸਤਿਕਾਰ ਯੋਗ ਸੁਪਰ ਸੀਨੀਅਰ ਸਿਟੀਜ਼ਨ ਸ਼ਾਮਲ ਹੋਏ। ਇਸ ਸਮਾਗਮ ਵਿੱਚ ਫੋਰਮ ਵੱਲੋਂ ਸੁਪਰ ਸੀਨੀਅਰ ਸਿਟੀਜ਼ਨ ਤਿਲਕ ਰਾਜ ਏਰੀ, ਮਦਨ ਲਾਲ ਤਿਵਾੜੀ, ਸ਼ਾਮ ਲਾਲ ਕੱਕੜ, ਐਸ ਪੀ ਖੇੜਾ, ਤਰਸੇਮ ਲਾਲ ਢੀਂਗਰਾ, ਵੇਦ ਪਰਕਾਸ਼ ਧਵਨ, ਰਜਿੰਦਰ ਢੀਂਗਰਾ, ਮਾਸਟਰ ਬਨਾਰਸੀ ਦਾਸ, ਪ੍ਰੋਫੈਸਰ ਸੀ ਐਲ ਅਰੋੜਾ, ਸੁਦੇਸ਼ ਵਰਮਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪਰਦੀਪ ਧਵਨ, ਪਰਵੇਸ਼ ਕੁਮਾਰ, ਲੱਕੀ, ਪ੍ਰੋਫੈਸਰ ਏ ਕ ਸੇਠੀ, ਅਸ਼ੋਕ ਕੱਕੜ, ਸੁਭਾਸ਼ ਚੌਧਰੀ, ਰਾਕੇਸ਼ ਸ਼ਰਮਾ, ਤਿਲਕ ਰਾਜ ਏਰੀ, ਹਰੀਸ਼ ਮੌਂਗਾ ਪਰਵੇਸ਼ ਧਵਨ, ਸੁਰਿੰਦਰ ਬੇਰੀ, ਪਰਦੀਪ ਰਾਣਾ, ਪ੍ਰੋਫੈਸਰ ਸੀ ਐਲ ਅਰੋੜਾ, ਸੁਦੇਸ਼ ਵਰਮਾ ਆਦਿ ਨੇ ਵਿਸ਼ਵ ਸੀਨੀਅਰ ਸਿਟੀਜ਼ਨ ਦਿਵਸ ਸਬੰਧੀ ਚਾਨਣਾ ਪਾਇਆ ਤੇ ਰੰਗਾ ਰੰਗ ਸੱਭਿਆਚਾਰਕ ਗੀਤ ਸੰਗੀਤ ਪੈਸ਼ ਕਰਕੇ ਸਭ ਦਾ ਮਨੋਰੰਜਨ ਕੀਤਾ। ਇਸ ਮੌਕੇ ਅਗਸਤ ਮਹੀਨੇ ਦੇ ਜਨਮ ਵਾਲੇ ਸਾਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਫ਼ਿਰੋਜ਼ਪੁਰ ਸ਼ਹਿਰ ਤੇ ਛਾਉਣੀ ਵਿੱਚ ਅਵਾਰਾ ਕੁੱਤਿਆਂ ਤੇ ਪਸ਼ੂਆਂ ਕਾਰਨ ਬੱਚਿਆਂ, ਬਜੁਰਗਾਂ ਤੇ ਆਮ ਲੋਕਾਂ ਨੂੰ ਆਵਾਜਾਈ ਸਮੇਂ ਆਉਂਦੀਆਂ ਸਮੱਸਿਆਵਾਂ ਤੇ ਦੁਰਘਟਨਾਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਪ੍ਰਸ਼ਾਸ਼ਨ ਤੋਂ ਇਸ ਸਮੱਸਿਆ ਦੇ ਹੱਲ ਦੀ ਮੰਗ ਕੀਤੀ। ਇਸ ਮੌਕੇ ਰਾਜਬੀਰ ਸਿੰਘ, ਸਤੀਸ਼ ਪੁਰੀ ਦੇਸ਼ ਬੰਧੂ ਤੁਲੀ, ਸੁਰਿੰਦਰ ਸਿੰਘ ਬਲਾਸੀ, ਡਾ. ਸੁਰਿੰਦਰ ਸਿੰਘ, ਪ੍ਰੋਫੈਸਰ ਜੀ ਐਸ ਮਿੱਤਲ ਬਲਦੇਵ ਸਚਦੇਵਾ, ਸੁਭਾਸ਼ ਦੋਦਾ, ਅਸ਼ੋਕ ਕੁਮਾਰ ਗੁਪਤਾ, ਗੱਤਿੰਦਰ ਕਮਲ ਯੋਗਿੰਦਰ ਕੱਕੜ, ਸ਼ਾਮ ਲਾਲ ਗੱਖੜ, ਚਰਨਜੀਤ ਮਹਾਜਨ, ਪ੍ਰੇਮ ਚੰਦ, ਪ੍ਰੇਮ ਨਾਥ ਰਸੀਆ ਹਾਜ਼ਰ ਸਨ।

# ਜ਼ਿਲ੍ਹਾ ਭਾਸ਼ਾ ਦਫ਼ਤਰ ਨੇ ਕਰਵਾਏ ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ



ਫ਼ਿਰੋਜ਼ਪੁਰ, 22 ਅਗਸਤ (ਤਿਵਾੜੀ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਤੇ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਨਿਰਦੇਸ਼ਕ ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਿਰੋਜ਼ਪੁਰ ਵੱਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਗਦੀਪ ਸਿੰਘ ਸੰਧੂ ਦੀ ਸਰਪ੍ਰਸਤੀ ਅਧੀਨ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਫ਼ਿਰੋਜ਼ਪੁਰ ਛਾਉਣੀ ਵਿਖੇ 22 ਅਗਸਤ ਨੂੰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸਮੂਹ ਸਰਕਾਰੀ, ਅਰਧ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੇ ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਦੇ ਮੁਕਾਬਲੇ ਕਰਵਾਏ ਗਏ। ਇਨਾਂ ਮੁਕਾਬਲਿਆਂ ਦਾ ਮੁੱਖ ਉਦੇਸ਼ ਸਕੂਲੀ ਵਿਦਿਆਰਥੀਆਂ ਦੀਆਂ ਸਾਹਿਤਕ ਤੇ ਕਲਾਤਮਿਕ ਰੁਚੀਆਂ ਵਿੱਚ ਪ੍ਰਫੁੱਲਤਾ ਪੈਦਾ ਕਰਨਾ ਹੈ। ਕਾਵਿ ਸਿਰਜਣ ਲਈ ਵਿਸ਼ਾ 'ਮਾਪੇ' ਤੇ ਕਹਾਣੀ/ਲੇਖ ਸਿਰਜਣ ਲਈ ਵਿਸ਼ਾ 'ਜੰਗ ਤੇ ਅਮਨ' ਦਿੱਤਾ ਗਿਆ। ਕਾਵਿ-ਸਿਰਜਣ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਰਮਨਦੀਪ ਕੌਰ (ਸ.ਸ.ਸ.ਸ. ਰੁਕਨਾ ਬੇਗੂ), ਦੂਸਰਾ ਸਥਾਨ ਗੁਰਪ੍ਰੀਤ ਕੌਰ (ਸ.ਸ.ਸ.ਸ. ਮਾਨਾ ਸਿੰਘ ਵਾਲਾ) ਤੇ ਤੀਸਰਾ ਸਥਾਨ ਇਸ਼ਿਤਾ (ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਫ਼ਿਰੋਜ਼ਪੁਰ ਛਾਉਣੀ ) ਨੇ ਪ੍ਰਾਪਤ ਕੀਤਾ। ਕਹਾਣੀ ਸਿਰਜਨ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਗੁਰਪ੍ਰੀਤ ਕੌਰ (ਸ.ਹ.ਸ.ਵਾਹਗੇ ਵਾਲਾ), ਦੂਸਰਾ ਸਥਾਨ ਹਰਪ੍ਰੀਤ ਕੌਰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਉਸਮਾਨ ਵਾਲਾ ਤੇ ਤੀਸਰਾ ਸਥਾਨ ਦਿਵਾਂਸ਼ੀ (ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਫ਼ਿਰੋਜ਼ਪੁਰ ਛਾਉਣੀ) ਨੇ ਪ੍ਰਾਪਤ ਕੀਤਾ।

# ਸਿਹਤ ਵਿਭਾਗ ਨੇ ਮੱਛਰ ਦੇ ਲਾਰਵੇ ਸਬੰਧੀ ਸਰਕਾਰੀ ਦਫਤਰਾਂ ਦੀ ਕੀਤੀ ਚੈਕਿੰਗ: ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ



ਫਤਹਿਗੜ੍ਹ ਸਾਹਿਬ, 22 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਤੇ ਸਿਹਤ ਡਾਇਰੈਕਟਰ ਡਾ ਹਿਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ ਦਵਿੰਦਰਜੀਤ ਕੌਰ ਦੀ ਯੋਗ ਅਗਵਾਈ ਹੇਠ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜ਼ਿਲ੍ਹੇ ਭਰ ਅੰਦਰ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਸਰਕਾਰੀ ਦਫਤਰਾਂ ਤੇ ਵੱਖ-ਵੱਖ ਅਦਾਰਿਆਂ ਵਿੱਚ ਮੱਛਰ ਦੇ ਲਾਰਵੇ ਸਬੰਧੀ ਵਿਸ਼ੇਸ਼ ਚੈਕਿੰਗ ਕੀਤੀ ਗਈ। ਇਸ ਮੁਹਿੰਮ ਤਹਿਤ, ਸਰਹਿੰਦ ਤੇ ਫਤਿਹਗੜ੍ਹ ਸਾਹਿਬ ਵਿੱਚ ਐਪੀਡਿਮਾਲੋਜਿਸਟ ਡਾ. ਪ੍ਰਭਜੋਤ ਕੌਰ ਦੀ ਦੇਖਰੇਖ ਹੇਠ ਕੀਤੀਆਂ ਜਾ ਰਹੀਆਂ ਡੇਂਗੂ ਵਿਰੋਧੀ ਗਤੀਵਿਧੀਆਂ ਦੀ ਸਿਵਲ ਸਰਜਨ ਵੱਲੋਂ ਚੈਕਿੰਗ ਕੀਤੀ ਗਈ। ਇਸ ਮੌਕੇ ਤੇ ਦਫਤਰਾਂ ਵਿੱਚ ਹਾਜ਼ਰ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਡੇਂਗੂ ਸਬੰਧੀ ਜਾਗਰੂਕ ਕਰਦਿਆਂ ਸਿਵਲ ਸਰਜਨ ਡਾ ਦਵਿੰਦਰਜੀਤ ਕੌਰ ਨੇ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਡੇਂਗੂ ਤੇ ਹੋਰ ਬਿਮਾਰੀਆਂ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਦਾ ਮੱਛਰ ਖੜੇ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ ਤੇ ਇਹ ਮਨੁੱਖ ਨੂੰ ਦਿਨ ਵੇਲੇ ਕੱਟਦਾ ਹੈ ਇਸ ਲਈ ਗਮਲਿਆਂ, ਕੂਲਰਾਂ, ਫਰਿਜ ਦੀ ਟਰੇ ਵਿੱਚ ਜਾਂ ਕਿਤੇ ਹੋਰ ਪਾਣੀ ਨੂੰ ਖੜਾ ਨਾ ਹੋਣ ਦਿੱਤਾ ਜਾਵੇ। ਸਰਕਾਰੀ ਸਿਹਤ ਕੇਂਦਰਾਂ ਵਿੱਚ ਸਰਕਾਰ ਵੱਲੋਂ ਡੇਂਗੂ ਦਾ ਟੈਸਟ ਅਤੇ ਇਲਾਜ ਸੇਵਾਵਾਂ ਮੁਫਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ 'ਤੇ ਜ਼ਿਲਾ ਡੈਂਟਲ ਸਿਹਤ ਅਫਸਰ ਡਾ ਪਾਰੁਲ ਗੁਪਤਾ, ਜਿਲਾ ਐਪੀਡਿਮਾਲੋਜਿਸਟ ਡਾ ਪ੍ਰਭਜੋਤ ਕੌਰ, ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ, ਅਮਨਪ੍ਰੀਤ ਸਿੰਘ, ਇਨਸੈਕਟ ਕੁਲੇਕਟਰ ਮਨਦੀਪ ਕੌਰ, ਸਿਹਤ ਕਰਮਚਾਰੀ ਜਗਰੂਪ ਸਿੰਘ, ਹਰੀ ਸਿੰਘ, ਬਰੀਡ ਚੈੱਕ ਕਰ ਹਰਦੀਪ ਸਿੰਘ ਤੇ ਨਰਸਿੰਗ ਵਿਦਿਆਰਥੀ ਆਦਿ ਹਾਜ਼ਰ ਸਨ।

# ਐਨਸੀਸੀ ਕੈਡਿਟਾਂ ਨੇ ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਵਿਖੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ



ਮੰਡੀ ਗੋਬਿੰਦਗੜ੍ਹ, 22 ਅਗਸਤ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਵਿਖੇ ਅਜ਼ਾਦੀ ਦਿਵਸ ਦੇ ਜਸ਼ਨਾਂ ਦੇ ਹਿੱਸੇ ਵਜੋਂ ਐਨਸੀਸੀ ਕੈਡਿਟਾਂ ਨੇ ਖੇਡ ਵਿਭਾਗ ਦੇ ਅਧਿਆਪਕ ਮੁਨੀਸ਼ ਦੀ ਅਗਵਾਈ ਹੇਠ ਸਕੂਲ ਦੇ ਵਿਹੜੇ ਵਿੱਚ ਰੁੱਖ ਲਗਾਉਣ ਦੀ ਮੁਹਿੰਮ ਚਲਾਈ। ਇਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਾਤਾਵਰਨ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਹਰੇ ਤੇ ਸਾਫ਼ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ ਸੀ। ਇਸ ਮੁਹਿੰਮ ਦੌਰਾਨ ਕੈਡਿਟਾਂ ਨੇ ਉਤਸ਼ਾਹ ਨਾਲ ਪੌਦੇ ਲਗਾਏ ਅਤੇ ਵਾਤਾਵਰਣ ਪ੍ਰਤੀ ਆਪਣੀ ਜ਼ਿੰਮੇਵਾਰੀ ਤੇ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ। ਖੇਡ ਅਧਿਆਪਕ ਮੁਨੀਸ਼ ਨੇ ਕਿਹਾ ਕਿ ਅਜਿਹੇ ਯਤਨ ਇੱਕ ਟਿਕਾਊ ਭਵਿੱਖ ਦੇ ਨਿਰਮਾਣ ਲਈ ਜ਼ਰੂਰੀ ਹਨ। ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਕਿਹਾ ਕਿ ਸਾਡੇ ਕੈਡਿਟਾਂ ਨੇ ਵਾਤਾਵਰਨ ਸੰਭਾਲ ਦਿਵਸ ਮਨਾ ਕੇ ਸ਼ਾਨਦਾਰ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼, ਸੁਰੱਖਿਅਤ ਤੇ ਹਰਾ-ਭਰਾ ਵਾਤਾਵਰਨ ਦੇਣ ਲਈ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ।

# ਸ਼ਿਵਾਲਿਕ ਕਿਡਜ਼ ਸਕੂਲ ਦੇ ਬੱਚਿਆਂ ਨੇ ਜ਼ੋਨ ਪੱਧਰੀ ਬੈਡਮਿੰਟਨ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ



ਜੈਤੋ, 22 ਅਗਸਤ (ਸੰਜੀਵ ਗੋਇਲ/ਵਿਪਨ ਗੋਇਲ): ਜਦੋਂ ਖੇਡਾਂ ਵਿੱਚ ਪ੍ਰਤਿਭਾ ਤੇ ਮਿਹਨਤ ਦਾ ਸੰਗਮ ਹੁੰਦਾ ਹੈ, ਤਾਂ ਸਫਲਤਾ ਆਪਣੇ ਆਪ ਹੀ ਪੈਰ ਚੁੰਮਦੀ ਹੈ। ਇਹ ਕਹਾਵਤ ਸ਼ਿਵਾਲਿਕ ਕਿਡਜ਼ ਸਕੂਲ, ਜੈਤੋ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਸੱਚ ਸਾਬਤ ਕੀਤੀ ਹੈ। ਹਾਲ ਹੀ ਵਿੱਚ ਹੋਏ ਜ਼ੋਨ ਪੱਧਰੀ ਬੈਡਮਿੰਟਨ ਮੁਕਾਬਲੇ ਵਿੱਚ ਸਕੂਲ ਦੇ ਨੌਜਵਾਨ ਖਿਡਾਰੀਆਂ ਨੇ ਸ਼ਾਨਦਾਰ ਖੇਡ ਹੁਨਰ ਤੇ ਅਨੁਸ਼ਾਸਨ ਦਾ ਪ੍ਰਦਰਸ਼ਨ ਕੀਤਾ ਤੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਵੱਖ-ਵੱਖ ਸਕੂਲਾਂ ਦੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੇ ਮੁਕਾਬਲੇ ਵਿੱਚ ਹਿੱਸਾ ਲਿਆ। ਸਖ਼ਤ ਮੁਕਾਬਲੇ ਦੇ ਵਿਚਕਾਰ, ਸ਼ਿਵਾਲਿਕ ਕਿਡਜ਼ ਸਕੂਲ ਦੇ ਬੱਚਿਆਂ ਨੇ ਆਤਮਵਿਸ਼ਵਾਸ ਤੇ ਹਿੰਮਤ ਦਿਖਾਈ ਅਤੇ ਲਗਾਤਾਰ ਜਿੱਤਾਂ ਦਰਜ ਕੀਤੀਆਂ ਤੇ ਫਾਈਨਲ ਮੈਚ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਮੈਚ ਜਿੱਤਿਆ। ਬੱਚਿਆਂ ਦੀ ਇਹ ਜਿੱਤ ਸਿਰਫ਼ ਇੱਕ ਪ੍ਰਾਪਤੀ ਹੀ ਨਹੀਂ ਸਗੋਂ ਪੂਰੇ ਸਕੂਲ ਪਰਿਵਾਰ ਲਈ ਮਾਣ ਵਾਲੀ ਗੱਲ ਹੈ। ਸਕੂਲ ਪ੍ਰਬੰਧਨ ਨੇ ਬੱਚਿਆਂ ਨੂੰ ਇਸ ਮਹਾਨ ਪ੍ਰਾਪਤੀ 'ਤੇ ਵਧਾਈ ਦਿੱਤੀ। ਸਕੂਲ ਦੀ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਕਿਹਾ ਕਿ ਜਿਸ ਲਗਨ ਤੇ ਮਿਹਨਤ ਨਾਲ ਬੱਚਿਆਂ ਨੇ ਇਹ ਸਫਲਤਾ ਪ੍ਰਾਪਤ ਕੀਤੀ ਹੈ, ਉਹ ਦੂਜੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹੈ। ਇਸ ਮੌਕੇ ਸਕੂਲ ਪਰਿਵਾਰ ਨੇ ਕਿਹਾ ਕਿ ਇਹ ਪ੍ਰਾਪਤੀ ਬੱਚਿਆਂ ਦੀ ਸਖ਼ਤ ਮਿਹਨਤ, ਮਾਪਿਆਂ ਦੇ ਸਮਰਥਨ ਤੇ ਅਧਿਆਪਕਾਂ ਦੇ ਮਾਰਗਦਰਸ਼ਨ ਦਾ ਨਤੀਜਾ ਹੈ। ਵਿਦਿਆਰਥੀਆਂ ਦੀ ਇਹ ਜਿੱਤ ਆਉਣ ਵਾਲੀ ਪੀੜ੍ਹੀ ਨੂੰ ਖੇਡਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਵੀ ਪ੍ਰੇਰਿਤ ਕਰੇਗੀ। ਸਕੂਲ ਦੇ ਹੋਰ ਵਿਦਿਆਰਥੀ ਵੀ ਆਪਣੇ ਦੋਸਤਾਂ ਦੀ ਇਸ ਪ੍ਰਾਪਤੀ 'ਤੇ ਬਹੁਤ ਉਤਸ਼ਾਹਿਤ ਹਨ। ਉਨ੍ਹਾਂ ਨੇ ਜੇਤੂ ਖਿਡਾਰੀਆਂ ਦਾ ਤਾੜੀਆਂ ਨਾਲ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਆਪਣੇ ਰੋਲ ਮਾਡਲ ਵਜੋਂ ਅਪਣਾਉਣ ਦਾ ਸੰਕਲਪ ਲਿਆ। ਬਿਨਾਂ ਸ਼ੱਕ, ਸ਼ਿਵਾਲਿਕ ਕਿਡਜ਼ ਸਕੂਲ ਦੇ ਇਨ੍ਹਾਂ ਨੌਜਵਾਨ ਖਿਡਾਰੀਆਂ ਦੀ ਇਹ ਜਿੱਤ ਸਕੂਲ ਦੇ ਮਾਣ ਨੂੰ ਹੋਰ ਵਧਾਉਂਦੀ ਹੈ। ਇਹ ਸਾਬਤ ਕਰਦਾ ਹੈ ਕਿ ਸਹੀ ਮਾਰਗਦਰਸ਼ਨ, ਸਖ਼ਤ ਮਿਹਨਤ ਤੇ ਲਗਨ ਨਾਲ ਬੱਚੇ ਹਰ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਪ੍ਰਾਪਤ ਕਰ ਸਕਦੇ ਹਨ।

# ਪਾਕਿ ਨੇ ਭਾਰਤੀ ਜਹਾਜ਼ਾਂ ਲਈ ਹਵਾਈ ਖੇਤਰ 'ਤੇ ਪਾਬੰਦੀ 23 ਸਤੰਬਰ ਤੱਕ ਵਧਾਈ

☛ ਹਵਾਈ ਖੇਤਰ ਬੰਦ ਕਰਨ ਨਾਲ ਪਾਕਿ ਨੂੰ 4.1 ਅਰਬ ਰੁਪਏ ਦਾ ਹੋਇਆ ਨੁਕਸਾਨ

ਅੰਮ੍ਰਿਤਸਰ, 22 ਅਗਸਤ (ਚ.ਨ.ਸ): ਪਾਕਿਸਤਾਨ ਤੇ ਭਾਰਤ 'ਚ ਬਣੀ ਤਣਾਅ ਵਾਲੀ ਸਥਿਤੀ 'ਚ ਕੋਈ ਸੁਧਾਰ ਨਾ ਹੋਣ ਕਰਕੇ ਪਾਕਿ ਨੇ ਭਾਰਤੀ ਜਹਾਜ਼ਾਂ ਲਈ ਬੰਦ ਕੀਤੇ ਆਪਣੇ ਹਵਾਈ



ਖੇਤਰ ਦੀ ਸਮਾਂ-ਹੱਦ ਇਕ ਹੋਰ ਮਹੀਨੇ ਲਈ ਵਧਾਉਣ ਦਾ ਫ਼ੈਸਲਾ ਕੀਤਾ ਹੈ।ਜਿਸ ਦੇ ਚੱਲਦਿਆਂ ਹੁਣ 23 ਸਤੰਬਰ ਤੱਕ ਭਾਰਤੀ ਉਡਾਣਾਂ ਲਈ ਪਾਕਿ ਦਾ ਹਵਾਈ ਖੇਤਰ ਬੰਦ ਰਹੇਗਾ।ਦੱਸਣਯੋਗ ਹੈ ਕਿ ਪਾਕਿ ਨੇ ਪਹਿਲਾਂ 24 ਅਪ੍ਰੈਲ ਤੋਂ ਮਹੀਨੇ ਲਈ ਆਪਣਾ ਹਵਾਈ ਬੰਦ ਕਰਨ ਦਾ ਐਲਾਨ ਕੀਤਾ ਸੀ, ਉਸ ਤੋਂ ਬਾਅਦ ਇਹ ਸਮਾਂ-ਹੱਦ ਮਹੀਨੇ ਵਧਾਈ ਜਾ ਰਹੀ ਹੈ।ਏਵੀਏਸ਼ਨ ਡਿਵੀਜ਼ਨ ਦੇ ਇੱਕ ਸੀਨੀਅਰ ਅਧਿਕਾਰੀ ਮੁਤਾਬਿਕ ਇਸ ਪਾਬੰਦੀ ਉਦੇਸ਼ ਪਾਕਿ ਦੇ ਹਵਾਈ ਖੇਤਰ ਸੁਰੱਖਿਆ ਨੂੰ ਯਕੀਨੀ ਬਣਾਉਣਾ ਉਨ੍ਹਾਂ ਨੇ ਇਹ ਵੀ ਕਿਹਾ ਕਿ ਖ਼ਵਾਜਾ ਮੁਹੰਮਦ ਆਸਿਫ਼ ਮੁਹੰਮਦ ਆਸਿਫ਼ ਦਾ ਪਾਬੰਦੀ ਸਿਰਫ਼ ਭਾਰਤੀ ਜਹਾਜ਼ਾਂ 'ਤੇ ਲਾਗੂ ਹੋਵੇਗੀ।ਜਦੋਂਕਿ ਪਾਕਿ ਦਾ ਹਵਾਈ ਖੇਤਰ ਹੋਰ ਸਾਰੀਆਂ ਕੌਮਾਂਤਰੀ ਉਡਾਣਾਂ ਲਈ ਖੁੱਲ੍ਹਾ ਰਹੇਗਾ।ਦੱਸਣਯੋਗ ਹੈ ਕਿ ਪਹਿਲਗਾਮ 'ਚ ਹੋਏ।ਅੱਤਵਾਦੀ ਹਮਲੇ ਤੋਂ ਬਾਅਦ ਤਣਾਅ ਭੜਕਣ ਦੇ ਨਤੀਜੇ ਵਜੋਂ ਭਾਰਤ ਨੇ 23 ਅਪ੍ਰੈਲ ਨੂੰ ਪਾਕਿ ਲਈ ਆਪਣਾ ਹਵਾਈ ਖੇਤਰ ਇੱਕ ਮਹੀਨੇ ਲਈ ਬੰਦ ਕੀਤਾ ਸੀ।ਪਾਕਿ ਦੇ ਰੱਖਿਆ ਮੰਤਰੀ ਖ਼ਵਾਜਾ ਦਾ ਕਹਿਣਾ ਹੈ ਕਿ ਅਪ੍ਰੈਲ ਤੋਂ ਭਾਰਤ ਲਈ ਖੇਤਰ ਪਾਕਿ ਦੇ ਹਵਾਈ ਖੇਤਰ ਬੰਦ ਕਰਨ ਨਾਲ 1 ਪਾਕਿਸਤਾਨ ਏਅਰਪੋਰਟ ਅਥਾਰਟੀ (ਪੀ.ਏ.ਏ.) ਨੂੰ 4.1 ਅਰਬ ਪਾਕਿ ਰੁਪਏ ਦਾ ਨੁਕਸਾਨ ਹੋਇਆ।ਉਨ੍ਹਾਂ ਕਿਹਾ ਕਿ ਸਾਲ 2019 'ਚ ਪਾਕਿ-ਦਾ ਭਾਰਤ ਤਣਾਅ ਦੇ ਦੌਰਾਨ ਇਸੇ ਤਰ੍ਹਾਂ ਦੀ ਪਾਬੰਦੀ ਦੇ ਨਤੀਜੇ ਵਜੋਂ ਅਥਾਰਟੀ ਨੂੰ 7.6 ਅਰਬ ਰੁਪਏ ਤੋਂ ਵੱਧ ਦਾ ਨੁਕਸਾਨ ਇਹ ਹੋਇਆ ਸੀ।

# ਪੰਜਾਬ ਦੇ ਉਦਯੋਗਿਕ ਖੇਤਰ ਨੂੰ ਮਜ਼ਬੂਤੀ, 100 ਕਰੋੜ ਦੇ ਬੁਨਿਆਦੀ ਢਾਂਚੇ ਦਾ ਐਲਾਨ

ਲੁਧਿਆਣਾ, 22 ਅਗਸਤ (ਚ.ਨ.ਸ): ਉਦਯੋਗ ਤੇ ਵਣਜ ਮੰਤਰੀ ਸੰਜੀਵ ਅਰੋੜਾ ਨੇ ਪੰਜਾਬ ਦੇ ਉਦਯੋਗਿਕ ਵਾਤਾਵਰਨ ਨੂੰ ਮਜ਼ਬੂਤ ਕਰਨ ਲਈ 100 ਕਰੋੜ ਰੁਪਏ ਦੇ ਬੁਨਿਆਦੀ ਢਾਂਚੇ ਦੇ ਨੀਤੀਗਤ ਪਹਿਲਕਦਮੀ ਦਾ ਐਲਾਨ ਕੀਤਾ ਹੈ, ਜਿਸ ਨਾਲ ਲੁਧਿਆਣਾ ਵਿਕਾਸ ਰਣਨੀਤੀ ਦੇ ਕੇਂਦਰ ਵਿੱਚ ਹੈ।ਮੰਤਰੀ ਨੇ ਖੁਲਾਸਾ ਕੀਤਾ ਕਿ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ (ਪੀਐਸਆਈਈਸੀ) ਨੇ ਉਦਯੋਗਿਕ ਫੋਕਲ ਪੁਆਇੰਟਾਂ 'ਤੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ ਫੰਡ ਰੱਖੇ ਹਨ, ਜਿਸ ਦੇ 70 ਕਰੋੜ ਰੁਪਏ ਦੇ ਟੈਂਡਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ ਤੇ ਬਾਕੀ 30 ਕਰੋੜ ਰੁਪਏ ਪ੍ਰਕਿਰਿਆ ਅਧੀਨ ਹਨ।ਲੁਧਿਆਣਾ ਦੀ ਕੇਂਦਰੀ ਭੂਮਿਕਾ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਨਗਰ ਨਿਗਮ ਸੰਪਰਕ, ਸਹੂਲਤਾਂ ਤੇ ਉਦਯੋਗਿਕ ਸਹਾਇਤਾ ਪ੍ਰਣਾਲੀਆਂ ਨੂੰ ਬਿਹਤਰ ਬਣਾਉਣ ਲਈ 55 ਕਰੋੜ ਰੁਪਏ ਦਾ ਵਾਧੂ ਨਿਵੇਸ਼ ਕਰੇਗਾ।ਵਪਾਰ ਮੇਲਿਆਂ, ਨਵੀਨਤਾ ਪ੍ਰਦਰਸ਼ਨੀਆਂ ਤੇ ਉਦਯੋਗਿਕ ਪ੍ਰਦਰਸ਼ਨੀਆਂ ਦੀ ਮੇਜ਼ਬਾਨੀ ਲਈ ਲੁਧਿਆਣਾ, ਅੰਮ੍ਰਿਤਸਰ ਤੇ ਮੋਹਾਲੀ ਵਿੱਚ ਤਿੰਨ ਵਿਸ਼ਵ ਪੱਧਰੀ ਪ੍ਰਦਰਸ਼ਨੀ ਕੇਂਦਰਾਂ ਲਈ ਯੋਜਨਾਵਾਂ ਦਾ ਉਦਘਾਟਨ ਕਰਨਾ ਇੱਕ ਮੁੱਖ ਆਕਰਸ਼ਣ ਸੀ।ਮੰਤਰੀ ਅਰੋੜਾ ਨੇ ਕਿਹਾ ਕਿ ਮੋਹਾਲੀ ਕੇਂਦਰ ਲਈ ਜ਼ਮੀਨ ਪਹਿਲਾਂ ਹੀ ਪਛਾਣ ਲਈ ਗਈ ਹੈ, ਜਦੋਂ ਕਿ ਲੁਧਿਆਣਾ ਤੇ ਅੰਮ੍ਰਿਤਸਰ ਵਿੱਚ ਢੁੱਕਵੀਆਂ ਥਾਵਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

# ਲੌਂਗੋਵਾਲ ਵਿਖੇ ਹੋਏ ਭਾਰੀ ਇਕੱਠ ਨੇ ਕਈ ਪੰਥਕ ਸਵਾਲਾਂ 'ਤੇ ਲਗਾਇਆ ਫੁੱਲ ਸਟਾਪ: ਪਰਮਿੰਦਰ ਢੀਂਡਸਾ



ਲੌਂਗੋਵਾਲ, 22 ਅਗਸਤ (ਚ.ਨ.ਸ): ਪੰਜਾਬ ਦੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕੱਲ੍ਹ ਦਾ ਦਿਨ ਸਿੱਖ ਸਿਆਸਤ ਤੇ ਪੰਜਾਬ ਦੀ ਰਾਜਨੀਤੀ ਲਈ ਅਹਿਮ ਹੋ ਨਿੱਬੜਿਆ ਹੈ।ਉਨ੍ਹਾਂ ਕਿਹਾ ਕਿ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 40ਵੀਂ ਬਰਸੀ ਮੌਕੇ ਹੋਏ ਭਾਰੀ ਇਕੱਠ ਨੇ ਕਈ ਪੰਥਕ ਸਵਾਲਾਂ 'ਤੇ ਫੁੱਲ ਸਟਾਪ ਲਗਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸੰਗਤਾਂ ਦੇ ਹੜ੍ਹ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਨਵੀਂ ਰੂਹ ਫੂਕ ਦਿੱਤੀ ਹੈ, ਜੋ ਪੰਥ ਦਾ ਝੰਡਾ ਬੁਲੰਦ ਕਰਨ 'ਚ ਅਹਿਮ ਰੋਲ ਅਦਾ ਕਰੇਗੀ।ਉਨ੍ਹਾਂ ਕਿਹਾ ਕਿ ਪੰਥ ਤੇ ਪੰਜਾਬ ਦੇ ਸਾਹਮਣੇ ਵੱਡਾ ਸਵਾਲ ਬਣਿਆ ਹੋਇਆ ਸੀ ਕਿ ਅਸਲੀ ਤੇ ਨਕਲੀ ਅਕਾਲੀ ਦਲ ਕਿਹੜਾ ਹੈ ਪਰ ਪੰਥ ਦੀ ਖੁੱਲ੍ਹੀ ਕਚਹਿਰੀ 'ਚ ਪੰਥ ਤੇ ਪੰਜਾਬ ਪ੍ਰਸਤ ਲੋਕਾਂ ਦੀ ਵੱਡੀ ਹਾਜ਼ਰੀ ਨੇ ਸਾਬਿਤ ਕਰ ਦਿੱਤਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਹੀ ਅਸਲੀ ਹੈ।ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਦਾ ਨਾਂ ਵਰਤ ਕੇ ਧਨਾਢ ਬਣੇ ਆਗੂ ਮਾਇਆ ਦੇ ਹੰਕਾਰ 'ਚ ਪੰਥਕ ਸਿਧਾਂਤਾਂ ਤੇ ਸੰਸਥਾਵਾਂ ਨੂੰ ਚੈਲਿੰਜ ਕਰ ਰਹੇ ਹਨ।ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਆਮ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਤੇ ਮੁਲਾਜ਼ਮਾਂ ਦਾ ਹਰਮਨ ਪਿਆਰਾ ਰਿਹਾ ਹੈ। ਉਨ੍ਹਾਂ ਕਿਹਾ ਅੱਜ ਸਮੁੱਚੇ ਪੰਜਾਬੀਆਂ ਨੂੰ ਅਜਿਹੇ ਆਗੂ ਦੀ ਲੋੜ ਸੀ ਜੋ ਨਿੱਜ ਪ੍ਰਸਤੀ ਤੋਂ ਉੱਪਰ ਉੱਠ ਕੇ ਪੰਥ ਤੇ ਪੰਜਾਬ ਦੀ ਸੁਚੱਜੀ ਅਗਵਾਈ ਕਰ ਸਕੇ।ਪੰਥ ਤੇ ਪੰਜਾਬ ਨੂੰ ਗਿਆਨੀ ਹਰਪ੍ਰੀਤ ਸਿੰਘ ਤੇ ਬੀਬੀ ਸਤਵੰਤ ਕੌਰ ਦੇ ਰੂਪ 'ਚ ਆਗੂ ਮਿਲ ਗਏ ਹਨ, ਜੋ ਸੁਯੋਗ ਅਗਵਾਈ ਦੇਣ ਦੇ ਸਮਰੱਥ ਹਨ।ਉਨ੍ਹਾਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਪੰਥ ਤੇ ਪੰਜਾਬ ਦੇ ਚੰਗੇਰੇ ਭਵਿੱਖ ਲਈ ਸੁਰਜੀਤ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ ਤੱਕ ਲਿਜਾਣ ਲਈ ਡਟੇ ਰਹਿਣ।

# ਬੰਧੂਆ ਮਜ਼ਦੂਰੀ ਮਾਮਲਾ: ਹਰਿਆਣਾ ਮਨੁੱਖੀ ਅਧਿਕਾਰ ਪੈਨਲ ਨੇ ਨਾਬਾਲਗ ਲੜਕੇ ਦੀ ਜਾਂਚ ਦੇ ਦਿੱਤੇ ਹੁਕਮ

ਗੁਰੂਗ੍ਰਾਮ/ਰੋਹਤਕ, 22 ਅਗਸਤ (ਚ.ਨ.ਸ): ਹਰਿਆਣਾ ਮਨੁੱਖੀ ਅਧਿਕਾਰ ਕਮਿਸ਼ਨ (ਐਚਐਚਆਰਸੀ) ਨੇ ਜੀਂਦ ਤੇ ਨੂਹ ਜ਼ਿਲ੍ਹਿਆਂ ਵਿੱਚ ਇੱਕ 15 ਸਾਲ ਦੇ ਲੜਕੇ ਨਾਲ ਸ਼ੋਸ਼ਣ ਦੇ ਸਬੰਧ ਵਿੱਚ ਇੱਕ ਬੰਧੂਆ ਮਜ਼ਦੂਰੀ ਮਾਮਲੇ ਦਾ ਖੁਦ ਨੋਟਿਸ ਲਿਆ ਹੈ, ਅਧਿਕਾਰੀਆਂ ਨੂੰ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਕਰਨ ਤੇ ਨਾਬਾਲਗ ਦਾ ਤੁਰੰਤ ਪੁਨਰਵਾਸ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਤੌਰ 'ਤੇ ਬਿਹਾਰ ਦੇ ਕਿਸ਼ਨਗੰਜ ਜ਼ਿਲ੍ਹੇ ਦਾ ਰਹਿਣ ਵਾਲਾ ਇਹ ਲੜਕਾ ਬਹਾਦਰਗੜ੍ਹ ਰੇਲਵੇ ਸਟੇਸ਼ਨ 'ਤੇ ਉਸਦੇ ਸਾਥੀਆਂ ਤੋਂ ਵੱਖ ਹੋ ਗਿਆ ਸੀ, ਜਿੱਥੇ ਇੱਕ ਅਜਨਬੀ ਨੇ ਉਸਨੂੰ ਜੀਂਦ ਵਿੱਚ ਇੱਕ ਮੱਝਾਂ ਦੀ ਡੇਅਰੀ ਵਿੱਚ 10,000 ਪ੍ਰਤੀ ਮਹੀਨਾ ਨੌਕਰੀ ਦੇਣ ਦਾ ਵਾਅਦਾ ਕਰਕੇ ਲਾਲਚ ਦਿੱਤਾ ਸੀ। ਇਸ ਦੀ ਬਜਾਏ, ਉਸਨੂੰ ਦੋ ਮਹੀਨਿਆਂ ਲਈ ਬੰਧੂਆ ਮਜ਼ਦੂਰੀ ਵਿੱਚ ਮਜਬੂਰ ਕੀਤਾ ਗਿਆ, ਸਖ਼ਤ ਹਾਲਤਾਂ ਤੇ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ। ਉਸਦੀ ਔਖੀ ਘੜੀ ਨੇ ਉਸ ਸਮੇਂ ਗੰਭੀਰ ਮੋੜ ਲੈ ਲਿਆ ਜਦੋਂ ਚਾਰਾ ਕੱਟਦੇ ਸਮੇਂ ਉਸਦੀ ਬਾਂਹ ਕੱਟ ਦਿੱਤੀ ਗਈ।ਡਾਕਟਰੀ ਸਹਾਇਤਾ ਦੇਣ ਦੀ ਬਜਾਏ, ਉਸਦੇ ਮਾਲਕ ਨੇ ਉਸਨੂੰ ਇੱਕ ਸੁੰਨਸਾਨ ਜਗ੍ਹਾ 'ਤੇ ਛੱਡ ਦਿੱਤਾ। ਜ਼ਖਮੀ ਤੇ ਬਿਨਾਂ ਭੋਜਨ ਜਾਂ ਪਾਣੀ ਦੇ ਉਹ ਜੀਂਦ ਤੋਂ ਲਗਭਗ 150 ਕਿਲੋਮੀਟਰ ਤੁਰ ਕੇ ਨੂਹ ਪਹੁੰਚਣ ਵਿੱਚ ਕਾਮਯਾਬ ਹੋ ਗਿਆ।ਦੋ ਸਰਕਾਰੀ ਅਧਿਆਪਕਾਂ ਨੇ ਉਸਨੂੰ ਦੇਖਿਆ ਤੇ ਪੁਲਿਸ ਕੋਲ ਲੈ ਗਏ।ਕਮਿਸ਼ਨ ਨੇ ਇਸਨੂੰ ਮਨੁੱਖੀ ਸਨਮਾਨ ਤੇ ਮੌਲਿਕ ਅਧਿਕਾਰਾਂ ਦੀ ਗੰਭੀਰ ਉਲੰਘਣਾ ਦੱਸਦੇ ਹੋਏ ਜੀਂਦ ਤੇ ਨੂਹ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਦੋਸ਼ੀਆਂ ਦੀ ਪਛਾਣ ਕਰਨ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦਿੱਤੇ।ਮਾਮਲੇ ਦੀ ਅਗਲੀ ਸੁਣਵਾਈ 4 ਨਵੰਬਰ ਨੂੰ ਹੋਵੇਗੀ।

# ਨਕਲੀ ਖਾਦਾਂ ਤੇ ਬੀਜਾਂ 'ਤੇ ਕੰਪਨੀ ਖ਼ਿਲਾਫ਼ ਹੋਵੇਗਾ ਕੇਸ

ਨਵੀਂ ਦਿੱਲੀ, 22 ਅਗਸਤ (ਚ.ਨ.ਸ): ਨਕਲੀ ਕੀਟਨਾਸ਼ਕਾਂ ਤੇ ਖਾਦਾਂ-ਬੀਜਾਂ ਕਾਰਨ ਫ਼ਸਲਾਂ ਦੇ ਬਰਬਾਦ ਹੋਣ 'ਤੇ ਸਰਕਾਰ ਸਿੱਧੇ ਕੰਪਨੀ ਖ਼ਿਲਾਫ਼ ਕੇਸ ਕਰੇਗੀ।ਕੇਂਦਰ ਸਰਕਾਰ ਨੇ ਇਸ ਦੇ ਲਈ ਸੂਬਾ ਸਰਕਾਰਾਂ ਨੂੰ ਨਿਰਦੇਸ਼ ਦਿੱਤਾ ਹੈ। ਕੇਂਦਰੀ ਖੇਤੀ ਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮੰਗਲਵਾਰ ਨੂੰ ਕ੍ਰਿਸ਼ੀ ਭਵਨ 'ਚ ਵੱਖ-ਵੱਖ ਪੋਰਟਲਾਂ ਤੇ ਕਾਲ ਸੈਂਟਰਾਂ 'ਤੇ ਦਰਜ ਕਿਸਾਨਾਂ ਦੀਆਂ ਸ਼ਿਕਾਇਤਾਂ ਦੀ ਸਮੀਖਿਆ ਕੀਤੀ।ਉਨ੍ਹਾਂ ਨੇ ਅਧਿਕਾਰੀਆਂ ਨੂੰ ਅਚਾਨਕ ਛਾਪੇਮਾਰੀ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਨਕਲੀ ਖਾਦਾਂ-ਬੀਜਾਂ ਤੇ ਕੀਟਨਾਸ਼ਕਾਂ ਦੇ ਮਾਮਲਿਆਂ 'ਚ ਕੇਂਦਰ ਨੇ ਸਪੱਸ਼ਟ ਕੀਤਾ ਹੈ ਕਿ ਹੁਣ ਕੋਈ ਢਿੱਲ ਨਹੀਂ ਵਰਤੀ ਜਾਵੇਗੀ।ਬੈਠਕ 'ਚ ਸ਼ਿਵਰਾਜ ਨੇ ਕਿਹਾ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਤੇ ਸਹੀ ਹੱਲ ਯਕੀਨੀ ਹੋਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਭਰੋਸਾ ਰਹੇ ਕਿ ਉਨ੍ਹਾਂ ਦੀ ਆਵਾਜ਼ ਸੁਣੀ ਜਾ ਰਹੀ ਹੈ।ਉਨ੍ਹਾਂ ਨੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਖਾਨਾਪੂਰਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਨਕਲੀ ਖਾਦਾਂ-ਬੀਜਾਂ ਤੇ ਕੀਟਨਾਸ਼ਕਾਂ ਨਾਲ ਹੋ ਰਿਹਾ ਹੈ।ਇਸ 'ਤੇ ਸਖ਼ਤ ਕਾਰਵਾਈ ਜ਼ਰੂਰੀ ਹੈ।ਮੱਧ ਪ੍ਰਦੇਸ਼ ਦੇ ਇਕ ਮਾਮਲੇ ਦਾ ਕੇਂਦਰ ਸਰਕਾਰ ਨੇ ਇਸ ਸਬੰਧੀ ਸੂਬਾ ਸਰਕਾਰਾਂ ਨੂੰ ਦਿੱਤੇ ਨਿਰਦੇਸ਼, ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਕਿਸਾਨਾਂ ਦੀ ਸੰਤੁਸ਼ਟੀ ਹੀ ਸਰਕਾਰ ਦਾ ਸਭ ਤੋਂ ਮੁੱਖ ਮਕਸਦ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਜਿਸ ਦਵਾਈ ਨਾਲ ਕਿਸਾਨ ਦੀ ਫ਼ਸਲ ਬਰਬਾਦ ਹੋਈ ਸੀ, ਉਸ ਮਾਮਲੇ 'ਚ ਐਫ ਆਈ ਆਰ. ਦਰਜ ਕੀਤੀ ਜਾ ਚੁੱਕੀ ਹੈ ਤੇ ਕੰਪਨੀ ਦਾ ਲਾਇਸੈਂਸ ਮੁਅੱਤਲ ਕਰਨ ਲਈ ਕੇਂਦਰ ਦੇ ਖੇਤੀ ਵਿਭਾਗ ਨੇ ਸੂਬਾ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ।ਅੱਗੇ ਤੋਂ ਵੀ ਜੇਕਰ ਕਿਸਾਨਾਂ ਦੀਆਂ ਸ਼ਿਕਾਇਤਾਂ ਸਹੀ ਪਾਈਆਂ ਜਾਂਦੀਆਂ ਹਨ ਤਾਂ ਕੰਪਨੀ 'ਤੇ ਸਿੱਧਾ ਕੇਸ ਦਰਜ ਕੀਤਾ ਜਾਵੇਗਾ।ਸ਼ਿਵਰਾਜ ਨੇ ਕਿਹਾ ਕਿ ਕਿਸਾਨਾਂ ਦੀ ਸੰਤੁਸ਼ਟੀ ਸਰਕਾਰ ਦਾ ਮੁੱਖ ਮਕਸਦ ਹੈ। ਇਸ ਦੇ ਲਈ ਵਿਵਸਥਾ ਨੂੰ ਸੁਖਾਲਾ ਤੇ ਮਜ਼ਬੂਤ ਬਣਾਉਣਾ ਪਵੇਗਾ।ਉਹ ਨਿਯਮਤ ਰੂਪ ਨਾਲ ਸ਼ਿਕਾਇਤਾਂ ਦੀ ਸਮੀਖਿਆ ਕਰਨਗੇ ਤੇ ਸਮੇਂ-ਸਮੇਂ 'ਤੇ ਸਿੱਧੇ ਕਿਸਾਨਾਂ ਨਾਲ ਗੱਲਬਾਤ ਕਰਕੇ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਹੋਇਆ ਹੈ ਜਾਂ ਨਹੀਂ।ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸ਼ਿਕਾਇਤਾਂ ਟੋਲ ਫ੍ਰੀ ਨੰਬਰ 18001801551 'ਤੇ ਦਰਜ ਕਰਵਾਉਣ ਤਾਂ ਜੋ ਸਮਾਂ ਰਹਿੰਦਿਆਂ ਕਾਰਵਾਈ ਹੋ ਸਕੇ।

# ਕਾਰਗਿਲ ਯੁੱਧ ਦੇ ਹੀਰੋ ਨੇ ਸੂਬਾ ਪੱਧਰੀ ਆਜ਼ਾਦੀ ਦਿਹਾੜੇ ਸਮਾਗਮ 'ਚ ਮਿਲਿਆ ਸਨਮਾਨ ਮੋੜਿਆ

ਫਰੀਦਕੋਟ, 22 ਅਗਸਤ (ਚ.ਨ.ਸ): ਪੰਜਾਬ ਸਰਕਾਰ ਵੱਲੋਂ 15 ਅਗਸਤ ਨੂੰ ਫਰੀਦਕੋਟ ਵਿੱਚ ਕਰਵਾਏ ਗਏ ਆਜ਼ਾਦੀ ਦਿਵਸ ਸਮਾਰੋਹ ਦੌਰਾਨ ਕਾਰਗਿਲ ਯੁੱਧ ਦੇ ਹੀਰੋ ਨੂੰ ਹੁਣ ਮੁੱਖ ਮੰਤਰੀ ਵੱਲੋਂ ਦਿੱਤਾ ਜਾਣ ਵਾਲਾ ਸਨਮਾਨ ਮੁੱਖ ਮੰਤਰੀ ਭਗਵੰਤ ਮਾਨ ਦੇ ਆਉਣ ਤੋਂ ਪਹਿਲਾਂ ਹੀ ਏਡੀਸੀ ਵੱਲੋਂ ਦੇ ਦਿੱਤਾ ਗਿਆ, ਜਿਸ ਕਾਰਨ ਕਾਰਗਿਲ ਯੁੱਧ ਦੇ ਹੀਰੋ ਕ੍ਰਿਸ਼ਨ ਸਿੰਘ ਢਿੱਲੋਂ ਨੇ ਆਪਣਾ ਇਹ ਸਨਮਾਨ ਵਾਪਸ ਕਰ ਦਿੱਤਾ ਹੈ।ਉਨ੍ਹਾਂ ਨੇ ਇਸ ਸਨਮਾਨ ਨੂੰ ਅਪਮਾਨ ਕਰਾਰ ਦਿੱਤਾ ਹੈ।ਕ੍ਰਿਸ਼ਨ ਸਿੰਘ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਨਾਲ ਸੈਨਿਕ ਭਲਾਈ ਵਿਭਾਗ ਨੇ ਸੰਪਰਕ ਕੀਤਾ ਤੇ ਦੱਸਿਆ ਕਿ ਆਜ਼ਾਦੀ ਦਿਵਸ ਸਮਾਰੋਹ ਵਿਚ ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਨਮਾਨਤ ਕੀਤਾ ਜਾਵੇਗਾ, ਪਰ ਸਮਾਰੋਹ ਦੌਰਾਨ ਮੁੱਖ ਮੰਤਰੀ ਦੇ ਆਉਣ ਤੋਂ ਪਹਿਲਾਂ ਹੀ ਏਡੀਸੀ (ਵਿਕਾਸ) ਨਰਭਿੰਦਰ ਸਿੰਘ ਗਰੇਵਾਲ ਨੇ ਉਨ੍ਹਾਂ ਨੂੰ ਤਮਗਾ ਦੇ ਦਿੱਤਾ ਤੇ ਕਿਹਾ ਕਿ ਮੁੱਖ ਮੰਤਰੀ ਦੇ ਆਉਣ 'ਤੇ ਉਨ੍ਹਾਂ ਨੂੰ ਮਿਲਾਇਆ ਜਾਵੇਗਾ।ਮੁੱਖ ਮੰਤਰੀ ਦੇ ਆਉਣ 'ਤੇ ਉਨ੍ਹਾਂ ਦੇ ਨਾਂ ਸਟੇਜ ਤੋਂ ਐਨਾਊਂਸ ਕੀਤੇ ਗਏ, ਪਰ ਪ੍ਰਸ਼ਾਸਨ ਦੀ ਖਰਾਬ ਪ੍ਰਬੰਧਕੀ ਕਾਰਨ ਉਹ ਸਟੇਜ ਤੱਕ ਪਹੁੰਚ ਨਹੀਂ ਸਕੇ।ਇਸ ਤੋਂ ਪਹਿਲਾਂ ਸਮਾਰੋਹ ਵਿਚ ਆਉਣ 'ਤੇ ਵੀ ਉਨ੍ਹਾਂ ਨੂੰ ਅੰਦਰ ਜਾਣ ਲਈ ਲਗਭਗ ਅੱਧੇ ਘੰਟੇ ਤੱਕ ਬਾਹਰ ਖੜ੍ਹਾ ਰਹਿਣਾ ਪਿਆ। ਉਨ੍ਹਾਂ ਨੇ 18 ਅਗਸਤ ਨੂੰ ਮੁੱਖ ਮੰਤਰੀ ਤੇ ਡੀਸੀ ਫ਼ਰੀਦਕੋਟ ਨੂੰ ਇਸ ਸਬੰਧ ਵਿਚ ਈ-ਮੇਲ ਭੇਜੀ ਸੀ, ਪਰ ਕੋਈ ਜਵਾਬ ਨਾ ਮਿਲਣ ਕਾਰਨ, ਉਨ੍ਹਾਂ ਨੇ ਪੂਰੀ ਗੱਲ ਇੱਕ ਪੱਤਰ ਵਿਚ ਲਿਖ ਕੇ ਉਸ ਨਾਲ ਤਮਗ਼ਾ ਵਾਪਸ ਕਰ ਦਿੱਤਾ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਇੱਕ ਕਲਰਕ ਦਾ ਫ਼ੋਨ ਆਇਆ ਕਿ ਡੀਸੀ ਫ਼ਰੀਦਕੋਟ ਉਨ੍ਹਾਂ ਨਾਲ ਮਿਲਣਾ ਚਾਹੁੰਦੇ ਹੈ, ਪਰ ਉਨ੍ਹਾਂ ਨੇ ਇਨਕਾਰ ਕਰਨ 'ਤੇ ਜ਼ਿਲ੍ਹਾ ਸੈਨਿਕ ਭਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਗਰੁੱਪ ਕੈਪਟਨ ਡੀਐਸ ਢਿੱਲੋਂ ਨੇ ਵਟਸਐਪ ਕਾਲ ਕਰਕੇ ਪਹਿਲਾਂ ਨਾ ਆਉਣ ਦਾ ਕਾਰਨ ਪੁੱਛਿਆ।ਪਰ ਕ੍ਰਿਸ਼ਨ ਢਿੱਲੋਂ ਦੀਆਂ ਪ੍ਰਾਪਤੀਆਂ ਦੱਸਣਯੋਗ ਹੈ ਕਿ ਕ੍ਰਿਸ਼ਨ ਸਿੰਘ ਢਿੱਲੋਂ ਨੇ 1980 ਵਿਚ ਏਅਰਫੋਰਸ ਜੁਆਇਨ ਕੀਤੀ ਸੀ ਤੇ ਉਹ ਫਲਾਈਂਗ ਬ੍ਰਾਂਚ ਵਿਚ ਰਹੇ ਗਏ।ਉਨ੍ਹਾਂ ਨੇ ਐਮਆਈ 17 ਹੈਲੀਕਾਪਟਰ ਵਿਚ ਸਵਾਰ ਹੋ ਕੇ ਬੰਬਾਰੀ ਕਰਕੇ ਟਾਈਗਰ ਹਿੱਲ ਤੇ ਟੋਲੋਲਿੰਗ ਹਿੱਲ ਨੂੰ ਖਾਲੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ, ਜਿਸ ਕਾਰਨ ਉਨ੍ਹਾਂ ਨੂੰ ਦੇਸ਼ ਦੇ ਰਾਸ਼ਟਰਪਤੀ ਕੇ.ਆਰ. ਨਾਰਾਇਣਨ ਵੱਲੋਂ ਹਵਾਈ ਫੌਜ ਵੀਰਤਾ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।

# ਮੁੱਖ ਮੰਤਰੀ 'ਤੇ ਹਮਲੇ ਮਗਰੋਂ ਹਟਾਏ ਗਏ ਦਿੱਲੀ ਦੇ ਪੁਲਿਸ ਕਮਿਸ਼ਨਰ

ਨਵੀਂ ਦਿੱਲੀ, 22 ਅਗਸਤ (ਚ.ਨ.ਸ): ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ 'ਤੇ ਹਮਲਾ ਵਿਚ ਪਹਿਲੀ ਨਜ਼ਰ ਪੁਲਿਸ ਦੀ ਕੋਤਾਹੀ ਦਿਸਣ ਦੇ ਅਗਲੇ ਹੀ ਦਿਨ ਪੁਲਿਸ ਕਮਿਸ਼ਨਰ ਦਾ ਵਾਧੂ ਚਾਰਜ ਸੰਭਾਲ ਰਹੇ ਐਸਬੀਕੇ ਸਿੰਘ ਨੂੰ ਅਹੁਦੇ ਤੋਂ ਭਾਰ ਮੁਕਤ ਕਰ ਦਿੱਤਾ ਗਿਆ।ਹੁਣ ਗ੍ਰਹਿ ਮੰਤਰਾਲੇ ਨੇ ਏਜੀਐਮਯੂਟੀ (ਅਰੁਣਾਚਲ ਪ੍ਰਦੇਸ਼, ਗੋਆ, ਮਿਜ਼ੋਰਮ ਤੇ ਕੇਂਦਰ ਸ਼ਾਸਤ ਪ੍ਰਦੇਸ਼) ਕਾਡਰ ਦੇ 1992 ਬੈਚ ਦੇ ਸੀਨੀਅਰ ਆਈਪੀਐਸ ਅਧਿਕਾਰੀ ਸਤੀਸ਼ ਗੋਲਚਾ ਨੂੰ ਦਿੱਲੀ ਪੁਲਿਸ ਦਾ ਨਵਾਂ ਕਮਿਸ਼ਨਰ ਬਣਾਇਆ ਹੈ।ਉਹ ਹੁਣ ਤੱਕ ਪੁਲਿਸ ਡਾਇਰੈਕਟਰ ਜਨਰਲ (ਜੇਲ੍ਹ) ਦੇ ਅਹੁਦੇ 'ਤੇ ਤਾਇਨਾਤ ਸਨ ਤੇ ਪੁਲਿਸ ਕਮਿਸ਼ਨਰ ਦੇ ਰੂਪ ਵਿਚ ਉਨ੍ਹਾਂ ਦਾ ਕਾਰਜਕਾਲ ਅਪ੍ਰੈਲ 2027 ਤੱਕ ਰਹੇਗਾ।ਇਸ ਬਦਲਾਅ ਨੂੰ ਸੀਐਮ 'ਤੇ ਹਮਲੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਪਰ ਗ੍ਰਹਿ ਮੰਤਰਾਲੇ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਹ ਨਿਯੁਕਤੀ ਇਕ ਆਮ ਪ੍ਰਕਿਰਿਆ ਦੇ ਰੂਪ ਵਿਚ ਹੋਈ ਹੈ, ਇਸ ਦਾ ਮੁੱਖ ਮੰਤਰੀ 'ਤੇ ਹੋਏ ਹਮਲੇ ਦੀ ਘਟਨਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।ਸਤੀਸ਼ ਗੋਲਚਾ ਮੂਲ ਰੂਪ ਨਾਲ ਨਾਲ ਪੰਜਾਬ ਦੇ ਫ਼ਾਜ਼ਿਲਕਾ ਜ਼ਿਲ੍ਹੇ ਦੇ ਅਬੋਹਰ ਦੇ ਰਹਿਣ ਵਾਲੇ ਹਨ।ਪੰਜਾਬ ਵਿਚ ਜਦੋਂ ਅੱਤਵਾਦ ਸਿਖ਼ਰ 'ਤੇ ਸੀ, ਉਸ ਸਮੇਂ ਉਨ੍ਹਾਂ ਦਾ ਪਰਿਵਾਰ ਸੂਰਤ ਚਲਾ ਗਿਆ ਸੀ। ਹਮਲੇ ਦੇ ਮੁਲਜ਼ਮ ਨੂੰ ਪੰਜ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ।ਮੁਲਜ਼ਮ ਨੂੰ ਦਿੱਲੀ ਪੁਲਿਸ ਨੇ ਗ੍ਰਿਫ਼ਤਾਰ ਕਰਨ ਤੋਂ ਬਾਅਦ ਬੁੱਧਵਾਰ ਦੇਰ ਰਾਤ ਮੈਜਿਸਟ੍ਰੇਟ ਰਿਹਾਇਸ਼ 'ਤੇ ਪੇਸ਼ ਕੀਤਾ।ਜਿੱਥੋਂ ਪੰਜ ਦਿਨ ਦਾ ਰਿਮਾਂਡ ਦੇ ਦਿੱਤਾ।

# ਆਈ.ਐਮ.ਏ. ਦੇ ਪ੍ਰਧਾਨ ਬਣਨ ਉਪਰੰਤ ਡਾ. ਕੇ.ਜੇ. ਸਿੰਘ ਦਾ ਵਿਧਾਇਕ ਕਲਸੀ ਨੇ ਕਰਵਾਇਆ ਮੂੰਹ ਮਿੱਠਾ

ਬਟਾਲਾ/ਅਲੀਵਾਲ, 22 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ ਡਾ. ਸਤਨਾਮ ਸਿੰਘ ਸੰਧੂ): ਇੰਡੀਅਨ ਮੈਡੀਕਲ ਐਸੋਸੀਏਸ਼ਨ ਬਟਾਲਾ ਦੇ ਨਵ-ਨਿਯੁਕਤ ਪ੍ਰਧਾਨ ਡਾ. ਕਮਲਜੀਤ ਸਿੰਘ ਕੇਜੇ ਦੀ ਇੱਕ ਵਿਸ਼ੇਸ਼ ਮੁਲਾਕਾਤ ਬਟਾਲਾ ਦੇ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪੰਜਾਬ



ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਡਾ. ਕੇਜੇ ਦੇ ਆਈ.ਐਮ.ਏ. ਬਟਾਲਾ ਦੇ ਪ੍ਰਧਾਨ ਬਣਨ 'ਤੇ ਮੂੰਹ ਮਿੱਠਾ ਕਰਵਾਇਆ ਤੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ, ਨਾਲ ਹੀ ਐਮ.ਐਲ.ਏ. ਸਾਬ ਨੇ ਕਿਹਾ ਕਿ ਡਾ. ਸਾਹਿਬ ਪਹਿਲਾਂ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ ਤੇ ਵਾਤਾਵਰਨ ਦੇ ਬਹੁਤ ਵੱਡੇ ਪ੍ਰੇਮੀ ਹਨ, ਨਾਲ ਹੁਣ ਉਹ ਪ੍ਰਧਾਨ ਬਣਨ ਉਪਰੰਤ ਉਹ ਹੋਰ ਵੀ ਤੇਜ਼ੀ ਨਾਲ ਆਪਣੀਆਂ ਸੇਵਾਵਾਂ ਸਮਾਜ ਨੂੰ ਦੇਣਗੇ ਤੇ ਲੋਕ ਭਲਾਈ ਕਾਰਜਾਂ 'ਚ ਆਪਣਾ ਵਡਮੁੱਲਾ ਯੋਗਦਾਨ ਪਾਉਣਗੇ, ਨਾਲ ਹੀ ਡਾ. ਕਮਲਜੀਤ ਸਿੰਘ ਕੇਜੇ ਨੇ ਸਮੂਹ ਆਈ.ਐਮ.ਏ. ਬਟਾਲਾ ਦੇ ਸਮੂਹ ਡਾਕਟਰ ਸਾਹਿਬਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਲਸੀ ਕੇਜੇ ਹਸਪਤਾਲ ਬਟਾਲਾ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਸ਼ਾਨ ਨਾਲ ਜਿੱਤਾਂਗੇ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ: ਸਰਪੰਚ ਮਿੱਤਰ ਪਾਲ ਸਿੰਘ

ਬਟਾਲਾ, 22 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ): ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਹਲਕੇ ਦੀਆਂ ਸਾਰੀਆਂ ਹੀ ਸੀਟਾਂ ਅਸੀਂ ਵੱਡੀ ਸ਼ਾਨੋ-ਸ਼ੌਕਤ ਨਾਲ ਜਿੱਤ ਕੇ ਪਾਰਟੀ ਦੀ ਝੋਲੀ 'ਚ ਪਾਵਾਂਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਸਰਪੰਚ ਮਿਤਰ ਪਾਲ ਸਿੰਘ ਦੌਲਤਪੁਰ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੈਂਡੀਡੇਟਸ ਦੀ ਜਿੱਤ, ਵਿਕਾਸ ਦੀ ਜਿੱਤ ਹੋਵੇਗੀ। ਦੌਲਤਪੁਰ ਨੇ ਕਿਹਾ ਕਿ ਸਾਲ 2025 ਨੂੰ ਅਸੀਂ ਵਿਕਾਸ ਦੇ ਵਰ੍ਹੇ ਵਜੋਂ ਦੇਖ ਰਹੇ ਹਾਂ।ਉਨ੍ਹਾਂ ਕਿਹਾ ਕਿ ਇਹ ਉਹ ਸਮਾਂ ਹੈ, ਜੋ ਆਮ ਆਦਮੀ ਪਾਰਟੀ ਵੱਲੋਂ ਜਨਤਾ ਨਾਲ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਕਰਨ ਵਾਲਾ



ਹੈ।ਕਿਸੇ ਪਾਰਟੀ ਦਾ ਨਾਂ ਲਿਆਂ ਬਗੈਰ ਉਨ੍ਹਾਂ ਕਿਹਾ ਕਿ ਕੁਝ ਗੱਪਾਂ ਮਾਰਨ ਵਾਲੇ ਲੀਡਰ ਬਿਜਲੀ ਸਰਪਲਸ ਕਰ ਦਿਆਂਗੇ, ਪਰ ਕਰ ਨਾ ਸਕੇ।ਅਸਲੀ ਮਾਈਨਿਆਂ ਵਿੱਚ ਪਿਛਲੇ ਤਿੰਨਾਂ ਸਾਲਾਂ ਦੇ ਅਰਸੇ ਨੂੰ ਬਿਜਲੀ ਸ੍ਰਪਲੱਸ ਵਾਲਾ ਸਮਾਂ ਕਿਹਾ ਜਾ ਸਕਦਾ ਹੈ।ਸਾਡੇ ਬੱਚੇ ਬਿਨਾਂ ਰਿਸ਼ਵਤ ਦੇ ਦਿੱਤੀਆਂ ਨੌਕਰੀਆਂ ਜੁਆਇੰਨ ਕਰ ਰਹੇ ਹਨ।ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਲਿਆਂਦੀ ਕ੍ਰਾਂਤੀ ਰਾਹੀਂ ਕੇਰਲਾ ਵਰਗੇ ਸਿੱਖਿਅਤ ਸੂਬਿਆਂ ਨੂੰ ਪਛਾੜ ਕੇ ਪਹਿਲੇ ਨੰਬਰ 'ਤੇ ਆਉਣਾ ਆਪਣੇ-ਆਪ ਵਿੱਚ ਮਿਸਾਲੀ ਕਾਰਜ ਹੈ।ਉਨ੍ਹਾਂ ਕਿਹਾ ਕਿ ਪਾਰਟੀ ਦੇ ਕੰਮ ਬੋਲਦੇ ਹਨ, ਕਿਸੇ ਲਈ ਅਸੀਂ ਜਿੱਤ ਦਾ ਦਾਅਵਾ ਕਰਦੇ ਹਾਂ।ਇਸ ਮੌਕੇ ਸਰਪੰਚ ਮਿੱਤਰਪਾਲ ਸਿੰਘ ਤੋਂ ਇਲਾਵਾ ਜੱਥੇ ਅਨੂਪ ਸਿੰਘ, ਯੂਥ ਆਗੂ ਚਮਕੌਰ ਸਿੰਘ, ਪਰਮਜੀਤ ਸਿੰਘ ਫੌਜੀ, ਪ੍ਰੀਤਮ ਸਿੰਘ, ਨੰਬਰਦਾਰ ਪੂਰਨ ਸਿੰਘ, ਬਲਜੀਤ ਸਿੰਘ ਫੌਜੀ, ਪੰਚ ਸਤਨਾਮ ਸਿੰਘ, ਪ੍ਰਦੀਪ ਕੁਮਾਰ ਤੇ ਹੋਰ ਵੀ ਬਹੁਤ ਸਾਰੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਹਾਜ਼ਰ ਸਨ।

# ਪਿੰਡ ਪੰਜਗਰਾਈਆਂ ਵਿਖੇ ਭਲਕੇ ਲੱਗੇਗਾ ਮੁਫ਼ਤ ਮੈਡੀਕਲ ਚੈਕਅੱਪ ਕੈਂਪ

ਬਟਾਲਾ, 22 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ): ਨਜ਼ਦੀਕੀ ਪਿੰਡ ਪੰਜਗਰਾਈਆਂ ਵਿਖੇ ਮਿਤੀ 24 ਅਗਸਤ ਦਿਨ ਐਤਵਾਰ ਨੂੰ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਜਾ ਰਿਹਾ ਹੈ।ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਨਗਰ ਦੇ ਸਰਪੰਚ ਗੁਰਦੀਪ ਸਿੰਘ ਹੇਅਰ ਨੇ ਦੱਸਿਆ ਕਿ ਗੁਰਦੁਆਰਾ ਬਾਬਾ ਦੀਪ ਸਿੰਘ ਜੀ (ਸ਼ਹੀਦ ਗੰਜ ਸਾਹਿਬ) ਵਿਖੇ ਕੱਲ੍ਹ ਦਿਨ ਐਤਵਾਰ ਨੂੰ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ



ਲੋੜਵੰਦ ਮਰੀਜ਼ਾਂ ਦੀ ਸਹੂਲਤ ਲਈ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਬਲੱਡ ਪ੍ਰੈਸ਼ਰ ਦੀ ਜਾਂਚ, ਸ਼ੂਗਰ ਟੈਸਟ, ਈਸੀਜੀ ਤੇ ਹੱਡੀਆਂ ਦੇ ਮਾਹਿਰ ਡਾਕਟਰਾਂ ਵੱਲੋਂ ਫ੍ਰੀ ਜਾਂਚ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਤੁਸੀਂ ਆਪਣੀ ਸਿਹਤ ਸਬੰਧੀ ਜਾਣਕਾਰੀ ਲੈਣ ਲਈ ਗੁਰਦੁਆਰਾ ਬਾਬਾ ਦੀਪ ਸਿੰਘ ਜੀ (ਸ਼ਹੀਦ ਗੰਜ ਸਾਹਿਬ) ਵਿਖੇ ਜਾਂਚ ਕਰਵਾਓ ਤੇ ਡਾਕਟਰਾਂ ਤੋਂ ਫ੍ਰੀ ਵਿੱਚ ਆਪਣੇ ਸਰੀਰ ਦੀ ਕਿਸੇ ਵੀ ਬਿਮਾਰੀ ਬਾਰੇ ਸਲਾਹ ਲੈ ਸਕਦੇ ਹੋ।ਇਸ ਮੌਕੇ ਸਰਪੰਚ ਗੁਰਦੀਪ ਸਿੰਘ ਤੋਂ ਇਲਾਵਾ ਕੁਲਵੰਤ ਸਿੰਘ, ਪੰਚ ਸਤਨਾਮ ਸਿੰਘ ਫੌਜੀ, ਪੰਚ ਸੁਖਦੀਪ ਸਿੰਘ, ਪੰਚ ਗੁਰਦੇਵ ਸਿੰਘ, ਪੰਚ ਕਰਮਜੀਤ ਸਿੰਘ, ਪੰਚ ਹਜ਼ਾਰਾ ਲਾਲ, ਸਤਨਾਮ ਸਿੰਘ, ਜੁਗਿੰਦਰ ਸਿੰਘ, ਹਰਪਾਲ ਸਿੰਘ ਤੇ ਹੋਰ ਵੀ ਅਨੇਕਾਂ ਪਿੰਡ ਵਾਸੀ ਹਾਜ਼ਰ ਸਨ।

# ਰੰਘਰੇਟਾ ਸਮਾਜ ਦੀ ਮੰਗ 'ਤੇ ਗੌਰ ਕਰਦਿਆਂ ਸਰਕਾਰ ਤੁਰੰਤ ਸਰਕਾਰੀ ਛੁੱਟੀ ਐਲਾਨੇ: ਅਮਰੀਕ ਸਿੰਘ ਬਿੱਟਾ

ਚੌਂਕ ਮਹਿਤਾ, 22 ਅਗਸਤ (ਬਲਜਿੰਦਰ ਸਿੰਘ ਰੰਧਾਵਾ): ਰੰਘਰੇਟੇ ਗੁਰੂ ਕੇ ਬੇਟੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ 5 ਸਤੰਬਰ ਨੂੰ ਜਨਮ ਦਿਹਾੜੇ ਮੌਕੇ ਪੰਜਾਬ ਸਰਕਾਰ ਤੋਂ ਪੱਕੀ ਸਰਕਾਰੀ ਛੁੱਟੀ ਕਰਵਾਉਣ ਲਈ ਵੱਖ-ਵੱਖ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਮੰਗ ਦਾ ਭਰਪੂਰ ਸਮਰਥਨ



ਕਰਦਿਆਂ ਜੰਡਿਆਲਾ ਗੁਰੂ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਮਰੀਕ ਸਿੰਘ ਬਿੱਟਾ ਨੇ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਚਾਂਦਨੀ ਚੌਂਕ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਵਾਲੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜੇ ਮੌਕੇ ਪੱਕੇ ਤੌਰ 'ਤੇ ਸਰਕਾਰੀ ਛੁੱਟੀ ਦੀ ਮੰਗ ਪੂਰੀ ਤਰ੍ਹਾਂ ਜਾਇਜ਼ ਹੈ।ਹਲਕਾ ਆਗੂ ਬਿੱਟਾ ਨੇ ਅੱਗੇ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਸਮੁੱਚਾ ਸਿੱਖ ਜਗਤ ਤੇ ਪੰਜਾਬ ਸਰਕਾਰ ਨੇ ਵੱਖਰੇ ਤੌਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਕਈ ਸਮਾਗਮਾਂ ਦੀ ਰੂਪ ਰੇਖਾ ਉਲੀਕੀ ਹੈ।ਇਸ ਮੌਕੇ 'ਤੇ ਰੰਘਰੇਟੇ ਸਮਾਜ ਦੇ ਜਰਨੈਲ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ 5 ਸਤੰਬਰ ਨੂੰ ਆ ਰਹੇ ਜਨਮ ਦਿਹਾੜੇ ਕਿਸੇ ਵੀ ਤਰ੍ਹਾਂ ਅਣਗੌਲਿਆ ਕਰਨਾ ਸਰਾਸਰ ਗਲਤ ਹੋਵੇਗਾ।ਇਸ ਲਈ ਸਮੁੱਚੇ ਸਮਾਜ ਦੀ ਮੰਗ 'ਤੇ ਪੁਰਜ਼ੋਰ ਗੌਰ ਕਰਦਿਆਂ ਸਰਕਾਰ 5 ਸਤੰਬਰ ਨੂੰ ਤੁਰੰਤ ਸਰਕਾਰੀ ਛੁੱਟੀ ਦਾ ਐਲਾਨ ਕਰੇ।

# ਹੁਣ ਪੰਜਾਬ 'ਚ 112 ਡਾਇਲ ਕਰਕੇ ਕੀਤੀ ਜਾ ਸਕਦੀ ਹੈ ਸਾਈਬਰ ਫਰਾਡ ਤੇ ਹਾਈਵੇ ਐਮਰਜੈਂਸੀ ਦੀ ਰਿਪੋਰਟ

ਡੇਰਾ ਬਾਬਾ ਨਾਨਕ, 22 ਅਗਸਤ (ਹੈਪੀ ਕੋਟਲੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਅਨੁਸਾਰ ਐਮਰਜੈਂਸੀ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਤੇ ਕੁਸ਼ਲ ਬਣਾਉਣ ਦੇ ਮੱਦੇਨਜ਼ਰ ਇੱਕ ਮਹੱਤਵਪੂਰਨ ਕਦਮ ਤਹਿਤ ਪੰਜਾਬ ਪੁਲਿਸ ਨੇ ਭਾਰਤੀ ਰਾਸ਼ਟਰੀ ਰਾਜ ਮਾਰਗ ਅਥਾਰਟੀ (ਐਨਐਚਏਆਈ) ਹੈਲਪਲਾਈਨ 1033 ਤੇ ਸਾਈਬਰ ਕ੍ਰਾਈਮ ਹੈਲਪਲਾਈਨ 1930 ਨੂੰ ਏਕੀਕ੍ਰਿਤ ਕਰਕੇ ਹੁਣ ਡਾਇਲ 112 ਨਾਲ ਜੋੜ ਦਿੱਤਾ ਹੈ। ਪੰਜਾਬ ਦੀ ਇਸ ਏਕੀਕ੍ਰਿਤ ਸੰਕਟ-ਕਾਲੀ ਪ੍ਰਤੀਕਿਰਿਆ ਪ੍ਰਣਾਲੀ ਰਾਹੀਂ ਹੁਣ ਨਾਗਰਿਕ ਹਾਈਵੇ ਹਾਦਸਿਆਂ ਤੇ ਹੋਰ ਵਾਹਨਾਂ ਸਬੰਧੀ ਹੋਰ ਦਿੱਕਤਾਂ ਦੇ ਨਾਲ-ਨਾਲ ਵਿੱਤੀ ਧੋਖਾਧੜੀ ਤੇ ਸਾਈਬਰ ਅਪਰਾਧਾਂ ਦੀ ਰਿਪੋਰਟ ਹੁਣ ਸਿਰਫ਼ 112 ਡਾਇਲ ਕਰਕੇ ਕਰ ਸਕਦੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ



ਦੱਸਿਆ ਕਿ ਇਹ ਪਹਿਲਕਦਮੀ, ਇੱਕ ਸਿੰਗਲ-ਵਿੰਡੋ ਪਲੇਟਫ਼ਾਰਮ ਤਹਿਤ ਕਈ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕਰਦੀ ਹੈ ਤੇ ਫ਼ੌਰੀ ਸਹਾਇਤਾ ਉਪਲਬਧ ਕਰਵਾਉਣ ਲਈ ਆਸਾਨ ਪਹੁੰਚ ਨੂੰ ਯਕੀਨੀ ਬਣਾਉਂਦੀ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਨਾਗਰਿਕਾਂ ਨੂੰ ਧੋਖਾਧੜੀ ਜਾਂ ਸੜਕ ਹਾਦਸੇ ਦੀ ਰਿਪੋਰਟ ਕਰਨ ਲਈ ਖ਼ਾਸ ਹੈਲਪਲਾਈਨ ਨੰਬਰਾਂ 'ਤੇ ਕਾਲ ਕਰਨੀ ਪੈਂਦੀ ਸੀ, ਜਿਸ ਨਾਲ ਉਨ੍ਹਾਂ ਲਈ ਵੱਖ-ਵੱਖ ਹੈਲਪਲਾਈਨ ਨੰਬਰ ਯਾਦ ਰੱਖਣਾ ਔਖਾ ਸੀ।ਹੁਣ ਤੱਕ 112 ਹੈਲਪਲਾਈਨ ਦੀ ਵਰਤੋਂ ਸਿਰਫ਼ ਰਾਜ ਭਰ ਵਿੱਚ ਹੋ ਰਹੇ ਵੱਖ-ਵੱਖ ਅਪਰਾਧਾਂ ਦੀ ਰਿਪੋਰਟ ਕਰਨ ਲਈ ਕੀਤੀ ਜਾਂਦੀ ਸੀ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਹੁਣ ਭਾਵੇਂ ਤੁਸੀਂ ਹਾਈਵੇਅ 'ਤੇ ਕਿਸੇ ਮੁਸੀਬਤ ਵਿੱਚ ਫਸੇ ਹੋਏ ਹੋ ਜਾਂ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋ, ਸਿਰਫ਼ 112 'ਤੇ ਇੱਕ ਕਾਲ ਨਾਲ ਹੀ ਤੁਹਾਡਾ ਮਸਲਾ ਹੱਲ ਹੋ ਜਾਵੇਗਾ।ਉਨ੍ਹਾਂ ਦੱਸਿਆ ਕਿ 112 ਜਾਂ 1033 'ਤੇ ਡਾਇਲ ਕਰਨ ਵਾਲੀਆਂ ਸਾਰੀਆਂ ਹਾਈਵੇਅ ਡਿਸਟਰੈਸ ਕਾਲਾਂ ਹੁਣ ਪੁਲਿਸ ਸਰੋਤਾਂ ਤੇ ਐਨਐਚਏਆਈ ਦੋਵਾਂ ਨਾਲ ਜੋੜ ਦਿੱਤੀਆਂ ਗਈਆਂ ਹਨ ਤਾਂ ਜੋ ਤੁਰੰਤ ਕਾਰਵਾਈ ਯਕੀਨੀ ਬਣਾਈ ਜਾ ਸਕੇ।ਉਨ੍ਹਾਂ ਕਿ ਪੰਜਾਬ ਸਰਕਾਰ ਨੇ ਇਸ ਸੇਵਾ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ, ਨਵੇਂ ਈਆਰਵੀਜ਼ ਲਈ 100 ਕਰੋੜ ਤੇ ਡਾਇਲ 112 ਹੈਡਕੁਆਟਰ ਇਮਾਰਤ ਲਈ 53 ਕਰੋੜ ਦਾ ਬਜਟ ਮਨਜ਼ੂਰ ਕੀਤਾ ਹੈ, ਜਿਸ ਨਾਲ ਦੇਸ਼ ਦੇ ਸਭ ਤੋਂ ਉਨਤ ਤੇ ਨਾਗਰਿਕ-ਕੇਂਦਰਿਤ ਐਮਰਜੈਂਸੀ ਪ੍ਰਤੀਕਿਰਿਆ ਪ੍ਰਣਾਲੀ ਲਈ ਰਾਹ ਪੱਧਰਾ ਹੋਇਆ ਹੈ।

# ਮੰਡੀ ਮਜ਼ਦੂਰਾਂ ਲਈ ਵੱਡੀ ਰਾਹਤ, ਸਰਕਾਰ ਵੱਲੋਂ ਮੰਡੀ ਲੇਬਰ ਰੇਟ 'ਚ 10 ਫੀਸਦੀ ਵਾਧਾ: ਚੇਅਰਮੈਨ ਨਿਸ਼ਾਨ ਸਿੰਘ ਚਾਹਲ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 22 ਅਗਸਤ (ਜਗੀਰ ਸਿੰਘ ਮੰਡ/ਡਾ. ਨਰਿੰਦਰ ਸਿੰਘ ਘੁਮਾਣ): ਆੜ੍ਹਤੀਆਂ ਭਾਈਚਾਰੇ ਇੱਕ ਵਿਸ਼ੇਸ਼ ਮੀਟਿੰਗ ਮਾਰਕੀਟ ਕਮੇਟੀ ਦੇ ਚੇਅਰਮੈਨ ਐਡਵੋਕੇਟ ਨਿਸ਼ਾਨ ਸਿੰਘ ਬੋਲੇਵਾਲ ਦੀ ਅਗਵਾਈ ਹੇਠ ਕਸਬਾ ਘੁਮਾਣ ਵਿਖੇ ਹੋਈ।ਇਸ ਮੀਟਿੰਗ ਵਿੱਚ ਚੇਅਰਮੈਨ ਐਡਵੋਕੇਟ ਨਿਸ਼ਾਨ ਸਿੰਘ ਬੋਲੇਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਮੰਡੀ ਮਜ਼ਦੂਰਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਮੰਡੀ ਲੇਬਰ ਰੇਟ ਵਿੱਚ 10 ਫ਼ੀਸਦੀ ਵਾਧੇ ਦਾ ਐਲਾਨ ਕੀਤਾ ਹੈ।ਇਸ ਫੈਸਲੇ ਨਾਲ ਹੁਣ ਝੋਨੇ ਦੀ ਮੰਡੀ ਲੇਬਰ ਰੇਟ 17.50 ਰੁਪਏ ਪ੍ਰਤੀ ਬੈਗ ਤੋਂ ਵੱਧ ਕੇ 19.26 ਰੁਪਏ ਪ੍ਰਤੀ ਬੈਗ (37.5 ਕਿਲੋਗ੍ਰਾਮ) ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਇਸ ਸਬੰਧੀ ਇੱਕ ਉਚ ਪੱਧਰੀ ਮੀਟਿੰਗ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਖੇਤੀਬਾੜੀ ਤੇ ਖ਼ੁਰਾਕ ਸਪਲਾਈ ਵਿਭਾਗ ਦੇ ਉਚ ਅਧਿਕਾਰੀਆਂ ਨੇ ਹਿੱਸਾ ਲਿਆ।ਉਨ੍ਹਾਂ ਕਿਹਾ ਕਿ ਸਰਕਾਰ ਦਾ ਮੰਤਵ ਮੰਡੀ ਮਜ਼ਦੂਰਾਂ ਦੀ ਆਰਥਿਕ ਹਾਲਤ ਸੁਧਾਰਨਾ ਤੇ ਉਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਵਾਜਬ ਮੁਲਾਂਕਣ ਦੇਣਾ ਹੈ।ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਮੰਡੀ ਮਜ਼ਦੂਰ ਪੰਜਾਬ ਦੀ ਅਨਾਜ ਸੁਰੱਖਿਆ ਦੇ ਅਸਲੀ ਸਿਪਾਹੀ ਹਨ, ਜੋ ਹਮੇਸ਼ਾ ਖੇਤ ਤੋਂ ਮੰਡੀ ਤੱਕ ਅਨਾਜ ਦੀ ਸੰਭਾਲ ਕਰਦੇ ਹਨ।ਸਰਕਾਰ ਉਨ੍ਹਾਂ ਦੇ ਹਿੱਤਾਂ ਦੀ ਪੂਰੀ ਸੁਰੱਖਿਆ ਕਰੇਗੀ।ਐਡਵੋਕੇਟ ਨਿਸ਼ਾਨ ਸਿੰਘ ਬੋਲੇਵਾਲ ਨੇ ਕਿਹਾ ਕਿ ਇਸ ਫੈਸਲੇ ਨਾਲ ਰਾਜ ਭਰ ਦੇ ਹਜ਼ਾਰਾਂ ਮੰਡੀ ਮਜ਼ਦੂਰਾਂ ਨੂੰ ਸਿੱਧਾ ਲਾਭ ਹੋਵੇਗਾ ਤੇ ਉਨ੍ਹਾਂ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਮੰਗਾਂ ਨੂੰ ਵੀ ਪੂਰਾ ਕੀਤਾ ਗਿਆ ਹੈ। ਇਸ ਮੌਕੇ ਕਰਨਦੀਪ ਸਿੰਘ ਰਾਜਾ, ਸਾਬਕਾ ਸਰਪੰਚ ਨਰਿੰਦਰ ਸਿੰਘ ਨਿੰਦੀ, ਸੁਖਵਿੰਦਰ ਸਿੰਘ ਲਾਲੀ, ਰਮੇਸ਼ ਸ਼ਾਹ, ਨਰੇਸ਼ ਕੁਮਾਰ ਟੀਟੂ, ਹਰਵਿੰਦਰ ਸਿੰਘ ਰਾਣਾ ਸੰਧਵਾਂ, ਬੱਬੂ ਘੁਮਾਣ ਆਦਿ ਹਾਜ਼ਰ ਸਨ।

# ਸੀ.ਐਚ.ਸੀ.ਨੇ ਭਿਆਨਕ ਬਿਮਾਰੀਆਂ ਤੋਂ ਬਚਣ ਲਈ ਲੋਕਾਂ ਨੂੰ ਜਾਗਰੂਕ ਕੀਤਾ




ਫਤਹਿਗੜ੍ਹ ਚੂੜੀਆਂ, 22 ਅਗਸਤ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਅਧੀਨ ਆਉਂਦੇ ਪਿੰਡ ਚਿਤੌੜਗੜ੍ਹ ਤੇ ਲੋਧੀ ਨੰਗਲ ਵਿਖੇ ਪੰਜਾਬ ਸਟੇਟ ਏਡਜ਼ ਸੁਸਾਇਟੀ ਵੱਲੋਂ ਚਲਾਈ ਗਈ ਐਚਆਈਵੀ, ਏਡਜ਼ ਜਾਗਰੂਕਤਾ ਮਹਿਮ ਤਹਿਤ ਡੀਏਪੀਸੀਵੀ ਤੇ ਐਸਐਮਓ ਫਤਹਿਗੜ੍ਹ ਚੂੜੀਆਂ ਡਾ. ਲਖਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਜੇਕੇਐਸਪੀਵਾਈਐਮ ਤੇ ਆਈਸੀਟੀਸੀ ਫਤਹਿਗੜ੍ਹ ਚੂੜੀਆਂ ਦੇ ਸਾਂਝੇ ਯੋਗਦਾਨ ਦੇ ਨਾਲ ਪਿੰਡ ਚਿਤੌੜਗੜ੍ਹ ਤੇ ਲੋਧੀ ਨੰਗਲ ਵਿਖੇ ਨੁੱਕੜ ਨਾਟਕ ਰਾਹੀਂ ਲੋਕਾਂ ਨੂੰ ਐਚਆਈਵੀ ਏਡਜ਼ ਸਬੰਧੀ ਜਾਗਰੂਕ ਕੀਤਾ ਗਿਆ। ਲੋਧੀ ਨੰਗਲ ਪਿੰਡ ਵਿੱਚ ਤਾਰਾ ਕਲਾ ਕੇਂਦਰ ਵੱਲੋਂ ਨੁੱਕੜ ਨਾਟਕ ਪੇਸ਼ ਕਰਕੇ ਲੋਕਾਂ ਨੂੰ ਐਚਆਈਵੀ ਏਡਜ਼ ਤੋਂ ਬਚਣ ਲਈ ਜਾਣਕਾਰੀ ਦਿੱਤੀ।ਚਿਤੌੜਗੜ੍ਹ ਪਿੰਡ ਵਿੱਚ ਪ੍ਰੋਜੈਕਟ ਮੈਨੇਜਰ ਇੰਦੂ ਬਾਲਾ ਨੇ ਐਚਆਈਵੀ ਏਡਜ਼ ਦੇ ਦੋ ਹੋਣ ਵਾਲੇ ਕਾਰਨਾਂ ਉਤੇ ਚਾਨਣਾ ਪਾਇਆ ਆਈਸੀਟੀਸੀ ਕੇਂਦਰ ਫਤਹਿਗੜ੍ਹ ਚੂੜੀਆਂ ਦੇ ਕੌਂਸਲਰ ਰਾਜਵਿੰਦਰ ਕੌਰ ਤੇ ਐਲਟੀ ਵਰੁਣ ਕੁਮਾਰ ਨੇ ਵੀ ਐਚਆਈਵੀ ਟੈਸਟਿੰਗ ਤੇ ਆਰਟ ਨਾਲ ਲਿੰਕ ਹੋਣ ਸਬੰਧੀ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਬਲਾਕ ਐਜੂਕੇਟਰ ਜੋਗਾ ਸਿੰਘ ਹੈਲਥ ਇੰਸਪੈਕਟਰ, ਹਰਵਿੰਦਰ ਸਿੰਘ, ਤਜਿੰਦਰ ਸਿੰਘ, ਪ੍ਰਿਯੰਕਾ ਸੀਐਚਓ, ਮਨ ਪਵਿੱਤਰ ਸਿੰਘ, ਮਲਟੀਪਲ ਹੈਰਥ ਵਰਕਰ, ਰਿਨਾ ਸੀਐਚਓ, ਡਿੰਪਨ, ਅਨਿਲ ਰਾਏ, ਅਤੁਲ ਕੁਮਾਰ, ਪਲਵਿੰਦਰ ਸਿੰਘ, ਮੀਨਾਕਸ਼ੀ, ਸੁਖਵਿੰਦਰ ਸਿੰਘ ਹਾਜ਼ਰ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ: ਕਾਮਰੇਡ ਸੈਣੀ

ਗੁਰਦਾਸਪੁਰ, 22 ਅਗਸਤ (ਜਗੀਰ ਸਿੰਘ ਮੰਡ/ਨਾਹਰ): ਪੰਜਾਬ ਸਰਕਾਰ ਵੱਲੋਂ ਪਹਿਲਾਂ ਵਾਂਗ ਹੀ ਮੁਲਾਜ਼ਮ ਤੇ ਪੈਨਸ਼ਨ ਸਾਂਝਾ ਫਰੰਟ ਨਾਲ 20 ਅਗਸਤ ਨੂੰ ਹੋਣ ਵਾਲੀ ਮੀਟਿੰਗ ਬਾਰ੍ਹਵੀਂ ਵਾਰ ਮੁਲਤਵੀ ਕਰਨ ਦੀ ਸਾਂਝੇ ਫਰੰਟ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਇਸ ਸਬੰਧੀ ਸਾਂਝੇ ਫਰੰਟ ਦੀ ਮੀਟਿੰਗ ਸੁਖਦੇਵ ਸਿੰਘ ਸੈਣੀ, ਡੇਰਾ ਬੱਸੀ ਦੀ ਪ੍ਰਧਾਨਗੀ ਹੇਠ ਹੋਈ, ਜਿਸ



ਵਿੱਚ ਸਮੂਹ ਕਨਵੀਨਰਾਂ ਸਮੇਤ ਮੈਂਬਰਾਂ ਨੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਹੱਕੀ ਮੰਗਾਂ ਬਾਰੇ ਵਾਰ-ਵਾਰ ਮੀਟਿੰਗ ਦੇ ਕੇ ਭੱਜਣਾ ਪੈਨਸ਼ਨਾਂ ਤੇ ਮੁਲਾਜ਼ਮਾਂ ਨਾਲ ਧੋਖਾ ਕਰਾਰ ਦਿੱਤਾ ਹੈ।ਇਸ ਮੌਕੇ ਗੌਰਮੈਂਟ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸਾਬਕਾ ਸਕੱਤਰ ਤੇ ਸੀਟੂ ਦੇ ਜ਼ਿਲ੍ਹਾ ਵਿੱਤ ਸਕੱਤਰ ਕਾਮਰੇਡ ਅਮਰਜੀਤ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਵੱਲੋਂ ਪੈਨਸ਼ਨਰਜ਼ ਤੇ ਮੁਲਾਜ਼ਮਾਂ ਦੀਆਂ ਪੱਕੀ ਮੰਗਾਂ ਸਬੰਧੀ 20 ਅਗਸਤ ਨੂੰ ਮੀਟਿੰਗ ਚੰਡੀਗੜ੍ਹ ਵਿਖੇ ਬੁਲਾਈ ਗਈ ਸੀ, ਜੋ ਸਰਕਾਰ ਵੱਲੋਂ ਬਾਰ੍ਹਵੀਂ ਵਾਰ ਮੁਲਤਵੀ ਕਰਕੇ ਅਗਲੀ ਮੀਟਿੰਗ 29 ਅਗਸਤ ਨੂੰ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੇ ਇਸ ਰਵੱਈਏ ਤੋਂ ਪੈਨਸ਼ਨਰ ਤੇ ਮੁਲਾਜ਼ਮ ਬਹੁਤ ਦੁਖੀ ਹਨ ਤੇ ਉਨ੍ਹਾਂ ਵਿੱਚ ਭਾਰੀ ਰੋਸ ਹੈ। ਕਾਮਰੇਡ ਅਮਰਿੰਦਰ ਸਿੰਘ ਸੈਣੀ ਨੇ ਅੱਗੇ ਕਿਹਾ ਕਿ ਮਾਨ ਸਰਕਾਰ ਨੇ ਸੱਤਾ ਸੰਭਾਲਦਿਆਂ ਵਿਸ਼ਵਾਸ ਦਿਵਾਇਆ ਸੀ ਕਿ ਪੈਨਸ਼ਨਰਜ਼ ਨੂੰ 2.59 ਗੁਣਾਕ ਦੇਣਾ, ਪੇਅ-ਕਮਿਸ਼ਨ ਦਾ ਰਿਵਾਈਜ਼ ਬਕਾਇਆ ਇੱਕੋ ਕਿਸ਼ਤ ਵਿੱਚ ਦੇਣਾ, ਡੀਏ ਦਾ ਪਿਛਲਾ ਬਕਾਇਆ ਇੱਕੋ ਕਿਸ਼ਤ ਵਿੱਚ ਦੇਣਾ, ਡੀਏ 13 ਫੀਸਦੀ ਦੇਣਾ ਤੇ ਮੈਡੀਕਲ ਭੱਤਾ 2000 ਦੇਣਾ ਆਦਿ ਮੁੱਖ ਮੰਗਾਂ ਸਨ ਪ੍ਰੰਤੂ ਅੱਜ ਤੱਕ ਇੱਕ ਵੀ ਹੱਕੀ ਮੰਗ ਨਹੀਂ ਮੰਨੀ, ਜਿਸ ਕਾਰਨ ਪੈਨਸ਼ਨਰਜ਼ ਤੇ ਮੁਲਾਜ਼ਮਾਂ ਵੱਲੋਂ ਮਾਨ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਥੇਬੰਦੀ ਵੱਲੋਂ ਮਾਨ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਪੈਨਸ਼ਨਰ ਦਾ ਬੁਢਾਪਾ ਸੜਕਾਂ 'ਤੇ ਨਾ ਰੋਲਿਆ ਜਾਵੇ ਤੇ ਜੇਕਰ 29 ਅਗਸਤ ਦੀ ਮੀਟਿੰਗ ਵਿੱਚ ਉਕਤ ਹੱਕੀ ਮੰਗਾਂ ਨਾ ਮੰਨੀਆਂ ਤਾਂ ਮਾਨ ਸਰਕਾਰ ਵਿਰੁੱਧ ਸਖਤ ਵੱਡਾ ਐਕਸ਼ਨ ਲਿਆ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਰਘਬੀਰ ਸਿੰਘ ਚਾਹਲ, ਕੁਲਜੀਤ ਸਿੰਘ ਸਿੱਧਵਾਂ, ਕਰਨੈਲ ਸਿੰਘ ਭੁੱਲੇ ਚੱਕ, ਮਨਮੋਹਨ ਸਿੰਘ ਛੀਨਾ, ਡਾ. ਰਾਜ ਕੁਮਾਰ ਅੱਤਰੀ, ਲਖਵਿੰਦਰ ਸਿੰਘ, ਦਰਸ਼ਨ ਸਿੰਘ, ਮਨਜੀਤ ਸਿੰਘ, ਗੁਰਨਾਮ ਸਿੰਘ, ਓਮ ਪ੍ਰਕਾਸ਼ ਸ਼ਰਮਾ ਤੇ ਮੈਨੁਅਲ ਨਾਹਰ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਵਿੱਦਿਅਕ ਪ੍ਰਫੁੱਲਤਾ ਲਈ ਲਗਾਇਆ ਸੈਮੀਨਾਰ



ਧਾਰੀਵਾਲ, 22 ਅਗਸਤ (ਅਸ਼ੋਕ ਕੁਮਾਰ): ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਵਿੱਦਿਅਕ ਪ੍ਰਫੁੱਲਤਾ ਲਈ ਸੈਮੀਨਾਰ ਲਗਾਇਆ ਗਿਆ।ਇਸ ਸੈਮੀਨਾਰ ਵਿੱਚ ਮੁੱਖ ਪ੍ਰਚਾਰਕ ਸਤਨਾਮ ਸਿੰਘ ਸਲੋਪੁਰੀ ਨੇ ਸ਼ਿਰਕਤ ਕੀਤੀ।ਸਤਨਾਮ ਸਿੰਘ ਸਲੋਪੁਰੀ ਨੇ ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਪੜ੍ਹਾਈ ਦੀਆਂ ਕਦਰਾਂ-ਕੀਮਤਾਂ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਫਲਤਾ ਦੇ ਪੰਜ ਸ- ਸਹਿਜ ਪਾਠ, ਸੈਲਫ ਸਟੱਡੀ, ਸਕਿਲਸ, ਸਕਾਲਰਸ਼ਿਪ, ਸ਼ੇਅਰਿੰਗ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਦੱਸਿਆ ਕਿ ਨੌਜਵਾਨ ਸਮਾਜ ਦਾ ਸਰਮਾਇਆ ਹੁੰਦੇ ਹਨ ਸਾਨੂੰ ਲੋੜ ਹੈ ਇਸ ਸਰਮਾਏ ਨੂੰ ਸੰਭਾਲਣ ਦੀ ਤੇ ਸਹੀ ਦਿਸ਼ਾ ਦੇਣ ਦੀ।ਸਹੀ ਦਿਸ਼ਾ ਹੀ ਸਮਾਜ ਦੀ ਸੋਚ ਬਦਲੇਗੀ ਤੇ ਚੰਗੇ ਸਮਾਜ ਦੀ ਸਿਰਜਣਾ ਕਰੇਗੀ। ਜੇਕਰ ਅਸੀਂ ਆਪਣਾ ਜੀਵਨ ਖੁਸ਼ੀਆਂ ਨਾਲ ਭਰਪੂਰ ਕਰਨਾ ਚਾਹੁੰਦੇ ਹਾਂ ਤਾਂ ਅਸੀਂ ਆਪ ਤੇ ਆਪਣੇ ਬੱਚਿਆਂ ਨੂੰ ਸੰਸਾਰੀ ਵਿੱਦਿਆ ਦੇਣ ਦੇ ਨਾਲ-ਨਾਲ ਨੈਤਿਕ ਤੇ ਅਧਿਆਤਮਕ ਵਿੱਦਿਆ ਵੀ ਦਈਏ ਤੇ ਉਚੇ ਜੀਵਨ ਵਾਲੇ ਅਧਿਆਪਕ ਆਈ.ਏ.ਐਸ. ਆਈ.ਪੀ.ਐਸ. ਜੱਜ ਵਕੀਲ ਡਾਕਟਰ ਆਦਿ ਬਣੀਏ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਵੱਲੋਂ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਅਸੀਂ ਆਪਣੇ ਜੀਵਨ ਦੇ ਤੱਤ ਨੂੰ ਪਹਿਚਾਣੀਏ, ਕਮਾਈਏ ਤੇ ਆਪਣੇ ਅੰਦਰ ਵੱਧ ਤੋਂ ਵੱਧ ਚੰਗੇ ਗੁਣਾਂ ਨੂੰ ਭਰੀਏ ਤੇ ਸੱਚੇ-ਸੁੱਚੇ ਰੋਲ ਮਾਡਲ ਬਣ ਕੇ ਸਮਾਜ ਵਿੱਚ ਚੜ੍ਹਦੀਕਲਾ ਨਾਲ ਵਿਚਾਰੀਏ।

# ਐਨ.ਐਚ.ਏ.ਆਈ. 1033 ਹਾਈਵੇਅ ਹੈਲਪਲਾਈਨ ਤੇ ਸਾਈਬਰ ਹੈਲਪਲਾਈਨ 1930 ਨੂੰ ਏਕੀਕ੍ਰਿਤ ਕਰਕੇ ਡਾਇਲ 112 ਨਾਲ ਜੋੜਿਆ



ਗੁਰਦਾਸਪੁਰ, 22 ਅਗਸਤ (ਜਸਵਿੰਦਰ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਅਨੁਸਾਰ ਐਮਰਜੈਂਸੀ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਤੇ ਕੁਸ਼ਲ ਬਣਾਉਣ ਦੇ ਮੱਦੇਨਜ਼ਰ ਇੱਕ ਮਹੱਤਵਪੂਰਨ ਕਦਮ ਤਹਿਤ ਪੰਜਾਬ ਪੁਲਿਸ ਨੇ ਭਾਰਤੀ ਰਾਸ਼ਟਰੀ ਰਾਜ ਮਾਰਗ ਅਥਾਰਟੀ (ਐਨਐਚਏਆਈ) ਹੈਲਪਲਾਈਨ 1033 ਤੇ ਸਾਈਬਰ ਕ੍ਰਾਈਮ ਹੈਲਪਲਾਈਨ 1930 ਨੂੰ ਏਕੀਕ੍ਰਿਤ ਕਰਕੇ ਹੁਣ ਡਾਇਲ 112 ਨਾਲ ਜੋੜ ਦਿੱਤਾ ਹੈ। ਪੰਜਾਬ ਦੀ ਇਸ ਏਕੀਕ੍ਰਿਤ ਸੰਕਟ-ਕਾਲੀ ਪ੍ਰਤੀਕਿਰਿਆ ਪ੍ਰਣਾਲੀ ਰਾਹੀਂ ਹੁਣ ਨਾਗਰਿਕ ਹਾਈਵੇ ਹਾਦਸਿਆਂ ਤੇ ਹੋਰ ਵਾਹਨਾਂ ਸਬੰਧੀ ਹੋਰ ਦਿੱਕਤਾਂ ਦੇ ਨਾਲ-ਨਾਲ ਵਿੱਤੀ ਧੋਖਾਧੜੀ ਤੇ ਸਾਈਬਰ ਅਪਰਾਧਾਂ ਦੀ ਰਿਪੋਰਟ ਹੁਣ ਸਿਰਫ਼ 112 ਡਾਇਲ ਕਰਕੇ ਕਰ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁਖਦੇਵ ਸਿੰਘ ਆਲੋਵਾਲ ਹਲਕਾ ਕਾਦੀਆਂ ਜ਼ਿਲ੍ਹਾ ਮੀਡੀਆ ਇੰਚਾਰਜ ਗੁਰਦਾਸਪੁਰ ਨੇ ਦੱਸਿਆ ਕਿ ਇਹ ਪਹਿਲਕਦਮੀ, ਇੱਕ ਸਿੰਗਲ-ਵਿੰਡੋ ਪਲੇਟਫ਼ਾਰਮ ਤਹਿਤ ਕਈ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਨਾਗਰਿਕਾਂ ਨੂੰ ਧੋਖਾਧੜੀ ਜਾਂ ਸੜਕ ਹਾਦਸੇ ਦੀ ਰਿਪੋਰਟ ਕਰਨ ਲਈ ਖ਼ਾਸ ਹੈਲਪਲਾਈਨ ਨੰਬਰਾਂ 'ਤੇ ਕਾਲ ਕਰਨੀ ਪੈਂਦੀ ਸੀ, ਜਿਸ ਨਾਲ ਉਨ੍ਹਾਂ ਲਈ ਵੱਖ-ਵੱਖ ਹੈਲਪਲਾਈਨ ਨੰਬਰ ਯਾਦ ਰੱਖਣਾ ਔਖਾ ਸੀ।ਹੁਣ ਤੱਕ 112 ਹੈਲਪਲਾਈਨ ਦੀ ਵਰਤੋਂ ਸਿਰਫ਼ ਰਾਜ ਭਰ ਵਿੱਚ ਹੋ ਰਹੇ ਵੱਖ-ਵੱਖ ਅਪਰਾਧਾਂ ਦੀ ਰਿਪੋਰਟ ਕਰਨ ਲਈ ਕੀਤੀ ਜਾਂਦੀ ਸੀ ਮੁਖਦੇਵ ਸਿੰਘ ਆਲੋਵਾਲ ਨੇ ਕਿਹਾ ਹੁਣ, ਭਾਵੇਂ ਤੁਸੀਂ ਹਾਈਵੇਅ 'ਤੇ ਕਿਸੇ ਮੁਸੀਬਤ ਵਿੱਚ ਫਸੇ ਹੋਏ ਹੋ ਜਾਂ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋ, ਸਿਰਫ਼ 112 'ਤੇ ਇੱਕ ਕਾਲ ਨਾਲ ਹੀ ਤੁਹਾਡਾ ਮਸਲਾ ਹੱਲ ਹੋ ਜਾਵੇਗਾ।

# ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In The Court of Sh. Amanpreet Singh Additional Principal Judge Family Court, Dera Bassi**
CNR No. PBSAF30004582024
Next Date : 13-10-2025
CIS No. MNT125/80/2024
Nirmala Singh
Versus
Bhupinder Singh
Petition Under Section 144 of Bnss of 2023 For The Grant of Maintenance Allowance @ Rs 75,000/- Pm To The Petitioners And Rs 35,000/- As Litigation Expenses From The Respondent.
Notice to: 1. Bhupinder Singh Son of Ram Janam Resident of P.No. 17 Second Floor, Mouli Jagram, Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 A.M.
For details logon to https://highcourtchd.gov.in/?mod=district notice&district=mogacourt
Dated, this day of 21-08-2025
**Sd/- Additional Principal Judge Family Court, Dera Bassi**

---

(U/o 5 Rule 20 CPC)
**In the Court of Ms. Parul Additional Civil Judge (Senior DIvision), Bhagha Purana**
CNR No. PBMOB0-000051-2024
Next Date : 08-09-2025
State Bank of India
Versus
M/s Arora Bothers Through Its Prop. Santosh Kumari
Notice to: M/s Arora Bothers Through Its Prop. Santosh Kumari Wife of Rajeev Kumar, R/o Bank bazar Road, main road Rampura phul Dist Bathinda 2) Santosh Kumari Wife of Rajeev kumar, prop. Of M/s Arora Bothers R/o Bank bazar Road, main road Rampura phul Dist Bathinda
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 08-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 04-08-2025
**Sd/- Additional Civil Judge (Senior DIvision), Bhagha Purana**

---

**In the Court of Sh. Pankaj Garg Judicial Magistrate - Ist Class, Hoshiarpur**
CNR No. PBHO03-004905-2022
Next Date : 09-09-2025
Bimla Devi W/O Kulwinder Singh, aged 38 years, R/O VPO-Bajwara, P.S Sadar Tehsil and District Hoshiarpur,
Versus
Jasvir Kaur W/O Ram Kishan R/o-VPO-Bajwara, Mohalla Gali Maaar, Near Sadiq di chakki, P.S Sadar, Tehsil & District Hoshiarpur.
Notice to: Jasvir Kaur W/o Ram Kishan R/o-VPO-Bajwara, Mohalla Gali Maaar, Near Sadiq di chakki, P.S Sadar, Tehsil & District Hoshiarpur.
In above titled case the accused could not be served. It is ordered that accused should appear in person or through counsel on 09-09-2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 11-08-2025
**Sd/- Judicial Magistrate - Ist Class, Hoshiarpur**

---

(U/o 5 Rule 20 CPC)
**In the Court of Ms. Rupinder Kaur Civil Judge (Junior Division), Dhuri**
CNR No. PBSGB0-000612-2024
Next Date : 09-09-2025
Gurjant Singh
Versus
Gurmeet Singh
Notice to: Gurmeet Singh Father: Ujjagar Singh S/o Badan Singh H.No. 116, W.No.3-C, Sangatsar Mohalla Dhuri, Tehisl Distt. Sangrur Mobile No.7009161942
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-09-2025 at 10:00 A.M.
For details logon to https://highcourtchd.gov.in/?mod=district_notice&district=Sangrur
Dated this day of 06-08-2025
**Sd/- Civil Judge (Junior Division), Dhuri**

---

**In the Court of Sh. Bikramdeep Singh Judicial Magistrate - ist Class-2, Patiala**
CNR No. PBPT03-004307-2022
Next Date : 26-09-2025
Deepak Sharma
Versus
Balwinder Singh
Detail of offence:- 138 NI Act
Notice to: Balwinder Singh Father:- Jaswant Singh Village Passiana Distt. Patiala
In above titled case the accused could not be served. It is ordered that accused should appear in person or through counsel on 26-09-2025 at 10:00 A.M.
For details logon to https://highcourtchd.gov.in/?mod=district_notice&district=Patiala
Dated this day of 19-08-2025
**Sd/- Judicial Magistrate - ist Class-2, Patiala**

---

(U/o 5 Rule 20 CPC)
**In the Court of Sh. Rajiv Kalra Additional District and Sessions Judge, Bathinda**
CNR No. PBBT01-009282-2025
Next Date : 26-09-2025
MHA/1/2025
Jaswant Singh
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26-09-2025 at 10:00 A.M.
For details logon to https://highcourtchd.gov.in/?mod=district_notice&district=Bathinda
Dated this day of 02-08-2025
**Sd/- Additional District and Sessions Judge, Bathinda**

## ਬੇਦਖਲੀ ਸੂਚਨਾ

ਮੈਂ, ਹਰਦੇਵ ਸਿੰਘ ਪੁੱਤਰ ਜਸਿਮਲ ਸਿੰਘ ਪਿੰਡ ਬਿਲਾਸਪੁਰ ਡਾਕਖਾਨਾ ਹੇਗਲ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਪੁੱਤਰ ਅਮਰਦੀਪ ਸਿੰਘ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹੁੰਦੇ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ ਹੈ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਸਬੰਧ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਦੀ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

**District Consumer Disputes Redressal Commission SAS Nagar SCO No. 43, Near Bassi Theatre, Phase-2 SAS Nagar (Mohali)**
Consumer Complaint NO. 476/2024
Fixed for: 11.09.2025
Dipreet Singh Kainth S/o Gursharanjit Singh R/o 657, Sector 70, SAS Nagar
......Complaint
Versus
Op.No. 2 Mr. Jatinder and other Partners of Powerhouse GYM Mohali C/o Tuff Gyms, First Floor, SCO 66, Shopping Plaza, Shivalik City, Sector 127, Kharar, SAS Nagar, Punjab 140301.
...........Opposite Parties.
Whereas it has been proved to the satisfaction of this Commission that the Opposite Parties above mentioned cannot be served in teh ordinary way of the service. Hence this proclamation Under Order 5 rule 20 CPC is hereby issued against them and they should appear personally or through their counsel on 11.09.2025 at 10:30 a.m. failing which exparte proceedings shall be taken against them.
Given under my hand and the seal of the Commission on this 22th day of August, 2025,
**Sd/- President District Consumer Commission S.A.S Nagar**

---

(U/o 5 Rule 20 CPC)
**In the Court of Ms. Parveen Bali Principal Judge Family Court, Faridkot**
CNR No. PBFD01-003486-2024
Next Date : 02-09-2025
HMA/387/2024
Lovepreet Kaur
Versus
Gurjit Singh
Petition under Section 13 HMA
Notice to: Gurjit Singh S/o Harcharan Singh R/o house no. 52 Gill Patti Tehsil and Distt. Bathinda
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 02-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 21-08-2025
**Sd/- Principal Judge Family Court, Faridkot**

---

(U/o 5 Rule 20 CPC)
**In the Court of Sh. Hem Amrit Mahi Civil Judge (Senior Division), Gurdaspur**
CNR No. PBGD02-000475-2025
Next Date : 08-09-2025
CS-334-2025
Ashok Tuli
Versus
J and K Gramin Bank
Notice to: General Public:- general Public
In above titled case the defendant(s)/respondent(s)could not be served. It is ordered that defendant(s)/respondent(s) should appear in person or through counsel on 08-09-2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated this day of 05-08-2025
**Sd/- Civil Judge (Senior Division), Gurdaspur**

---

(U/o 5 Rule 20 CPC)
**In the Court of Sh. Anshuman Siag Civil Judge (Junior Division), Malout**
CNR No. PBSMB0-000285-2021
Next Date : 04-09-2025
Sobha Singh
Versus
Balwinder Singh
Notice to: Balbir Singh (Combine Driver) other:- Co Sucha Singh SO Gurbachan Singh VPO Fatehpur Maniawala Tehsil Malout District Sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 21-08-2025
**Sd/- Civil Judge (Junior Division), Malout**

---

**In the Court of Sh. Bikramdeep Singh Judicial Magistrate - Ist Class-2, Patiala**
CNR No. PBPT03-004386-2021
Next Date : 14-10-2025
Cholamandalam Investment and Finance Company Ltd.
Versus
Inderjit Singh
Detail of offence:- 138 NI Act
Notice to: Inderjit Singh Father:- Tarlok Singh Village Islampur, Tehsil Rajpura, District Patiala
In above titled case the accused could not be served. It is ordered that accused should appear in person or through counsel on 14-10-2025 at 10:00 A.M.
For details logon to https://highcourtchd.gov.in/?mod=district_notice&district=Patiala
Dated this day of 20-08-2025
**Sd/- Judicial Magistrate - Ist Class-2, Patiala**

---

(U/o 5 Rule 20 CPC)
**In the Court of Ms. Jaspreet Kaur Civil Judge (Junior Division), Mansa**
CNR No. PBMN02-000344-2025
Next Date : 08-09-2025
Gurcharan Singh
Versus
Gram Panchayat
Notice to Defendant no.2: General Public:- Mansa, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 08-09-2025 at 10:00 A.M.
For details logon to https://highcourtchd.gov.in/?mod=district_notice&district=Mansa
Dated this day of 08-08-2025
**Sd/- Civil Judge (Junior Division), Mansa**

---

(U/o 5 Rule 20 CPC)
**In the Court of Sh. Vineet Kumar Narang Additional Principal Judge Family Court, Nakodar**
CNR No. PBJLF2-000643-2025
Next Date : 08-09-2025
DMC/295/2025
Talvinderpal Singh Kahlon
Versus
Ramandeep Kaur
Notice to: Ramandeep Kaur Spouse:- Talvinderpal Singh Kahlon D/o Kuldeep Singh R/o Village Khanpur, PIN 148023, Malerkotla, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 08-09-2025 at 10:00 A.M.
For details logon to https://highcourtchd.gov.in/?mod=district_notice&district=Jalandhar
Dated this day of 23-07-2025
**Sd/- Additional Principal Judge Family Court, Nakodar**

---

(U/o 5 Rule 20 CPC)
**In the Court of Sh. Raman Kumar Principal Judge Family Court, Ludhiana**
CNR No. PBLD01-002011-2024
Next Date : 08-09-2025
Bisleen Kaur
Versus
Inderjeet Singh
Notice to: Inderjeet Singh S/o Sh. Gursharan Singh R/o Village Boorwala, Tehsil Jalalabad, Distt. Fazilka, At Present R/o House No. 119, Phase-3, Bi, Mohali
In above titled case the accused could not be served. It is ordered that accused should appear in person or through counsel on 08-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 25-07-2025
**Sd/- Principal Judge Family Court, Ludhiana**

---

(U/o 5 Rule 20 CPC)
**In the Court of Sh. Jagjeet Singh Additional Civil Judge (Senior Division), Patti**
CNR No. PBTTA0-000411-2024
Next Date : 08-09-2025
CS-242/2024
Baljit Singh
Versus
Lakhwinder Singh
Notice to: Lakhwinder Singh S/o Jagir Singh S/o Geja Singh R/o Village Varnala, Tehsil Patti District Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 08-09-2025 at 10:00 A.M.
For details logon to https://highcourtchd.gov.in/?mod=district_notice&district=Tarn Taran
Dated this day of 06-08-2025
**Sd/- Additional Civil Judge (Senior Division), Patti**

## ਆਮ ਇਕੱਤ੍ਰਤਾ

ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਦੀਆਂ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੰਗਤਾਂ ਦੀ ਆਮ ਇਕੱਤ੍ਰਤਾ ਮਿਤੀ 31.08.2025 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ। ਇਸ ਸਮੇਂ ਗੁਰਦੁਆਰਾ ਸਾਹਿਬ ਵਿਚ ਪਿਛਲੇ ਸਮੇਂ ਵਿਚ ਹੋਈਆਂ ਸੇਵਾਵਾਂ ਅਤੇ ਭਵਿੱਖ ਵਿਚ ਹੋਣ ਵਾਲੇ ਪ੍ਰੋਗਰਾਮਾਂ ਉਤੇ ਵਿਚਾਰਾਂ ਹੋਣਗੀਆਂ। ਗੁਰਦੁਆਰਾ ਸਾਹਿਬ ਆਉਣ ਵਾਲੇ ਮੈਂਬਰਾਂ ਅਤੇ ਸੰਗਤਾਂ ਨੂੰ ਬੇਨਤੀ ਹੈ ਕਿ ਉਹ ਸਮੇਂ ਸਿਰ ਦਰਸ਼ਨ ਦੇ ਕੇ 31 ਅਗਸਤ ਦਿਨ ਐਤਵਾਰ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਇਸ ਇਕੱਤ੍ਰਤਾ ਵਿਚ ਸ਼ਾਮਲ ਹੋ ਕੇ ਆਪਣੇ ਸੁਝਾਓ ਪੇਸ਼ ਕਰ ਸਕਦੇ ਹਨ। ਏਜੰਡੇ ਮੁਤਾਬਕ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪਦ-ਅਧਿਕਾਰੀਆਂ ਦੀ ਚੋਣ ਵੀ ਕੀਤੀ ਜਾਵੇਗੀ ਅਤੇ ਕਾਰਵਾਈ ਸੰਪੂਰਨ ਕੀਤੀ ਜਾਵੇਗੀ।

**ਦਾਸ:- ਬਲਬੀਰ ਸਿੰਘ ਚੱਢਾ, ਸੈਕਟਰੀ ਪ੍ਰਬੰਧਕ ਕਮੇਟੀ, ਗੁ. ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਸਾਹਿਬ ਨਗਰ ਥੇਹੜੀ, ਅਰਬਨ ਅਸਟੇਟ ਫੇਜ਼-2 ਪਟਿਆਲਾ।**
ਮੋ-97803-68380

---

**DISTRICT CONSUMER DISPUTES REDRESSAL COMMISSION SAS NAGAR, SCO No. 43, NEAR BASSI THEATRE PH-2 SAS NAGAR (MOHALI)**
**PUBLICATION NOTICE**
**Execution No. 84/2024**
**Fixed for 03/11/2025**
Uday Kumar S/o Late Hari Singh R/o # 12, Type-IV, 220, KV Substation Kishangarh, Manimajra Road, Chandigarh Presently at H.No. 82, Near Sai Baba Mandir, Pantnagar, Saharanpur, U.P.
.......Complainants
Versus
**1.** K Soni Builders, Corporate Office at SCO 250 (Top Floor) Sector 44-C, Chandigarh and Registered Office at SCF 13-14, Chhaju Majra Road, Sector 126, Greater Mohali Kharar through its Incharge / Manager / Director / MD.
**2.** Kuldeep Soni, Director of K Soni Builders & Promoters Private Ltd. SCF 13-14, Chhaju Majra Chhaju Majra Road,Sector 126, Greater Mohali, Kharar.
**3.**Ved Parkash Director of K Soni Builders & Promoters Private Ltd. SCF No.13-14, Chhaju Majra Road,Sector 126, Greater Mohali, Kharar.
**Opposite parties.**
Whereas it has been proved to the satisfaction of this Commission that the Opposite parties above mentioned cannot be served in the ordinary way of the service. Hence this proclamation under Order 5 Rule 20 CPC is hereby issued against them and they should appear personally or through their counsel on **03.11.2025** at **10:30 a.m.** failing which ex-parte proceedings shall be taken against them
Given under my hand and the seal of the commission on this **21th day of August 2025.**
**President, District Consumer Commission, S.A.S Nagar (Mohali)**
**Endst.No.DCDRC/SAS Nagar/25/ 2652**
**Dated 22/08/2025**

---

**ਪੰਜਾਬ ਨੈਸ਼ਨਲ ਬੈਂਕ punjab national bank**
**ਏਆਰਐਮ, ਬਠਿੰਡਾ: ਪਲਾਟ ਨੰ. 445, ਪਹਿਲੀ ਮੰਜ਼ਿਲ, ਫੇਜ਼-3, ਮਾਡਲ ਟਾਊਨ, ਬਠਿੰਡਾ।**
**ਸੋਧ**
"ਫਾਈਨੈਂਸ਼ੀਅਲ ਐਕਸਪ੍ਰੈਸ" ਅਤੇ "ਚੜ੍ਹਦੀਕਲਾ" ਅਖ਼ਬਾਰਾਂ ਵਿੱਚ ਪ੍ਰਕਾਸ਼ਿਤ 22.08.2025 ਦੇ ਇਸ਼ਤਿਹਾਰ ਦੇ ਹਵਾਲੇ ਨਾਲ ਕਿਰਪਾ ਕਰਕੇ ਜਾਇਦਾਦ ਨੰਬਰ 1 ਤੋਂ 9 ਲਈ ਈ-ਨਿਲਾਮੀ ਦੀ ਮਿਤੀ 08-09-2025 ਅਤੇ ਨੰਬਰ 10 ਤੋਂ 11 ਤੱਕ 25-09-2025 ਪੜ੍ਹਿਆ ਜਾਵੇ। ਬਾਕੀ ਸਾਰੇ ਨਿਯਮ ਅਤੇ ਸ਼ਰਤਾਂ ਉਹੀ ਰਹਿਣਗੀਆਂ।
ਸਥਾਨ: ਬਠਿੰਡਾ
ਮਿਤੀ: 23.08.2025 ਅਧਿਕਾਰਤ ਅਧਿਕਾਰੀ

## ਡੀ.ਸੀ. ਆਸ਼ਿਕਾ ਜੈਨ ਦੀ ਮੌਜੂਦਗੀ 'ਚ ਐਸ.ਪੀ.ਐਨ. ਕਾਲਜ ਵਿਖੇ ਕਰਵਾਇਆ ਤੀਜ ਦੇ ਤਿਉਹਾਰ ਦਾ ਪ੍ਰੋਗਰਾਮ

ਮੁਕੇਰੀਆਂ, 22 ਅਗਸਤ ( ਧਰਮ ਚੰਦ) ਸਵਾਮੀ ਪ੍ਰੇਮਾਨੰਦ ਮਹਾਵਿਦਿਆਲਾ ਮੁਕੇਰੀਆਂ ਵਿਖੇ ਹਰਿਆਲੀ ਤੀਜ ਦਾ ਤਿਉਹਾਰ ਬਹੁਤ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਜਿਲ੍ਹਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ (ਆਈ.ਏ.ਐਸ) ਜੀ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸਦੇ ਨਾਲ ਹੀ ਐਸ.ਡੀ.ਐਮ ਮੁਕੇਰੀਆਂ ਸ਼੍ਰੀ ਅੰਕੁਰ ਮੋਹਿੰਦਰੂ (ਪੀ.ਸੀ.ਐਸ) ਜੀ ਦੇ ਨਾਲ ਕਾਲਜ ਪ੍ਰਬੰਧਨ ਕਮੇਟੀ ਦੇ ਮੈਂਬਰ - ਸੀਨੀਅਰ ਉਪ ਪ੍ਰਧਾਨ ਸ਼੍ਰੀ ਅਜੀਤ ਨਾਰੰਗ ਅਤੇ ਸ਼੍ਰੀਮਤੀ ਚੰਚਲ ਨਾਰੰਗ, ਜਨਰਲ ਸਕੱਤਰ ਸ਼੍ਰੀ ਵਿਨੋਦ ਸਵਰਾਜ ਅਤੇ ਵਰਸ਼ਾ ਸਵਰਾਜ, ਸਕੱਤਰ ਸ਼੍ਰੀ ਸੰਜੀਵ ਆਨੰਦ ਅਤੇ ਮੀਨਾਕਸ਼ੀ ਆਨੰਦ, ਆਡੀਟਰ ਡਾ. ਰਾਜੇਸ਼ ਲਖਨਪਾਲ, ਸਰਦਾਰ ਸੁਰਜੀਤ ਸਿੰਘ ਭੱਟੀਆਂ ਅਤੇ ਸ਼੍ਰੀਮਤੀ ਜੋਗਿੰਦਰ ਕੌਰ, ਸ਼੍ਰੀਮਤੀ ਸ਼ਾਕਰ, ਸ਼੍ਰੀਮਤੀ ਉਮੇਸ਼ ਨਾਰੰਗ, ਸ਼੍ਰੀਮਤੀ ਰੇਨੂ ਅਗਰਵਾਲ ਅਤੇ ਅਰਜੁਨ ਨਾਰੰਗ ਜੀ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਕਾਲਜ ਵਿੱਚ ਪਹੁੰਚਣ @ਤੇ, ਕਾਲਜ ਦੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਜੀ ਅਤੇ ਸਮੁੱਚੇ ਕਾਲਜ ਸਟਾਫ ਨੇ ਮੁੱਖ ਮਹਿਮਾਨਾਂ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ।

# ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਵਡਾਲਾ ਬਾਂਗਰ ਨੂੰ ਸਦਮਾ, ਮਾਤਾ ਦੇ ਦਿਹਾਂਤ

ਬਟਾਲਾ,22 ਅਗਸਤ, ਬਲਵਿੰਦਰ ਸਿੰਘ ਪੰਜਗਰਾਈਂ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਵਡਾਲਾ ਬਾਂਗਰ ਦੇ ਮਾਤਾ ਸਵਿੰਦਰ ਕੌਰ ਪਤਨੀ ਸ ਜਰਨੈਲ ਸਿੰਘ ਉਮਰ 80 ਸਾਲ ਦਾ ਸੰਖੇਪ ਬਿਮਾਰੀ ਦੇ ਚੱਲਦਿਆਂ ਦਿਹਾਂਤ ਹੋ ਗਿਆ। ਮਾਤਾ ਜੀ ਬਹੁਤ ਉੱਚੀ ਸੋਚ ਵਾਲੇ ਸਨ ਜਿਨ੍ਹਾਂ ਨੇ ਆਪਣੇ ਛੇ ਪੁੱਤਰਾਂ ਅਤੇ ਇਕ ਧੀ ਨੂੰ ਉੱਚ ਸਿੱਖਿਆ ਦਿਵਾਉਣ ਲਈ ਸਖ਼ਤ ਮਿਹਨਤ ਕੀਤੀ ਜਿਸ ਦੇ ਨਤੀਜੇ ਵਜੋਂ ਵੱਡਾ ਪੁੱਤਰ ਹਰਦੀਪ ਸਿੰਘ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਗੁਰਦਾਸਪੁਰ ਸੇਵਾ ਨਿਭਾਅ ਕੇ ਸੇਵਾ ਮੁਕਤ ਹੋਏ ਉਸ ਤੋਂ ਛੋਟੇ ਐਕਸੀਅਨ ਪਾਵਰਕੌਮ ਸੇਵਾ ਮੁਕਤ ਹੋਏ,ਦਲਜੀਤ ਸਿੰਘ ਪਿਤਾ ਨਾਲ ਕਾਰੋਬਾਰ ਕਰ ਰਹੇ ਹਨ।ਹਰਜਿੰਦਰ ਸਿੰਘ ਲੈਕਚਰਾਰ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਡੀ ਟੀ ਐਫ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਪ੍ਰਧਾਨ ਹਨ।ਸਤਨਾਮ ਸਿੰਘ ਸਾਇੰਸ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ।ਬੇਟੀ ਐਮ ਏ ਬੀ ਐੱਡ ਆਪਣੇ ਪਤੀ ਸਾਂਇਸ ਅਧਿਆਪਕ ਗੁਰਮਿੰਦਰ ਸਿੰਘ ਸੋਹਲ ਨਾਲ ਵਿਆਹਿਤ ਜੀਵਨ ਬਤੀਤ ਕਰ ਰਹੇ ਹਨ।ਮਾਤਾ ਸਵਿੰਦਰ ਕੌਰ ਨੇ ਆਪਣੇ ਪਤੀ ਸ ਜਰਨੈਲ ਸਿੰਘ ਨਾਲ ਮੋਢੇ ਨਾਲ ਮੋਢਾ ਜੋੜ ਪਰਿਵਾਰ ਨੂੰ ਚੰਗੀਆਂ ਕਦਰਾਂ ਕੀਮਤਾਂ ਦੀ ਸਿੱਖਿਆ ਦਿੱਤੀ ਜਿਸ ਕਰਕੇ ਪਰਿਵਾਰ ਵੱਖ-ਵੱਖ ਤਰ੍ਹਾਂ ਨਾਲ ਸਮਾਜ ਦੀ ਸੇਵਾ ਕਰ ਰਿਹਾ ਹੈ। ਮਾਤਾ ਜੀ ਦਾ ਦੇਹ ਸੰਸਕਾਰ 20 ਅਗਸਤ ਨੂੰ ਪਿੰਡ ਵਡਾਲਾ ਬਾਂਗਰ ਵਿਖੇ ਕੀਤਾ ਗਿਆ।

---

## ਉੱਤਰ ਰੇਲਵੇ

**ਈ-ਨੀਲਾਮੀ ਸੂਚਨਾ**

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਐਫ ਐਸ, ਉਤਰ ਰੇਲਵੇ, ਅੰਬਾਲਾ ਛਾਉਣੀ। ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ 02 ਸਾਲ ਦੇ ਸਮੇਂ ਦੇ ਲਈ ਅੰਬਾਲਾ ਮੰਡਲ ਵਿਚ ਵਿਭਿੰਨ ਮੇਲ/ਐਕਸਪ੍ਰੈਸ ਗੱਡੀਆਂ ਦੇ ਬ੍ਰੇਕ ਵਾਨ ਦੇ ਐਸਐਲਆਰ/ਐਸਐਲਆਰਡੀ ਕੰਪਾਰਟਮੈਂਟ ਵਿਚ ਪਾਰਸਲ ਸਪੇਸ (4 ਐਮਟੀ / 3.9 ਐਮਟੀ) ਨੂੰ ਪੱਟੇ ਤੇ ਦੇਣ ਲਈ ਆਈਆਰਈਪੀਐਸ ਵੈਬਸਾਈਟ ਤੇ ਈ-ਨੀਲਾਮੀ ਲੀਜਿੰਗ ਦੇ ਮਾਧਿਅਮ ਨਾਲ, ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ। ਹੇਠਾਂ ਲਿਖਤ ਵੇਰਵੇ ਅਨੁਸਾਰ, ਨਿਵਿਦਾ ਮੰਗ ਕੀਤੀ ਜਾਂਦੀ ਹੈ:-

| ਲ ਨੰ. | ਨੀਲਾਮੀ ਕੈਟਲਾਗ ਨੰ. | ਨੀਲਾਮੀ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | ਨੀਲਾਮੀ ਸਮਾਪਤ ਹੋਣ ਦੀ ਮਿਤੀ ਅਤੇ ਸਮਾਂ |
|---|---|---|---|
| 1. | UMB-SLR-10-2025 (08 lots) | 04.09.2025 / 12:00 | 04.09.2025 / 13:40 |

| SN. | Auction Catalogue No. & Train Details. | SN. | Auction Catalogue No. & Train Details. |
|---|---|---|---|
| 1 | 12218 (RSLR-I) | 5 | 54474 (FSLR-I) |
| 2 | 15744 (FSLR-I) | 6 | 14522 (FSLR-I) |
| 3 | 12232 (FSLR-I) | 7 | 19308 (FSLR-I) |
| 4 | 22456 (FSLR-I) | 8 | 12450 (FSLR-I) |

ਈ-ਨੀਲਾਮੀ ਵਿਚ ਭਾਗ ਲੈਣ ਜਾਂ ਈ-ਨੀਲਾਮੀ ਪ੍ਰਕਿਰਿਆ ਨਾਲ ਸਬੰਧਿਤ ਕਿਸੇ ਹੋਰ ਜਾਣਕਾਰੀ ਦੇ ਲਈ, ਇਛੁਕ ਬੋਲੀਦਾਤਾਵਾਂ ਨੂੰ www.ireps.gov.in ਵੈਬਸਾਈਟ 'ਤੇ ਜਾਣ ਦੀ ਸਲਾਹ ਦਿਤੀ ਜਾਂਦੀ ਹੈ।
**ਨੰ.: NR-UMB0COML(PLTN)/1/2023-O/o DCM1/UMB/NR 2551/2025**
**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

---

**ਸੈਂਟਰਲ ਬੈਂਕ ਆਫ ਇੰਡੀਆ Central Bank of India CENTRAL TO YOU SINCE 1911**
**ਖੇਤਰੀ ਦਫ਼ਤਰ, ਕੇਪੀ ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ, ਫਿਰੋਜ਼ਪੁਰ ਰੋਡ, ਲੁਧਿਆਣਾ-141001**

## ਅੰਤਿਕਾ 4 [ਦੇਖੋ ਨਿਯਮ 8 (1)] ਕਬਜ਼ਾ ਸੂਚਨਾ ਸੰਕੇਤਕ ਕਬਜ਼ਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, **ਸੈਂਟਰਲ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਨੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਐਕਟ-2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ **ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ)** ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਜਾਰੀ ਕੀਤੀ ਸੀ।
**ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ)** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ **ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ)** ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ ਕਬਜ਼ਾ ਲੈ ਲਿਆ ਹੈ।
**ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਸੈਂਟਰਲ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ/ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਮੈਸ. ਰਾਜ ਪਾਲ ਐਗਰੋ ਇੰਡੀਆ ਪ੍ਰਾਇ. ਲਿਮ. ਭੱਲੂਵਾਲਾ ਰੋਡ, ਨੇੜੇ ਰੇਲਵੇ ਫਾਟਕ, ਫਰੀਦਕੋਟ, (ਪੰਜਾਬ) 151203 ਇਸ ਦੇ ਡਾਇਰੈਕਟਰ: 1. ਸ੍ਰੀ ਰਾਜੇਸ਼ ਮੋਗਾ ਪੁੱਤਰ ਸ੍ਰੀ ਮਹੇਸ਼ ਚੰਦ, ਵਾਸੀ ਮਕਾਨ ਨੰ. ਸੀ-4, ਮੇਨ ਰੋਡ, ਗਲੀ ਨੰ. 5, ਨਿਊ ਕੈਂਟ, ਰੋਡ, ਫਰੀਦਕੋਟ (ਪੰਜਾਬ)-151203 2. ਸ੍ਰੀ ਮੋਹਿਤ ਮੋਗਾ ਪੁੱਤਰ ਸ੍ਰੀ ਰਾਜ ਪਾਲ ਵਾਸੀ ਮਕਾਨ ਨੰ. ਸੀ-63, ਮੇਨ ਰੋਡ, ਨਿਊ ਕੈਂਟ, ਰੋਡ ਫਰੀਦਕੋਟ (ਪੰਜਾਬ)-151203 | ਭੱਲੂਵਾਲਾ ਰੋਡ, ਪਿੰਡ ਫਰੀਦਕੋਟ-3, (ਅਗਵਾੜ ਦਦ) ਤਹਿਸੀਲ ਅਤੇ ਜ਼ਿਲ੍ਹਾ ਫਰੀਦਕੋਟ (ਪੰਜਾਬ) 151203 ਵਿਖੇ ਸਥਿਤ ਪਲਾਂਟ ਅਤੇ ਮਸ਼ੀਨਰੀ ਸਮੇਤ ਫੈਕਟਰੀ ਜ਼ਮੀਨ ਅਤੇ ਇਮਾਰਤ, ਪਲਾਂਟ ਅਤੇ ਮਸ਼ੀਨਰੀ 2. 9 ਕਨਾਲ 5 ਮਰਲੇ ਮਿਆਰਿਕ ਵਾਲੀ ਕਮਰਸ਼ੀਅਲ ਫੈਕਟਰੀ ਜ਼ਮੀਨ ਅਤੇ ਇਸ ਵਿਚ ਬਿਲਡਿੰਗ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਦਾ ਵੇਰਵਾ ਹੇਠ ਅਨੁਸਾਰ ਹੈ:- ਓ. ਖੇਵਟ ਨੰ. 144, ਖਤੌਨੀ ਨੰ. 317 (ਨਵਾਂ ਖਤੌਨੀ ਨੰ. 163, ਖਤੌਨੀ ਨੰ. 332) ਖਸਰਾ ਨੰ. 1253/3 (9-5) ਵਿਚ ਸ਼ਾਮਲ ਕੁੱਲ ਜ਼ਮੀਨ ਮਾਪ 9 ਕਨਾਲ 5 ਮਰਲੇ ਵਿਚੋਂ 1/2 ਹਿੱਸੇ ਮਾਪ 4 ਕਨਾਲ 13 ਮਰਲੇ ਮਾਪ ਵਾਲੀ ਸੰਪਤੀ ਆ. ਆਰਟੀਡੀ ਨੰ. 3754 ਮਿਤੀ 12.12.2003 ਅਧੀਨ ਮੈਸ. ਰਾਜ ਪਾਲ ਐਗਰੋ ਇੰਡੀਆ ਪ੍ਰਾਇ.ਲਿਮ. ਦੀ ਮਲਕੀਅਤ ਵਾਲੀ ਭੱਲੂਵਾਲਾ ਰੋਡ, ਪਿੰਡ ਫਰੀਦਕੋਟ -3 (ਅਗਵਰਦ ਦਦ) ਤਹਿਸੀਲ ਅਤੇ ਜ਼ਿਲ੍ਹਾ ਫਰੀਦਕੋਟ (ਪੰਜਾਬ) 151203 ਵਿਖੇ ਜਮ੍ਹਾਂਬੰਦੀ ਸਾਲ 2019-20 ਅਨੁਸਾਰ ਖੇਵਟ ਨੰ. 606, ਖਤੌਨੀ ਨੰ. 1322, 1323, 1324 (ਨਵਾਂ ਖੇਵਟ ਨੰ. 715, ਖਤੌਨੀ ਨੰ. 1406 ਤੋਂ 1408) ਖਸਰਾ ਨੰ. 10610/1254 (5-17) 10607/1251 (15-2) 10609/1254 (1-4) 10660/1251 (0-18) 10608/1254 (0-1) ਐਚਬੀ ਨੰ. 75 ਵਿਚ ਸ਼ਾਮਲ ਕੁੱਲ ਜ਼ਮੀਨ ਮਾਪ 23 ਕਨਾਲ 02 ਮਰਲੇ ਦਾ 92/462 ਹਿੱਸਾ ਯਾਨੀ 4 ਕਨਾਲ 12 ਮਰਲੇ ਮਾਪ ਵਾਲੀ ਸੰਪਤੀ। ਹੱਦਬੰਦੀ : ਪੂਰਬ : ਸ੍ਰੀ ਓਮ ਪ੍ਰਕਾਸ਼ ਦਾ ਪਲਾਟ, ਪੱਛਮ : ਸ੍ਰੀ ਅਸ਼ਵਨੀ ਕੁਮਾਰ ਬਘਾਲਾ ਦਾ ਪਲਾਟ, ਉੱਤਰ : ਸੜਕ, ਦੱਖਣ : ਸ੍ਰੀ ਓਮ ਪ੍ਰਕਾਸ਼ ਨਿਰਾਨੀਆਂ ਦਾ ਪਲਾਟ | 03.05.2025 | 20.08.2025 | Rs. 1,03,73,248.91 (ਰੁ. ਇਕ ਕਰੋੜ ਤਿੰਨ ਲੱਖ ਤਿਹੱਤਰ ਹਜ਼ਾਰ ਦੋ ਸੌ ਅਠਤਾਲੀ ਅਤੇ ਇਕਾਨਵੇਂ ਪੈਸੇ ਕੇਵਲ) ਸਮੇਤ ਅਗਲੇਰੇ ਵਿਆਜ ਅਤੇ ਖਰਚਾਂ, ਘੱਟ ਵਸੂਲੀ ਜੇਕਰ ਕੋਈ ਹੋਵੇ। |

ਮਿਤੀ : 22.08.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ




ਪੰਜਾਬੀ ਪੱਤਰਕਾਰ ਸਦਨ ਦੇ ਮਨਮੋਹਨ ਸਿੰਘ ਢਿੱਲੋਂ ਨੂੰ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਸਨਮਾਨਿਤ ਕਰਨ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਸ਼ੇਰਜੰਗ ਸਿੰਘ ਹੁੰਦਲ ਅਤੇ ਏ ਪੀ ਆਰ ਓ ਯੋਗੇਸ਼ ਸ਼ਰਮਾ ਨੂੰ ਆਪਣੀਆਂ ਕਿਤਾਬਾਂ ਭੇਟ ਕਰਦੇ ਹੋਏ । ਇਸ ਮੌਕੇ ਪੰਜਾਬੀ ਪੱਤਰਕਾਰ ਸਦਨ ਦੇ ਚੇਅਰਮੈਨ ਜੋਗਿੰਦਰ ਪਾਲ ਸਿੰਘ ਕੁੰਦਰਾ ਵੀ ਤਸਵੀਰ ਵਿਚ ਦਿਖਾਈ ਦੇ ਰਹੇ ਹਨ।

# ਰਿਟਰਨਿੰਗ ਅਫ਼ਸਰ, ਉਪ-ਰਾਸ਼ਟਰਪਤੀ ਚੋਣ, 2025 ਅਤੇ ਸਕੱਤਰ-ਜਨਰਲ, ਰਾਜ ਸਭਾ ਦਾ ਦਫ਼ਤਰ

ਚੰਡੀਗੜ੍ਹ, 22 ਅਗਸਤ (ਅੰਮ੍ਰਿਤਪਾਲ ਸਿੰਘ) : ਉਪ-ਰਾਸ਼ਟਰਪਤੀ ਚੋਣ, 2025 ਦੀ ਪ੍ਰਕਿਰਿਆ 7 ਅਗਸਤ, 2025 ਨੂੰ ਭਾਰਤ ਦੇ ਚੋਣ ਕਮਿਸ਼ਨ ਦੁਆਰਾ ਚੋਣ ਦਾ ਸੱਦਾ ਦੇਣ ਵਾਲੀ ਨੋਟੀਫਿਕੇਸ਼ਨ ਜਾਰੀ ਕਰਨ ਨਾਲ ਸ਼ੁਰੂ ਹੋਈ। ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 21 ਅਗਸਤ, 2025 ਨਿਰਧਾਰਤ ਕੀਤੀ ਗਈ ਸੀ, ਜਦੋਂ ਕਿ ਨਾਮਜ਼ਦਗੀਆਂ ਪੱਤਰਾਂ ਦੀ ਜਾਂਚ ਦੀ ਮਿਤੀ 22 ਅਗਸਤ, 2025 ਨਿਰਧਾਰਤ ਕੀਤੀ ਗਈ ਸੀ। 7 ਤੋਂ 21 ਅਗਸਤ, 2025 ਦੀ ਮਿਆਦ ਦੇ ਦੌਰਾਨ, ਉਪ-ਰਾਸ਼ਟਰਪਤੀ ਚੋਣ, 2025 ਲਈ ਰਿਟਰਨਿੰਗ ਅਫ਼ਸਰ ਅਤੇ ਰਾਜ ਸਭਾ ਦੇ ਸਕੱਤਰ-ਜਨਰਲ ਨੂੰ 46 ਉਮੀਦਵਾਰਾਂ ਦੁਆਰਾ ਦਾਇਰ ਕੀਤੇ ਗਏ ਕੁੱਲ 68 ਨਾਮਜ਼ਦਗੀ ਪੱਤਰ ਪ੍ਰਾਪਤ ਹੋਏ। ਇਨ੍ਹਾਂ 68 ਨਾਮਜ਼ਦਗੀ ਪੱਤਰਾਂ ਵਿੱਚੋਂ, 19 ਉਮੀਦਵਾਰਾਂ ਦੁਆਰਾ ਦਾਇਰ ਕੀਤੇ ਗਏ 28 ਨਾਮਜ਼ਦਗੀ ਪੱਤਰਾਂ ਨੂੰ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਚੋਣ ਐਕਟ, 1952 ਦੀ ਧਾਰਾ 52 (4) ਦੇ ਅਨੁਸਾਰ ਸੰਖੇਪ ਵਿੱਚ ਰੱਦ ਕਰ ਦਿੱਤਾ ਗਿਆ। 22 ਅਗਸਤ, 2025 ਨੂੰ ਸਵੇਰੇ 11-00 ਵਜੇ 27 ਉਮੀਦਵਾਰਾਂ ਦੇ 40 ਨਾਮਜ਼ਦਗੀ ਪੱਤਰਾਂ ਦੀ ਜਾਂਚ ਲਈ ਲਿਆ ਗਿਆ ਸੀ।


**ਯੂਕੋ ਬੈਂਕ** ਭਾਰਤ ਸਰਕਾਰ ਦਾ ਅਦਾਰਾ **UCO BANK** (A Govt. of India Undertaking)

ਈ-ਨਿਲਾਮੀ ਵਿਕਰੀ ਦੀ ਵਿਕਰੀ ਸੂਚਨਾ

**ਈ-ਨਿਲਾਮੀ ਵਿਕਰੀ ਦੀ ਵਿਕਰੀ ਸੂਚਨਾ (ਅਚੱਲ ਸੰਪਤੀਆਂ ਦੇ ਲਈ)**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੇ ਅਧੀਨ ਅਚੱਲ ਸੰਪਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪਤੀਆਂ, ਜਿਸ ਦਾ ਸੰਕੇਤਕ/ਭੌਤਿਕ ਕਬਜ਼ਾ ਯੂਕੋ ਬੈਂਕ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਅਧਾਰ"** 'ਤੇ 08.09.2025 ਨੂੰ ਕੀਤੀ ਜਾਵੇਗੀ ਅਤੇ ਅਚੱਲ ਸੰਪਤੀਆਂ ਦੀ ਖਰੀਦ ਲਈ ਇੱਛੁਕ ਖਰੀਦਦਾਰਾਂ ਤੋਂ ਬੋਲੀਆਂ ਨਿਮਨ ਦਰਸਾਏ ਅਨੁਸਾਰ ਮੰਗੀਆਂ ਜਾਂਦੀਆਂ ਹਨ :-

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਅਚੱਲ ਸੰਪਤੀਆਂ ਦੇ ਵੇਰਵੇ | ਕਬਜ਼ੇ ਦੀ ਮਿਤੀ/ ਕਬਜ਼ੇ ਦਾ ਸਰੂਪ (ਭੌਤਿਕ ਜਾਂ ਸੰਕੇਤਕ) | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸਬੰਧਤ ਅਧਿਕਾਰੀ ਦੇ ਵੇਰਵੇ | ਨਿਲਾਮੀ ਦੀ ਮਿਤੀ ਅਤੇ ਸਮਾਂ |
| --- | --- | --- | --- | --- | --- | --- | --- |
| 1. | **ਮਿਲਰਗੰਜ, ਲੁਧਿਆਣਾ** | | | | | | |
| | **ਕਰਜ਼ਦਾਰ : 1. ਸ੍ਰੀ ਦਵਿੰਦਰ ਪਾਲ ਸਿੰਘ** ਸਪੁੱਤਰ ਸ੍ਰੀ ਬੇਅੰਤ ਸਿੰਘ, 2. **ਸ੍ਰੀਮਤੀ ਰਵਿੰਦਰ ਕੌਰ** ਸੁਪਤਨੀ ਸ੍ਰੀ ਦਵਿੰਦਰ ਪਾਲ ਸਿੰਘ, 3. **ਸ੍ਰੀ ਪ੍ਰਦੀਪ ਸਿੰਘ** ਸਪੁੱਤਰ ਸ੍ਰੀ ਦਵਿੰਦਰ ਪਾਲ ਸਿੰਘ, **ਸਾਰੇ ਵਾਸੀ ਪਹਿਲਾ ਪਤਾ** : ਮਕਾਨ ਨੰ. 32, ਨਿਊ ਪੰਜਾਬ ਮਾਤਾ ਨਗਰ, ਵਿਸ਼ਾਲ ਨਗਰ, ਜਵੱਦੀ ਟਕਸਾਲ, ਲੁਧਿਆਣਾ-141116, **ਦੂਜਾ ਪਤਾ** : ਮਕਾਨ ਨੰ. 1612, ਫੇਜ਼ 1, ਦੁੱਗਰੀ, ਲੁਧਿਆਣਾ-141002 | ਸ੍ਰੀਮਤੀ ਰਵਿੰਦਰ ਕੌਰ ਸੁਪਤਨੀ ਸ੍ਰੀ ਦਵਿੰਦਰ ਪਾਲ ਸਿੰਘ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 2021-22/101/1/14941 ਮਿਤੀ 21.01.2022 ਦੇ ਅਨੁਸਾਰ ਪਿੰਡ ਜਵੱਦੀ, ਹੱਦਬਸਤ ਨੰ. 160, ਇਲਾਕਾ ਨਿਊ ਪੰਜਾਬ ਮਾਤਾ ਨਗਰ ਵਜੋਂ ਜਾਣੂੰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2013-14 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 26//3, 4/1, ਖਾਤਾ ਨੰਬਰ 243/242, 244/243 ਵਿਚ ਸ਼ਾਮਲ 155 ਵਰਗ ਗਜ਼ ਮਾਪ ਵਾਲੀ ਐਮ.ਸੀ. ਨੰ. ਬੀ-28-891/ਪੀਐਮ/32-ਪੀ ਦੇ ਅਧੀਨ ਅਚੱਲ ਸੰਪਤੀ/ਮਕਾਨ ਸਹਿ ਪਲਾਟ ਨੰ. 32 ਦੇ ਸਾਰੇ ਭਾਗ ਅਤੇ ਹਿੱਸੇ। ਵਿਕਰੀ ਡੀਡ ਅਨੁਸਾਰ ਹੱਦਬੰਦੀ ਨਿਮਨ ਅਨੁਸਾਰ : ਪੂਰਬ : ਪਲਾਟ ਨੰ. 31, 57'-0", ਪੱਛਮ : ਪਲਾਟ ਨੰ. 33, 57'-0", ਉੱਤਰ : ਗੁਆਂਢੀ 24'-1/2", ਦੱਖਣ : ਰਸਤਾ 24'-1/2" | 16.10.2024/ ਭੌਤਿਕ | 05.08.2024 Rs. 74,08,601/- | Rs. 60,18,000/- / Rs. 6,01,800/- / Rs. 20,000/- | ਰਵੀ ਪ੍ਰਕਾਸ਼ (M) 99349-23199 E-mail miller@ucobank.co.in | 08.09.2025 11:00 AM to 05.00 PM |
| 2. | **ਬੀ/ਓ : ਫਰੀਦਕੋਟ** | | | | | | |
| | **ਕਰਜ਼ਦਾਰ : ਪ੍ਰਤਾਪ ਸਿੰਘ ਸਪੁੱਤਰ** ਗੁਰਦੇਵ ਸਿੰਘ, **ਸਹਿ-ਕਰਜ਼ਦਾਰ : ਗੁਰਮੀਤ ਕੌਰ** ਸੁਪਤਨੀ ਪ੍ਰਤਾਪ ਸਿੰਘ, ਦੋਵੇਂ ਵਾਸੀ ਗਲੀ ਨੰ. 3, ਭਾਨ ਸਿੰਘ ਕਲੋਨੀ, ਫਰੀਦਕੋਟ-151203 | ਅਗਵਾੜਾ ਥਾਰਾ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਵਿਖੇ ਸਥਿਤ ਸਾਲ 2019-20 ਦੇ ਲਈ ਜਮ੍ਹਾਂਬੰਦੀ ਅਨੁਸਾਰ ਵਸੀਕਾ ਨੰਬਰ 2022-23/41/1/1687 ਮਿਤੀ 26.10.2022 ਅਧੀਨ ਮੁਰੱਬਾ ਨੰਬਰ 289, ਕਿਲਾ ਨੰ. 2/1/6-0, 3/1/6-0, ਖੇਵਟ ਨੰ. 266, ਖਤੌਨੀ ਨੰ. 515 ਵਿਚ 147 ਵਰਗ ਗਜ਼ (12 ਕਨਾਲ ਦੇ 49/2420 ਹਿੱਸੇ ਵਜੋਂ 4.85 ਮਰਲੇ) ਮਾਪ ਵਾਲੀ ਅਚੱਲ ਸੰਪਤੀ ਵਿਚ ਸ਼ਾਮਲ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ ਨਿਮਨ ਅਨੁਸਾਰ : ਪੂਰਬ : ਨੀਰੂ ਗੋਇਲ 63', ਪੱਛਮ : ਮੋਹਿਤ ਕੁਮਾਰ 63', ਉਤਰ : ਖਾਲ 21', ਦੱਖਣ : 21'। | 08.10.2024/ ਸੰਕੇਤਕ | 21.05.2024 Rs. 13,01,531.60 | Rs. 6,80,000/- / Rs. 68,000/- / Rs. 10,000/- | ਵਿਨੇ ਅਸੀਜਾ (M) 98722-83401 E-mail farkot@ucobank.co.in | 08.09.2025 11:00 AM to 05.00 PM |

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ ਵਿਧਾਨਕ 15 ਰੋਜ਼ਾ ਵਿਕਰੀ ਸੂਚਨਾ**

**ਨਿਯਮ ਅਤੇ ਸ਼ਰਤਾਂ** : 1. ਵਿਕਰੀ ਸੁਰੱਖਿਆ ਵਿਆਜ (ਲਾਗੂਕਰਨ) 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਨਾਲ ਸਬੰਧਤ ਹੋਵੇਗੀ। 2. ਸੰਪਤੀਆਂ **"ਜਿਵੇਂ ਹੈ, ਜਿਥੇ ਹੈ ਆਧਾਰ"** ਅਤੇ **"ਜਿਵੇਂ ਹੈ ਜੋ ਹੈ ਆਧਾਰ"** ਅਤੇ **"ਜੋ ਵੀ ਉਥੇ ਹੈ ਆਧਾਰ"** 'ਤੇ ਵੇਚੀਆਂ ਜਾ ਰਹੀਆਂ ਹਨ। 3. ਉਕਤ ਸੂਚੀ ਵਿਚ ਦਰਸਾਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਵਿਚ ਸਹੀ ਦੱਸੇ ਗਏ ਹਨ ਪਰ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 4. ਨਿਲਾਮੀ ਵਿਕਰੀ ਪੋਰਟਲ **https://baanknet.com** 'ਤੇ "ਈ-ਨਿਲਾਮੀ ਰਾਹੀਂ ਆਨਲਾਈਨ" ਕੀਤੀ ਜਾਵੇਗੀ। 5. ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ ਮੋਬਾਇਲ ਨੰਬਰ ਅਤੇ ਈਮੇਲ ਆਈ. ਡੀ. ਦੀ ਵਰਤੋਂ ਕਰਦੇ ਹੋਏ ਪੋਰਟਲ (**https://baanknet.com**) 'ਤੇ ਪੰਜੀਕਰਨ ਕਰਵਾ ਲੈਣ। ਅੱਗੇ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰ ਦੇਣ। ਇੱਕ ਵਾਰ ਕੇਵਾਈਸੀ ਦਸਤਾਵੇਜ਼ਾਂ ਦੀ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਵੱਲੋਂ ਪੜਤਾਲ ਹੋਣ 'ਤੇ (ਇਸ ਵਿਚ 2 ਕੰਮ ਵਾਲੇ ਦਿਨ ਲਗ ਸਕਦੇ ਹਨ), ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਪੋਰਟਲ ਵਿਚ ਈ-ਨਿਲਾਮੀ ਮਿਤੀ ਅਤੇ ਸਮੇਂ ਅਤੇ ਮਿਤੀ ਤੋਂ ਪਹਿਲਾਂ ਆਪਣੇ ਗਲੋਬਲ ਈਐਮਡੀ ਵੈਲੇਟ ਵਿਚ ਆਨਲਾਈਨ ਵਿਧੀ ਦੀ ਵਰਤੋਂ ਕਰਦੇ ਹੋਏ ਬਿਆਨਾ ਰਕਮ ਰਾਸ਼ੀ ਦਾ ਤਬਾਦਲਾ ਕਰਨਾ ਹੋਵੇਗਾ। ਪੰਜੀਕਰਨ, ਕੇਵਾਈਸੀ ਦਸਤਾਵੇਜ਼ਾਂ ਦੀ ਪੜਤਾਲ ਅਤੇ ਵੈਲੇਟ ਵਿਚ ਬਿਆਨਾ ਰਕਮ ਦੇ ਤਬਾਦਲੇ ਦਾ ਕੰਮ ਨਿਲਾਮੀ ਤੋਂ ਪਹਿਲਾਂ ਅਗਾਊਂ ਤੌਰ 'ਤੇ ਮੁਕੰਮਲ ਕਰਨਾ ਜ਼ਰੂਰੀ ਹੈ। 6. ਈ-ਨਿਲਾਮੀ ਦੇ ਲਈ ਪਲੇਟਫਾਰਮ (**https://baanknet.com**) ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਹੈਲਪਡੈਸਕ ਨੰਬਰ +91-8291220220, ਹੈਲਪ ਡੈਕਸ ਈਮੇਲ ਆਈਡੀ : Support.baanknet@psballiance.com ਵੱਲੋਂ ਉਪਲਬਧ ਕਰਵਾਇਆ ਜਾਵੇਗਾ। ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੇ ਵੈਬਸਾਈਟ **https://baanknet.com** 'ਤੇ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣਾ ਹੋਵੇਗਾ। 7. **ਸੰਪਤੀ ਸੰਬੰਧੀ ਕਿਸੇ ਵੀ ਪੁਛਗਿਛ ਲਈ ਲੜੀ ਨੰ 01 ਦੇ ਲਈ ਅਧਿਕਾਰਤ ਅਧਿਕਾਰੀ ਰਵੀ ਪ੍ਰਕਾਸ਼** (ਮੋ.) **99349-23199 ਅਤੇ ਲੜੀ ਨੰ 02 ਦੇ ਲਈ ਸਤਿਅਮ ਕਿਸ਼ੋਰ ਅਗਰਵਾਲ** (ਮੋ.) 84052-45167 **ਨਾਲ ਸੰਪਰਕ ਕੀਤਾ ਜਾ ਸਕਦਾ ਹੈ।** 8. ਵਿਕਰੀ ਦੇ ਸਧਾਰਨ ਨਿਯਮ ਅਤੇ ਸ਼ਰਤਾਂ ਵਾਲੀ ਵਿਕਰੀ ਸੂਚਨਾ ਨਿਮਨਲਿਖਤ **ਵੈਬਸਾਈਟਾਂ/ਵੈਬ ਪੇਜ ਪੋਰਟਲ 'ਤੇ ਉਪਲਬਧ/ਪ੍ਰਕਾਸ਼ਿਤ ਕੀਤੀ ਗਈ ਹੈ : https://baanknet.com** 9. ਈ-ਨਿਲਾਮੀ ਦੇ ਇੱਛੁਕ ਪ੍ਰਤੀਯੋਗੀ **ਈ-ਬਿਕਰੈ-ਆਈਬੀਏਪੀਆਈ ਪੋਰਟਲ** (**https://baanknet.com**) ਤੋਂ ਇਸ ਈ-ਨਿਲਾਮੀ ਨਾਲ ਸਬੰਧਤ ਈ-ਨਿਲਾਮੀ ਦੇ ਸੰਚਾਲਨਾਤਮਕ ਭਾਗ 'ਤੇ ਸਹਾਇਤਾ ਮੈਨੂਅਲ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਵਿਕਰੀ ਸੂਚਨਾ ਦੇ ਉਤਾਰੇ ਮੁਫਤ ਵਿਚ ਡਾਊਨਲੋਡ ਕਰ ਸਕਦੇ ਹਨ। 10. ਬੋਲੀਕਾਰ ਦੇ ਗਲੋਬਲ ਵੈਲੇਟ ਵਿਚ ਬੋਲੀ ਦੇਣ ਦੇ ਸਮੇਂ ਲੋੜੀਂਦਾ ਬਕਾਇਆ (>=ਬਿਆਨਾ ਰਕਮ ਰਾਸ਼ੀ) ਹੋਣਾ ਚਾਹੀਦਾ ਹੈ। 11. ਈ-ਨਿਲਾਮੀ ਦੇ ਦੌਰਾਨ ਬੋਲੀਕਾਰਾਂ ਨੂੰ ਆਖ਼ਰੀ ਕੋਟ ਕੀਤੀ ਬੋਲੀ ਨਾਲੋਂ ਵੱਧ ਅਤੇ ਉਪਰ ਪਰਸਪਰ ਬੋਲੀ ਵਿਚ ਉਚੇਰੀ ਬੋਲੀ ਪੇਸ਼ ਕਰਨ ਦੀ ਆਗਿਆ ਹੋਵੇਗੀ ਅਤੇ ਬੋਲੀ ਰਕਮ ਵਿਚ ਘੱਟੋ ਘੱਟ ਵਾਧਾ ਬੋਲੀਕਾਰਾਂ ਦੀ ਆਖ਼ਰੀ ਉਚੇਰੀ ਬੋਲੀ ਤੋਂ ਉਕਤ ਦਰਸਾਏ ਅਨੁਸਾਰ ਹੋਣਾ ਚਾਹੀਦਾ ਹੈ। ਨਿਰੰਤਰ ਉਚੇਰੀ ਬੋਲੀ ਕੋਟ ਕਰਨ ਲਈ ਬੋਲੀਕਾਰਾਂ ਨੂੰ ਦਸ (10) ਮਿੰਟਾਂ ਦਾ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਆਖ਼ਰੀ ਸਭ ਤੋਂ ਉਚੀ ਬੋਲੀ ਤੋਂ ਦਸ ਮਿੰਟ ਲੰਘਣ ਉਪਰੰਤ ਕਿਸੇ ਵੀ ਬੋਲੀਕਾਰ ਵੱਲੋਂ ਕੋਈ ਉਚੇਰੀ ਬੋਲੀ ਪੇਸ਼ ਨਹੀਂ ਕੀਤੀ ਜਾਂਦੀ ਤਾਂ ਈ-ਨਿਲਾਮੀ ਨੂੰ ਬੰਦ ਕਰ ਦਿੱਤਾ ਜਾਵੇਗਾ। 12. ਇਹ ਇੱਛੁਕ ਬੋਲੀਕਾਰ (ਾਂ) ਦੀ ਜ਼ਿੰਮੇਵਾਰੀ ਹੋਵੇਗੀ ਕਿ ਵਿਕਰੀ ਸੂਚਨਾ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਾਨਾਤਮਕ ਹਿੱਸੇ ਬਾਰੇ ਸਹਾਇਤਾ ਮੈਨੂਅਲ ਨੂੰ ਪੜ੍ਹ ਲੈਣ ਅਤੇ ਇਨ੍ਹਾਂ ਦਾ ਸਖ਼ਤੀ ਨਾਲ ਪਾਲਣ ਕਰਨ। ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਇਸਦੇ ਦੌਰਾਨ ਕਿਸੇ ਵੀ ਮੁਸ਼ਕਿਲ ਜਾਂ ਸਹਾਇਤਾ ਦੀ ਲੋੜ ਪੈਣ ਦੀ ਸੂਰਤ ਵਿਚ ਸਾਡੇ ਈ-ਨਿਲਾਮੀ ਸਰਵਿਸ ਪ੍ਰੋਵਾਈਡਰ (**https://baanknet.com**) ਦੇ ਅਧਿਕਾਰਤ ਪ੍ਰਤੀਨਿਧੀ ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਉਪਲਬਧ ਹਨ। 13. ਅਧਿਕਾਰਤ ਅਧਿਕਾਰੀ ਵੱਲੋਂ ਈ-ਨਿਲਾਮੀ ਨੂੰ ਮੁਕੰਮਲ ਕਰਨ ਤੋਂ ਬਾਅਦ, ਸਿਰਫ਼ ਸਫਲ ਬੋਲੀਕਾਰ ਨੂੰ ਐਸਐਮਐਸ/ਈ-ਮੇਲ (ਸਰਵਿਸ ਪ੍ਰੋਵਾਈਡਰ ਨੂੰ ਉਨ੍ਹਾਂ ਵੱਲੋਂ ਦਿੱਤੇ ਗਏ/ਪੰਜੀਕ੍ਰਿਤ ਮੋਬਾਇਲ ਨੰਬਰ/ਈਮੇਲ ਪਤੇ 'ਤੇ) ਰਾਹੀਂ ਉਕਤ ਦਰਸਾਏ ਸਾਡੇ ਸਰਵਿਸ ਪ੍ਰੋਵਾਈਡਰ ਦੁਆਰਾ ਸੂਚਿਤ ਕੀਤਾ ਜਾਵੇਗਾ। 14. ਸੁਰੱਖਿਅਤ ਸੰਪਤੀ ਰਾਖਵੀਂ ਕੀਮਤ ਤੋਂ ਘੱਟ ਨਹੀਂ ਵੇਚੀ ਜਾਵੇਗੀ। 14. ਅਧਿਕਾਰਤ ਅਧਿਕਾਰੀ ਕੋਲ ਪ੍ਰਵਾਨਯੋਗ ਨਾ ਪਾਏ ਜਾਣ 'ਤੇ ਕਿਸੇ ਵੀ ਬੋਲੀ ਨੂੰ ਪ੍ਰਵਾਨ ਕਰਨ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਜਾਂ ਬਿਨਾਂ ਕੋਈ ਵੀ ਕਾਰਨ ਦੱਸੇ, ਜੋ ਵੀ ਹੋਵੇ, ਕਿਸੇ ਵੀ ਸਮੇਂ ਨਿਲਾਮੀ ਨੂੰ ਮਲਤਵੀ/ਰੱਦ/ਬਰਖਾਸਤ/ਰੋਕਣ ਦਾ ਜਾਂ ਇਸ ਦੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਹੱਕ ਰਾਖਵਾਂ ਹੈ ਅਤੇ ਇਸ ਸਬੰਧ ਵਿਚ ਉਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ। 15. ਵਿਕਰੀ ਪ੍ਰਮਾਣ ਪੱਤਰ ਕਾਨੂੰਨ ਦੀਆਂ ਵਿਵਸਥਾਵਾਂ ਦੇ ਅਨੁਸਾਰ ਪੂਰਨ ਬੋਲੀ ਰਕਮ ਦੇ ਜਮ੍ਹਾਂ ਹੋਣ 'ਤੇ ਸਫਲ ਬੋਲੀਕਾਰ ਦੇ ਪੱਖ ਵਿਚ ਜਾਰੀ ਕੀਤਾ ਜਾਵੇਗਾ। 16. ਇਹ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਸੰਪਤੀ ਅਤੇ ਇਸ ਦੀ ਮਿਣਤੀ ਬਾਰੇ ਜਾਂਚ ਅਤੇ ਖੁਦ ਦੀ ਤਸੱਲੀ ਕਰ ਲੈਣ। ਬੋਲੀਕਾਰ ਮੁਹੱਈਆ ਕੀਤੇ ਵੇਰਵਿਆਂ ਅਨੁਸਾਰ ਸੰਬੰਧਤ ਅਧਿਕਾਰੀ ਨਾਲ ਮਸ਼ਵਰਾ ਕਰਕੇ ਸੰਪਤੀ ਦੀ ਜਾਂਚ ਕਰ ਸਕਦੇ ਹਨ। 17. ਸਾਰੇ ਵਿਧਾਨਕ ਬਕਾਏ/ਅਟੈਂਡੈਂਟ ਫੀਸਾਂ/ਪੰਜੀਕਰਨ ਫੀਸਾਂ, ਸਟੈਂਪ ਡਿਊਟੀ, ਕਰਾਂ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਵੱਲੋਂ ਅਦਾ ਕੀਤੇ ਜਾਣਗੇ। 18. ਬੈਂਕ ਦੇ ਅਧਿਕਾਰਤ ਅਧਿਕਾਰੀ ਸੰਪਤੀਆਂ (ਈ-ਨਿਲਾਮੀ ਵਾਲੀਆਂ) ਦੇ ਸਬੰਧ ਵਿਚ ਸਰਕਾਰ ਜਾਂ ਕਿਸੇ ਵੀ ਵਿਅਕਤੀ ਵੱਲ ਕਿਸੇ ਵੀ ਫੀਸ, ਭਾਰ, ਦੇਣਦਾਰੀ ਜਾਂ ਕਿਸੇ ਵੀ ਹੋਰ ਬਕਾਏ, ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ ਦੇ ਲਈ ਜੁਆਬਦੇਹ ਨਹੀਂ ਹੋਣਗੇ। ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵਿਧਾਨਕ ਦੇਣਦਾਰੀਆਂ, ਸੰਪਤੀ ਕਰ ਦੇ ਬਕਾਏ, ਬਿਜਲੀ ਦੇ ਬਕਾਏ ਆਦਿ ਸਮੇਤ ਸੰਪਤੀ ਉਪਰ ਦੇਣਦਾਰੀਆਂ ਸਬੰਧੀ ਆਪਣੀ ਸੁਤੰਤਰ ਪੁਛਗਿਛ ਕਰ ਲੈਣ। 19. ਬੋਲੀਕਾਰ ਨੂੰ ਢੁੱਕਵੀਂ ਇੰਟਰਨੈਟ ਕੁਨੈਕਟੀਵਿਟੀ, ਪਾਵਰ ਬੈਕ-ਅਪ ਆਦਿ ਯਕੀਨੀ ਬਣਾ ਲੈਣੇ ਚਾਹੀਦੇ ਹਨ। ਬੈਂਕ ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਜਾਂ ਤਕਨੀਕੀ ਕਾਰਨਾਂ ਕਰਕੇ ਪਏ ਕਿਸੇ ਵੀ ਵਿਘਨ ਜਾਂ ਈ-ਨਿਲਾਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਅਚਨਚੇਤਤਾਵਾਂ ਦੇ ਲਈ ਜੁਆਬਦੇਹ ਨਹੀਂ ਹੋਵੇਗਾ। 20. ਸਫਲ ਬੋਲੀਕਾਰ ਨੂੰ 1% ਦਾ ਟੀਡੀਐਸ ਵੀ ਅਦਾ ਕਰਨਾ ਹੋਵੇਗਾ ਜੇਕਰ ਸੰਪਤੀ ਦੀ ਕੀਮਤ 50 ਲੱਖ ਤੋਂ ਵੱਧ ਹੋਵੇ। 21. ਇਸ ਸੂਚਨਾ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 9 (1) ਦੇ ਅਧੀਨ ਕਰਜ਼ਦਾਰ ਅਤੇ ਜ਼ਾਮਨ ਦੇ ਲਈ 15ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਵੀ ਸਮਝਿਆ ਜਾਵੇ। 22. ਇਕਲੇ ਬੋਲੀਕਾਰ ਹੋਣ ਦੀ ਸੂਰਤ ਵਿਚ ਉਸ ਦੇ ਬੋਲੀ ਫਾਰਮ ਵਿਚ ਕੋਟ ਕੀਤੀ ਬੋਲੀ ਰਕਮ ਵਿਚ ਘੱਟੋ ਘੱਟ ਇੱਕ ਬੋਲੀ ਵਾਧਾ ਲਾਗਤ ਤੱਕ ਸੁਧਾਰ ਹੋਣਾ ਲਾਜ਼ਮੀ ਹੈ, ਨਹੀਂ ਤਾਂ ਵਿਕਰੀ ਰੱਦ/ਬਰਖਾਸਤ ਕਰ ਦਿੱਤੀ ਜਾਵੇਗੀ। 23. ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਵੇਗੀ, ਜੇਕਰ ਕਰਜ਼ਦਾਰ ਸਫਲ ਬੋਲੀਕਾਰ ਨੂੰ ਵਿਕਰੀ ਦੀ ਪੁਸ਼ਟੀ ਦਾ ਪੱਤਰ ਜਾਰੀ ਹੋਣ ਤੋਂ ਪਹਿਲਾਂ ਅਧਿਕਾਰਤ ਅਧਿਕਾਰੀ ਨੂੰ ਬੈਂਕ ਕਰਾਰ ਦੇ ਬਕਾਇਆਂ ਸਮੇਤ ਹੋਰ ਖਰਚਿਆਂ ਦਾ ਭੁਗਤਾਨ ਕਰ ਦਿੰਦਾ ਹੈ, ਅਜਿਹੇ ਮਾਮਲੇ ਵਿਚ ਬੈਂਕ ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਸਮੁੱਚੀ ਰਕਮ ਬਿਨਾਂ ਵਿਆਜ ਤੋਂ ਵਾਪਸ ਕਰ ਦੇਵੇਗਾ।

ਮਿਤੀ : 22.08.2025 ਅਧਿਕਾਰਤ ਅਧਿਕਾਰੀ, ਯੂਕੋ ਬੈਂਕ



**ਯੂਨੀਅਨ ਬੈਂਕ** ਆਫ ਇੰਡੀਆ ਭਾਰਤ ਸਰਕਾਰ ਦਾ ਅਦਾਰਾ **Union Bank** of India A Government of India Undertaking

**ਅਸੈਟ ਰਿਕਵਰੀ ਸ਼ਾਖਾ**
ਕਾਲਰਾਜ਼ ਬਿਲਡਿੰਗ, ਪਹਿਲੀ ਮੰਜ਼ਿਲ, ਬੀ-15-295/ਬੀ ਅਤੇ ਬੀ-15-295/ਸੀ, ਨੇੜੇ ਓਸਵਾਲ ਸਟ੍ਰੀਟ, ਮਿਲਰਗੰਜ, ਜੀ.ਟੀ. ਰੋਡ, ਲੁਧਿਆਣਾ-141003, ਮੋਬ: ਨੰ. 83760-02606

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 11.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ**

**ਈ-ਨਿਲਾਮੀ ਵਿਕਰੀ ਸੂਚਨਾ**

**ਅਚੱਲ ਸੰਪਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 11.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**
**ਬਿਆਨਾ ਰਕਮ ਬੋਲੀ ਰੱਖਣ ਤੋਂ ਪਹਿਲਾਂ ਨਿਲਾਮੀ ਦਾ ਸਮਾਂ ਖਤਮ ਹੋਣ ਤੋਂ ਪਹਿਲਾਂ ਸੰਪਤੀ ਆਈਡੀ ਸਮੇਤ ਜਮ੍ਹਾਂ ਕੀਤੀ ਜਾਵੇਗੀ ਅਤੇ ਲਿੰਕ/ਮੈਪ ਕੀਤੀ ਜਾਵੇਗੀ।**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।** ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪਤੀ, ਜਿਸ ਦਾ ਉਸਾਰੂ/ਸੰਕੇਤਕ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸੰਬਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਵੱਲ ਨਿਮਨ ਦਰਸਾਏ ਬਕਾਏ ਦੀ ਵਸੂਲੀ ਦੇ ਲਈ 11.09.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"ਅਧਾਰ** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬਧਤ ਸੰਪਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।**

| ਲ. ਨੰ. | ਸ਼ਾਖਾ , ਖਾਤਾ, ਕਰਜ਼ਦਾਰ/ਾਂ/ ਜ਼ਾਮਨ/ਾਂ ਆਦਿ ਦੇ ਨਾਮ | ਬਕਾਇਆ ਰਕਮ | ਸੰਪਤੀਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
| --- | --- | --- | --- | --- |
| 1. | 1. ਮੈਸ. ਅਲਗੋਂ ਟਰੇਡਰਜ਼, ਫੂਡ ਗ੍ਰੇਨ ਮਾਰਕੀਟ, ਅਲਗੋਂ ਕੋਠੀ ਮੰਡੀ, ਤਹਿਸੀਲ ਪੱਟੀ, ਤਰਨਤਾਰਨ, ਅੰਮ੍ਰਿਤਸਰ ਪੰਜਾਬ 143303। 2. ਸ੍ਰੀ ਗੁਰਸੇਵਕ ਸਿੰਘ ਪੁੱਤਰ ਮੀਖਾ ਸਿੰਘ (ਪ੍ਰੋਪ) ਪਿੰਡ ਅਤੇ ਡਾਕਖਾਨਾ ਅਲਗੋਂ ਖੁਰਦ, ਅਲਗੋਂ ਕੋਠੀ, ਤਹਿਸੀਲ ਪੱਟੀ, ਜ਼ਿਲ੍ਹਾ ਤਹਿਸੀਲ ਤਰਨਤਾਰਨ, ਅੰਮ੍ਰਿਤਸਰ ਪੰਜਾਬ-143419. ਜ਼ਾਮਨ: 1. ਸ੍ਰੀ ਸੁਖਰਾਜ ਸਿੰਘ ਪੁੱਤਰ ਸ. ਸੁਖਵਿੰਦਰ ਸਿੰਘ, ਨਿਵਾਸੀ ਪਿੰਡ ਭੈਣੀ ਮੱਸਾ ਸਿੰਘ, ਡਾਕਖਾਨਾ ਅਲਗੋਂ ਖੁਰਦ, ਤਹਿਸੀਲ ਪੱਟੀ, ਜਿਲਾ. ਤਰਨਤਾਰਨ, ਅੰਮ੍ਰਿਤਸਰ, ਪੰਜਾਬ 143419. ਹੋਰ ਪਤਾ : ਮਕਾਨ ਨੰ. 56 ਲੇਨ ਨੰ. 6, ਗ੍ਰੀਨ ਸਿਟੀ ਅਜਨਾਲਾ ਰੋਡ, ਅੰਮ੍ਰਿਤਸਰ ਪੰਜਾਬ 143001. 2. ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ. ਦਰਬਾਰਾ ਸਿੰਘ, ਵਾਸੀ ਪਿੰਡ ਭੈਣੀ ਮੱਸਾ ਸਿੰਘ, ਡਾਕਖਾਨਾ ਅਲਗੋਂ ਖੁਰਦ, ਤਹਿਸੀਲ ਪੱਟੀ, ਜਿਲ੍ਹਾ. ਤਰਨਤਾਰਨ, ਅੰਮ੍ਰਿਤਸਰ, ਪੰਜਾਬ 143419 | ਰੁ. 1,33,34,628.61 29.09.2023 ਨੂੰ ਜਮ੍ਹਾਂ ਵਿਆਜ | ਵਪਾਰਕ ਜਾਇਦਾਦ ਦੇ ਈਐਮ ਦਾ ਸਾਰੇ ਭਾਗ ਅਤੇ ਹਿੱਸੇ ਜਿਸਦੀ ਮਾਪ 2178 ਵਰਗ ਗਜ਼ (3 ਕਨਾਲ 12 ਮਰਲੇ) ਹੈ, ਖਸਰਾ ਨੰਬਰ 82//5, 82//4/2 ਮਿਨ ਹਦਬਸਤ ਨੰਬਰ 95, ਰਕਬਾ ਪਿੰਡ ਅਲਗੋਂ ਕੋਠੀ (ਅਲਗੋਂ-2) ਤਹਿਸੀਲ ਭਿੱਖੀਵਿੰਡ (ਪੁਰਾਣੀ ਤਹਿਸੀਲ ਪੱਟੀ) ਅਤੇ ਜ਼ਿਲ੍ਹਾ ਤਰਨਤਾਰਨ 143419, ਸ੍ਰੀ ਸੁਖਰਾਜ ਸਿੰਘ ਪੁੱਤਰ ਸ੍ਰੀ ਸੁਖਵਿੰਦਰ ਸਿੰਘ ਦੇ ਨਾਮ 'ਤੇ ਹੱਦਬੰਦੀ ਨਿਮਨ ਅਨੁਸਾਰ: ਪੂਰਬ: ਸ਼੍ਰੀਮਤੀ ਦਲਜੀਤ ਕੌਰ ਦੀ ਖੇਤੀਬਾੜੀ ਜ਼ਮੀਨ, ਪੱਛਮ: ਪਹੁੰਚ ਸੜਕ, ਉੱਤਰ: ਸ. ਸੁਖਦੇਵ ਸਿੰਘ ਦੀ ਜ਼ਮੀਨ, ਦੱਖਣ: ਸ. ਬਲਰਾਜ ਸਿੰਘ ਦੀ ਜ਼ਮੀਨ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 68,50,000/- / Rs. 6,85,000/- / Rs. 68,500/- |
| 2. | ਮੈਸ. ਬੀ.ਐਸ. ਇੰਜੀਨੀਅਰਜ਼ (ਰਾਹੀਂ ਇਸਦੇ ਪ੍ਰੋਪ. ਸ੍ਰੀ ਬਲਜਿੰਦਰ ਸਿੰਘ) ਸੀ-26, ਪ੍ਰੀਮੀਅਰ ਕੰਪਲੈਕਸ, ਭੋਲਾਪੁਰ, ਤਹਿਸੀਲ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ, ਪੰਜਾਬ-141123, **ਸ੍ਰੀ ਬਲਜਿੰਦਰ ਸਿੰਘ ਸਪੁੱਤਰ ਗੁਰਦੇਵ ਸਿੰਘ**, ਪਿੰਡ ਲਾਪੜਾਂ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ-141123, **ਜ਼ਾਮਨਾਂ/ਸਹਿ ਬਿਨੈਕਾਰ: ਸ੍ਰੀਮਤੀ ਰਜਿੰਦਰ ਕੌਰ ਸੁਪਤਨੀ ਸ੍ਰੀ ਬਲਜਿੰਦਰ ਸਿੰਘ**, ਪਿੰਡ ਲਾਪੜਾਂ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ-141123, | ਰੁ. 41,00,496.27 31.05.2023 ਨੂੰ ਜਮ੍ਹਾਂ ਵਿਆਜ | ਵਿਕਰੀ ਡੀਡ ਨੰ. 2019-20/102/1/4538 ਮਿਤੀ 08.01.2020 ਅਧੀਨ ਸ੍ਰੀ ਬਲਜਿੰਦਰ ਸਿੰਘ ਸਪੁੱਤਰ ਸ੍ਰੀ ਗੁਰਦੇਵ ਸਿੰਘ ਦੇ ਨਾਮ 'ਤੇ ਜਮ੍ਹਾਂਬੰਦੀ ਸਾਲ 2015-16 ਅਨੁਸਾਰ ਪਿੰਡ ਭੋਲਾਪੁਰ ਵਿਖੇ ਖਾਤਾ ਨੰ. 129/181, 138/160, ਖਸਰਾ ਨੰ. 45//3, 4, 7, 8, 13, 14/1, 14/2, 15/1 ਅਧੀਨ ਹੱਦਬਸਤ ਨੰ. 238, ਪਿੰਡ ਭੋਲਾਪੁਰ, ਲੁਧਿਆਣਾ, ਪੰਜਾਬ-141123 ਵਿਖੇ ਪਲਾਟ ਨੰ. ਸੀ-26, ਪ੍ਰੀਮੀਅਰ ਕੰਪਲੈਕਸ ਵਿਖੇ 200 ਵਰਗ ਗਜ਼ ਮਾਪ ਵਾਲੀ ਰਿਹਾਇਸ਼ੀ ਜ਼ਮੀਨ ਅਤੇ ਬਿਲਡਿੰਗ ਦੀ ਈਐਮਜੀ। **ਹੱਦਬੰਦੀ: ਪੂਰਬ:** ਸੜਕ 20 ਫੁੱਟ ਚੌੜੀ (40 ਫੁੱਟ), **ਪੱਛਮ:** ਮਕਾਨ 40 ਫੁੱਟ, **ਉੱਤਰ:** ਮਕਾਨ 45 ਫੁੱਟ, **ਦੱਖਣ:** ਪਲਾਟ ਸਮੇਤ ਬਾਊਂਡਰੀ ਵਾਲ 45 ਫੁੱਟ। **ਕਬਜ਼ੇ ਦੀ ਕਿਸਮ: ਭੌਤਿਕ।** | Rs. 20,00,000/- / Rs. 2,00,000/- / Rs. 20,000/- |
| 3. | **ਮੈਸ. ਭਗਤ ਸੁੱਚਾ ਸਿੰਘ ਜੀ ਮੈਮੋਰੀਅਲ ਐਜੂਕੇਸ਼ਨ ਸੁਸਾਇਟੀ** (ਬਡਿੰਗ ਬ੍ਰੇਨ ਇੰਟਰਨੈਸ਼ਨਲ ਸਕੂਲ) ਰਾਹੀਂ ਪ੍ਰਮੋਟਰਸ ਸ੍ਰੀ ਪਵਨਦੀਪ ਸਿੰਘ ਢਿੱਲੋਂ ਅਤੇ ਸ੍ਰੀਮਤੀ ਮਨਪ੍ਰੀਤ ਢਿੱਲੋਂ, ਐਮਸੀ ਨੰ. ਬੀ-02/0069, ਪਹਿਲੀ ਮੰਜ਼ਿਲ, ਸਾਹਮਣੇ ਆਈਸੀਆਈਸੀ ਬੈਂਕ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ-141109 2. **ਸ੍ਰੀ ਪਵਨਦੀਪ ਸਿੰਘ ਢਿੱਲੋਂ ਸਪੁੱਤਰ ਸ੍ਰੀ ਦਵਿੰਦਰ ਸਿੰਘ** ਵਾਸੀ 16-ਐਚ, ਭਾਈ ਰਣਧੀਰ ਸਿੰਘ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ, 141012, 3. **ਸ੍ਰੀਮਤੀ ਮਨਪ੍ਰੀਤ ਢਿੱਲੋਂ ਸੁਪਤਨੀ ਸ੍ਰੀ ਪਵਨਦੀਪ ਸਿੰਘ ਢਿੱਲੋਂ** ਵਾਸੀ 16-ਐਚ, ਭਾਈ ਰਣਧੀਰ ਸਿੰਘ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ, 141012 | ਰੁ.15,22,02,340/- 30.06.2023 ਨੂੰ ਜਮ੍ਹਾਂ 01.07.2023 ਤੋਂ ਪ੍ਰਭਾਵੀ ਵਿਆਜ | ਪਿੰਡ ਜਵੱਦੀ, ਹੱਦਬਸਤ ਨੰ. 160, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਜਮ੍ਹਾਂਬੰਦੀ ਸਾਲ 1998-1999 ਅਨੁਸਾਰ ਖਸਰਾ ਨੰ. 386-393/17, ਖਾਤਾ ਨੰ. 1135/1262 ਵਿਚ ਸ਼ਾਮਲ 142-1/2 ਵਰਗ ਗਜ਼ ਮਾਪ ਵਾਲੀ ਸੰਪਤੀ (ਬੀ-27-76/2, ਕੈਨਾਲ ਰੋਡ, ਜਵੱਦੀ, ਲੁਧਿਆਣਾ ਵਿਖੇ ਸਥਿਤ) ਦੀ ਈਐਮਜੀ, ਦਾ ਵੇਰਵਾ : (1) ਵਿਕਰੀ ਡੀਡ ਵਸੀਕਾ ਨੰ. 288 ਮਿਤੀ 07.04.2005 ਦੇ ਅਧੀਨ ਸ੍ਰੀ ਪਵਨਦੀਪ ਸਿੰਘ ਢਿੱਲੋਂ ਸਪੁੱਤਰ ਸ੍ਰੀ ਦਵਿੰਦਰ ਸਿੰਘ ਦੇ ਨਾਮ 'ਤੇ 107-1/2 ਵਰਗ ਗਜ਼ ਮਾਪ ਵਾਲੀ ਸੰਪਤੀ। ਹੱਦਬੰਦੀ : ਪੂਰਬ : ਗੁਆਂਢੀ, ਪੱਛਮ : ਸੜਕ 15", ਉੱਤਰ : ਕੈਨਾਲ ਰੋਡ, 24", ਦੱਖਣ : ਗੁਆਂਢੀ।(2) ਵਿਕਰੀ ਡੀਡ ਵਸੀਕਾ ਨੰ. 6305 ਮਿਤੀ 09.06.2005 ਦੇ ਅਧੀਨ ਸ੍ਰੀ ਪਵਨਦੀਪ ਸਿੰਘ ਢਿੱਲੋਂ ਸਪੁੱਤਰ ਸ੍ਰੀ ਦਵਿੰਦਰ ਸਿੰਘ ਦੇ ਨਾਮ 'ਤੇ 35 ਵਰਗ ਗਜ਼ ਮਾਪ ਵਾਲੀ ਸੰਪਤੀ। ਹੱਦਬੰਦੀ : ਪੂਰਬ : ਗੁਆਂਢੀ, ਪੱਛਮ : ਗਲੀ, ਉੱਤਰ : ਰਸਤਾ 15", ਦੱਖਣ : ਗੁਆਂਢੀ 15"। **ਕਬਜ਼ੇ ਦੀ ਕਿਸਮ- ਸੰਕੇਤਕ** | Rs. 73,00,000/- / Rs. 7,30,000/- / Rs. 73,000/- |
| 4. | ਕਰਜ਼ਦਾਰ: a) ਮੈਸ. ਡਰੀਮ ਐਂਡ ਪ੍ਰੋਸਪੈਰਿਟੀ ਹੋਟਲ ਅਤੇ ਰੈਸਟੋਰੈਂਟ ਪ੍ਰਤੀਨਿਧੀ ਪ੍ਰੋਪ ਦੁਆਰਾ ਸ੍ਰੀ ਰਾਹੁਲ ਚੌਹਾਨ (ਮ੍ਰਿਤਕ) ਆਪਣੇ ਕਾਨੂੰਨੀ ਵਾਰਸਾਂ ਰਾਹੀਂ: (i) ਸ੍ਰੀ ਦਿਨੇਸ਼ ਕੁਮਾਰ (ਪਿਤਾ) (ii) ਸ਼੍ਰੀਮਤੀ ਸੁਨੀਤਾ ਦੇਵੀ (ਮਾਤਾ)। (iii) ਸ਼੍ਰੀਮਤੀ ਸਪਨਾ ਚੌਹਾਨ (ਪਤਨੀ) ਅਤੇ ਸਾਰੇ ਅਣਪਛਾਤੇ ਕਾਨੂੰਨੀ ਵਾਰਸਾਂ, ਸਾਰੇ ਵਾਸੀ ਪਿੰਡ ਭਦਵਾੜਾ ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼ 176053 ਆਪਣੇ ਕਾਨੂੰਨੀ ਵਾਰਸਾਂ ਪਿੰਡ ਭਦਵਾੜਾ, ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼ 176053. ਸਹਿ ਬਿਨੈਕਾਰ/ਗਿਰਵੀਕਾਰ ਦਿਨੇਸ਼ ਕੁਮਾਰ ਪੁੱਤਰ ਸਵਰਗੀ ਸ੍ਰੀ ਮੋਹਨ ਲਾਲ, ਪਿੰਡ ਭਦਵਾੜਾ, ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼ 176053। ਜ਼ਾਮਨ: ਜਸਬੀਰ ਸਿੰਘ ਪੁੱਤਰ ਨਰਿੰਦਰ, ਵਾਰਡ ਨੰਬਰ 5, ਪਿੰਡ ਅਤੇ ਡਾਕਖਾਨਾ ਥੱਥਲ, ਤਹਿਸੀਲ ਅੰਬ, ਜ਼ਿਲ੍ਹਾ ਊਨਾ, ਹਿਮਾਚਲ ਪ੍ਰਦੇਸ਼, 177211 | ਰੁ. 66,03,699/- 23.06.2021 ਨੂੰ ਜਮ੍ਹਾਂ ਵਿਆਜ | 253 ਵਰਗ ਮੀਟਰ ਦੀ ਵਪਾਰਕ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿਚ ਖੇਵਟ/ਖਤੌਨੀ ਨੰਬਰ 81 ਮਿਨ/135 ਮਿਨ ਸ਼ਾਮਲ ਹੈ ਅਤੇ ਖਸਰਾ ਨੰਬਰ 684 ਕਿੱਟ 1 ਮਾਪ 0-01-70 ਹੈਕਟੇਅਰ ਅਤੇ ਖੇਵਟ/ਖਤੌਨੀ ਨੰਬਰ 81 ਮਿਨ/135 ਮਿਨ ਖਸਰਾ ਨੰਬਰ 685/2/2 ਮਾਪ 0-04-32 ਇਸ ਵਿੱਚੋਂ 0-00-83 ਹੈਕਟੇਅਰ ਪਿੰਡ ਬਧਵਾੜਾ ਮੌਜ਼ਾ ਸੁਨੇਤ, ਤਹਿਸੀਲ ਫਤਿਹਪੁਰ, ਜ਼ਿਲ੍ਹਾ ਕਾਂਗੜਾ ਵਿੱਚ ਹੈ (ਸ੍ਰੀ ਰਾਹੁਲ ਚੌਹਾਨ ਪੁੱਤਰ ਦਿਨੇਸ਼ ਕੁਮਾਰ ਦੇ ਨਾਮ 'ਤੇ ਖਸਰਾ ਨੰਬਰ 684 ਵਿੱਚ ਜਾਇਦਾਦ ਅਤੇ ਸ੍ਰੀ ਦਿਨੇਸ਼ ਕੁਮਾਰ ਪੁੱਤਰ ਮੋਹਨ ਲਾਲ ਦੇ ਨਾਮ 'ਤੇ ਖਸਰਾ ਨੰਬਰ 685/2/2 ਵਿੱਚ ਜਾਇਦਾਦ)। ਹੱਦਬੰਦੀ ਹਨ: ਉੱਤਰ- ਸਰਕਾਰੀ ਜ਼ਮੀਨ, ਦੱਖਣ- ਸ਼ਿਵ ਰਾਮ ਚੌਧਰੀ ਦਾ ਪਲਾਟ, ਪੂਰਬ- ਤਾਰਾ ਸਿੰਘ ਦਾ ਪਲਾਟ, ਪੱਛਮ- ਨੂਰਪੁਰ ਤੋਂ ਤਲਵਾੜਾ ਰੋਡ।ਕਬਜ਼ੇ ਦੀ ਕਿਸਮ: ਸੰਕੇਤਕ | Rs. 39,50,000/- / Rs. 3,95,000/- / Rs. 39,500/- |
| 5. | **ਕਰਜ਼ਦਾਰ: ਮੈਸਰਜ਼ ਮੰਗਲ ਸਿੰਘ ਐਂਡ ਸੰਨਜ਼** ਪ੍ਰੋਪ. ਗੁਰਪ੍ਰੀਤ ਸਿੰਘ, ਪਿੰਡ ਵੜਿੰਗ, ਡਾਕਖਾਨਾ ਬਰੀਵਾਲਾ, ਤਹਿਸੀਲ ਅਤੇ ਜ਼ਿਲ੍ਹਾ ਮੁਕਤਸਰ, ਪੰਜਾਬ 152025, ਜ਼ਾਮਨ: ਸ੍ਰੀ ਜਗਜੀਤ ਸਿੰਘ ਪੁੱਤਰ ਗੁਰਨਾਮ ਸਿੰਘ, ਨਿਵਾਸੀ ਪਿੰਡ ਅਤੇ ਡਾਕਖਾਨਾ ਡੋਡਾ, ਤਹਿਸੀਲ ਗਿੱਦੜਬਾਹਾ, ਜ਼ਿਲ੍ਹਾ ਮੁਕਤਸਰ, ਪੰਜਾਬ-152031 | ਰੁ. 58,21,088.76 07.09.2015 ਨੂੰ ਜਮ੍ਹਾਂ ਵਿਆਜ | **ਲਾਟ 1**- ਦੁਕਾਨ ਅਤੇ ਰਿਹਾਇਸ਼ੀ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਦਾ ਮਾਪ 6900 ਵਰਗ ਫੁੱਟ ਹੈ।ਕੋਟਕਪੂਰਾ ਰੋਡ, ਪਿੰਡ ਵੜਿੰਗ, ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਸਥਿਤ ਹੈ ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ:- ਵਿਕਰੀ ਡੀਡ ਅਨੁਸਾਰ ਹੱਦਬੰਦੀ:- ਉੱਤਰ: ਸੜਕ 40'-0", ਦੱਖਣ: ਦਰਸ਼ਨ ਸਿੰਘ 80'-0", ਪੂਰਬ: ਹਰਚੰਦ ਸਿੰਘ 115'-0", ਪੱਛਮ: ਗਲੀ 115'-0" (**ਕਬਜ਼ਾ ਕਿਸਮ: - ਸੰਕੇਤਕ**) | LOT : 1 Rs. 31,00,000/- / Rs. 3,10,000/- / Rs. 31,000/- |
| | | | **ਲਾਟ 2**- ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪਿੰਡ ਵੜਿੰਗ, ਕੋਟਕਪੂਰਾ ਰੋਡ ਵਿਖੇ ਸਥਿਤ 5445 ਵਰਗ ਫੁੱਟ ਦੀ ਰਿਹਾਇਸ਼ੀ ਇਮਾਰਤ ਦੇ ਸਾਰੇ ਭਾਗ ਅਤੇ ਹੱਸੇ ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ:- ਵਿਕਰੀ ਡੀਡ ਅਨੁਸਾਰ ਸੀਮਾਵਾਂ:- ਉੱਤਰ: ਹਰਚੰਦ ਸਿੰਘ ਦੀ ਜ਼ਮੀਨ 27'-6", ਦੱਖਣ: ਕੇ.ਕੇ. ਮੁਕਤਸਰ ਰੋਡ 27'-6", ਪੂਰਬ: ਸੁਖਜਿੰਦਰ ਸਿੰਘ 198'-0", ਪੱਛਮ: ਡਾ. ਰੁਮਾਣਾ ਦੇ ਸਾਹਮਣੇ 198'-0" (**ਕਬਜ਼ਾ ਕਿਸਮ: - ਸੰਕੇਤਕ**) | LOT : 2 Rs. 12,00,000/- / Rs. 1,20,000/- / Rs. 12,000/- |
| 6. | ਕਰਜ਼ਦਾਰ : ਮੈਸ. ਓਮ ਨਿਟਵਿਅਰਜ਼ (ਰਾਹੀਂ ਪ੍ਰੋਪ. ਸ੍ਰੀ ਜਗਦੀਪ ਸ਼ਰਮਾ) ਪਤਾ: ਬੀ-1/213/74/ਡੀ/8, ਗਲੀ ਨੰ. 10, ਨਿਊ ਕੁੰਦਨਪੁਰੀ, ਲੁਧਿਆਣਾ, ਪੰਜਾਬ-141001, ਕਰਜ਼ਦਾਰ/ਗਿਰਵੀਕਾਰ: ਸ੍ਰੀ ਜਗਦੀਪ ਸ਼ਰਮਾ ਸਪੁੱਤਰ ਸ੍ਰੀ ਓਮ ਪ੍ਰਕਾਸ਼ ਸ਼ਰਮਾ, ਪਤਾ: ਬੀ-1/213/74/ਡੀ/8, ਗਲੀ ਨੰ. 10, ਨਿਊ ਕੁੰਦਨਪੁਰੀ, ਲੁਧਿਆਣਾ, ਪੰਜਾਬ-141001, ਜ਼ਾਮਨ: ਸ੍ਰੀਮਤੀ ਮਮਤਾ ਸ਼ਰਮਾ, ਪਤਾ: ਬੀ-1/213/74/ਡੀ/8, ਗਲੀ ਨੰ. 10, ਨਿਊ ਕੁੰਦਨਪੁਰੀ, ਲੁਧਿਆਣਾ, ਪੰਜਾਬ-141001 | ਰੁ. 50,64,689.37 31.03.2021 ਨੂੰ ਜਮ੍ਹਾਂ 01.04.2021 ਤੋਂ ਪ੍ਰਭਾਵੀ ਵਿਆਜ | ਸ੍ਰੀ ਜਗਦੀਪ ਸ਼ਰਮਾ ਸਪੁੱਤਰ ਸ੍ਰੀ ਓਮ ਪ੍ਰਕਾਸ਼ ਸ਼ਰਮਾ ਦੀ ਮਲਕੀਅਤ ਵਾਲੀ ਮਾਲੀਆ ਅਸਟੇਟ ਮਹਿਲ ਭਗਤ ਲੁਧਿਆਣਾ ਵਿਖੇ ਸਥਿਤ ਸੰਪਤੀ ਨੰ. ਪਤਾ: ਬੀ-1/213/74/ਡੀ/8, ਗਲੀ ਨੰ. 10, ਨਿਊ ਕੁੰਦਨਪੁਰੀ, ਲੁਧਿਆਣਾ ਵਿਖੇ ਸਥਿਤ ਖਸਰਾ ਨੰ. 261, 262, 265, 1620/1315/287, 1621/1315/287, 1316/287, 1617/266, 1613/260, ਖਾਤਾ ਨੰ. 297/324, 328/337-332 ਵਿੱਚ ਸ਼ਾਮਲ ਜਮ੍ਹਾਂਬੰਦੀ ਸਾਲ 2009-10 ਅਨੁਸਾਰ 100 ਵਰਗ ਗਜ਼ ਮਾਪ ਵਾਲੀ ਜ਼ਮੀਨ ਅਤੇ ਬਿਲਡਿੰਗ। ਹੱਦਬੰਦੀ: ਉੱਤਰ: ਗੁਆਂਢੀ ਦੀ ਸੰਪਤੀ, ਦੱਖਣ: ਗਲੀ (15'-0" ਚੌੜੀ), ਪੂਰਬ: ਗੁਆਂਢੀ ਦੀ ਮਕਾਨ, ਪੱਛਮ: ਗੁਆਂਢੀ ਦਾ ਮਕਾਨ। ਕਬਜ਼ੇ ਦੀ ਕਿਸਮ: ਸੰਕੇਤਕ। | Rs. 29,50,000/- / Rs. 2,95,000/- / Rs. 29,500/- |
| 7. | ਕਰਜ਼ਦਾਰ:- ਮੈਸ. ਪਾਹੁਲ ਟਰੇਡਿੰਗ ਕੰਪਨੀ (ਪ੍ਰੋਪ. ਸ਼੍ਰੀਮਤੀ ਗੁਰਮਿੰਦਰ ਜੀਤ ਪਾਲ ਕੌਰ), ਫੂਡ ਗ੍ਰੇਨ ਮਾਰਕੀਟ, ਅਲਗੋਂ ਕੋਠੀ ਮੰਡੀ, ਤਹਿਸੀਲ ਪੱਟੀ, ਤਰਨ ਤਾਰਨ, ਅੰਮ੍ਰਿਤਸਰ ਪੰਜਾਬ 143303. ਸ਼੍ਰੀਮਤੀ ਗੁਰਮਿੰਦਰ ਜੀਤ ਪਾਲ ਕੌਰ, ਮਕਾਨ ਨੰ: 56 ਲੇਨ 6, ਗ੍ਰੀਨ ਸਿਟੀ ਅਜਲਾਲਾ ਰੋਡ, ਅੰਮ੍ਰਿਤਸਰ ਪੰਜਾਬ-143001. ਜ਼ਾਮਨ:-1 ਸ਼੍ਰੀ ਬਲਰਾਜ ਸਿੰਘ ਪੁੱਤਰ ਸ਼੍ਰੀ ਸੁਖਵਿੰਦਰ ਸਿੰਘ, ਵਾਸੀ ਪਿੰਡ ਭੈਣੀ ਮੱਸਾ ਸਿੰਘ, ਡਾਕਖਾਨਾ ਅਲਗੋਂ ਖੁਰਦ, ਤਹਿਸੀਲ ਪੱਟੀ, ਜ਼ਿਲ੍ਹਾ. ਤਰਨਤਾਰਨ, ਅੰਮ੍ਰਿਤਸਰ, ਪੰਜਾਬ 143419। ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ. ਦਰਬਾਰਾ ਸਿੰਘ ਵਾਸੀ ਪਿੰਡ ਭੈਣੀ ਮੱਸਾ ਸਿੰਘ, ਡਾਕਖਾਨਾ ਅਲਗੋਂ ਖੁਰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ, ਅੰਮ੍ਰਿਤਸਰ, ਪੰਜਾਬ 143419 | ਰੁ. 1,66,87,669.74 25.09.2023 ਨੂੰ ਜਮ੍ਹਾਂ ਵਿਆਜ | ਵਪਾਰਕ ਜਾਇਦਾਦ ਦੇ ਈਐਮ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਦਾ ਮਾਪ 2178 ਵਰਗ ਗਜ਼ (3 ਕਨਾਲ 12 ਮਰਲੇ) ਹੈ, ਖਸਰਾ ਨੰਬਰ 82//5, 82//4/2 ਮਿਨ ਹੱਦਬਸਤ ਨੰਬਰ 95, ਰਕਬਾ ਪਿੰਡ ਅਲਗੋਂ ਕੋਠੀ (ਅਲਗੋਂ-2) ਤਹਿਸੀਲ ਭਿੱਖੀਵਿੰਡ (ਪੁਰਾਣੀ ਤਹਿਸੀਲ ਪੱਟੀ) ਅਤੇ ਜ਼ਿਲ੍ਹਾ ਤਰਨਤਾਰਨ 143419, ਸ਼੍ਰੀ ਬਲਰਾਜ ਸਿੰਘ ਪੁੱਤਰ ਸ਼੍ਰੀ ਸੁਖਵਿੰਦਰ ਸਿੰਘ ਦੇ ਨਾਮ 'ਤੇ ਹੈ। ਹੱਦਬੰਦੀ ਹੇਠ ਦਿੱਤੀ ਗਈ ਹੈ: ਪੂਰਬ: ਸ਼੍ਰੀਮਤੀ ਦਲਜੀਤ ਕੌਰ ਦੀ ਖੇਤੀਬਾੜੀ ਜ਼ਮੀਨ, ਪੱਛਮ: ਪਹੁੰਚ ਸੜਕ, ਉੱਤਰ: ਸ਼੍ਰੀ ਸੁਖਰਾਜ ਸਿੰਘ ਦੀ ਜ਼ਮੀਨ, ਦੱਖਣ: ਸ਼੍ਰੀ ਰੇਸ਼ਮ ਸਿੰਘ ਦੀ ਜ਼ਮੀਨ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 68,50,000/- / Rs. 6,85,000/- / Rs. 68,500/- |
| 8. | 1. ਮੈਸਰਜ਼ ਐਸ.ਏ. ਇੰਟਰਪ੍ਰਾਈਜਿਜ਼ ਰਾਹੀਂ ਇਸ ਦੇ ਪ੍ਰੋਪ. ਸੌਰਭ ਗੁਪਤਾ, ਵਾਸੀ 82 ਐਫ ਮੁਹੱਲਾ ਨਰਾਇਣਾ, ਕੱਚੀ ਚਵਾਨੀ, ਜੰਮੂ, ਜ਼ਿਲ੍ਹਾ ਜੰਮੂ।2. ਸ਼. ਸੌਰਭ ਗੁਪਤਾ, ਵਾਸੀ ਮਕਾਨ ਨੰ. 228, ਮੁਹੱਲਾ ਨਰੈਆਣਾ, ਕੱਚੀ ਚਵਾਨੀ, ਜੰਮੂ, ਜ਼ਿਲ੍ਹਾ ਜੰਮੂ। | ਰੁ. 42,32,468.98 03.06.2019 ਨੂੰ ਜਮ੍ਹਾਂ ਵਿਆਜ | ਜ਼ਮੀਨ ਦਾ ਮਾਪ 02 ਕਨਾਲ ਜਿਸ ਵਿੱਚ ਖਸਰਾ ਨੰਬਰ 369 ਮਿਨ ਖਾਤਾ ਨੰਬਰ 300 ਅਤੇ ਖੇਵਟ ਨੰਬਰ 71 ਮਿਨ ਹੈ, ਪਿੰਡ ਲਟੋਰੀ, ਕਟੜਾ ਵਿਖੇ ਸ਼੍ਰੀ ਸੌਰਭ ਗੁਪਤਾ ਪੁੱਤਰ ਸ਼ੁਕੀਲ ਕੁਮਾਰ ਗੁਪਤਾ ਦੇ ਨਾਮ 'ਤੇ ਸਥਿਤ ਹੈ, ਜਿਸਦੀ ਹੱਦਬੰਦੀ ਇਸ ਪ੍ਰਕਾਰ ਹੈ : ਉੱਤਰ: ਅਭਿਸ਼ੇਕ ਗੁਪਤਾ ਦੀ ਖੁੱਲ੍ਹੀ ਜ਼ਮੀਨ, ਦੱਖਣ: ਖੁੱਲ੍ਹੀ ਜ਼ਮੀਨ, ਪੂਰਬ: ਪਹਾੜੀ ਢਲਾਣਾਂ, ਪੱਛਮ: ਸਾਹਮਣੇ ਵਾਲੀ ਸੜਕ, ਕਬਜ਼ੇ ਦੀ ਕਿਸਮ-ਸੰਕੇਤਕ | Rs. 35,00,000/- / Rs. 3,50,000/- / Rs. 35,000/- |
| 9. | 1. ਮੈਸਰਜ਼ ਜੇ ਐਸ ਮੰਡ ਕਮਿਸ਼ਨ ਏਜੰਟ ਦੀ ਨੁਮਾਇੰਦਗੀ ਇਸ ਦੇ ਪ੍ਰੋਪਰਾਈਟਰ ਸ਼੍ਰੀ ਹਰਿੰਦਰ ਸਿੰਘ ਮੰਡ ਪੁੱਤਰ ਈਸ਼ਰ ਸਿੰਘ, ਨੇੜੇ ਪੀ.ਐਸ., ਪਿੰਡ ਲੋਹਟ ਬੱਦੀ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ-141109 (ਕਰਜ਼ਦਾਰ) 2. ਸ਼੍ਰੀ ਹਰਿੰਦਰ ਸਿੰਘ ਮੰਡ ਪੁੱਤਰ ਸ. ਈਸ਼ਰ ਸਿੰਘ, ਨੇੜੇ ਪੀ.ਐਸ., ਪਿੰਡ ਲੋਹਟ ਬੱਦੀ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ-141109। 3. ਸ਼੍ਰੀਮਤੀ ਗੁਰਦੀਪ ਕੌਰ ਪਤਨੀ ਹਰਿੰਦਰ ਸਿੰਘ ਮੰਡ, ਪੀ.ਐਸ., ਪਿੰਡ ਲੋਹਟ ਬੱਦੀ, ਤਹਿਸੀਲ ਰਾਏਕੋਟ, ਜ਼ਿਲ੍ਹਾ-ਲੁਧਿਆਣਾ- 141109। (ਜ਼ਾਮਨ ਅਤੇ ਗਿਰਵੀਕਾਰ)। 4. ਸ਼੍ਰੀਮਤੀ ਅਮਰਜੀਤ ਕੌਰ ਸੁਪਤਨੀ ਸ਼੍ਰੀ ਕੁਲਵੰਤ ਸਿੰਘ, ਮਹਿਮਾ ਖੁਰਦ, ਮਲੇਰਕੋਟਲਾ, ਸੰਗਰੂਰ, 148023. (ਜ਼ਾਮਨ ਅਤੇ ਗਿਰਵੀਕਾਰ) ਦੁਆਰਾ ਕੀਤੀ ਗਈ। | ਰੁ. 1,11,49,146.88 31.03.2021 ਨੂੰ ਜਮ੍ਹਾਂ 01.04.2021 ਤੋਂ ਪ੍ਰਭਾਵੀ ਵਿਆਜ | ਲਾਟ-1: ਪਿੰਡ ਲੋਹਟ ਬੱਦੀ, ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ 0ਬੀ-12ਬੀ-17ਬੀ ਮਾਪ ਵਾਲੇ ਪਲਾਟ 'ਤੇ ਬਣੀ ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ, ਜੋ ਕਿ ਜਮ੍ਹਾਂਬੰਦੀ 2010-11 ਦੇ ਅਨੁਸਾਰ ਪਿੰਡ ਲੋਹਟ ਬੱਦੀ ਦੇ ਖਾਤਾ ਨੰਬਰ 470/628, ਖਸਰਾ ਨੰਬਰ 2887/534 ਵਿੱਚ ਸ਼ਾਮਲ ਹੈ ਅਤੇ ਸ਼੍ਰੀਮਤੀ ਗੁਰਦੀਪ ਕੌਰ ਦੇ ਨਾਮ 'ਤੇ ਹੈ। ਇਸ ਨਾਲ ਘਿਰਿਆ ਹੋਇਆ ਹੈ:- ਪੂਰਬ: ਗੁਆਂਢੀ, ਪੱਛਮ: ਅਹਿਮਦਗੜ੍ਹ ਰੋਡ, ਉੱਤਰ: ਗੁਆਂਢੀ, ਦੱਖਣ: ਗੁਆਂਢੀ। ਕਬਜ਼ੇ ਦੀ ਕਿਸਮ: ਸੰਕੇਤਕ। | LOT : 1 Rs. 51,00,000/- / Rs. 5,10,000/- / Rs.51,000/- |
| | | | ਲਾਟ: 2. ਪਿੰਡ ਲੋਹਟ ਬੱਦੀ ਤਹਿਸੀਲ ਰਾਏਕੋਟ ਵਿੱਚ ਸਥਿਤ ਅਤੇ ਖਾਤਾ ਨੰਬਰ 339/440 ਵਿੱਚ ਸ਼ਾਮਲ ਉਦਯੋਗਿਕ ਪਲਾਟ 4ਬੀ-0ਬੀ ਭਾਵ 4000 ਵਰਗ ਗਜ਼ ਮਾਪ ਵਾਲਾ ਬਰਾਬਰ ਗਿਰਵੀਨਾਮਾ; ਪਿੰਡ ਲੋਹਟ ਬੱਦੀ, ਹੱਡਬਸਤ ਨੰਬਰ 2, ਤਹਿਸੀਲ ਰਾਏਕੋਟ ਜ਼ਿਲ੍ਹਾ ਲੁਧਿਆਣਾ ਦੀ ਜਮ੍ਹਾਂਬੰਦੀ 2015-16 ਦੇ ਅਨੁਸਾਰ ਖਸਰਾ ਨੰਬਰ 3111/1093, 3111/1093 ਮਿਨ ਸ਼੍ਰੀਮਤੀ ਗੁਰਦੀਪ ਕੌਰ ਦੇ ਨਾਮ 'ਤੇ ਹੱਦਬੰਦੀ:- ਉੱਤਰ: ਸੜਕ, ਦੱਖਣ: ਗੁਆਂਢੀ, ਪੂਰਬ: ਗੁਆਂਢੀ, ਪੱਛਮ: ਗੁਆਂਢੀ। ਕਬਜ਼ੇ ਦੀ ਕਿਸਮ: ਸੰਕੇਤਕ। | LOT : 2 Rs. 17,00,000/- / Rs. 1,70,000/- / Rs. 17,000/- |
| | | | ਲਾਟ: 3. ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ ਜਿਸ ਵਿੱਚ ਮਿਉਂਸਪਲ UID ਬੀ004/0024, ਮਾਪ 15 ਐਮ ਹੈ, ਪਿੰਡ ਬਹਾਦਰਗੜ੍ਹ, ਮਲੇਰਕੋਟਲਾ ਤਹਿਸੀਲ, ਸੰਗਰੂਰ ਜ਼ਿਲ੍ਹੇ ਵਿੱਚ ਸਥਿਤ ਹੈ ਅਤੇ ਪਿੰਡ ਬਹਾਦਰਗੜ੍ਹ ਦੀ ਜਮ੍ਹਾਂਬੰਦੀ 2002-03 ਦੇ ਅਨੁਸਾਰ ਖਸਰਾ ਨੰਬਰ 447/805, ਖਸਰਾ ਨੰਬਰ 23//9/1/1, ਹੱਡਬਸਤ ਨੰਬਰ 339 ਅਤੇ ਸ਼੍ਰੀਮਤੀ ਅਮਰਜੀਤ ਕੌਰ ਪਤਨੀ ਸ਼੍ਰੀ ਕੁਲਵੰਤ ਸਿੰਘ ਦੇ ਨਾਮ 'ਤੇ ਹੈ। ਹੱਦਬੰਦੀ: - ਪੂਰਬ: ਗੁਆਂਢੀ ਅਤੇ ਗਲੀ, ਪੱਛਮ: ਗਲੀ, ਉੱਤਰ: ਹੋਰ ਜ਼ਮੀਨ, ਦੱਖਣ: ਗਲੀ। ਕਬਜ਼ੇ ਦੀ ਕਿਸਮ: ਸੰਕੇਤਕ। | LOT : 3 Rs. 44,00,000/- / Rs. 4,40,000/- / Rs. 44,000/- |
| 10. | ਕਰਜ਼ਦਾਰ : 1. ਮੈਸਰਜ਼ ਵਾਈ ਐਮ ਜੈਨ ਐਂਟਰਪ੍ਰਾਈਜ਼ਿਜ਼ (ਮਾਲਕੀਅਤ ਫਰਮ ਆਪਣੇ ਮਾਲਕ ਸ਼੍ਰੀ ਮੋਹਿਤ ਜੈਨ ਰਾਹੀਂ), ਪਤਾ: ਦੂਜੀ ਮੰਜ਼ਿਲ, ਬੀ-6-439, ਰਾਮ ਗਲੀ, ਪੁਰਾਣੀ ਮਾਧੋਪੁਰੀ, ਲੁਧਿਆਣਾ ਪੰਜਾਬ 141008। 2. ਸ਼੍ਰੀ ਮੋਹਿਤ ਜੈਨ ਪੁੱਤਰ ਸ਼੍ਰੀ ਮਨੋਜ ਜੈਨ, ਪਤਾ: ਮਕਾਨ ਨੰਬਰ ਬੀ-6-1142, ਗਲੀ ਨੰਬਰ 06, ਵਾਰਡ ਨੰਬਰ 38, ਤਾਜ ਗੰਜ, ਲੁਧਿਆਣਾ, ਪੰਜਾਬ 1441008। 3. ਪਿਆਰੇ ਲਾਲ ਜੈਨ ਪੁੱਤਰ ਸ਼੍ਰੀ ਪਦਮ ਚੰਦ ਜੈਨ, ਪਤਾ: ਮਕਾਨ ਨੰਬਰ 2107, ਵਾਰਡ ਨੰਬਰ 9, ਗਲੀ ਨੰਬਰ 2, ਕਰਮਾ ਹਸਪਤਾਲ ਦੇ ਨੇੜੇ, ਆਦਰਸ਼ ਨਗਰ, ਲੁਧਿਆਣਾ, ਪੰਜਾਬ 141008 ਦੇ ਨਿਵਾਸੀ। 4. ਸ਼੍ਰੀਮਤੀ। ਯੋਗਿਤਾ ਜੈਨ ਸੁਪਤਨੀ ਮਨੋਜ ਕੁਮਾਰ ਜੈਨ, ਪਤਾ:- ਮਕਾਨ ਨੰ. ਬੀ-6-1142, ਗਲੀ ਨੰ.06, ਵਾਰਡ ਨੰ. 38, ਤਾਜ ਗੰਜ, ਲੁਧਿਆਣਾ, ਪੰਜਾਬ 141008। | ਰੁ. 54,41,096.98 31.10.2023 ਨੂੰ ਜਮ੍ਹਾਂ 01.11.2023 ਤੋਂ ਪ੍ਰਭਾਵੀ ਵਿਆਜ | ਲਾਟ-1: ਜਾਇਦਾਦ ਜਿਸ ਵਿਚਐਮ.ਸੀ.ਨੰ.ਬੀ-6-439 ਖੇਤਰ 129-1/4 ਵਰਗ ਗਜ਼ ਮਾਪਦਾ ਹੈ ਜੋ ਖਸਰਾ ਨੰਬਰ2018/1462/1161/186 ਤੋਂ 189 (0-0-6), 2019/1506/345/202 (0-0-9) ਵਿੱਚ ਸ਼ਾਮਲ ਹੈ। ਸਾਲ 2007-08 ਲਈ ਜਮਾਂਬੰਦੀ ਅਨੁਸਾਰ ਖਾਤਾ ਨੰਬਰ 345/368 (ਸਾਲ 2012-13 ਲਈ ਜਮਾਂਬੰਦੀ ਅਨੁਸਾਰ ਖਾਤਾ ਨੰਬਰ 353/375), ਪਿੰਡ ਲੁਧਿਆਣਾ ਸ਼ਹਿਰ ਐਚ ਬੀ ਨੰਬਰ 170 ਇਲਾਕੇ ਜਿਸਨੂੰ ਕੂਚਾ ਨੰਬਰ 1 ਰਾਮ ਗਲੀ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ, ਸ਼੍ਰੀਮਤੀ ਯੋਗਿਤਾ ਜੈਨ ਪਤਨੀ ਸ਼੍ਰੀ ਮਨੋਜ ਕੁਮਾਰ ਜੈਨ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 21389 ਮਿਤੀ 16/01/2013 ਦੁਆਰਾ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ-ਸਕੂਲ ਵਾਲਾ ਪਾਸਾ 18' 6", ਪੱਛਮੀ-ਰਾਮ ਗਲੀ ਕੂਚਾ ਨੰਬਰ 1, ਪਾਸਾ 19'6", ਉੱਤਰ-ਭਨੋਟ ਸਾਹਿਬ ਵਾਲਾ ਪਾਸਾ 60'3", ਦੱਖਣ-ਬਿਸ਼ੰਬਰ ਲਾਲ ਵਾਲਾ ਪਾਸਾ 65'3"। ਕਬਜ਼ੇ ਦੀ ਕਿਸਮ: ਸੰਕੇਤਕ | LOT : 1 Rs.46,00,000/- / Rs. 4,60,000/- / Rs. 46,000/- |
| | | | ਲਾਟ: 2. ਜਾਇਦਾਦ/ਮਕਾਨ ਜਿਸ ਵਿੱਚ ਐਮਸੀ ਨੰਬਰ ਬੀ-6-682 (ਪੁਰਾਣਾ), ਬੀ-6-1142 (ਨਵਾਂ) ਖੇਤਰਫਲ 100.00 ਵਰਗ ਗਜ਼ ਹੈ, ਤਾਜ ਗੰਜ, ਸਮਰਾਲਾ ਰੋਡ, ਲੁਧਿਆਣਾ ਵਿਖੇ ਸਥਿਤ, ਵਸੀਕਾ ਨੰਬਰ 7271 ਮਿਤੀ 10/07/2006 ਨੂੰ ਸ਼੍ਰੀਮਤੀ ਯੋਗਿਤਾ ਜੈਨ ਪਤਨੀ ਸ਼੍ਰੀ ਮਨੋਜ ਕੁਮਾਰ ਜੈਨ ਅਤੇ ਸ਼੍ਰੀ ਪਿਆਰੇ ਲਾਲ ਪੁੱਤਰ ਸ਼੍ਰੀ ਪਦਮ ਚੰਦ ਦੇ ਨਾਮ 'ਤੇ ਸਥਿਤ ਹੈ ਪੂਰਬ- ਰਮੇਸ਼ ਭਾਟੀਆ: 30'-0", ਪੱਛਮ- ਗਲੀ: 30'-0", ਉੱਤਰ- ਮਹਿੰਦਰ ਸਿੰਘ: 30'-0", ਦੱਖਣ- ਜੋਗਿੰਦਰ ਸਿੰਘ: 30"-0"। ਕਬਜ਼ੇ ਦੀ ਕਿਸਮ: ਸੰਕੇਤਕ | LOT : 2 Rs. 32,50,000/- / Rs. 3,25,000/- / Rs. 32,500/- |

**ਨਿਯਮ ਅਤੇ ਸ਼ਰਤਾਂ :- ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬੰਧਤ ਹੋਵੇਗੀ** : 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ **11.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ** ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ।ਉਕਤ ਦਰਸਾਈਆਂ ਸੰਪਤੀਆਂ ਸਬੰਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸਬੰਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com, https://www.unionbankofindia.co.in** ਦਾ ਹਵਾਲਾ ਲਓ। 4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **"Buyer Guide for Login and Registration"** ਵਿਚ **https://baanknet.com** ਦੇਖੋ।

**ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸੰਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ(ਾਂ)/ਜ਼ਾਮਨ(ਾਂ) ਅਤੇ ਗਿਰਵੀਕਾਰ(ਾਂ) ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।**

ਮਿਤੀ : 22.08.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ

## ਕਟਹਲ ਨੂੰ ਕਰੋ ਖ਼ੁਰਾਕ 'ਚ ਸ਼ਾਮਲ, ਦੂਰ ਹੋਣਗੀਆਂ ਕਈ ਬਿਮਾਰੀਆਂ

ਗਰਮੀਆਂ ਦੇ ਮੌਸਮ 'ਚ ਹਰ ਕੋਈ ਕਟਹਲ ਖਾਣਾ ਪਸੰਦ ਕਰਦਾ ਹੈ। ਇਹ ਫਾਈਬਰ ਨਾਲ ਭਰਪੂਰ ਹੁੰਦਾ ਹੈ ਜੋ ਤੁਹਾਡੀ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹੈ। ਪੱਕੇ ਹੋਏ ਕਟਹਲ 'ਚ ਪ੍ਰੋਟੀਨ ਵੀ ਬਹੁਤ ਜ਼ਿਆਦਾ ਮਾਤਰਾ 'ਚ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਸ 'ਚ ਪਾਇਆ ਜਾਣ ਵਾਲਾ ਪੋਟਾਸ਼ੀਅਮ ਦਿਲ ਨਾਲ ਜੁੜੀਆਂ ਸਮੱਸਿਆਵਾਂ ਨੂੰ ਦੂਰ ਰੱਖਣ 'ਚ ਮਦਦ ਕਰਦਾ ਹੈ। ਜੈਕਫਰੂਟ ਤੁਹਾਡੇ ਲੀਵਰ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ।



**ਇਮਿਊਨਿਟੀ ਹੋਵੇਗੀ ਮਜ਼ਬੂਤ:** ਪੱਕੇ ਹੋਏ ਕਟਹਲ 'ਚ ਵਿਟਾਮਿਨ ਸੀ ਵੀ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ। ਵਿਟਾਮਿਨ-ਸੀ ਤੁਹਾਡੇ ਸਰੀਰ 'ਚ ਐਂਟੀਆਕਸੀਡੈਂਟ ਦਾ ਕੰਮ ਕਰਦਾ ਹੈ। ਇਸ ਦਾ ਸੇਵਨ ਕਰਨ ਨਾਲ ਤੁਹਾਡੀ ਇਮਿਊਨਿਟੀ ਮਜ਼ਬੂਤ ਹੁੰਦੀ ਹੈ। ਨਾਲ ਹੀ ਇਹ ਤੁਹਾਡੇ ਸਰੀਰ ਲਈ ਇਮਿਊਨਿਟੀ ਬੂਸਟਰ ਦਾ ਕੰਮ ਕਰਦਾ ਹੈ।

**ਦਿਲ ਰਹੇਗਾ ਤੰਦਰੁਸਤ:** ਪੱਕੇ ਹੋਏ ਕਟਹਲ ਨੂੰ ਤੁਹਾਡੇ ਦਿਲ ਲਈ ਵੀ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਇਸ 'ਚ ਪਾਇਆ ਜਾਣ ਵਾਲਾ ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

**ਭਾਰ ਹੋਵੇਗਾ ਘੱਟ:** ਪੱਕੇ ਹੋਏ ਜੈਕਫਰੂਟ 'ਚ ਐਂਟੀ-ਇੰਫਲੇਮੇਟਰੀ ਗੁਣ ਵੀ ਹੁੰਦੇ ਹਨ ਜੋ ਤੁਹਾਡੇ ਸਰੀਰ 'ਚ ਵੱਧ ਰਹੇ ਮੋਟਾਪੇ ਨੂੰ ਰੋਕਣ 'ਚ ਮਦਦ ਕਰਦੇ ਹਨ। ਇਸ ਤੋਂ ਇਲਾਵਾ ਇਸ ਨੂੰ ਰੈਸਵੇਰਾਟ੍ਰੋਲ ਨਾਮਕ ਐਂਟੀਆਕਸੀਡੈਂਟ ਦਾ ਵੀ ਬਹੁਤ ਵਧੀਆ ਸਰੋਤ ਮੰਨਿਆ ਜਾਂਦਾ ਹੈ। ਇਹ ਤੁਹਾਡੇ ਬਲੱਡ ਸਰਕੂਲੇਸ਼ਨ ਨੂੰ ਕੰਟਰੋਲ ਕਰਨ 'ਚ ਵੀ ਮਦਦ ਕਰਦਾ ਹੈ।

**ਲੀਵਰ ਰਹਿੰਦਾ ਹੈ ਤੰਦਰੁਸਤ:** ਪੱਕੇ ਹੋਏ ਕਟਹਲ ਦਾ ਸੇਵਨ ਕਰਨ ਨਾਲ ਤੁਹਾਡਾ ਲੀਵਰ ਵੀ ਸਿਹਤਮੰਦ ਰਹਿੰਦਾ ਹੈ। ਇਸ 'ਚ ਪਾਏ ਜਾਣ ਵਾਲੇ ਪੋਸ਼ਕ ਤੱਤ ਤੁਹਾਡੇ ਲੀਵਰ ਨੂੰ ਮਜ਼ਬੂਤ ਬਣਾਉਂਦੇ ਹਨ। ਇਸ 'ਚ ਰਿਬੋਫਲੇਵਿਨ, ਜ਼ਿੰਕ, ਕਾਪਰ ਅਤੇ ਨਿਆਸੀਨ ਵਰਗੇ ਤੱਤ ਹੁੰਦੇ ਹਨ ਜੋ ਲੀਵਰ ਨੂੰ ਮਜ਼ਬੂਤ ਬਣਾਉਣ 'ਚ ਮਦਦ ਕਰਦੇ ਹਨ।

**ਮਜ਼ਬੂਤ ਪਾਚਨ:** ਜੇਕਰ ਗਰਮੀਆਂ 'ਚ ਤੁਹਾਡਾ ਭੋਜਨ ਹਜ਼ਮ ਨਹੀਂ ਹੋ ਪਾਉਂਦਾ ਤਾਂ ਤੁਸੀਂ ਆਪਣੀ ਡਾਇਟ 'ਚ ਪੱਕੇ ਹੋਏ ਕਟਹਲ ਨੂੰ ਸ਼ਾਮਲ ਕਰ ਸਕਦੇ ਹੋ। ਇਹ ਪਾਚਨ ਸੰਬੰਧੀ ਸਮੱਸਿਆਵਾਂ ਨੂੰ ਦੂਰ ਕਰਕੇ ਤੁਹਾਡਾ ਭਾਰ ਸੁਧਾਰਨ 'ਚ ਵੀ ਮਦਦ ਕਰਦਾ ਹੈ।

# ਅਮਰੀਕਾ ਵਿੱਚ ਵਸੇ 52 ਲੱਖ ਭਾਰਤੀਆਂ ਦੇ ਵੀਜ਼ੇ ਖ਼ਤਰੇ 'ਚ, ਟਰੰਪ ਸਰਕਾਰ ਵੱਲੋਂ ਜਾਂਚ ਸ਼ੁਰੂ

ਵਾਸ਼ਿੰਗਟਨ, 22 ਅਗਸਤ (ਚ.ਨ.ਸ.) : ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਵੀਜ਼ਾ ਅਤੇ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਹੁਣ ਤੱਕ ਦਾ ਸਭ ਤੋਂ ਵੱਡਾ ਅਤੇ ਸਖ਼ਤ ਕਦਮ ਚੁੱਕਿਆ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਪੁਸ਼ਟੀ ਕੀਤੀ ਹੈ ਕਿ ਉਹ ਦੇਸ਼ ਵਿੱਚ ਵੈਧ ਵੀਜ਼ਾ ਰੱਖਣ ਵਾਲੇ 5.5 ਕਰੋੜ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਦੀ ਲਗਾਤਾਰ ਸਮੀਖਿਆ ਅਤੇ ਨਿਗਰਾਨੀ ਕਰ ਰਿਹਾ ਹੈ। ਇਸ ਵਿਆਪਕ ਜਾਂਚ ਦਾ ਉਦੇਸ਼ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦਾ ਪਤਾ ਲਗਾਉਣਾ ਅਤੇ ਉਨ੍ਹਾਂ ਦੇ ਵੀਜ਼ੇ ਰੱਦ ਕਰਨਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣਾ ਹੈ। ਇਸ ਫੈਸਲੇ ਦਾ ਅਮਰੀਕਾ ਵਿੱਚ ਰਹਿਣ ਵਾਲੇ 52 ਲੱਖ ਭਾਰਤੀਆਂ ਤੇ ਸਿੱਧਾ ਪ੍ਰਭਾਵ ਪੈਣ ਦੀ ਸੰਭਾਵਨਾ ਵੀ ਹੈ।




**ਜਾਂਚ ਦਾ ਦਾਇਰਾ ਅਤੇ ਕਾਰਨ:** ਕੌਣ ਜੋਖਮ ਵਿੱਚ ਹਨ? ; ਅਮਰੀਕੀ ਵਿਦੇਸ਼ ਵਿਭਾਗ ਦੇ ਅਨੁਸਾਰ, ਵੀਜ਼ਾ ਰੱਦ ਕਰਨ ਦੀ ਕਾਰਵਾਈ ਉਨ੍ਹਾਂ ਮਾਮਲਿਆਂ ਵਿੱਚ ਕੀਤੀ ਜਾਵੇਗੀ ਜਿੱਥੇ ਕਿਸੇ ਵੀ ਕਿਸਮ ਦੀ ਅਯੋਗਤਾ ਦੇ ਸੰਕੇਤ ਹਨ।

**ਭਾਰਤੀਆਂ 'ਤੇ ਇਸਦਾ ਕਿੰਨਾ ਵੱਡਾ ਪ੍ਰਭਾਵ ਹੈ:** ਇਹ ਕਦਮ ਅਮਰੀਕਾ ਵਿੱਚ ਰਹਿਣ ਵਾਲੇ ਲੱਖਾਂ ਭਾਰਤੀਆਂ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ, ਕਿਉਂਕਿ 50 ਲੱਖ ਤੋਂ ਵੱਧ ਭਾਰਤੀ ਅਮਰੀਕਾ ਵਿੱਚ ਗੈਰ-ਪ੍ਰਵਾਸੀ ਵੀਜ਼ਾ 'ਤੇ ਹਨ। 2025 ਵਿੱਚ ਹੁਣ ਤੱਕ, 1,703 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ।ਲਗਭਗ 18,000 ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਨੂੰ ਭਾਰਤ ਵਾਪਸ ਭੇਜਿਆ ਜਾਣਾ ਹੈ। ਇਹ ਦੇਖਦੇ ਹੋਏ ਕਿ ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਇਕੱਲੇ 2024 ਵਿੱਚ 10 ਲੱਖ ਤੋਂ ਵੱਧ ਗੈਰ-ਪ੍ਰਵਾਸੀ ਵੀਜ਼ੇ ਜਾਰੀ ਕੀਤੇ ਸਨ, ਇਸ ਜਾਂਚ ਦਾ ਪੈਮਾਨਾ ਬਹੁਤ ਵੱਡਾ ਹੈ।

**ਭਾਰਤੀ ਮੂਲ ਦੇ ਲੋਕਾਂ ਦੀ ਵੱਡੀ ਗਿਣਤੀ ਅਮਰੀਕਾ ਵਿੱਚ:** ਪਿਊ ਰਿਸਰਚ ਸੈਂਟਰ ਦੇ ਅਨੁਸਾਰ, ਭਾਰਤੀ ਹੁਣ ਅਮਰੀਕਾ ਵਿੱਚ ਏਸ਼ੀਆਈ ਮੂਲ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਹਨ, ਜੋ ਕੁੱਲ ਏਸ਼ੀਆਈ ਆਬਾਦੀ ਦਾ ਲਗਭਗ 21% ਬਣਦੀ ਹੈ। 2000 ਤੋਂ ਬਾਅਦ ਅਮਰੀਕਾ ਵਿੱਚ ਭਾਰਤੀ ਆਬਾਦੀ ਵਿੱਚ 174% ਦਾ ਭਾਰੀ ਵਾਧਾ ਹੋਇਆ ਹੈ। ਕੈਲੀਫੋਰਨੀਆ (9.6 ਲੱਖ), ਟੈਕਸਾਸ (5.7 ਲੱਖ), ਅਤੇ ਨਿਊ ਜਰਸੀ (4.4 ਲੱਖ) ਵਰਗੇ ਰਾਜਾਂ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਵੱਡੀ ਗਿਣਤੀ ਹੈ।

**ਟਰੰਪ ਪ੍ਰਸ਼ਾਸਨ ਦਾ ਸਖ਼ਤ ਰੁਖ਼ ਅਤੇ ਕਾਨੂੰਨੀ ਚੁਣੌਤੀਆਂ:** ਟਰੰਪ ਪ੍ਰਸ਼ਾਸਨ ਦੀ ਇਹ ਕਾਰਵਾਈ ਇਸਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਹਿੱਸਾ ਹੈ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਖਾਸ ਤੌਰ 'ਤੇ ਇਜ਼ਰਾਈਲ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਇਆ ਹੈ। ਜਨਵਰੀ ਤੋਂ ਹੁਣ ਤੱਕ 6,000 ਵੀਜ਼ੇ ਰੱਦ ਕਰ ਦਿੱਤੇ ਗਏ ਹਨ।

ਹਾਲਾਂਕਿ, ਪ੍ਰਸ਼ਾਸਨ ਨੂੰ ਕੁਝ ਹਾਈ-ਪ੍ਰੋਫਾਈਲ ਮਾਮਲਿਆਂ ਵਿੱਚ ਅਦਾਲਤਾਂ ਤੋਂ ਝਟਕੇ ਵੀ ਮਿਲੇ ਹਨ, ਜਿੱਥੇ ਜੱਜਾਂ ਨੇ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰਸ਼ਾਸਨ ਦੀ ਇਸ ਕਾਰਵਾਈ ਨੂੰ ਕਾਨੂੰਨੀ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

## ਸੀਨੀਅਰ ਸਿਟੀਜ਼ਨ ਵੈਲਫੇਅਰ ਸੁਸਾਇਟੀ ਵੱਲੋਂ ਆਰਥੋਪੈਡਿਕਸ ਅਤੇ ਯੂਰੋਲੋਜੀ ਕੈਂਪ



ਪਟਿਆਲਾ, 22 ਅਗਸਤ (ਚ.ਨ.ਸ.) : ਸੀਨੀਅਰ ਸਿਟੀਜ਼ਨ ਦਿਵਸ ਮੌਕੇ ਸੀਨੀਅਰ ਸਿਟੀਜ਼ਨ ਵੈਲਫੇਅਰ ਸੋਸਾਇਟੀ, ਅਰਬਨ ਅਸਟੇਟ ਪਟਿਆਲਾ ਨੇ ਮਨੀਪਾਲ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ, ਉੱਤਮ ਬਫੇ ਅਰਬਨ ਅਸਟੇਟ, ਫੇਜ਼ 2, ਪਟਿਆਲਾ ਵਿੱਚ ਸੀਨੀਅਰ ਸਿਟੀਜ਼ਨਾਂ ਦੀ ਭਲਾਈ ਲਈ ਇੱਕ ਵਿਸ਼ੇਸ਼ ਆਰਥੋਪੈਡਿਕਸ ਅਤੇ ਯੂਰੋਲੋਜੀ ਕੈਂਪ ਦਾ ਆਯੋਜਨ ਕੀਤਾ। ਇਹ ਕੈਂਪ ਸ਼੍ਰੀ ਅਸ਼ੋਕ ਰਾਜ ਸਿੰਘ ਪੰਨੂ (ਪ੍ਰਧਾਨ ਸੀਨੀਅਰ ਸਿਟੀਜ਼ਨ ਵੈਲਫੇਅਰ ਸੋਸਾਇਟੀ) ਅਤੇ ਸ਼੍ਰੀ ਅਮਿਤ ਵਾਲੀਆ (ਐਸੋਸੀਏਟ ਮੈਨੇਜਰ, ਮਨੀਪਾਲ ਹਸਪਤਾਲ ਪਟਿਆਲਾ) ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ, ਮਨੀਪਾਲ ਹਸਪਤਾਲ ਦੇ ਪ੍ਰਸਿੱਧ ਮਾਹਰ, ਡਾ. ਯੋਗੇਸ਼ ਗਰਗ (ਸੀਨੀਅਰ ਸਲਾਹਕਾਰ - ਯੂਰੋਲੋਜੀ) ਅਤੇ ਡਾ. ਵਿਸ਼ਵ ਗੋਇਲ (ਸੀਨੀਅਰ ਸਲਾਹਕਾਰ - ਆਰਥੋਪੈਡਿਕਸ) ਨੇ ਕੈਂਪ ਦੀ ਅਗਵਾਈ ਕੀਤੀ, ਮੈਂਬਰਾਂ ਨੂੰ ਮਾਹਰ ਡਾਕਟਰੀ ਸਲਾਹ ਅਤੇ ਮਾਰਗਦਰਸ਼ਨ ਪ੍ਰਦਾਨ ਕੀਤਾ। ਮੌਕੇ ਤੇ ਹੀ ਵੱਖ-ਵੱਖ ਟੈਸਟ ਕੀਤੇ ਗਏ। ਜਸ਼ਨ ਦੌਰਾਨ ਸੀਨੀਅਰ ਸਿਟੀਜ਼ਨ ਦਿਵਸ ਤੇ ਸ. ਉਜਾਗਰ ਸਿੰਘ ਸੇਵਾਮੁਕਤ ਡੀਪੀਆਰਓ, ਡਾ. ਭੀਮ ਇੰਦਰ ਦੁਆਰਾ ਆਜ਼ਾਦੀ ਤੇ ਭਾਸ਼ਣ ਦਿੱਤਾ ਗਿਆ। ਕਈ ਕਵਿਤਾਵਾਂ ਅਤੇ ਗੀਤ ਗਾਏ ਗਏ।

## ਹਮਾਸ ਲਈ ਖੁੱਲ੍ਹੇਗਾ ਨਰਕ ਦਾ ਦੁਆਰ, ਇਜ਼ਰਾਈਲ ਨੇ ਕਬਜ਼ਾ ਕਰਨ ਦੀ ਦਿੱਤੀ ਆਖ਼ਰੀ ਚਿਤਾਵਨੀ

ਯਰੂਸ਼ਲਮ, 22 ਅਗਸਤ (ਚ.ਨ.ਸ.) : ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਧਮਕੀ ਦਿੱਤੀ ਹੈ ਕਿ ਜੇਕਰ ਹਮਾਸ ਨਿਸ਼ਤਰੀਕਰਨ, ਫਿਲੀਸਤੀਨੀ ਖੇਤਰ ਚ ਬਚੇ ਹੋਏ ਸਾਰੇ ਬੰਧਕਾਂ ਦੀ ਰਿਹਾਈ ਅਤੇ ਤੇਲ ਅਵੀਵ ਦੀਆਂ ਸ਼ਰਤਾਂ ਤੇ ਯੁੱਧ ਖਤਮ ਕਰਨ ਤੇ ਸਹਿਮਤ ਨਹੀਂ ਹੋਇਆ ਤਾਂ ਗਾਜ਼ਾ ਸ਼ਹਿਰ ਨੂੰ ਤਬਾਹ ਕਰ ਦਿੱਤਾ ਜਾਵੇਗਾ।ਇਹ ਚਿਤਾਵਨੀ ਉਸ ਸਮੇਂ ਦਿੱਤੀ ਗਈ ਹੈ ਜਦੋਂ ਇਜ਼ਰਾਈਲ ਇਸ ਖੇਤਰ 'ਚ ਵੱਡੇ ਪੱਧਰ 'ਤੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਸੋਸ਼ਲ ਮੀਡੀਆ ਤੇ ਪੋਸਟ ਕੀਤਾ, ਜਲਦੀ ਹੀ ਗਾਜ਼ਾ 'ਚ ਹਮਾਸ ਦੇ ਕਾਤਲਾਂ ਤੇ ਬਲਾਤਕਾਰੀਆਂ ਦੇ ਸਿਰ 'ਤੇ ਨਰਕ ਦੇ ਦੁਆਰ ਖੁੱਲ੍ਹ ਜਾਣਗੇ-ਜਦ ਤਕ ਉਹ ਯੁੱਧ ਖਤਮ ਕਰਨ ਲਈ ਇਜ਼ਰਾਈਲ ਦੀਆਂ ਸ਼ਰਤਾਂ 'ਤੇ ਸਹਿਮਤ ਨਹੀਂ ਹੁੰਦੇ, ਮੁੱਖ ਤੌਰ 'ਤੇ ਸਾਰੇ ਬੰਧਕਾਂ ਦੀ ਰਿਹਾਈ ਅਤੇ ਉਨ੍ਹਾਂ ਦਾ ਨਿਸ਼ਤਰੀਕਰਨ।ਉਨ੍ਹਾਂ ਕਿਹਾ, ਜੇਕਰ ਉਹ ਸਹਿਮਤ ਨਹੀਂ ਹੁੰਦੇ, ਤਾਂ ਹਮਾਸ ਦੀ ਰਾਜਧਾਨੀ ਗਾਜ਼ਾ, ਰਾਫਾ ਅਤੇ ਬੇਤ ਹਨੂੰਨ ਬਣ ਜਾਵੇਗੀ। ਉਨ੍ਹਾਂ ਦਾ ਇਸ਼ਾਰਾ ਗਾਜ਼ਾ ਦੇ ਉਨ੍ਹਾਂ ਦੋ ਸ਼ਹਿਰਾਂ ਵੱਲ ਸੀ, ਜੋ ਪਿਛਲੇ ਇਜ਼ਰਾਈਲੀ ਮੁਹਿੰਮਾਂ ਦੌਰਾਨ ਵੱਡੇ ਪੱਧਰ 'ਤੇ ਨਸ਼ਟ ਹੋ ਗਏ ਸਨ।



**ਗਾਜ਼ਾ 'ਤੇ ਕਬਜ਼ਾ ਕਰਨ ਲਈ ਬੁਲਾਏ ਗਏ ਰਿਜ਼ਰਵ ਫ਼ੌਜੀ :** ਇਸ ਹਫਤੇ ਦੀ ਸ਼ੁਰੂਆਤ 'ਚ ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਗਾਜ਼ਾ ਸ਼ਹਿਰ 'ਤੇ ਕਬਜ਼ਾ ਕਰਨ 'ਚ ਮਦਦ ਲਈ ਲਗਪਗ 60,000 ਰਿਜ਼ਰਵ ਫ਼ੌਜੀਆਂ ਨੂੰ ਬੁਲਾਉਣ ਦੀ ਇਜਾਜ਼ਤ ਦਿੱਤੀ ਸੀ। ਨੇਤਨਯਾਹੂ ਨੇ ਇਕ ਵੀਡੀਓ ਬਿਆਨ 'ਚ ਕਿਹਾ, ਇਹ ਦੋਵੇਂ ਮਾਮਲੇ - ਹਮਾਸ ਨੂੰ ਹਰਾਉਣਾ ਤੇ ਸਾਡੇ ਸਾਰੇ ਬੰਧਕਾਂ ਨੂੰ ਰਿਹਾਈ ਦੇਣਾ - ਇਕੱਠੇ ਚਲਦੇ ਹਨ। ਅਧਿਕਾਰਤ ਅੰਕੜਿਆਂ ਅਨੁਸਾਰ, ਅਕਤੂਬਰ 2023 'ਚ ਇਜ਼ਰਾਈਲ ਤੇ ਹਮਾਸ ਦੇ ਹਮਲੇ 'ਚ 1219 ਲੋਕ ਮਾਰੇ ਗਏ, ਜਿਨ੍ਹਾਂ ਵਿਚ ਜ਼ਿਆਦਾਤਰ ਆਮ ਨਾਗਰਿਕ ਸਨ।

## ਅਮਰੀਕਾ ਵੱਲੋਂ ਵਪਾਰਕ ਟਰੱਕ ਡਰਾਈਵਰਾਂ ਲਈ ਵਰਕ ਵੀਜ਼ਾ 'ਤੇ ਰੋਕ

ਵਾਸ਼ਿੰਗਟਨ, 22 ਅਗਸਤ (ਚ.ਨ.ਸ.) : ਅਮਰੀਕਾ ਦੇ ਫਲੋਰੀਡਾ ਵਿੱਚ ਪੰਜਾਬੀ ਟਰੱਕ ਡਰਾਈਵਰ ਵੱਲੋਂ ਗਲਤ ਯੂ-ਟਰਨ ਲੈਣ ਕਾਰਨ ਹੋਏ ਸੜਕ ਹਾਦਸੇ ਵਿੱਚ 3 ਅਮਰੀਕੀਆਂ ਦੀ ਮੌਤ ਤੋਂ ਬਾਅਦ, ਅਮਰੀਕਾ ਨੇ ਡਰਾਈਵਰਾਂ ਦੇ ਵੀਜ਼ਿਆਂ ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਪਾਬੰਦੀ ਨਵੇਂ ਵੀਜ਼ਿਆਂ 'ਤੇ ਲਾਗੂ ਹੋਵੇਗੀ, ਪੁਰਾਣੇ ਡਰਾਈਵਰਾਂ ਦੇ ਵੀਜ਼ੇ ਰੱਦ ਨਹੀਂ ਕੀਤੇ ਜਾਣਗੇ।ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਹ ਜਾਣਕਾਰੀ ਦਿੱਤੀ ਹੈ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਲਿਖਿਆ - ਤੁਰੰਤ ਪ੍ਰਭਾਵ ਨਾਲ, ਅਸੀਂ ਵਪਾਰਕ ਟਰੱਕ ਡਰਾਈਵਰਾਂ ਲਈ ਸਾਰੇ ਵਰਕਰ ਵੀਜ਼ਾ ਜਾਰੀ ਕਰਨ 'ਤੇ ਰੋਕ ਲਗਾ ਰਹੇ ਹਾਂ। ਵਿਦੇਸ਼ੀ ਡਰਾਈਵਰਾਂ ਦੀ ਵੱਧ ਰਹੀ ਗਿਣਤੀ ਅਮਰੀਕੀ ਨਾਗਰਿਕਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾ ਰਹੀ ਹੈ ਅਤੇ ਅਮਰੀਕੀ ਟਰੱਕ ਡਰਾਈਵਰਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰ ਰਹੀ ਹੈ।ਫਲੋਰੀਡਾ ਹਾਦਸਾ ਅਤੇ ਵੋਟ ਬੈਂਕ ਦੀ ਰਾਜਨੀਤੀ ਵੀਜ਼ਾ ਪਾਬੰਦੀ ਦਾ ਕਾਰਨ ਬਣੀ। 13 ਅਗਸਤ ਨੂੰ ਅਮਰੀਕਾ ਦੇ ਫਲੋਰੀਡਾ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ। ਇੱਕ ਪੰਜਾਬੀ ਸਿੱਖ ਡਰਾਈਵਰ ਦੇ ਗਲਤ ਯੂ-ਟਰਨ ਕਾਰਨ ਇਸ ਹਾਦਸੇ ਵਿੱਚ ਤਿੰਨ ਅਮਰੀਕੀ ਨਾਗਰਿਕਾਂ ਦੀ ਜਾਨ ਚਲੀ ਗਈ।ਇਸ ਤੋਂ ਬਾਅਦ, ਡੈਮੋਕ੍ਰੇਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਵਿਚਕਾਰ ਗ਼ੈਰ-ਕਾਨੂੰਨੀ ਵੀਜ਼ਿਆਂ ਨੂੰ ਲੈ ਕੇ ਬਹਿਸ ਛਿੜ ਗਈ। ਟਰੰਪ ਅਤੇ ਕੈਲੀਫ਼ੋਰਨੀਆ ਪ੍ਰਸ਼ਾਸਨ ਨੇ ਹਾਦਸੇ ਲਈ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾਇਆ, ਜਿਸ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਡਰਾਈਵਰਾਂ ਲਈ ਨਵੇਂ ਵੀਜ਼ਿਆਂ 'ਤੇ ਪਾਬੰਦੀ ਲਗਾ ਦਿੱਤੀ।



## ਸੈਨਾ ਮੁਖੀ ਅਤੇ ਆਵਾ ਪ੍ਰਧਾਨ ਨੇ ਅੰਗਦਾਨ ਨੂੰ ਉਤਸ਼ਾਹਿਤ ਕਰਨ ਦਾ ਪ੍ਰਣ ਲਿਆ



ਨਵੀਂ ਦਿੱਲੀ, 22 ਅਗਸਤ (ਅੰਮ੍ਰਿਤਪਾਲ ਸਿੰਘ) : ਜਨਰਲ ਉਪੇਂਦਰ ਦਿਵੇਦੀ, ਸੈਨਾ ਮੁਖੀ ਅਤੇ ਉਨ੍ਹਾਂ ਦੀ ਪਤਨੀ, ਸ਼੍ਰੀਮਤੀ ਸੁਨੀਤਾ ਦਿਵੇਦੀ, ਪ੍ਰਧਾਨ, ਆਰਮੀ ਵਾਈਵਜ਼ ਵੈਲਫੇਅਰ ਐਸੋਸੀਏਸ਼ਨ (ਆਵਾ) ਨੇ ਆਰਮੀ ਹਸਪਤਾਲ (ਖੋਜ ਅਤੇ ਰੈਫਰਲ) ਵਿਖੇ ਆਪਣੇ ਅੰਗ ਦਾਨ ਕਰਨ ਦਾ ਪ੍ਰਣ ਲਿਆ ਅਤੇ ਆਰਮਡ ਫੋਰਸਿਜ਼ ਆਰਗਨ ਰਿਟ੍ਰੀਵਲ ਐਂਡ ਟ੍ਰਾਂਸਪਲਾਂਟੇਸ਼ਨ ਅਥਾਰਟੀ ਨੂੰ ਪ੍ਰੋਤਸਾਹਿਤ ਕੀਤਾ। ਇਸ ਪਹਿਲ ਦਾ ਉਦੇਸ਼ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਹਥਿਆਰਬੰਦ ਬਲਾਂ ਦੇ ਭਾਈਚਾਰੇ ਨੂੰ ਅੰਗ ਦਾਨ ਵਿੱਚ ਦੇਸ਼ ਦੀ ਅਗਵਾਈ ਕਰਨ ਲਈ ਪ੍ਰੇਰਿਤ ਕਰਨਾ ਸੀ।ਆਰਮਡ ਫੋਰਸਿਜ਼ ਮੈਡੀਕਲ ਸਰਵਿਸਿਜ਼ ਦੇ ਡਾਇਰੈਕਟਰ ਜਨਰਲ, ਸਰਜਨ ਵਾਈਸ ਐਡਮਿਰਲ ਆਰਤੀ ਸਰੀਨ ਦੀ ਅਗਵਾਈ ਹੇਠ, ਅੰਗ ਪ੍ਰਾਪਤੀ ਅਤੇ ਟ੍ਰਾਂਸਪਲਾਂਟੇਸ਼ਨ ਦੇ ਯਤਨਾਂ ਵਿੱਚ ਇੱਕ ਮੋਹਰੀ ਵਜੋਂ ਉਭਰਿਆ ਹੈ।

ਭਾਰਤੀ ਫੌਜ ਪਹਿਲਾਂ ਹੀ ਇੱਕ ਮੁਹਿੰਮ ਵਿੱਚ 26,000 ਤੋਂ ਵੱਧ ਕਰਮਚਾਰੀਆਂ ਦੇ ਆਪਣੇ ਅੰਗ ਦਾਨ ਕਰਨ ਦੇ ਵਾਅਦੇ ਨਾਲ ਇੱਕ ਰਿਕਾਰਡ ਬਣਾ ਚੁੱਕੀ ਹੈ।ਇਸ ਮੌਕੇ ਬੋਲਦਿਆਂ ਜਨਰਲ ਉਪੇਂਦਰ ਦਿਵੇਦੀ ਨੇ ਅੰਗ ਦਾਨ ਨੂੰ ਮਨੁੱਖਤਾ ਦੀ ਸੇਵਾ ਅਤੇ ਹਥਿਆਰਬੰਦ ਸੈਨਾਵਾਂ ਦੀ ਕੁਰਬਾਨੀ ਅਤੇ ਹਿੰਮਤ ਦੀ ਭਾਵਨਾ ਦਾ ਵਿਸਥਾਰ ਦੱਸਿਆ। ਉਨ੍ਹਾਂ ਨੇ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਮਾਜ ਲਈ ਇੱਕ ਮਿਸਾਲ ਕਾਇਮ ਕਰਨ ਦੀ ਅਪੀਲ ਕੀਤੀ।ਸੈਨਾ ਮੁਖੀ ਨੇ ਇਸ ਸਮਾਗਮ ਵਿੱਚ ਸਿਹਤ ਕਰਮਚਾਰੀਆਂ ਦੀ ਮਹੱਤਵਪੂਰਨ ਭੂਮਿਕਾ ਨੂੰ ਮਾਨਤਾ ਦਿੰਦੇ ਹੋਏ, ਅੰਗ ਟ੍ਰਾਂਸਪਲਾਂਟ ਦੇਖਭਾਲ ਵਿੱਚ ਲੱਗੇ ਤਿੰਨ ਮੋਹਰੀ ਸਿਹਤ ਕਰਮਚਾਰੀਆਂ ਨੂੰ ਮੌਕੇ 'ਤੇ ਹੀ ਚੀਫ਼ਸ ਸਿਫ਼ਾਰਸ਼ ਕਾਰਡ ਵੀ ਭੇਟ ਕੀਤੇ। ਅੰਗ ਦਾਨ ਰਾਹੀਂ ਦੂਜਿਆਂ ਨੂੰ ਜੀਵਨ ਦੇਣ ਵਾਲੇ ਦਾਨੀ ਪਰਿਵਾਰਾਂ ਨੂੰ ਭਾਵੁਕ ਸ਼ਰਧਾਂਜਲੀ ਭੇਟ ਕੀਤੀ ਗਈ। ਇਨ੍ਹਾਂ ਪਰਿਵਾਰਾਂ ਨੂੰ ਸਮਾਰੋਹ ਵਿੱਚ ਉਨ੍ਹਾਂ ਦੀ ਹਮਦਰਦੀ ਅਤੇ ਹਿੰਮਤ ਲਈ ਸਨਮਾਨਤ ਕੀਤਾ ਗਿਆ।

## ਫ਼ਿਲਮ 'ਮੁਕ ਗਈ ਅਫ਼ੀਮ ਡੱਬੀ 'ਚੋਂ ਯਾਰੋ' ਦੀ ਪ੍ਰਮੋਸ਼ਨ ਲਈ ਸਟਾਰ ਕਾਸਟ ਦੋਆਬਾ ਕਾਲਜ ਪੁੱਜੀ

### ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਉਣਾ ਸਮੇਂ ਦੀ ਲੋੜ: ਗਿੱਲ

ਮੋਹਾਲੀ / ਖਰੜ 22 ਅਗਸਤ (ਹਰਦੀਪ ਕੌਰ) : ਪੰਜਾਬੀ ਸਿਨੇਮਾ ਜਗਤ ਵਿੱਚ 29 ਅਗਸਤ ਨੂੰ ਵੱਡੇ ਪੱਧਰ 'ਤੇ ਰਿਲੀਜ਼ ਹੋਣ ਜਾ ਰਹੀ ਫਿਲਮ 'ਮੁਕ ਗਈ ਅਫੀਮ ਡੱਬੀ 'ਚੋਂ ਯਾਰੋ' ਦੀ ਪੂਰੀ ਸਟਾਰ ਕਾਸਟ ਫਿਲਮ ਦੀ ਪ੍ਰਮੋਸ਼ਨ ਲਈ ਦੋਆਬਾ ਗਰੁੱਪ ਆਫ਼ ਕਾਲਜਪਹੁੰਚੀ। ਇਸ ਮੌਕੇ ਕਾਲਜ ਸਟਾਫ਼ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਫਿਲਮ ਵਿੱਚ ਧੀਰਜ ਕੁਮਾਰ ਅਤੇ ਸੀਰਤ ਮਸਤ ਮੁੱਖ ਭੂਮਿਕਾਵਾਂ ਨਿਭਾ ਰਹੇ ਹਨ। ਇਸ ਤੋਂ ਇਲਾਵਾ ਨਿਰਮਲ ਰਿਸ਼ੀ, ਮਹੇਸ਼ ਮੰਜ਼ਰੇਕਰ, ਪ੍ਰਕਾਸ਼, ਦੀਦਾਰ ਗਿੱਲ, ਨੇਹਾ ਆਦਿ ਕਲਾਕਾਰਾਂ ਨੇ ਵੀ ਸ਼ਾਨਦਾਰ ਅਦਾਕਾਰੀ ਕੀਤੀ ਹੈ। ਇਸ ਮੌਕੇ ਫਿਲਮ ਦੇ ਮੁੱਖ ਅਦਾਕਾਰ ਧੀਰਜ ਕੁਮਾਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਫਿਲਮ ਉਨ੍ਹਾਂ ਦੀ ਪੂਰੀ ਟੀਮ ਨੇ ਬਹੁਤ ਮਿਹਨਤ ਨਾਲ ਬਣਾਈ ਹੈ। ਇਹ ਇੱਕ ਕਾਮੇਡੀ ਫਿਲਮ ਹੈ। ਜੋ ਤੁਹਾਨੂੰ ਇੱਕ ਸੁਨੇਹਾ ਵੀ ਦੇਵੇਗੀ। ਉਨ੍ਹਾਂ ਕਿਹਾ ਕਿ ਇਹ ਫਿਲਮ ਤੁਹਾਨੂੰ ਤੁਹਾਡੇ ਸਾਰੇ ਪੈਸੇ ਵਾਪਸ ਦਿਵਾਏਗੀ। ਇਸ ਮੌਕੇ ਫਿਲਮ ਦੀ ਨਾਇਕਾ ਸੀਰਤ ਮਸਤ ਨੇ ਕਿਹਾ ਕਿ ਇਹ ਉਸਦੀ ਪਹਿਲੀ ਪੰਜਾਬੀ ਫਿਲਮ ਹੈ। ਉਸਨੂੰ ਨਿਰਮਲ ਰਿਸ਼ੀ ਵਰਗੇ ਦਿੱਗਜ ਕਲਾਕਾਰਾਂ ਨਾਲ ਕੰਮ ਕਰਕੇ ਬਹੁਤ ਕੁਝ ਸਿੱਖਣ ਨੂੰ ਮਿਲਿਆ। ਕਾਲਜ ਅਤੇ ਵਿਦਿਆਰਥੀ ਵੀ ਫਿਲਮ ਦੇ ਕਲਾਕਾਰਾਂ ਨੂੰ ਦੇਖ ਕੇ ਬਹੁਤ ਉਤਸ਼ਾਹਿਤ ਸਨ। ਅੰਤ ਵਿੱਚ, ਦੋਆਬਾ ਕਾਲਜ ਦੇ ਸਾਰੇ ਸਟਾਫ਼ ਮੈਂਬਰਾਂ ਵੱਲੋਂ ਫਿਲਮ ਦੀ ਪੂਰੀ ਸਟਾਰ ਕਾਸਟ ਦਾ ਸਨਮਾਨ ਕੀਤਾ ਗਿਆ।ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡੀਨ ਵਿਦਿਆਰਥੀ ਭਲਾਈ ਮੈਡਮ ਮਨਿੰਦਰਪਾਲ ਕੌਰ ਗਿੱਲ ਨੇ ਕਿਹਾ ਕਿ ਇਹ ਫਿਲਮ ਮੌਜੂਦਾ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲਣ ਦਾ ਇੱਕ ਚੰਗਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਵਰਤਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਸਿਖਲਾਈ ਅਤੇ ਪਲੇਸਮੈਂਟ ਦੇ ਡਾਇਰੈਕਟਰ ਡਾ. ਹਰਪ੍ਰੀਤ ਰਾਏ, ਦੋਆਬਾ ਕਾਲਜ ਆਫ਼ ਫਾਰਮੇਸੀ ਦੇ ਪ੍ਰਿੰਸੀਪਲ ਡਾ. ਪ੍ਰੀਤ ਮਹਿੰਦਰੂ, ਦੋਆਬਾ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਸੁਖਜਿੰਦਰ ਸਿੰਘ, ਦੋਆਬਾ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਪ੍ਰਿੰਸੀਪਲ ਡਾ. ਸੰਦੀਪ ਸ਼ਰਮਾ ਅਤੇ ਵੱਡੀ ਗਿਣਤੀ ਵਿੱਚ ਹੋਰ ਲੋਕ ਮੌਜੂਦ ਸਨ।



## ਦੱਖਣੀ ਅਮਰੀਕਾ 'ਚ ਲੱਗੇ ਭੂਚਾਲ ਦੇ ਝਟਕੇ

ਅਮਰੀਕਾ, 22 ਅਗਸਤ (ਚ.ਨ.ਸ.) : ਦੱਖਣੀ ਅਮਰੀਕਾ ਵਿੱਚ ਸ਼ੁੱਕਰਵਾਰ ਨੂੰ ਤੇਜ਼ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਮੁੱਢਲੀ ਜਾਣਕਾਰੀ ਅਨੁਸਾਰ, ਰਿਕਟਰ ਪੈਮਾਨੇ ਤੇ ਭੂਚਾਲ ਦੀ ਤੀਬਰਤਾ 8.0 ਮਾਪੀ ਗਈ, ਜੋ ਕਿ ਇੱਕ ਬਹੁਤ ਹੀ ਸ਼ਕਤੀਸ਼ਾਲੀ ਭੂਚਾਲ ਦੀ ਸ਼੍ਰੇਣੀ ਵਿੱਚ ਆਉਂਦੀ ਹੈ। ਹੁਣ ਤੱਕ ਕਿਸੇ ਵੀ ਜਾਨੀ ਜਾਂ ਮਾਲੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ ਹੈ ਪਰ ਭੂਚਾਲ ਦੀ ਤੀਬਰਤਾ ਨੂੰ ਦੇਖਦੇ ਹੋਏ ਰਾਹਤ ਅਤੇ ਬਚਾਅ ਟੀਮਾਂ ਅਲਰਟ ਮੋਡ 'ਤੇ ਆ ਗਈਆਂ ਹਨ।ਦੱਸ ਦੇਈਏ ਕਿ ਸ਼ੁੱਕਰਵਾਰ ਸਵੇਰੇ ਦੱਖਣੀ ਸਮੁੰਦਰ ਖੇਤਰ ਦੇ ਡਰੇਕ ਪੈਸੇਜ ਵਿੱਚ ਇੱਕ ਤੇਜ਼ ਭੂਚਾਲ ਨੇ ਪੂਰੇ ਖੇਤਰ ਨੂੰ ਹਿਲਾ ਕੇ ਰੱਖ ਦਿੱਤਾ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ (ਐਨਸੀਐਸ) ਦੇ ਅਨੁਸਾਰ, ਭੂਚਾਲ ਭਾਰਤੀ ਸਮੇਂ ਅਨੁਸਾਰ ਸਵੇਰੇ 7:46 ਅਤੇ 22 ਸਕਿੰਟ 'ਤੇ ਦਰਜ ਕੀਤਾ ਗਿਆ।ਇਸ ਭੂ-ਵਿਗਿਆਨਕ ਗੜਬੜ ਦਾ ਕੇਂਦਰ 60.26 ਦੱਖਣ ਅਕਸ਼ਾਂਸ਼ ਅਤੇ 61.85 ਪੱਛਮ ਰੇਖਾਂਸ਼ ਤੇ ਸਥਿਤ ਸੀ। ਜ਼ਮੀਨ ਦੇ ਅੰਦਰੋਂ ਪੈਦਾ ਹੋਈ ਇਸ ਗੜਬੜ ਦੀ ਡੂੰਘਾਈ 36 ਕਿਲੋਮੀਟਰ ਮਾਪੀ ਗਈ ਸੀ।




## ਅਨੁਰਾਧਾ ਐਸ. ਚਗਤੀ ਅਤੇ ਪਾਲਿਕਾ ਅਰੋੜਾ ਵੱਲੋਂ ਆਸ਼ਾ ਕਿਰਨ-ਵੋਕੇਸ਼ਨਲ ਟ੍ਰੇਨਿੰਗ ਸੈਂਟਰ ਦਾ ਦੌਰਾ

ਚੰਡੀਗੜ੍ਹ, 22 ਅਗਸਤ (ਅੰਮ੍ਰਿਤਪਾਲ ਸਿੰਘ) : ਸਮਾਜ ਭਲਾਈ, ਚੰਡੀਗੜ੍ਹ ਪ੍ਰਸ਼ਾਸਨ ਦੀ ਸਕੱਤਰ ਸ਼੍ਰੀਮਤੀ ਅਨੁਰਾਧਾ ਐਸ. ਚਗਤੀ ਅਤੇ ਸਮਾਜ ਭਲਾਈ ਦੀ ਡਾਇਰੈਕਟਰ ਸ਼੍ਰੀਮਤੀ ਪਾਲਿਕਾ ਅਰੋੜਾ ਨੇ ਆਸ਼ਾ ਕਿਰਨ - ਵੋਕੇਸ਼ਨਲ ਟ੍ਰੇਨਿੰਗ ਸੈਂਟਰ, ਸੈਕਟਰ-46, ਚੰਡੀਗੜ੍ਹ ਦਾ ਦੌਰਾ ਕੀਤਾ।ਦੌਰੇ ਦੌਰਾਨ, ਸਕੱਤਰ ਸਮਾਜ ਭਲਾਈ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਗੱਲਬਾਤ ਕੀਤੀ ਅਤੇ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਬਾਰੇ ਲਾਭਦਾਇਕ ਸੁਝਾਅ ਪ੍ਰਾਪਤ ਕੀਤੇ। ਇਸ ਮੌਕੇ ਹਾਸ਼ੀਏ 'ਤੇ ਪਏ ਵਰਗਾਂ ਦੇ ਸਮਾਵੇਸ਼ੀ ਵਿਕਾਸ ਅਤੇ ਸਸ਼ਕਤੀਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਖਾਸ ਕਰਕੇ ਲੰਬੇ ਸਮੇਂ ਦੇ ਵਿਕਾਸ ਲਈ ਹੁਨਰ ਨਿਰਮਾਣ 'ਤੇ।ਉਨ੍ਹਾਂ ਨੇ ਆਸ਼ਾ ਕਿਰਨ ਭਵਨ, ਸੈਕਟਰ-46, ਚੰਡੀਗੜ੍ਹ ਵਿਖੇ ਕਰਵਾਏ ਜਾ ਰਹੇ ਵੱਖ-ਵੱਖ ਕਲਾਸਾਂ/ਪ੍ਰੋਗਰਾਮਾਂ ਦਾ ਵੀ ਦੌਰਾ ਕੀਤਾ, ਜਿਸ ਵਿੱਚ ਬ੍ਰੇਲ ਸਿੱਖਿਆ, ਸੈਨਤ ਭਾਸ਼ਾ, ਸੰਗੀਤ, ਯੋਗਾ, ਫਿਜ਼ੀਓਥੈਰੇਪੀ, ਐਂਪਲੀਕੇਸ਼ਨ ਸ਼ਾਮਲ ਸਨ।

## ਯੂਨੀਵਰਸਿਟੀ, ਮੋਹਾਲੀ: ਅਗਲੀ ਪੀੜ੍ਹੀ ਲਈ ਇੱਕ ਨਵੀਂ ਦ੍ਰਿਸ਼ਟੀ

ਚੰਡੀਗੜ੍ਹ, 22 ਅਗਸਤ (ਹਰਦੀਪ ਕੌਰ) : ਇਸ ਖੇਤਰ ਦੇ ਅਕਾਦਮਿਕ ਖੇਤਰ ਵਿੱਚ ਇੱਕ ਇਤਿਹਾਸਕ ਪਲ ਦੇ ਤੌਰ ਤੇ, ਚੰਡੀਗੜ੍ਹ ਗਰੁੱਪ ਆਫ਼ ਕਾਲਜਜ਼, ਝੰਜੇਰੀ ਨੇ ਰਸਮੀ ਤੌਰ ਤੇ ਆਪਣੇ ਨਵੇਂ ਰੂਪ ਸੀਜੀਸੀ ਯੂਨੀਵਰਸਿਟੀ, ਮੋਹਾਲੀ ਵਜੋਂ ਬਦਲਾਅ ਦਾ ਐਲਾਨ ਕੀਤਾ। ਇਹ ਐਲਾਨ ਜੇਡਬਲਯੂ ਮੈਰੀਅਟ, ਚੰਡੀਗੜ੍ਹ ਵਿੱਚ ਹੋਈ ਇਕ ਮਹੱਤਵਪੂਰਨ ਪ੍ਰੈਸ ਕਾਨਫਰੰਸ ਦੌਰਾਨ ਕੀਤਾ ਗਿਆ। ਇਹ ਪ੍ਰੋਗਰਾਮ ਸੰਸਥਾ ਦੀ 25+ ਸਾਲਾਂ ਦੀ ਵਿਰਾਸਤ ਵਿੱਚ ਇਕ ਮਹੱਤਵਪੂਰਨ ਮੋੜ ਸੀ। ਕਾਲਜ ਤੋਂ ਇਕ ਤਕਨੀਕੀ ਨਵੀਨਤਮ, ਸਵਾਇਤ ਯੂਨੀਵਰਸਿਟੀ ਤੱਕ ਦੇ ਸਫ਼ਰ ਵਿੱਚ, ਨੇਤਾਵਾਂ ਨੇ ਨਵੀਂ ਪੀੜ੍ਹੀ ਨੂੰ ਸਾਂਭਣ ਦਾ ਪੱਕਾ ਇਰਾਦਾ ਕੀਤਾ ਹੈ। ਇਹ ਤਬਦੀਲੀ ਉਦਯੋਗ-ਜੁੜੇ ਸਿੱਖਿਆ ਮਾਡਲ ਵੱਲ ਇੱਕ ਬਹਾਦਰ ਕਦਮ ਹੈ। ਸੀਜੀਸੀ ਯੂਨੀਵਰਸਿਟੀ, ਮੋਹਾਲੀ ਭਾਰਤ ਵਿੱਚ ਏਆਈ-ਨਿਰੀਤ ਵਿਕਾਸ, ਟੈਕ-ਪਹਿਲੀ ਸਿੱਖਿਆ ਅਤੇ ਨਵੀਨਤਾ ਦਾ ਨਵਾਂ ਕੇਂਦਰ ਬਣਨ ਦੀ ਯੋਜਨਾ ਬਣਾਈ ਹੋਈ ਹੈ। ਜਿੱਥੇ 90% ਤੋਂ ਵੱਧ ਗ੍ਰੈਜੁਏਟ ਨਵੇਂ ਖੇਤਰਾਂ ਲਈ ਅਯੋਗ ਮੰਨੇ ਜਾਂਦੇ ਹਨ, ਉਥੇ ਸੰਸਥਾ ਦਾ ਕਰਿਕੁਲਮ ਜ਼ਿੰਦਗੀਚਾਲੀ ਉਦਯੋਗਕ ਅਨੁਭਵ ਅਤੇ ਕਾਰਪੋਰੇਟ ਨਾਲ ਮਿਲ ਕੇ ਬਣਾਏ ਗਏ ਸਰਟੀਫਿਕੇਸ਼ਨ ਤੇ ਆਧਾਰਿਤ ਹੈ। ਇਥੇ ਸਿੱਖਣ ਦੀ 50:50 ਮਾਡਲ ਵਾਲੀ ਵਿਧੀ ਅਪਣਾਈ ਗਈ ਹੈ, ਜਿੱਥੇ ਅਧਿਆਪਕਾਂ ਅਤੇ ਉਦਯੋਗਿਕ ਮਾਹਿਰਾਂ ਦੀ ਬਰਾਬਰ ਭੂਮਿਕਾ ਹੁੰਦੀ ਹੈ। ਉਦੇਸ਼ ਸਿਰਫ ਨੌਕਰੀ ਲਈ ਨਹੀਂ, ਸਗੋਂ ਲੀਡਰਸ਼ਿਪ ਲਈ ਤਿਆਰ ਕਰਨਾ ਹੈ।




ਇਸ ਪ੍ਰੈਸ ਕਾਨਫਰੰਸ ਵਿੱਚ ਅਕਾਦਮਿਕ ਅਤੇ ਉਦਯੋਗਕ ਖੇਤਰ ਦੀਆਂ ਮਹੱਤਵਪੂਰਨ ਹਸਤੀਆਂ ਨੇ ਸ਼ਿਰਕਤ ਕੀਤੀ।ਇਹ ਯੂਨੀਵਰਸਿਟੀ ਮੇਰੀ ਸਮਾਜ ਦੇ ਪਰਤੀ ਵਚਨਬੱਧਤਾ ਹੈ। ਮੇਰਾ ਮੰਨਣਾ ਹੈ ਕਿ ਗੁਣਵੱਤਾ ਵਾਲੀ ਸਿੱਖਿਆ ਹਰੇਕ ਵਿਅਕਤੀ ਦਾ ਅਧਿਕਾਰ ਹੋਣਾ ਚਾਹੀਦਾ ਹੈ। ਸੀਜੀਸੀ ਯੂਨੀਵਰਸਿਟੀ, ਮੋਹਾਲੀ ਦਾ ਮਕਸਦ ਇਹੀ ਹੈ ਕਿ ਹਰੇਕ ਵਿਦਿਆਰਥੀ ਨੂੰ, ਚਾਹੇ ਉਹ ਕਿਸੇ ਵੀ ਪਿਛੋਕੜ ਤੋਂ ਹੋਵੇ, ਸਿੱਖਣ, ਵਿਕਸਿਤ ਹੋਣ ਅਤੇ ਮਾਣ-ਯੋਗ ਜੀਵਨ ਦੀ ਤਲਾਸ਼ ਦਾ ਮੌਕਾ ਮਿਲੇ।ਅਸੀਂ ਇਕ ਅਸਿਮ ਅਧੁਨਿਕ, ਟੈਕ-ਸੰਬੰਧਤ ਕਰਿਕੁਲਮ ਤਿਆਰ ਕਰ ਰਹੇ ਹਾਂ ਜੋ ਨਵੀਨਤਾ, ਉਦਯੋਗ ਅਤੇ ਰੁਜ਼ਗਾਰ ਯੋਗਤਾ ਦੀ ਭਾਸ਼ਾ ਬੋਲਦਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਅਧਿਆਨ ਦੌਰਾਨ ਹੀ ਵਿੱਤੀ ਆਜ਼ਾਦੀ ਮਿਲੇ, ਇਹ ਸੰਸਕਾਰ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਲਿਆਉਣਾ ਜ਼ਰੂਰੀ ਹੈ। ਅਸੀਂ ਵਿਦਿਆਰਥੀਆਂ ਨੂੰ ਅਧਿਆਨ ਸਮੇਂ ਦੌਰਾਨ ਹੀ 75,000 ਤੋਂ 1,00,000 ਦੀ ਇੰਟਰਨਸ਼ਿਪ ਸਟੀਪੈਂਡ ਦੇਣ ਦੀ ਯੋਜਨਾ ਬਣਾ ਰਹੇ ਹਾਂ।ਅਸੀਂ ਉਦਯੋਗ ਨੂੰ ਕੈਂਪਸ ਵਿੱਚ ਲੈ ਕੇ ਆ ਰਹੇ ਹਾਂ। ਸਾਡੇ ਵਿਦਿਆਰਥੀ ਸਿਰਫ ਕਿਤਾਬਾਂ ਤੋਂ ਨਹੀਂ, ਸਗੋਂ ਰੀਅਲ-ਟਾਈਮ ਪ੍ਰਾਜੈਕਟਾਂ, ਬੋਰਡਰੂਮ ਕੇਸ ਸਟੱਡੀਜ਼ ਅਤੇ ਲਾਈਵ ਪ੍ਰੋਜੈਕਟਾਂ ਤੋਂ ਵੀ ਸਿੱਖਣਗੇ। ਸੀਜੀਸੀ ਯੂਨੀਵਰਸਿਟੀ, ਮੋਹਾਲੀ ਉਨ੍ਹਾਂ ਵਿਦਿਆਰਥੀਆਂ ਲਈ ਵੀ ਵਚਨਬੱਧ ਹੈ ਜੋ ਨੌਕਰੀ ਦੀ ਉਡੀਕ ਨਹੀਂ ਕਰਦੇ, ਸਗੋਂ ਆਪਣੇ ਸੁਪਨੇ ਤਿਆਰ ਕਰਦੇ ਹਨ। ਇੰਸਟਿਟਿਊਟ ਨੇ ਸ਼ਹਿਰੀ-ਪਿੰਡਾਂ ਦੇ ਹੁਨਰ ਦੇ ਅੰਤਰ ਨੂੰ ਘਟਾਉਣ ਲਈ ਖੇਤਰੀ ਭਾਸ਼ਾਵਾਂ ਵਿੱਚ ਡਿਜੀਟਲ ਅਤੇ ਵੋਕੇਸ਼ਨਲ ਕੋਰਸ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ।ਸੰਸਥਾ ਭਾਰਤ ਦੇ 6.8 ਲੱਖ ਕਰੋੜ ਦੇ ਐਮਐਸਐਮਈ ਖੇਤਰ ਨੂੰ ਵੀ ਡਿਜੀਟਲ ਅਤੇ ਮਾਰਕੀਟਿੰਗ ਸਹਾਇਤਾ ਪ੍ਰਦਾਨ ਕਰੇਗੀ, ਜੋ ਵਿਦਿਆਰਥੀਆਂ ਦੀਆਂ ਟੀਮਾਂ ਵੱਲੋਂ ਚਲਾਈ ਜਾਵੇਗੀ।

## ਪੀ.ਐਨ.ਬੀ. ਵੱਲੋਂ ਐਕਸਪੋਰਟ ਆਊਟਰੀਚ ਪ੍ਰੋਗਰਾਮ

ਲੁਧਿਆਣਾ, 22 ਅਗਸਤ (ਚ.ਨ.ਸ.) : ਪੰਜਾਬ ਨੈਸ਼ਨਲ ਬੈਂਕ ਲੁਧਿਆਣਾ ਜ਼ੋਨ ਨੇ ਜ਼ੋਨਲ ਮੈਨੇਜਰ ਪਰਮੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਐਕਸਪੋਰਟ ਆਊਟਰੀਚ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ ਜਿਸ ਵਿੱਚ ਡੀਜ਼ੈਡਐਮ ਸੰਜੀਵ ਕਪੂਰ, ਏਜੀਐਮ ਟੀਐਫਸੀ ਦਿੱਲੀ ਰਾਕੇਸ਼ ਸ਼ਰਮਾ, ਸੀਐਚ ਲੁਧਿਆਣਾ ਕਿਸ਼ੋਰ ਚਿਲਾਣਾ, ਡੀਜੀਐਮ ਐਲਸੀਬੀ ਲੁਧਿਆਣਾ ਅਵਿਨਾਸ਼ ਕੁਮਾਰ, ਸੀਨੀਅਰ ਮੈਨੇਜਰ ਈਸੀਜੀਸੀ ਸੰਤੋਸ਼ ਕੁਮਾਰ, ਜ਼ੋਨ ਦੇ ਸਾਰੇ ਐਮਸੀਸੀ ਮੁਖੀ ਅਤੇ ਬੀਐਮ ਏਡੀ ਸ਼ਾਖਾਵਾਂ ਦੇ ਨਾਲ-ਨਾਲ ਉਨ੍ਹਾਂ ਦੇ ਨਿਰਯਾਤਕ ਗਾਹਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ 'ਤੇ, ਨਿਰਯਾਤਕ ਨੂੰ ਵੱਖ-ਵੱਖ ਯੋਜਨਾਵਾਂ ਬਾਰੇ ਜਾਣੂ ਕਰਵਾਇਆ ਗਿਆ। ਸਮਾਗਮ ਦੌਰਾਨ ਲਗਭਗ 140 ਕਰੋੜ ਰੁਪਏ ਦੇ ਲੀਡ ਤਿਆਰ ਕੀਤੇ ਗਏ। ਸਰਕਲ ਦੇ ਡੀਸੀਐਚ ਗੁਰਪ੍ਰੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।




ਜਨਮ ਦਿਨ ਮੁਬਾਰਕ



ਇਮਾਨਤਦੀਪ ਕੌਰ

# ਮਾਨ ਸਰਕਾਰ ਨੇ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਮਾਣ ਹਾਸਿਲ ਕੀਤਾ: ਹਰਮਿੰਦਰ ਬਖਸ਼ੀ



ਗੜ੍ਹਸ਼ੰਕਰ 23 ਅਗੱਸਤ (ਅਜਮੇਰ ਸਿੰਘ ਭਨੋਟ) ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿੱਛਲੇ ਤਿੰਨ ਸਾਲਾਂ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਮਾਣ ਹਾਸਿਲ ਕੀਤਾ ਹੈ, ਇਹ ਬੋਲ ਆਮ ਆਦਮੀ ਪਾਰਟੀ ਦੇ ਇੰਡਸਟਰੀ ਵਾਇਸ ਚੇਅਰਮੈਨ ਡਾਕਟਰ ਹਰਮਿੰਦਰ ਸਿੰਘ ਬਖਸ਼ੀ ਨੇ ਗੱਲਬਾਤ ਦੌਰਾਨ ਕਿਹੇ, ਡਾਕਟਰ ਹਰਮਿੰਦਰ ਸਿੰਘ ਬਖਸ਼ੀ ਨੇ ਕਿਹਾ ਕਿ ਜਿੱਥੇ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਨੌਕਰੀਆਂ ਦੇਣ ਲਈ ਐਨਾ ਕੰਮ ਨਹੀਂ ਕੀਤਾ, ਪਰ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਹਮੇਸ਼ਾ ਹੀ ਪੰਜਾਬ ਚੋਂ ਬੇਰੋਜ਼ਗਾਰੀ ਖ਼ਤਮ ਕਰਨ ਦੀ ਹੀ ਗੱਲ ਕੀਤੀ ਹੈ, ਅਤੇ ਉਨ੍ਹਾਂ ਪਿੱਛਲੇ ਤਿੰਨ ਸਾਲਾਂ ਵਿੱਚ ਪੰਜਾਬ ਦੀ ਨੌਜਵਾਨੀ ਨੂੰ 55 ਹਜ਼ਾਰ ਨੌਕਰੀਆਂ ਦੇ ਕੇ ਦੇਸ਼ ਦਾ ਪਹਿਲਾਂ ਸੂਬਾ ਪੰਜਾਬ ਨੂੰ ਬਣਾਇਆ ਹੈ, ਪੰਜਾਬ ਦੇ ਮੁੱਖ ਮੰਤਰੀ ਨੇ ਜੋ ਕਿਹਾ ਉਹ ਕਰ ਕੇ ਦਿਖਾਇਆ ਹੈ, ਅੱਜ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਤੇ ਭਰੋਸਾ ਕਰਦੇ ਹਨ, ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਨਾਲ ਬੱਚਿਆਂ ਦਾ ਵਿਦੇਸ਼ਾਂ ਨੂੰ ਲੱਖਾਂ ਰੁਪਏ ਲਗਾਉਣ ਤੋਂ ਬਚਾਅ ਹੋਇਆ ਹੈ, ਅੱਜ ਪੰਜਾਬ ਵਿੱਚ ਨੌਜਵਾਨਾਂ ਦਾ ਪਹਿਲਾਂ ਨਾਲੋਂ ਵਿਦੇਸ਼ ਜਾਣ ਦਾ ਰੁਜਾਨ ਵੀ ਘਟਿਆ ਹੈ, ਆਉਣ ਵਾਲੇ ਸਮੇਂ ਚ ਹੋਰ ਵੀ ਹੋਣਹਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ ਤਾਂ ਕਿ ਨੌਜਵਾਨ ਆਪਣੇ ਪੰਜਾਬ ਚ ਰਹਿਕੇ ਕੰਮ ਕਰ ਸਕਣ।

# ਸਿਹਤਮੰਦ ਜੀਵਨ ਲਈ ਖੇਡਾਂ ਅਤਿ ਜ਼ਰੂਰੀ: ਕ੍ਰਿਤਿਕਾ ਗੋਇਲ



ਸ਼ਹੀਦ ਭਗਤ ਸਿੰਘ ਨਗਰ, 22 ਅਗਸਤ: ਸੁਖਦੇਵ ਸਿੰਘ ਉੜਾਪੜ : ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਖੇਡ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਜੇ.ਐਸ.ਐਫ.ਐਚ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਫੁੱਟਬਾਲ ਮੈਚ ਕਰਵਾਇਆ ਗਿਆ ਜਿਥੇ ਬਲਾਚੌਰ ਦੇ ਐਸ.ਡੀ.ਐਮ. ਕ੍ਰਿਤਿਕਾ ਗੋਇਲ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕਰਦਿਆਂ ਸਿਹਤਮੰਦ ਜੀਵਨ ਲਈ ਖੇਡਾਂ ਦੇ ਮਹੱਤਵ ਬਾਰੇ ਦੱਸਿਆ। ਐਸ.ਡੀ.ਐਮ. ਕ੍ਰਿਤਿਕਾ ਗੋਇਲ ਨੇ ਕਿਹਾ ਕਿ ਖੇਡਾਂ ਨਾਲ ਜੁੜ ਕੇ ਨਾ ਸਿਰਫ਼ ਆਪਣੀ ਸ਼ਖਸ਼ੀਅਤ ਦੇ ਚਹੁੰਮੁਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ ਸਗੋਂ ਖੇਡਾਂ ਦੇ ਪਾਸਾਰ ਨਾਲ ਨਸ਼ਿਆਂ ਦੀ ਅਲਾਮਤ ਨੂੰ ਵੀ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਦੇਸ਼ ਦੀ ਝੋਲੀ ਵਿੱਚ ਬਹੁਤ ਸਾਰੇ ਖਿਡਾਰੀ ਪਾਉਂਦਿਆਂ ਦੁਨੀਆ ਦੇ ਖੇਡ ਨਕਸ਼ੇ 'ਤੇ ਵੱਖਰੀ ਪਛਾਣ ਕਾਇਮ ਕੀਤੀ ਹੈ ਅਤੇ ਨੌਜਵਾਨ ਪੀੜੀ ਨੂੰ ਵੀ ਪੰਜਾਬ ਦੀ ਖੇਡ ਵਿਰਾਸਤ ਨੂੰ ਅੱਗੇ ਤੋਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਖੇਡ ਵਿਭਾਗ ਨਾਲ ਮਿਲ ਕੇ ਜ਼ਿਲ੍ਹੇ ਵਿੱਚ ਸਮੇਂ ਸਮੇਂ 'ਤੇ ਖੇਡ ਸਰਗਰਮੀਆਂ ਕਰਵਾਏਗਾ ਤਾਂ ਜੋ ਵੱਧ ਤੋਂ ਵੱਧ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਪਸੰਦੀਦਾ ਖੇਡਾਂ ਨਾਲ ਜੋੜਿਆ ਜਾ ਸਕੇ। ਪੰਜਾਬ ਸਰਕਾਰ ਵੱਲੋਂ ਇਸ ਸਾਲ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਬਾਰੇ ਗੱਲ ਕਰਦਿਆਂ ਐਸ.ਡੀ.ਐਮ. ਕ੍ਰਿਤਿਕਾ ਗੋਇਲ ਨੇ ਕਿਹਾ ਕਿ ਇਸ ਵਾਰ ਬਲਾਕ, ਜਿਲ੍ਹਾ ਅਤੇ ਰਾਜ ਪੱਧਰੀ ਖੇਡਾਂ 03 ਸਤੰਬਰ ਤੋਂ 23 ਨਵੰਬਰ ਤੱਕ ਕਰਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਹਰ ਉਮਰ ਵਰਗ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਖੇਡਾਂ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਣ। ਉਨ੍ਹਾਂ ਦੱਸਿਆ ਕਿ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਲਾਕ ਪੱਧਰੀ ਖੇਡਾਂ 4 ਸਤੰਬਰ ਤੋਂ 12 ਸਤੰਬਰ ਤੱਕ ਵੱਖ-ਵੱਖ ਬਲਾਕਾਂ ਵਿੱਚ ਹੋਣਗੀਆਂ। ਉਨ੍ਹਾਂ ਦੱਸਿਆ ਕਿ ਬਲਾਕ ਨਵਾਂਸ਼ਹਿਰ ਵਿੱਚ 04-05 ਸਤੰਬਰ, ਬਲਾਕ ਬਲਾਚੌਰ ਅਤੇ ਸੜੋਆ ਵਿੱਚ 08-09 ਸਤੰਬਰ ਅਤੇ ਬਲਾਕ ਔੜ/ਬੰਗਾ ਵਿਖੇ 11-12 ਸਤੰਬਰ ਨੂੰ ਵੱਖ-ਵੱਖ ਉਮਰ ਵਰਗ ਦੀਆਂ ਖੇਡਾਂ ਹੋਣਗੀਆਂ ਜਿਨ੍ਹਾਂ ਵਿੱਚ ਅਥਲੈਟਿਕਸ, ਵਾਲੀਬਾਲ, ਸ਼ੂਟਿੰਗ ਤੇ ਵਾਲੀਬਾਲ ਸ਼ਮੈਸ਼ਿੰਗ, ਕਬੱਡੀ ਸਰਕਲ, ਖੋ-ਖੋ ਸ਼ਾਮਲ ਹਨ। ਫੁੱਟਬਾਲ ਮੈਚ ਦੌਰਾਨ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ, ਸਕੂਲ ਦੇ ਪ੍ਰਿੰਸੀਪਲ ਦਲਜੀਤ ਸਿੰਘ ਬੋਲਾ, ਫੁੱਟਬਾਲ ਕੋਚ ਜਸਵਿੰਦਰ ਸਿੰਘ ਅਤੇ ਜਸਬੀਰ ਵੀ ਮੌਜੂਦ ਸਨ। ਜ਼ਿਲ੍ਹਾ ਖੇਡ ਅਫ਼ਸਰ ਵਲੋਂ ਬੱਚਿਆ ਅਤੇ ਖਿਡਾਰੀਆਂ ਨੂੰ ਨਸ਼ਿਆ ਦੇ ਮਾਰੂ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਬਹੁਤ ਜ਼ਰੂਰੀ ਹਨ ਅਤੇ ਵਿਦਿਆਰਥੀਆਂ ਨੂੰ ਆਪਣੀਆਂ ਪਸੰਦ ਵਾਲੀਆਂ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ।

# ਲੋਕਾਂ ਦੇ ਨਿੱਜੀ ਦਸਤਾਵੇਜਾਂ ਦੀ ਹੋ ਰਹੀ ਹੈ ਦੁਰਵਰਤੋਂ : ਅਜੇ ਲਿਬੜਾ



ਫਤਿਹਗੜ੍ਹ ਸਾਹਿਬ, 22 ਅਗਸਤ (ਨਰਿੰਦਰ ਸਿੰਘ) ਜ਼ਿਲ੍ਹਾ ਯੋਜਨਾ ਬੋਰਡ ਫਤਿਹਗੜ੍ਹ ਸਾਹਿਬ ਦੇ ਚੇਅਰਮੈਨ ਅਤੇ ਪ੍ਰਧਾਨ ਆਮ ਆਦਮੀ ਪਾਰਟੀ ਫਤਿਹਗੜ੍ਹ ਸਾਹਿਬ ਅਜੇ ਸਿੰਘ ਲਿਬੜਾ ਨੇ ਕਿਹਾ ਕਿ ਭਾਜਪਾ ਦੇ ਸਮਰਥਕਾਂ ਵੱਲੋਂ ਦੱਸ ਕੇ ਉਹਨਾਂ ਵੱਲੋਂ ਵੱਖ ਵੱਖ ਥਾਵਾਂ ਤੇ ਚਲਾਏ ਜਾ ਰਹੇ ਕੈਂਪਾਂ ਸਬੰਧੀ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਪਿੰਡਾਂ ਵਿੱਚ ਜਾ ਕੇ ਲੋਕਾਂ ਨੇ ਦੱਸਿਆ ਕਿ ਕੁਝ ਪ੍ਰਾਈਵੇਟ ਲੋਕ ਪਿੰਡਾਂ ਵਿੱਚ ਆ ਕੇ ਉਹਨਾਂ ਕੋਲੋਂ ਜਰੂਰੀ ਦਸਤਾਵੇਜ਼ਾਂ ਜਿਨ੍ਹਾਂ ਵਿੱਚੋਂ ਆਧਾਰ ਕਾਰਡ, ਪੈਨ ਕਾਰਡ ਅਤੇ ਨਿਜੀ ਦਸਤਾਵੇਜਾਂ ਦੀ ਮੰਗ ਕਰ ਰਹੇ ਹਨ। ਅਜੇ ਸਿੰਘ ਲਿਬੜਾ ਨੇ ਖਦਸ਼ਾ ਜਤਾਇਆ ਕਿ ਇਹਨਾਂ ਨਿੱਜੀ ਦਸਤਾਵੇਜ਼ਾਂ ਦੀ ਜਾਣਕਾਰੀ ਹਾਸਲ ਕਰਕੇ ਕੋਈ ਵੀ ਵਿਅਕਤੀ ਲੋਕਾਂ ਦੇ ਬੈਂਕਾਂ ਦੇ ਵਿੱਚ ਪਏ ਪੈਸਿਆਂ ਨਾਲ, ਵੋਟਰ ਸੂਚੀ ਵਿੱਚੋਂ ਵੋਟਾਂ ਕੱਟ ਕੇ ਆਦੀ ਕਿਸੇ ਤਰ੍ਹਾਂ ਦਾ ਵੀ ਨੁਕਸਾਨ ਕਰ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਸੁਚੇਤ ਅਤੇ ਜਾਗਰੂਕ ਰਹਿਣ ਦੀ ਅਪੀਲ ਕੀਤੀ ਗਈ। ਚੇਅਰਮੈਨ ਲਿਬੜਾ ਨੇ ਕਿਹਾ ਕਿ ਇਹ ਕੰਮ ਸਰਕਾਰਾਂ ਦੇ ਹੁੰਦੇ ਹਨ ਤੇ ਸਰਕਾਰਾਂ ਵੱਲੋਂ ਸਰਕਾਰੀ ਸੁਵਿਧਾਵਾਂ ਨੂੰ ਪਿੰਡ ਪਿੰਡ ਸ਼ਹਿਰ ਲੋੜਵੰਦ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ, ਜਦੋਂ ਕਿ ਬੀਜੇਪੀ ਵੱਲੋਂ ਲਗਾਏ ਜਾ ਰਹੇ ਇਹ ਕੈਂਪ ਰਾਜਨੀਤਿਕ ਸਟੰਟ ਹਨ।

# ਲੇਖਾਕਾਰ ਰਕੇਸ਼ ਕੁਮਾਰ ਸ਼ਰਮਾ ਨੂੰ ਈ.ਓ ਬਣਨ 'ਤੇ ਵਿਦਾਇਗੀ ਦਿੱਤੀ



ਬਟਾਲਾ, 22 ਅਗਸਤ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਨਗਰ ਕੌਂਸਲ ਦਫ਼ਤਰ ਵਿਖੇ ਤਾਇਨਾਤ ਰਕੇਸ਼ ਕੁਮਾਰ ਸ਼ਰਮਾ ਲੇਖਾਕਾਰ ਨੂੰ ਸਥਾਨਕ ਸਰਕਾਰ ਵਿਭਾਗ (ਪੰਜਾਬ ਸਰਕਾਰ) ਵੱਲੋਂ ਬਤੌਰ ਕਾਰਜ ਸਾਧਕ ਅਫ਼ਸਰ ਪਦਉੱਨਤ ਕੀਤਾ ਗਿਆ ਹੈ, ਜਿੰਨ੍ਹਾਂ ਦੀ ਨਗਰ ਕੌਂਸਲ ਸੁਜਾਨਪੁਰ ਵਿਖੇ ਪੋਸਟਿੰਗ ਅਧੀਨ ਨਵੀਂ ਤਾਇਨਾਤੀ ਕੀਤੀ ਗਈ ਹੈ।ਇਸ ਤੋਂ ਪਹਿਲਾਂ ਉਨ੍ਹਾਂ ਨੂੰ ਇਥੇ ਨਗਰ ਕੌਂਸਲ ਦਫ਼ਤਰ ਵਿਖੇ ਸਮੂਹ ਸਟਾਫ਼ ਵੱਲੋਂ ਵਿਦਾਇਗੀ ਦਿੰਦਿਆਂ ਸਨਮਾਨਿਤ ਕੀਤਾ ਗਿਆ ਅਤੇ ਸਟਾਫ਼ ਵੱਲੋਂ ਉਨ੍ਹਾਂ ਦੀ ਨਵੀਂ ਪੋਸਟਿੰਗ ਲਈ ਵਧਾਈ ਦਿੱਤੀ ਗਈ।ਇਸ ਦੌਰਾਨ ਲੇਖਾਕਾਰ ਤੋਂ ਕਾਰਜ ਸਾਧਕ ਅਫ਼ਸਰ ਬਣੇ ਰਕੇਸ਼ ਕੁਮਾਰ ਸ਼ਰਮਾ ਨੇ ਕਿਹਾ ਕਿ ਨਗਰ ਕੌਂਸਲ ਦਫ਼ਤਰ ਫਤਿਹਗੜ੍ਹ ਚੂੜੀਆਂ ਵਿੱਚ ਉਨ੍ਹਾਂ ਵੱਲੋਂ ਲੰਬਾ ਸਮਾਂ ਸੇਵਾਵਾਂ ਨਿਭਾਈਆਂ ਗਈਆਂ ਹਨ, ਜਿਸ ਲਈ ਉਹ ਦਫ਼ਤਰੀ ਸਟਾਫ਼ ਦੇ ਹਮੇਸ਼ਾਂ ਰਿਣੀ ਰਹਿਣਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਕਈ ਯਾਦਾਂ ਇਸ ਦਫ਼ਤਰ ਨਾਲ ਜੁੜੀਆਂ ਹਨ, ਜਿੰਨ੍ਹਾਂ ਨੂੰ ਉਹ ਹਮੇਸ਼ਾਂ ਯਾਦ ਰੱਖਣਗੇ। ਇਸ ਮੌਕੇ ਪਲਵਿੰਦਰ ਸਿੰਘ ਜੂਨੀਅਰ ਸਹਾਇਕ, ਸੁਨੀਲ ਕੁਮਾਰ ਕੁਲਾਰੀ ਜੂਨੀਅਰ ਸਹਾਇਕ, ਅਮਰਜੀਤ ਕੌਰ ਕਲਰਕ, ਜੋਤੀ ਬਾਲਾ ਜੂਨੀਅਰ ਸਹਾਇਕ, ਮੁਖਤਾਰ ਸਿੰਘ ਕਲਰਕ, ਸੌਰਵ ਕੁਮਾਰ ਕਲਰਕ, ਹਰਜਿੰਦਰ ਸਿੰਘ ਕਲਰਕ, ਰਮੇਸ਼ ਸੋਨੀ, ਆਸ਼ੂ ਆਦਿ ਨੇ ਰਕੇਸ਼ ਕੁਮਾਰ ਸ਼ਰਮਾ ਨੂੰ ਵਧਾਈ ਦਿੱਤੀ।

# ਬਟਾਲਾ ਕਾਲਜ ਆ.ਫ ਐਜੂਕੇਸ਼ਨ ਦਾ ਬੀ.ਐੱਡ. ਸਮੈਸਟਰ ਚੌਥੇ ਦਾ ਨਤੀਜਾ ਰਿਹਾ ਸ਼ਾਨਦਾਰ,



ਬਟਾਲਾ, 22 ਅਗਸਤ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ.ਐੱਡ. ਸਮੈਸਟਰ ਚੌਥੇ ਦੇ ਨਤੀਜੇ 'ਚ ਬਟਾਲਾ ਕਾਲਜ ਆਫ਼ ਐਜੂਕੇਸ਼ਨ, ਬੁੱਲੋਵਾਲ (ਨੇੜੇ ਅਲੀਵਾਲ) ਦੇ ਵਿਦਿਆਰਥੀਆਂ ਨੇ ਗੁਰਦਾਸਪੁਰ ਜ਼ਿਲ੍ਹੇ 'ਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ ਹੈ। ਕਾਲਜ ਦੇ ਚੇਅਰਮੈਨ ਸ. ਬਿਕਰਮਜੀਤ ਸਿੰਘ ਬਾਠ ਨੇ ਦੱਸਿਆ ਕਿ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਲਜ ਦੀ ਵਿਦਿਆਰਥਣ ਤਾਨੀਆ ਬੇਦੀ ਨੇ 8.38 ਅੰਕ ਪ੍ਰਾਪਤ ਕਰਕੇ ਕਾਲਜ ਵਿਚੋਂ ਪਹਿਲਾ, ਸਾਕਸ਼ੀ ਨੇ 8.35 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨਵਨੀਤ ਕੌਰ 8.20 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਦੇ ਨਾਲ ਹੀ ਅਕਾਸ਼ਦੀਪ ਕੌਰ ਨੇ 8.10 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਸ਼ਰਨਜੀਤ ਕੌਰ ਨੇ 8.03 ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਅਤੇ ਸੁਰਕਸ਼ਾ, ਦਾਮਿਨੀ ਮਹਾਜਨ ਅਤੇ ਸੰਦੀਪ ਸਿੰਘ ਨੇ 8.00 ਅੰਕ ਪ੍ਰਾਪਤ ਕਰਕੇ ਛੇਵਾਂ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਕਾਲਜ ਦੇ 76 ਵਿਦਿਆਰਥੀਆਂ ਨੇ 70 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਸਟਾਫ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਇਸ ਸਾਲ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ, ਜੋ ਕਿ ਇੱਕ ਵਿੱਦਿਅਕ ਸੰਸਥਾ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਬੀ.ਐੱਡ. ਤੋਂ ਇਲਾਵਾ ਕਾਲਜ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਕੋਰਸ ਬੀ.ਏ., ਬੀ.ਐਸ.ਸੀ.(ਇਕਨਾਮਿਕਸ), ਬੀ.ਸੀ.ਏ., ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨਜ਼, ਡਿਪਲੋਮਾ ਇੰਨ ਕਾਸਮੈਟੋਲੋਜੀ ਦਾ ਵੀ ਦਾਖ਼ਲਾ ਚੱਲ ਰਿਹਾ ਹੈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ) ਦੁਆਰਾ ਮਾਨਤਾ ਪ੍ਰਾਪਤ ਓਪਨ ਐਂਡ ਡਿਸਟੈਂਸ ਲਰਨਿੰਗ (ਓ.ਡੀ.ਐਲ.) ਅਧੀਨ ਡਿਪਲੋਮਾ, ਅੰਡਰ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਕੋਰਸ (ਬੀ.ਏ., ਬੀ.ਸੀ.ਏ., ਬੀ.ਕਾਮ., ਬੀ.ਲਿਬ., ਐਮ.ਸੀ.ਏ., ਐਮ.ਕਾਮ., ਐਮ.ਏ. (ਪੰਜਾਬੀ), ਐਮ.ਏ. (ਅੰਗਰੇਜ਼ੀ) ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨਜ਼) ਦਾ ਦਾਖ਼ਲਾ ਚੱਲ ਰਿਹਾ ਹੈ। ਵਿਦਿਆਰਥੀ ਓ.ਡੀ.ਐਲ. ਮੋਡ ਅਧੀਨ ਦੂਜੀ ਡਿਗਰੀ ਲਈ ਦਾਖਲਾ ਲੈ ਸਕਦੇ ਹਨ ਅਤੇ ਇੱਕੋ ਸਮੇਂ ਦੋ-ਡਿਗਰੀ ਪ੍ਰੋਗਰਾਮਾਂ ਨੂੰ ਅੱਗੇ ਵਧਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿੱਖਿਆ ਨੂੰ ਨਿਰੋਲ ਸੇਵਾ ਦੇ ਮਿਸ਼ਨ ਵਜੋਂ ਲੈਂਦਿਆਂ ਵਿਦਿਆਰਥੀਆਂ ਕੋਲੋਂ ਦਾਖ਼ਲੇ ਲਈ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਫ਼ੀਸ ਹੀ ਲਈ ਜਾ ਰਹੀ ਹੈ ਤਾਂ ਜੋ ਗਰੀਬ ਵਿਦਿਆਰਥੀ ਵੀ ਸਿੱਖਿਆ ਤੋਂ ਵਾਂਝਾ ਨਾ ਰਹਿ ਸਕੇ। ਕਾਲਜ ਵਿੱਚ ਦਾਖਲਾ ਲੈਣ ਲਈ ਵਿਦਿਆਰਥੀਆਂ ਅੰਦਰ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਲਜ ਕੈਂਪਸ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਮਲਟੀਮੀਡੀਆ ਡਿਜੀਟਲ ਲਾਇਬ੍ਰੇਰੀ, ਟੈਕਨਾਲੋਜੀ ਲੈਬ, ਮੈਥਮ ਲੈਬ, ਸਾਇੰਸ ਲੈਬਾਂ, ਸਾਇਕੋਲੋਜੀ ਲੈਬ, ਮਿਊਜ਼ਿਕ ਰੂਮ, ਆਰਟ ਰੂਮ, ਖੁੱਲ੍ਹੇ ਹਵਾਦਾਰ ਕਮਰੇ, ਆਧੁਨਿਕ ਕੰਪਿਊਟਰ ਲੈਬ ਤੇ ਨਾਲ ਹੀ ਵਾਈ-ਫਾਈ ਅਤੇ ਇੰਟਰਨੈਟ ਦੀਆਂ ਸਹੂਲਤਾਂ ਵੀ ਮੌਜੂਦ ਹਨ

# ਡਰਾਈ ਡੇ ਫਰਾਈਡੇ ਸੰਬੰਧੀ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਦਿੱਤੀ ਜਾਣਕਾਰੀ

ਤਰਨ ਤਾਰਨ 22 ਅਗਸਤ (ਪੁਸ਼ਪਿੰਦਰ ਬੰਟੀ ਗੁਰਵਿੰਦਰ ਸਿੰਘ) ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਜੀ ਦੇ ਹੁਕਮਾਂ ਅਨੁਸਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਅਫ਼ਸਰ ਡਾਕਟਰ ਰਾਘਵ ਗੁਪਤਾ ਜੀ ਅਤੇ ਡਾਕਟਰ ਅਵਲੀਨ ਕੋਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਜਤਿੰਦਰਪਾਲ ਸਿੰਘ ਜੀ ਦੀ ਰਹਿਨੁਮਾਈ ਹੇਠ ਸੀ ਐਚ ਸੀ ਕੈਰੋਂ ਅਧੀਨ ਪੀ ਐਚ ਸੀ ਢੋਟੀਆਂ ਅਧੀਨ ਆਉਂਦੇ ਸਰਕਾਰੀ ਦਫ਼ਤਰਾਂ, ਬੈਂਕਾਂ ਵਿਚ ਸਟਾਫ਼ ਅਤੇ ਇਕੱਤਰ ਹੋਏ ਲੋਕਾਂ ਨੂੰ ਡੇਂਗੂ, ਮਲੇਰੀਆ ਅਤੇ ਚਿਕਨਗੂਨੀਆਂ ਸੰਬੰਧੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਹੈਲਥ ਇੰਸਪੈਕਟਰ ਅਮਰਜੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਬੁਖਾਰ ਇੱਕ ਵਾਇਰਲ ਬੁਖਾਰ ਹੈ ਜੋ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਇਹ ਮੱਛਰ ਜ਼ਿਆਦਾ ਤਰ ਦਿਨ ਵੇਲੇ ਕੱਟਦਾ ਹੈ। ਇਹ ਮੱਛਰ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਦੇ ਲੱਛਣ ਤੇਜ਼ ਬੁਖਾਰ, ਸਿਰ ਦਰਦ, ਜੋੜਾਂ ਅਤੇ ਮਾਸਪੇਸ਼ੀਆਂ ਵਿਚ ਦਰਦ, ਅੱਖਾਂ ਦੇ ਪਿਛਲੇ ਪਾਸੇ ਦਰਦ, ਸਰੀਰ ਉਪਰ ਲਾਲ ਜਾਣੇਂ ਨਿਕਲਣਾ, ਪਲੈਟਲੈਟ ਸੈੱਲ ਦਾ ਘਟਣਾਂ, ਥਕਾਵਟ, ਕਮਜ਼ੋਰੀ ਆਦਿ ਲੱਛਣ ਹੋ ਸਕਦੇ ਹਨ। ਇਸ ਕਰਕੇ ਸਾਨੂੰ ਡੇਂਗੂ ਤੋਂ ਬਚਾਅ ਸਬੰਧੀ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਸਾਫ਼ ਸਫ਼ਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਸਾਨੂੰ ਆਪਣੇ ਕੂਲਰ ਫਰਿੱਜਾਂ ਦੀਆਂ ਟਰੇਆਂ ਗਮਲੇ ਪੁਰਾਣੇ ਟਾਇਰਾਂ ਟੁੱਟੇ ਭੱਜੇ ਬਰਤਨਾਂ ਪਸ਼ੂ ਪੰਛੀ ਵਾਲੇ ਬਰਤਨਾਂ ਟੋਏ ਆਦਿ ਵਿੱਚ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ। ਇਨ੍ਹਾਂ ਨੂੰ ਸਾਫ ਕਰਕੇ ਹਫਤੇ ਬਾਅਦ ਚੰਗੀ ਤਰ੍ਹਾਂ ਧੁੱਪ ਲਗਾਉਣੀ ਚਾਹੀਦੀ ਹੈ। ਪਾਣੀ ਦੇ ਟੋਇਆਂ ਨੂੰ ਮਿੱਟੀ ਪਾਕੇ ਬੰਦ ਕਰ ਦੇਣਾਂ ਚਾਹੀਦਾ ਹੈ ਜਾਂ ਕਾਲੇ ਤੇਲ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ। ਸਾਨੂੰ ਸਾਉਣ ਸਮੇਂ ਪੂਰਾ ਸਰੀਰ ਢੱਕਣ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ ਮੱਛਰਦਾਨੀਆਂ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਬੁਖਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਤੋਂ ਟੈਸਟ ਕਰਵਾ ਕੇ ਹੀ ਦਵਾਈ ਲੈਣੀ ਚਾਹੀਦੀ ਹੈ। ਸਾਨੂੰ ਘਰ ਵਿੱਚ ਬਰੂਫਿਨ ਜਾਂ ਡਿਸਪਰਿਨ ਆਦਿ ਗੋਲੀਆਂ ਨਹੀਂ ਖਾਣੀਆਂ ਚਾਹੀਦੀਆਂ ਹਨ।ਇਸ ਮੌਕੇ ਅਮਰਜੀਤ ਸਿੰਘ ਭੁੱਲਰ, ਦਿਲਬਾਗ ਸਿੰਘ ਭੁੱਲਰ, ਸੰਦੀਪ ਸਿੰਘ, ਦਵਿੰਦਰ ਸਿੰਘ ਪ੍ਰਦੀਪ ਸਿੰਘ, ਫਾਰਮਾਸਿਸਟ ਅਫਸਰ, ਨਰਸਿੰਗ ਸਟੂਡੈਂਟਸ, ਬਾਲ ਵਿਕਾਸ ਦਫ਼ਤਰ ਤੇ ਬੈਂਕ ਕਰਮਚਾਰੀ ਹਾਜਰ ਸਨ।

# ਗੁਰਦੁਆਰਾ ਬਾਬਾ ਸੰਗਤ ਸਿੰਘ ਜੀ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ



ਖਲਚੀਆ, 22 ਅਗਸਤ (ਬਲਰਾਜ ਸਿੰਘ ਰਾਜਾ))- ਗੁਰਦੁਆਰਾ ਬਾਬਾ ਸੰਗਤ ਸਿੰਘ ਜੀ ਪਿੰਡ ਖਲਚੀਆਂ ਵਿਖੇ ਲੰਗਰ ਹਾਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਮਜੀਤ ਸਿੰਘ ਗਿੱਲ ਖਲਚੀਆਂ ਨੇ ਦੱਸਿਆ ਕਿ ਪਿੰਡ ਵਾਸੀਆਂ ਤੇ ਐਨ.ਆਰ.ਆਈ ਸੰਗਤਾਂ ਦੇ ਸਹਿਯੋਗ ਸਦਕਾ ਗੁਰਦੁਆਰਾ ਬਾਬਾ ਸੰਗਤ ਸਿੰਘ ਜੀ ਦੇ ਲੰਗਰ ਹਾਲ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ।ਸਭ ਤੋਂ ਪਹਿਲਾਂ ਬਾਬਾ ਜਸਬੀਰ ਸਿੰਘ ਗ੍ਰੰਥੀ ਨੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ, ਉਪਰੰਤ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਪ੍ਰਧਾਨ ਪਾਲ ਸਿੰਘ ਫੌਜੀ, ਸੁੱਖਾ ਸਿੰਘ ਫੌਜੀ, ਬੀਰ ਸਿੰਘ, ਤੇਜਾ ਸਿੰਘ, ਮੈਂਬਰ ਜਸਵਿੰਦਰ ਸਿੰਘ ਖਾਲਸਾ, ਪ੍ਰਧਾਨ ਪਰਮਜੀਤ ਸਿੰਘ ਪੰਮਾ, ਤਰਸੇਮ ਸਿੰਘ ਫੌਜੀ, ਸੋਨੀ ਮੈਂਬਰ, ਗੱਜਣ ਸਿੰਘ ਮੈਂਬਰ, ਪਰਮਜੀਤ ਸਿੰਘ ਫੌਜੀ ਆਦਿ ਹਾਜ਼ਰ।

# ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਮੁਕਾਬਲਾ ਜਿੱਤਿਆ



ਗੁਰਦਾਸਪੁਰ 22 ਅਗਸਤ ( ਜਸਵਿੰਦਰ ਸਿੰਘ )ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਮੁਕਾਬਲਾ ਜਿੱਤਿਆ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ, ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ ਸਕੂਲ ਦੀ ਵਿਦਿਆਰਥਣ ਗੁਰਮਨਪ੍ਰੀਤ ਕੌਰ ਨੇ ਆਪਣੇ ਮਜ਼ਬੂਤ ਵਿਚਾਰਾਂ ਅਤੇ ਰਚਨਾਤਮਕ ਲੇਖਣੀ ਦੇ ਆਧਾਰ ਤੇ ਲੇਖ ਲਿਖਣ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਅਤੇ ਨਕਦ ਇਨਾਮ ਪ੍ਰਾਪਤ ਕੀਤਾ। ਜਦੋਂ ਕਿ ਹਰਨੂਰ ਨੇ ਆਪਣੀ ਪ੍ਰਭਾਵਸ਼ਾਲੀ ਪੇਸ਼ਕਾਰੀ ਅਤੇ ਭਾਵਨਾਤਮਕ ਪ੍ਰਗਟਾਵੇ ਨਾਲ ਕਵਿਤਾ ਲੇਖਣ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਨਕਦ ਇਨਾਮ ਪ੍ਰਾਪਤ ਕੀਤਾ ਅਤੇ ਸਾਰਿਆਂ ਦਾ ਦਿਲ ਜਿੱਤ ਲਿਆ। ਇਨ੍ਹਾਂ ਪ੍ਰਾਪਤੀਆਂ ਕਾਰਨ ਸਕੂਲ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਰਾਜੀਵ ਭਾਰਤੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ

# ਪਿੰਡ ਮਿਆਣੀ ਬਸਤੀ ਦੇ ਨੌਜਵਾਨ ਖਿਡਾਰੀਆਂ ਨੂੰ ਅਜੈ ਸਚਦੇਵਾ ਵੱਲੋਂ ਖੇਡ ਸਮਗਰੀ ਦੀ ਵੰਡ



ਫਾਜ਼ਿਲਕਾ 22 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਮਾਜ ਸੇਵੀ ਅਜੈ ਸਚਦੇਵਾ ਨੇ ਪਿੰਡ ਮਿਆਣੀ ਬਸਤੀ ਦੇ ਨੌਜਵਾਨ ਖਿਡਾਰੀਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਇਕ ਵਿਸ਼ੇਸ਼ ਪਹਲ ਦੇ ਤਹਿਤ ਖੇਡ ਸਮਗਰੀ ਵੰਡ ਕੇ ਇਕ ਮਹੱਤਵਪੂਰਨ ਯਤਨ ਕੀਤਾ ਹੈ। ਇਹ ਸਮਾਰੋਹ ਸਲੇਮਸ਼ਾਹ ਰੋਡ ਸਥਿਤ ਉਨ੍ਹਾਂ ਦੇ ਦਫ਼ਤਰ ਵਿੱਚ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਈ ਨੌਜਵਾਨ ਖਿਡਾਰੀ ਅਤੇ ਪਿੰਡ ਵਾਸੀ ਮੌਜੂਦ ਸਨ। ਅਜੈ ਸਚਦੇਵਾ ਨੇ ਇਸ ਮੌਕੇ ਦੱਸਿਆ ਕਿ ਟੀਮ ਪੂਜਾ ਲੂਥਰਾ ਵੱਲੋਂ ਇਨ੍ਹਾਂ ਨੌਜਵਾਨ ਖਿਡਾਰੀਆਂ ਨੂੰ ਵਾਲੀਬਾਲ ਬਾਲਾਂ ਅਤੇ ਵਾਲੀਬਾਲ ਨੈੱਟ ਮੁਹਈਆ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਦੀ ਜ਼ਿੰਦਗੀ ਨੂੰ ਸਿਹਤਮੰਦ ਬਣਾਉਂਦੀਆਂ ਹਨ ਅਤੇ ਸਮਾਜ ਨੂੰ ਨਵੀਂ ਦਿਸ਼ਾ ਦਿੰਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਖਿਡਾਰੀ ਕਦੇ ਵੀ ਨਸ਼ਿਆਂ ਵੱਲ ਨਹੀਂ ਮੁੜਦੇ ਕਿਉਂਕਿ ਖੇਡਾਂ ਉਨ੍ਹਾਂ ਦੇ ਮਨ ਤੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ। ਸਚਦੇਵਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਕਈ ਕਦਮ ਚੁੱਕੇ ਜਾ ਰਹੇ ਹਨ। ਇਸੇ ਕੜੀ ਦੇ ਤਹਿਤ ਨੌਜਵਾਨਾਂ ਨੂੰ ਵੱਖ-ਵੱਖ ਤਰ੍ਹਾਂ ਦੀ ਖੇਡ ਸਮਗਰੀ ਵੰਡ ਕੇ ਉਨ੍ਹਾਂ ਨੂੰ ਮੈਦਾਨਾਂ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਸਾਡੀ ਨੌਜਵਾਨ ਪੀੜ੍ਹੀ ਲਈ ਸਭ ਤੋਂ ਵੱਡਾ ਖ਼ਤਰਾ ਹੈ ਅਤੇ ਇਸ ਤੋਂ ਬਚਾਉਣ ਲਈ ਸਮਾਜ ਦੇ ਹਰ ਹਿੱਸੇ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਸਿਰਫ਼ ਆਰਥਿਕ ਸਹਾਇਤਾ ਦੇਣ ਨਾਲ ਹੀ ਸੀਮਿਤ ਨਹੀਂ ਹੈ ਬਲਕਿ ਸਮਾਜ ਦੇ ਭਵਿੱਖ ਨੂੰ ਸਹੀ ਦਿਸ਼ਾ ਦੇਣਾ ਵੀ ਉਸਦਾ ਇੱਕ ਮਹੱਤਵਪੂਰਨ ਹਿੱਸਾ ਹੈ। ਖਿਡਾਰੀ ਆਪਣੇ ਪਰਿਵਾਰਾਂ ਅਤੇ ਪਿੰਡ ਦਾ ਨਾਮ ਰੋਸ਼ਨ ਕਰਦੇ ਹਨ। ਇਸ ਲਈ ਨੌਜਵਾਨਾਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਮੌਕੇ ਦੇਣੇ ਜ਼ਰੂਰੀ ਹਨ। ਸਚਦੇਵਾ ਨੇ ਪਿੰਡ ਮਿਆਣੀ ਬਸਤੀ ਦੇ ਨੌਜਵਾਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇੱਥੇ ਦੇ ਨੌਜਵਾਨਾਂ ਵਿੱਚ ਬੇਹੱਦ ਟੈਲੇਂਟ ਹੈ। ਜੇਕਰ ਇਨ੍ਹਾਂ ਨੂੰ ਠੀਕ ਦਿਸ਼ਾ ਮਿਲੇ ਤਾਂ ਇਹ ਸੂਬੇ ਅਤੇ ਦੇਸ਼ ਦਾ ਨਾਮ ਰੋਸ਼ਨ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਇਸ ਤਰ੍ਹਾਂ ਦੇ ਯਤਨ ਜਾਰੀ ਰਹਿਣਗੇ ਅਤੇ ਵੱਖ-ਵੱਖ ਪਿੰਡਾਂ ਵਿੱਚ ਨੌਜਵਾਨਾਂ ਨੂੰ ਖੇਡਾਂ ਦੀਆਂ ਸੁਵਿਧਾਵਾਂ ਮੁਹਈਆ ਕਰਵਾਈਆਂ ਜਾਣਗੀਆਂ। ਇਸ ਮੌਕੇ ਪਿੰਡ ਦੇ ਲੋਕਾ ਅਤੇ ਖਿਡਾਰੀਆਂ ਨੇ ਅਜੈ ਸਚਦੇਵਾ ਅਤੇ ਟੀਮ ਪੂਜਾ ਲੂਥਰਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲ ਨਾਲ ਨੌਜਵਾਨ ਗਲਤ ਰਾਹਾਂ ਤੋਂ ਬਚ ਕੇ ਆਪਣੀ ਉਰਜਾ ਸਹੀ ਪਾਸੇ ਲਗਾਉਂਦੇ ਹਨ।ਅਜੈ ਸਚਦੇਵਾ ਨੇ ਅੰਤ ਵਿੱਚ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਮਿਲਜੁਲ ਕੇ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਸਫਲ ਬਣਾਉਣਾ ਚਾਹੀਦਾ ਹੈ।

# ਭਾਜਪਾ ਦੇ ਲੀਡਰਾਂ ਦੀ ਕੀਤੀ ਜਾ ਰਹੀ ਗ੍ਰਿਫ਼ਤਾਰੀ ਸਰਕਾਰ ਦੀ ਬੁਖਲਾਹਟ ਦਾ ਨਤੀਜਾ : ਅਰਵਿੰਦ ਮਿੱਤਲ



ਸ੍ਰੀ ਅਨੰਦਪੁਰ ਸਾਹਿਬ, 22 ਅਗਸਤ : ਤਰਲੋਚਨ ਸਿੰਘ :: ਪੰਜਾਬ ਵਿੱਚ ਭਾਜਪਾ ਲੀਡਰਾਂ ਦੀ ਕੀਤੇ ਜਾ ਰਹੀ ਫੜੋ ਫੜੀ ਸਰਕਾਰ ਦੀ ਬੁਖਲਾਹਟ ਦਾ ਨਤੀਜਾ ਐਡਵੋਕੇਟ ਅਰਵਿੰਦ ਮਿੱਤਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਵਿੱਚ ਸੱਤ ਵਿੱਚਾ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਦੇ ਫਾਰਮ ਘਰ ਘਰ ਭਰ ਜਾਂਦੇ ਸੀ ਅਤੇ ਉਨਾਂ ਦੇ ਕਾਗਜ਼ ਪੱਤਰ ਵੀ ਲਏ ਸੀ ਉਹਨਾਂ ਲੇਕਿਨ ਜਦੋਂ ਕਿ ਪੰਜਾਬ ਭਾਜਪਾ ਦੇ ਆਗੂ ਅਤੇ ਵਰਕਰ ਲੋਕਾਂ ਨੂੰ ਸੁਵਿਧਾਵਾਂ ਦੇਣ ਲਈ ਕੇਂਦਰ ਦੀਆਂ ਸਕੀਮਾਂ ਦਾ ਲਾਹਾ ਲੈਣ ਲਈ ਜਾਗਰੂਕ ਕਰ ਕ ਰਹੇ ਹਨ ਹਨ ਅਤੇ ਉਹਨਾਂ ਦੇ ਕਾਰਡ ਬਣਾ ਰਹੇ ਹਨ ਜੋ ਕਿ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਦੀ ਵਿਭਾਗ ਦੇ ਹਨ ਉਹਨਾਂ ਕਿਹਾ ਮਨਜ਼ੂਰੀ ਦੇ ਬਾਵਜੂਦ ਪੰਜਾਬ ਸਰਕਾਰ ਧੱਕੇ ਨਾਲ ਭਾਜਪਾ ਦੇ ਆਗੂਆਂ ਅਤੇ ਵਰਕਰਾਂ ਨੂੰ ਹਾਊਸ ਅਰੈਸਟ ਅਤੇ ਡਿਟੇਨ ਕੀਤਾ ਜਾ ਰਿਹਾ ਜੋ ਕਿ ਬੁਖਲਾਹਟ ਦਾ ਨਤੀਜਾ ਹੈ ਅੱਜ ਪੰਜਾਬ ਭਰ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਭਾਜਪਾ ਦੇ ਵਰਕਰਾਂ ਵੱਲੋਂ ਰੋਸ਼ ਮੁਜਾਰੇ ਕੀਤੇ ਜਾ ਰਹੇ ਹਨ ਜਦੋਂ ਕਿ ਸਰਕਾਰ ਵੱਲੋਂ ਧੱਕੇ ਨਾਲ ਭਾਜਪਾ ਵਰਕਰਾਂ ਨੂੰ ਰੋਕਿਆ ਜਾ ਰਿਹਾ ਹੈ ਉਹਨਾਂ ਕਿਹਾ ਜਦੋਂ ਸਰਕਾਰ ਆਉਣ ਤੋਂ ਪਹਿਲਾਂ ਇਹ ਲੋਕਾਂ ਵਿੱਚ ਜਾਂਦੇ ਸੀ ਕਿਸੇ ਵੀ ਪਾਰਟੀ ਨੇ ਉਸਦਾ ਵਿਰੋਧ ਨਹੀਂ ਕੀਤਾ ਅਤੇ ਅੱਜ ਇਹ ਜਾਣ ਬੁਝ ਕੇ ਝੂਠੇ ਬਿਆਨਬਾਜੀ ਕਰ ਰਹੇ ਹਨ ਅਤੇ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਹਾ ਨਾ ਮਿਲ ਸਕੇ ਉਹਨਾਂ ਕਿਹਾ ਇਹੋ ਜਿਹੇ ਹੱਥ ਖੰਡੇ ਅਪਣਾਉਣ ਨਾਲ ਆਉਣ ਵਾਲੀ ਵਿਧਾਨ ਸਭਾ ਚੋਣਾਂ ਅੰਦਰ ਭਾਜਪਾ ਨੂੰ ਪੰਜਾਬ ਵਿੱਚ ਸਰਕਾਰ ਬਣਾਉਣ ਤੋਂ ਨਹੀਂ ਰੋਕ ਸਕਦੀ 2027 ਵਿੱਚ ਭਾਜਪਾ ਦਾ ਆਉਣਾ ਪੰਜਾਬ ਵਿੱਚ ਤੈਅ ਹੈ ਉਹਨਾਂ ਕਿਹਾ ਕੀ ਭਾਜਪਾ ਧੱਕਾ ਬਿਲਕੁਲ ਵੀ ਬਰਦਾਸ਼ਤ ਨਹੀਂ ਕਰੇਗੀ ।2027 ਵਿੱਚ ਭਾਜਪਾ ਦਾ ਆਉਣਾ ਪੰਜਾਬ ਵਿੱਚ ਤੈਅ ਹੈ ਉਹਨਾਂ ਕਿਹਾ ਕੀ ਭਾਜਪਾ ਧੱਕਾ ਬਿਲਕੁਲ ਵੀ ਬਰਦਾਸ਼ਤ ਨਹੀਂ ਕਰੇਗੀ ।

# ਬਿੱਜਲੀ ਕੱਟਾਂ ਤੋਂ ਲੋਕ ਪਰੇਸ਼ਾਨ

ਭੋਗਪੁਰ 22 ਅਗਸਤ ਅਮਰਜੀਤ ਸਿੰਘ ਸੈਣੀ ਜੰਡੀਰ.ਭੋਗਪੁਰ ਇਲਾਕੇ ਵਿੱਚ ਬਿੱਜਲੀ ਦੇ ਲੱਗ ਰਹੇ ਕੱਟ ਲੋਕਾਂ ਦਾ ਜਿਉਣਾ ਹਰਾਮ ਕਰ ਰਹੇ ਹਨ, ਦੇਖਿਆ ਜਾਵੇ ਤਾਂ ਬਿੱਜਲੀ ਸਪਲਾਈ ਕਰਨ ਵਿੱਚ ਪੰਜਾਬ ਪਾਵਰ ਕਾਮ ਅਸਫਲ ਸਿੱਧ ਹੋ ਰਹੀ ਹੈ।, ਲੋਕਾਂ ਨੂੰ ਰੱਜ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ. ਅੱਜ ਭੋਗਪੁਰ ਗੁਰੂ ਰਾਮਦਾਸ ਨਗਰ ਸ਼ਨੀ ਮੰਦਰ ਨਾਲ ਲੱਗਦੇ ਬਲਾਕ ਦੀ ਬਿੱਜਲੀ ਪੂਰਾ ਦਿਨ ਅਤੇ ਪੂਰੀ ਰਾਤ ਤੱਕ ਬੰਦ ਰਹੀ. ਲੋਕਾਂ ਦੇ ਘਰਾਂ ਵਿੱਚ ਲੱਗੇ ਹੋਏ ਚਾਰਜਰ ਬੈਟਰੇ ਵੀ ਬੰਦ ਹੋ ਗਏ.ਅਧਿਕਾਰੀਆਂ ਨੂੰ ਪੁੱਛਿਆ ਗਿਆ ਤਾਂ ਕਿਹਾ ਕਿ ਟਰਾਂਸਫਾਰਮਰ ਸੜ ਚੁੱਕਾ ਹੈ ਅਤੇ ਨਵਾਂ ਰੱਖਣ ਤੇ ਹੀ ਬਿੱਜਲੀ ਛੱਡੀ ਜਾਵੇਗੀ. ਅਤੇ ਦੂਸਰੇ ਦਿਨ ਸਵੇਰੇ 6 ਵਜੇ ਦੇ ਕਰੀਬ ਬਿੱਜਲੀ ਛੱਡੀ ਗਈ. ਲੋਕਾਂ ਦਾ ਕਹਿਣਾ ਹੈ ਕਿ ਕੁਝ ਦਿਨ ਸਹੀ ਸਪਲਾਈ ਕਰਦੇ ਹਨ.ਅਤੇ ਅਧਿਕਾਰੀਆਂ ਦੇ ਨਿਤ ਨਵੇਂ ਬਹਾਨੇ ਹੁੰਦੇ ਹਨ.ਲੋਕਾਂ ਦਾ ਇਹ ਵੀ ਕਹਿਣਾ ਇਹ ਹੈ ਕਿ ਅਧਿਕਾਰੀਆਂ ਦੇ ਖਾਸ ਬੰਦਿਆਂ ਨੇ ਆਪਣੇ ਘਰਾਂ ਦੀ ਸਪਲਾਈ ਦੇ ਕਨੈਕਸ਼ਨ ਵੱਖਰੇ ਕੀਤੇ ਹੋਇ ਹਨ

# ਨਰਸਿੰਗ ਕੇਡਰ ਦੀਆਂ ਮੰਗਾਂ ਨੂੰ ਲੈ ਕੇ ਸਿਹਤ ਮੰਤਰੀ ਨੂੰ ਦਿੱਤਾ ਮੰਗ ਪੱਤਰ



ਫਿਰੋਜ਼ਪੁਰ 22 ਅਗਸਤ (ਤਿਵਾੜੀ ) : ਪੰਜਾਬ ਸਟੇਟ ਨਰਸਿਜ਼ ਐਸੋਸੀਏਸ਼ਨ ਦਾ ਇੱਕ ਵਫਦ ਸੂਬਾ ਪ੍ਰਧਾਨ ਸ਼੍ਰੀਮਤੀ ਕੁਲਵਿੰਦਰ ਕੌਰ ਕੰਵਲ ਦੀ ਅਗਵਾਈ ਵਿੱਚ ਅੱਜ ਮਾਨਯੋਗ ਸਿਹਤ ਮੰਤਰੀ ਜੀ ਪੰਜਾਬ ਡਾਕਟਰ ਬਲਬੀਰ ਸਿੰਘ ਨੂੰ ਕਪੂਰਥਲਾ ਜਿਲੇ ਵਿੱਚ ਦੌਰੇ ਤੇ ਆਉਣ ਸਮੇਂ ਸਬ ਡਵੀਜਨਲ ਹਸਪਤਾਲ ਸੁਲਤਾਨਪੁਰ ਲੋਧੀ ਵਿੱਚ ਮਿਲਿਆ।ਪੰਜਾਬ ਸਟੇਟ ਨਰਸਿਜ ਐਸੋਸੀਏਸ਼ਨ ਦੇ ਪ੍ਰਧਾਨ ਨੇ ਆਪਣੇ ਸਾਥੀਆਂ ਸਮੇਤ ਸਿਹਤ ਮੰਤਰੀ ਜੀ ਨੂੰ ਆਪਣੇ ਕੇਡਰ ਦੀਆਂ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ ਅਤੇ ਮੰਗਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਇਕ ਮੰਗ ਪੱਤਰ ਦਿੱਤਾ। ਇਸ ਮੰਗ ਪੱਤਰ ਵਿੱਚ ਨਰਸਿੰਗ ਕੇਡਰ ਦੇ ਮੁਲਾਜ਼ਮਾਂ ਦਾ ਗ੍ਰੇਡ ਪੇ ਵਿੱਚ ਸੋਧ ਕਰਨ ਅਤੇ ਕੁਲਜੀਤ ਕੁਮਾਰ ਬਨਾਮ ਪੰਜਾਬ ਸਟੇਟ ਅਤੇ ਨਿੰਦਰਜੀਤ ਕੌਰ ਬਨਾਮ ਪੰਜਾਬ ਸਟੇਟ ਦੇ ਕੇਸ ਵਿੱਚ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਸਬੰਧੀ, ਸੈਂਟਰ ਸਰਕਾਰ ਅਤੇ ਦੂਜੇ ਸੂਬਿਆਂ ਦੀ ਤਰ੍ਹਾਂ ਨਰਸਿੰਗ ਕੇਡਰ ਦੇ ਮੁਲਾਜ਼ਮਾਂ ਨੂੰ ਇਨ ਸਰਵਿਸ ਐਜੂਕੇਸ਼ਨ ਲਾਗੂ ਕਰਵਾਉਣ, ਪੰਜਾਬ ਸਰਕਾਰ ਦੁਆਰਾ ਮੁਲਾਜ਼ਮਾਂ ਦੀ ਕੱਟੀ ਗਈ ਏਸੀਪੀ ਬਹਾਲ ਕਰਨ, ਪੰਜਾਬ ਸਰਕਾਰ ਦੁਆਰਾ 25-7-25 ਦਾ ਅਮੈਂਡਮੈਂਟ ਕੀਤਾ ਹੋਇਆ ਸਰਵਿਸ ਰੂਲ ਵਾਪਸ ਲੈਣ ਸਬੰਧੀ, ਅਮਰਨਾਥ ਯਾਤਰਾ ਵਿੱਚ ਲੱਗ ਰਹੀਆਂ ਡਿਊਟੀਆਂ ਦਾ ਬਕਾਇਆ, ਸਟਾਫ ਨਰਸ ਦੇ ਅਹੁਦੇ ਦਾ ਨਾਮ ਬਦਲ ਕੇ ਦੂਜੇ ਸੂਬਿਆਂ ਦੀ ਤਰ੍ਹਾਂ ਨਰਸਿੰਗ ਅਫਸਰ ਦਾ ਨਾਮ ਰੱਖਣ ਬਾਰੇ, ਅਤੇ ਨਰਸਿੰਗ ਸਟਾਫ ਦੀਆਂ ਪੋਸਟਾਂ ਦਾ ਪ੍ਰਮੋਸ਼ਨ ਚੈਨਲ ਆਈ ਸੀ ਐਨ ਦੀਆਂ ਸਿਫਾਰਸ਼ਾਂ ਅਨੁਸਾਰ ਲਾਗੂ ਕਰਵਾਉਣ ਲਈ, ਨਵੀਂ ਭਰਤੀ ਆਬਾਦੀ ਅਤੇ ਬੈਡਾਂ ਦੇ ਅਨੁਪਾਤ ਅਨੁਸਾਰ ਕਰਨ ਲਈ ਨਵੀਆਂ ਪੋਸਟਾਂ ਕ੍ਰੀਏਟ ਕਰਨ , ਆਦਿ ਮੁੱਦਿਆਂ ਦੇ ਸੰਬੰਧ ਵਿੱਚ ਮੰਗ ਪੱਤਰ ਦਿੱਤਾ ਗਿਆ, ਮਾਨਯੋਗ ਸਿਹਤ ਮੰਤਰੀ ਜੀ ਵੱਲੋਂ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਨਾਲ ਹਾਜ਼ਰ ਨਰਸਿੰਗ ਸਟਾਫ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਪੰਜਾਬ ਸਰਕਾਰ ਇਹਨਾਂ ਮੁੱਦਿਆਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਯੋਗ ਉਪਰਾਲੇ ਕਰ ਰਹੀ ਹੈ ਅਤੇ ਪਿਛਲੀਆਂ ਸਰਕਾਰਾਂ ਦੀਆਂ ਕੀਤੀਆਂ ਹੋਈਆਂ ਗਲਤੀਆਂ ਨੂੰ ਸੁਧਾਰਨ ਲਈ ਕੁਝ ਸਮੇਂ ਦੀ ਲੋੜ ਹੈ। ਇਸ ਸਮੇਂ ਜਥੇਬੰਦੀ ਦੇ ਸੂਬਾ ਪ੍ਰਧਾਨ ਕੁਲਵਿੰਦਰ ਕੌਰ ਕੰਵਲ ਤੋਂ ਬਿਨਾਂ ਸਿਵਲ ਸਰਜਨ ਕਪੂਰਥਲਾ ਡਾਕਟਰ ਹਰਪਾਲ ਸਿੰਘ, ਡਾਕਟਰ ਰਾਜੀਵ ਪਰਾਸ਼ਰ, ਡਾਕਟਰ ਸੰਦੀਪ ਭੋਲਾ, ਸੀਨੀਅਰ ਮੈਡੀਕਲ ਅਫਸਰ ਡਾਕਟਰ ਦਵਿੰਦਰਪਾਲ ਸਿੰਘ, ਡਾਕਟਰ ਹਰਪ੍ਰੀਤ ਸਿੰਘ, ਸਟਾਫ਼ ਨਰਸ ਰਾਜਵਿੰਦਰ ਕੌਰ, ਰਵਿਤਾ ਕੁਮਾਰੀ , ਸਟਾਫ ਨਰਸ ਰਣਬੀਰ ਕੌਰ ਡਾਕਟਰ ਸੰਦੀਪ ਭੋਲਾ, ਸੀਨੀਅਰ ਮੈਡੀਕਲ ਅਫਸਰ ਡਾਕਟਰ ਦਵਿੰਦਰਪਾਲ ਸਿੰਘ, ਡਾਕਟਰ ਹਰਪ੍ਰੀਤ ਸਿੰਘ, ਸਟਾਫ਼ ਨਰਸ ਰਾਜਵਿੰਦਰ ਕੌਰ, ਰਵਿਤਾ ਕੁਮਾਰੀ ਅਤੇ ਨਰਸਿੰਗ ਸਿਸਟਰ ਬਲਜੀਤ ਕੌਰ ਆਦਿ ਹਾਜ਼ਰ ਸਨ ।

# ਟੇਬਲ ਟੈਨਿਸ ਮੁਕਾਬਲੇ ਵਿੱਚ ਐਚ ਆਰ ਏ ਇੰਟਰਨੈਸ਼ਨਲ ਸਕੂਲ ਦੀ ਝੰਡੀ



ਗੁਰਦਾਸਪੁਰ 22 ਅਗਸਤ ( ਜਸਵਿੰਦਰ ਸਿੰਘ )ਸੀ.ਆਈ.ਐਸ.ਸੀ.ਈ. ਜ਼ੋਨਲ ਲੈਵਲ ਟੇਬਲ ਟੈਨਿਸ ਮੁਕਾਬਲੇ, ਜੋ ਕਿ 16 ਮਈ 2025 ਨੂੰ 8♣1 ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਵੱਲੋਂ ਆਯੋਜਿਤ ਕੀਤੇ ਗਏ, ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੱਤਵੀਂ ਕਲਾਸ ਦੇ ਵਿਦਿਆਰਥੀ ਇਸ਼ਾਨ ਭਾਰਤਵਾਜ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਰਟੀਫਿਕੇਟ ਹਾਸਲ ਕੀਤਾ ਇਸੇ ਤਰ੍ਹਾਂ, ਅੱਠਵੀਂ ਕਲਾਸ ਦੇ ਵਿਦਿਆਰਥੀ ਪ੍ਰਭਖੇਲ ਸਿੰਘ ਨੇ ਵੀ ਦੂਜਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਸ਼੍ਰੀਮਾਨ ਹੀਰਾ ਮਣੀ ਅਗਰਵਾਲ ਜੀ, ਡਾਇਰੈਕਟਰ ਸ਼੍ਰੀਮਾਨ ਸੱਤਿਆਸੇਨ ਅਗਰਵਾਲ ਜੀ, ਮੈਡਮ ਆਂਚਲ ਅਗਰਵਾਲ ਜੀ, ਮੈਡਮ ਨੀਲੋਫਰ ਜੀ, ਪ੍ਰਿੰਸੀਪਲ ਡਿੰਪਲ ਸ਼ਰਮਾ ਜੀ ਅਤੇ ਮੈਡਮ ਨਵਦੀਪ ਕੌਰ ਜੀ ਨੇ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਰਮਨਸਰ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚਮਕਦਾਰ ਭਵਿੱਖ ਲਈ ਸ਼ੁਭ ਕਾਮਨਾਵਾਂ ਪ੍ਰਗਟਾਈਆਂ

# ਦੋ ਰੋਜ਼ਾ ਪੀਰਾਂ ਦੇ ਮੇਲੇ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ : ਬੀਬੀ ਬਲਜੀਤ ਕਾਦਰੀ



ਨਵਾਂਸ਼ਹਿਰ 22 ਅਗਸਤ (ਸੁਖਦੇਵ ਸਿੰਘ ਉੜਾਪੜ) ਦਰਬਾਰ ਗੋਂਸਪਾਕ ਪੀਰ ਗਿਆਰ੍ਹਵੀਂ ਵਾਲੀ ਸਰਕਾਰ - ਲੱਖ ਦਾਤਾ ਪੀਰ ਦਰਬਾਰ ਦੇ ਗੱਦੀ ਨਸ਼ੀਨ ਬੀਬੀ ਬਲਜੀਤ ਕਾਦਰੀ ਨੇ ਦੱਸਿਆ ਕਿ ਸਮੂਹ ਸਾਧ-ਸੰਗਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦਰਬਾਰ ਗੋਂਸਪਾਕ ਗਿਆਰ੍ਹਵੀਂ ਵਾਲੀ ਸਰਕਾਰ - ਲੱਖ ਦਾਤਾ ਪੀਰ ਜੀ ਦਾ 25ਵਾਂ ਸਲਾਨਾ ਜੋੜ ਮੇਲਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਨਵੀਂ ਅਬਾਦੀ ਨਵਾਂਸ਼ਹਿਰ ਵਿਖੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਗਤਾਂ ਵਿੱਚ ਮੇਲੇ ਲਈ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ।ਦੋ ਦਿਨ ਚਲਣ ਵਾਲੇ ਮੇਲੇ ਦੀਆਂ ਤਿਆਰੀਆਂ ਮੁਕੰਮਲ ਕਰ ਲਈਆ ਗਈਆ ਹਨ। ਅੱਜ ਸੰਗਤਾਂ ਨਾਲ ਮੇਲੇ ਦਾ ਸੱਦਾ ਪੱਤਰ ਕਾਰਡ ਰਿਲੀਜ ਕੀਤਾ ਗਿਆ।ਸਭ ਸੰਗਤਾਂ ਨੂੰ ਮੇਲੇ ਵਿੱਚ ਹੁੰਮ-ਹੁਮਾਂ ਕੇ ਪੁਜੱਣ ਦਾ ਸੱਦਾ ਦਿੱਤਾ ਗਿਆ। ਬੀਬੀ ਕਾਦਰੀ ਨੇ ਕਿਹਾ ਕਿ ਮੇਲੇ ਵਿੱਚ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਅਤੇ ਵੱਖ-ਵੱਖ ਦਰਬਾਰ ਅਤੇ ਡੇਰਿਆਂ ਤੋਂ ਫੱਕਰ-ਫਕੀਰ, ਸੰਤ ਮਹਾਂਪੁਰਸ਼ ਵਿਸ਼ੇਸ਼ ਤੌਰ ਤੇ ਹਾਜਰ ਹੋ ਕੇ ਸੰਗਤਾਂ ਨੂੰ ਆਸ਼ੀਰਵਾਦ ਦੇਣਗੇ। 5 ਸਤੰਬਰ ਸਾਮ ਵਜੇ ਚਰਾਗਾ ਦੀ ਰਸਮ ਉਪਰੰਤ ਕਲਾਕਾਰ ਮਹੇਸ ਸਾਜਨ ਚੌਂਕੀ ਪੀਰਾਂ ਭਜਨ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਮਹਿੰਦੀ ਪੀਰਾਂ ਦੀ ਰਸਮ : 7.‹ਵਜੇ ਸ਼ਾਮ, ਲੰਗਰ ਪੀਰਾਂ ਦਾ : 8. ਵਜੇ ਰਾਤ ਵਰਤਾਇਆ ਜਾਵੇਂਗਾ। ਮੇਲੇ ਦੇ ਮੁੱਖ ਸੇਵਾਦਾਰ ਚੇਤ ਰਾਮ ਰਤਨ ਨੇ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 6 ਸਤੰਬਰ 2025 ਦਿਨ ਸ਼ਨੀਵਾਰ ਸਵੇਰੇ 11 ਤੋ 1ਵਜੇ ਤੱਕ ਪ੍ਰਸਿੱਧ ਕਲਾਕਾਰ ਸੰਦੀਪ ਉਧੋਵਾਲੀਆ ਅਤੇ ਝੰਡੇ ਅਤੇ ਚਾਦਰਾ ਚੜਾਈਆ ਜਾਣਗੀਆਂ।ਉਨ੍ਹਾਂ ਕਿਹਾ ਕਿ ਧਾਰਮਿਕ ਸਮਾਗਮ ਰਾਤ ਸਮੇਂ ਦੇ ਪ੍ਰਸਿੱਧ ਕਵਾਲ ਕੁਲਦੀਪ ਰੁਹਾਨੀ ਐਂਡ ਪਾਰਟੀ, ਪ੍ਰਸਿੱਧ ਕਲਾਕਾਰ ਪਰਵੇਜ਼ ਆਲਮ,ਅਤੇ ਜਸਮੀਨ ਜੱਸੀ ਨਕਾਲ ਐਂਡ ਪਾਰਟੀ ਸੰਗਤਾ ਨੂੰ ਆਪਣੇ ਗੀਤਾ, ਕਵਾਲ, ਨਕਲਾ ਨਾਲ ਸੰਗਤਾਂ ਨੂੰ ਕਿਲ੍ਹ ਕੇ ਰੱਖਣਗੇ। ਮੇਲੇ ਵਿੱਚ ਅੱਖਾਂ ਦਾ ਪੰਜਵਾਂ ਮੁਫ਼ਤ ਚੈੱਕਅੱਪ ਕੈਂਪ - 6 ਸਤੰਬਰ ਨੂੰ ਸਵੇਰੇ 9 ਤੋਂ 1ਵਜੇ ਤੱਕ ਇਹ ਕੈਂਪ ਡਾ. ਦੀਪਕ ਪਾਂਡੇ ਨਵਦੀਪਕ ਆਈ ਕੇਅਰ ਸੈਂਟਰ ਗੜ੍ਹਸ਼ੰਕਰ ਦੀ ਟੀਮ ਡਾ ਭਾਨੂੰ ਯਾਦਵ, ਅਸ਼ੋਕ ਕੁਮਾਰ ਅਤੇ ਮੈਡਮ ਨੀਲਮ ਰਾਣੀ,ਵਲੋਂ ਲਗਾਇਆ ਜਾਵੇਗਾ। ਮੇਲੇ ਦੇ ਮੁੱਖ ਪ੍ਰਬੰਧਕ ਚੇਤ ਰਾਮ ਰਤਨ ਚੇਅਰਮੈਨ ਆਲ ਇੰਡੀਆ ਹਿਉਮਨ ਰਾਈਟ ਕੌਂਸਲ ਭਾਰਤ ਨੇ ਦੱਸਿਆ ਕਿ ਇੰਜ ਰਮਨਦੀਪ, ਮਨਦੀਪ ਕੌਰ, ਕਾਇਰਾ ਰਤਨ, ਪ੍ਰੀਆ ਯੂ ਕੇ ਦਾ ਵਿਸੇ‹ਸ ਯੋਗਦਾਨ ਪਾਇਆ ਗਿਆ।ਮਹਾਂਦੇਵ ਫਲਾਵਰ ਡੈਕੋਰੇਸ਼ਨ, ਨਿਊ ਟੀਚਰ ਕਲੌਨੀ, ਨਵਾਂਸ਼ਹਿਰ ਦੇ ਡਾਇਰੈਕਟਰ ਚਰਨਦੀਪ ਚੰਨੀ ਨੰਬਰਦਾਰ, ਅਰਸ਼ਦੀਪ ਕੌਰ ਨੇ ਪੋਸਟਰ ਅਤੇ ਕਾਰਡਾ ਦੀ ਸੇਵਾ ਕਰਵਾਈ ਗਈ।ਮੇਲੇ ਦਾ ਲਾਇਵ ਯੂ ਚੈਨਲ 9 ਐਕਸ ਪੰਜਾਬ ਦੇ ਦਿਖਾਇਆ ਜਾਵੇਗਾ।ਗੁਰੂ ਕਾ ਲੰਗਰ ਅਟੁੱਟ ਵਰਤੇਗਾ।ਇਸ ਮੌਕੇ ਜਸਪ੍ਰੀਤ ਸਿੰਘ ਢਿੱਲੋਂ, ਧਰਮਿੰਦਰ ਪਾਰੋਵਾਲ, ਨਰੇਸ਼ ਜੇਠੂਮਜਾਰਾ, ਪ੍ਰਿੰਸ ਕੁਮਾਰ, ਸੁਖਵਿੰਦਰ ਕੁਮਾਰ, ਚੰਨੀ ਨੰਬਰਦਾਰ , ਮੈਡਮ ਰਜਨੀ ਕੰਡਾ, ਹਰਜਿੰਦਰ ਕੌਰ,ਮੈਡਮ ਬਲਵਿੰਦਰ ਕੌਰ, ਨੀਸਾ ਰਾਣੀ, ਮੈਡਮ ਪ੍ਰੀਤੀ, ਪੂਜਾ ਰਾਣੀ, ਮਨਜੀਤ ਕੌਰ,ਮੀਨਾ ਰਾਣੀ,ਅਤੇ ਮੇਲੋ ਦੇਵੀ,ਆਦਿ ਹਾਜਰ ਸਨ।

# ਖ਼ਾਲਸਾ ਕਾਲਜ ਵਿਖੇ ਲਗਾਈ ਸੱਤ ਰੋਜ਼ਾ ਵਰਕਸ਼ਾਪ




ਭਗਤਾ ਭਾਈ ਕਾ, 22 ਅਗਸਤ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵਿਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਆਨਰੇਰੀ ਸਕੱਤਰ ਕਾਲਜ) ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵਿਖੇ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਹੇਠ ਫਾਈਨਲ ਕਲਾਸਾਂ ਦੀਆਂ ਲੜਕੀਆਂ ਲਈ ਪਲੇਸਮੈਂਟ ਵਿਭਾਗ ਵੱਲੋਂ ਮਿਤੀ 13 ਅਗਸਤ ਤੋਂ 22 ਅਗਸਤ 2025 ਤੱਕ ਸੱਤ ਰੋਜ਼ਾ ਵਰਕਸ਼ਾਪ ਲਗਾਈ ਗਈ । ਇਸ ਵਰਕਸ਼ਾਪ ਵਿੱਚ ਨੰਦੀ ਫਾਊਂਡੇਸ਼ਨ ਵੱਲੋਂ ਸੰਦੀਪ ਕੁਮਾਰ ਨੇ ਮੁੱਖ ਵਕਤਾ ਦੇ ਤੌਰ ਤੇ ਸ਼ਿਰਕਤ ਕੀਤੀ। ਇਸ ਵਰਕਸ਼ਾਪ ਵਿੱਚ ਆਰਟਸ, ਕਾਮਰਸ ,ਸਾਇੰਸ ,ਫ਼ੈਸ਼ਨ ਟੈਕਨਾਲੋਜੀ ਅਤੇ ਕੰਪਿਊਟਰ ਸਾਇੰਸ ਵਿਭਾਗ ਦੀਆਂ ਕੁੱਲ 39 ਵਿਦਿਆਰਥਣਾਂ ਨੇ ਭਾਗ ਲਿਆ । ਵਰਕਸ਼ਾਪ ਦੇ ਪਹਿਲੇ ਦਿਨ ਉਹਨਾਂ ਨੇ ਲੜਕੀਆਂ ਨੂੰ ਸੈਲਫ ਅਵੇਅਰਨੈਸ ਅਤੇ ਬਾਡੀ ਲੈਂਗੂਏਜ ਬਾਰੇ ਜਾਣਕਾਰੀ ਦਿੱਤੀ। ਵਰਕਸ਼ਾਪ ਦੇ ਦੂਜੇ ਦਿਨ ਉਹਨਾਂ ਨੇ ਵਿਦਿਆਰਥਣਾਂ ਨੂੰ ਟਾਈਮ ਮੈਨੇਜਮੈਂਟ, ਸੈਲਫ ਮੈਨੇਜਮੈਂਟ ਅਤੇ ਟਾਸਕ ਮੈਨੇਜਮੈਂਟ ਬਾਰੇ ਦੱਸਿਆ। ਵਰਕਸ਼ਾਪ ਦੇ ਤੀਜੇ ਦਿਨ ਉਹਨਾਂ ਨੇ ਵਿਦਿਆਰਥੀਆਂ ਨੂੰ ਆਪਣੇ ਡਿਜੀਟਲ ਆਈਡੈਂਟਿਟੀ ਬਣਾਉਣ ਅਤੇ ਉਸਦੀ ਮਹੱਤਤਾ ਬਾਰੇ ਦੱਸਿਆ, ਜਿਸ ਵਿੱਚ ਵਿਦਿਆਰਥਣਾਂ ਨੂੰ ਮਜ਼ਬੂਤ ਪਾਸਵਰਡ ਲਗਾਉਣ ਬਾਰੇ ਦੱਸਿਆ ਤਾਂ ਜੋ ਕੋਈ ਵੀ ਉਹਨਾਂ ਦੇ ਅਕਾਊਂਟ ਨੂੰ ਹੈਕ ਨਾ ਕਰ ਸਕੇ। ਵਰਕਸ਼ਾਪ ਦੇ ਚੌਥੇ ਦਿਨ ਉਹਨਾਂ ਨੇ ਵਿਦਿਆਰਥੀਆਂ ਨੂੰ ਈਮੇਲ ਮੈਸੇਜ ਕਿਵੇਂ ਕਰਨਾ ਹੈ, ਪ੍ਰੋਫੈਸ਼ਨਲ ਕਮਿਊਨੀਕੇਸ਼ਨ ਬਾਰੇ ਦੱਸਿਆ ਜੋ ਕਿ ਵਿਦਿਆਰਥਣਾਂ ਦੇ ਆਉਣ ਵਾਲੇ ਭਵਿੱਖ ਵਿੱਚ ਜਾਬ ਇੰਟਰਵਿਊ ਲਈ ਲਾਹੇਵੰਦ ਸਾਬਿਤ ਹੋਵੇਗਾ। ਇਸ ਲੜੀ ਤਹਿਤ ਪੰਜਵੇਂ ਦਿਨ ਉਹਨਾਂ ਨੇ ਵਿਦਿਆਰਥਣਾਂ ਨੂੰ ਡਿਜੀਟਲ ਅਤੇ ਵੀਡੀਓ ਰਿਜ਼ਿਊਮ ਬਣਾਉਣੇ ਸਿਖਾਏ । ਛੇਵੇਂ ਦਿਨ ਵਿਦਿਆਰਥਣਾਂ ਨੂੰ ਗਰੁੱਪ ਡਿਸਕਸ਼ਨ ਬਾਰੇ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਵਕਤਾ ਵੱਲੋਂ ਵਿਦਿਆਰਥਣਾਂ ਨਾਲ ਗਰੁੱਪ ਡਿਸਕਸ਼ਨ ਵਿੱਚ ਲੜਕੀਆਂ ਦੀ ਵੱਖ-ਵੱਖ ਟੀਮਾਂ ਬਣਾ ਕੇ ਉਹਨਾਂ ਦੀ ਆਪਸ ਵਿੱਚ ਡਿਸਕਸ਼ਨ ਕਰਵਾ ਕੇ ਉਹਨਾਂ ਨੂੰ ਟੀਮ ਵਰਕ ਦੀ ਕੀਮਤ ਤੋਂ ਜਾਣੂ ਕਰਵਾਇਆ ਗਿਆ । ਵਰਕਸ਼ਾਪ ਦੇ ਆਖਰੀ ਦਿਨ ਵਕਤਾ ਵੱਲੋਂ ਵਿਦਿਆਰਥਣਾਂ ਨੂੰ ਪ੍ਰੋਬਲਮ ਸੋਲਵਿੰਗ, ਮਨੀ ਮੈਨੇਜਮੈਂਟ ਅਤੇ ਜਾਬ ਇੰਟਰਵਿਊ ਲਈ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਬਾਰੇ ਜਾਣਕਾਰੀ ਦਿੱਤੀ। ਅੰਤ ਵਿੱਚ ਵਿਦਿਆਰਥਣਾਂ ਵੱਲੋਂ ਇਸ ਵਰਕਸ਼ਾਪਪ੍ਰਤੀ ਆਪਣੇ ਵਿਚਾਰ ਅਤੇ ਤਜਰਬੇ ਸਾਂਝੇ ਕੀਤੇ ਗਏ । ਪਲੇਸਮੈਂਟ ਅਫਸਰ ਡਾ. ਅਮਨਦੀਪ ਕੌਰ ਨੇ ਸਕੱਤਰ ਵਿੱਦਿਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੇ ਇਸ ਸ਼ਲਾਘਾਯੋਗ ਉਪਰਾਲੇ ਸਦਕਾ ਲੜਕੀਆਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਜੋ ਕਿ ਉਨਾਂ ਦੇ ਆਉਣ ਵਾਲੇ ਭਵਿੱਖ ਵਿੱਚ ਲਾਹੇਵੰਦ ਹੋਵੇਗਾ। ।

# ਸੌਰਵ ਗੋਇਲ ਫਾਊਂਡੇਸ਼ਨ ਅਤੇ ਮਾਤਾ ਗੁਜਰੀ ਸਪੋਰਟਸ ਕਲੱਬ ਘੋੜੇਨਬ ਵੱਲੋਂ 101 ਜ਼ਰੂਰਤਮੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ 5 ਸਤੰਬਰ ਨੂੰ : ਗੌਰਵ ਗੋਇਲ

ਲਹਿਰਾਗਾਗਾ, 22 ਅਗਸਤ (ਗੁਰਦੀਪ ਸਿੰਘ): ਸੌਰਵ ਗੋਇਲ ਫਾਊਡੇਸ਼ ਫਾਊਂਡੇਸ਼ਨ ਅਤੇ ਮਾਤਾ ਗੁਜਰੀ ਸਪੋਰਟਸ ਕਲੱਬ ਘੋੜੇਨਬ ਵੱਲੋਂ ਹਲਕਾ ਲਹਿਰਾਗਾਗਾ ਵਿਖੇ ਇੱਕ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ 5 ਸਤੰਬਰ 2025 ਦਿਨ ਸ਼ੁਕਰਵਾਰ ਨੂੰ ਅਨਾਜ ਮੰਡੀ ਲਹਿਰਾ ਵਿਖੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਗੋਇਲ ਦੇ ਸਪੁੱਤਰ ਮਰਹੂਮ ਨੇਤਰਦਾਨੀ ਸੌਰਵ ਗੋਇਲ ਦੀ ਯਾਦ ਨੂੰ ਸਮਰਪਿਤ 101 ਜ਼ਰੂਰਤਮੰਦ ਲੜਕੀਆਂ ਦੇ ਵਿਆਹ ਕੀਤੇ ਜਾ ਰਹੇ ਹਨ,ਇਲਾਕੇ ਲੋਕਾਂ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਹੋ ਰਹੀ ਹੈ ਅੱਜ ਅਨਾਜ ਮੰਡੀ ਵਿੱਚ ਹੋਣ ਵਾਲੇ ਸਮਾਗਮ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੌਰਵ ਗੋਇਲ ਫਾਊਂਡੇਸ਼ਨ ਦੇ ਆਗੂ ਅਤੇ ਉੱਘੇ ਸਮਾਜ ਸੇਵੀ ਐਡਵੋਕੇਟ ਸ੍ਰੀ ਗੌਰਵ ਗੋਇਲ ਉਚੇਚੇ ਤੌਰ 'ਤੇ ਪਹੁੰਚੇ, ਉਹਨਾਂ ਜਾਇਜ਼ਾ ਲੈਣ ਉਪਰੰਤ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਵ ਵਿਆਹੇ ਜੋੜਿਆਂ ਨੂੰ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ



ਅਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ ਤੇ ਪਹੁੰਚਣਗੇ, ਉਨਾਂ ਕਿਹਾ ਇਨਾਂ ਤੋਂ ਇਲਾਵਾ 101 ਜਰੂਰਤਮੰਦ ਲੜਕੀਆਂ ਦੇ ਵਿਆਹ ਸਮਾਗਮ ਵਿੱਚ ਪੰਜਾਬ ਦੀਆਂ ਹੋਰ ਵੀ ਪ੍ਰਮੁੱਖ ਸ਼ਖਸ਼ੀਅਤਾਂ ਇਹਨਾਂ ਬੇਟੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚਣਗੀਆਂ ਅਤੇ ਇਹਨਾਂ ਲੜਕੀਆਂ ਨੂੰ ਘਰੇਲੂ ਵਰਤੋਂ ਲਈ ਜ਼ਰੂਰੀ ਸਮਾਨ ਵੀ ਦਿੱਤਾ ਜਾਵੇਗਾ, ਉਹਨਾਂ ਇਹ ਵੀ ਕਿਹਾ ਕਿ ਜੇਕਰ ਕੋਈ ਜਰੂਰਤਮੰਦ ਪਰਿਵਾਰ ਆਪਣੀ ਲੜਕੀ ਦਾ ਵਿਆਹ ਕਰਨਾ ਚਾਹੁੰਦਾ ਹੈ, ਤਾਂ ਉਹ ਕਿਸੇ ਵੀ ਸਮੇਂ ਆ ਕੇ ਸੰਸਥਾ ਦੇ ਪ੍ਰਬੰਧਕਾਂ ਨਾਲ ਸੰਪਰਕ ਕਰ ਸਕਦੇ ਹਨ।

# ਵੱਧ ਤੋਂ ਵੱਧ ਤਕਨੀਕੀ ਸਿੱਖਿਆ ਹਾਸਲ ਕਰਨ ਨੌਜਵਾਨ : ਪ੍ਰਭਦੀਪ ਸਿੰਘ ਨੱਥੋਵਾਲ



ਧੂਰੀ, 22 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ):ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪਿੰਡ ਖੇੜੀ ਜੱਟਾਂ ਵਿਖੇ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਤੋਂ ਪਿੰਡ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਬੱਚੇ ਤੇ ਨੌਜਵਾਨ ਭਰਵਾਂ ਲਾਭ ਲੈ ਰਹੇ ਹਨ, ਜੋ ਕਿ ਆਪਣੇ ਆਪ ਦੇ ਵਿੱਚ ਮਿਸਾਲ ਹੈ। ਅੱਜ ਦੇ ਯੋਗ ਵਿੱਚ ਕਾਮਯਾਬ ਹੋਣ ਲਈ ਲਾਜ਼ਮੀ ਹੈ ਕਿ ਨੌਜਵਾਨ ਵੱਧ ਤੋਂ ਵੱਧ ਤਕਨੀਕੀ ਸਿੱਖਿਆ ਹਾਸਲ ਕਰਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਸੰਪਰਕ ਵਿਭਾਗ, ਪੰਜਾਬ ਦੇ ਡਿਪਟੀ ਡਾਇਰੈਕਟਰ ਸ. ਪ੍ਰਭਦੀਪ ਸਿੰਘ ਨੱਥੋਵਾਲ ਨੇ ਕੀਤਾ। ਉਹ ਸਮਾਜ ਸੇਵੀ ਸ਼੍ਰੀ ਫਤਹਿ ਪ੍ਰਭਾਕਰ ਦੀ ਅਗਵਾਈ ਵਿੱਚ ਪਿਛਲੇ ਇੱਕ ਦਹਾਕੇ ਤੋਂ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਦੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡਣ ਲਈ ਰੱਖੇ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪੁੱਜੇ ਸਨ।ਸ. ਨੱਥੋਵਾਲ ਨੇ ਕਿਹਾ ਕਿ ਡਾ.(ਪ੍ਰੋ.) ਐਸ.ਪੀ. ਸਿੰਘ ਓਬਰਾਏ ਵੱਲੋਂ ਦੇਸ਼ ਅਤੇ ਵਿਦੇਸ਼ ਅੰਦਰ ਅਨੇਕਾਂ ਸਮਾਜ ਭਲਾਈ ਦੇ ਕਾਰਜ ਕੀਤੇ ਜਾ ਰਹੇ ਹਨ। ਅਜੋਕਾ ਯੁਗ ਟੈਕਨਾਲੋਜੀ ਦਾ ਹੈ ਤੇ ਨੌਜਵਾਨ ਬੱਚੇ ਬਚੀਆਂ ਖਾਸ ਤੌਰ ਤੇ ਪੇਂਡੂ ਖੇਤਰ ਵਾਲੇ, ਜੇਕਰ ਸਮੇਂ ਦੇ ਹਾਣੀ ਬਣਨਾ ਚਾਹੁੰਦੇ ਹਨ ਤਾਂ ਕੰਪਿਊਟਰ ਸਮੇਤ ਨਵੀਂ-ਨਵੀਂ ਟੈਕਨਾਲੋਜੀ ਵਧ ਤੋਂ ਵਧ ਸਿਖਣ।ਸ. ਨੱਥੋਵਾਲ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਦਾ ਪਿੰਡ ਖੇੜੀ-ਜੱਟਾਂ ਪੰਜਾਬ ਦੇ ਵਿਕਾਸ ਮੁੱਖੀ ਪਿੰਡਾਂ ਦੀ ਸੂਚੀ ਵਿੱਚ ਗਿਣਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਨੇੜੇ ਦੇ ਪਿੰਡਾਂ ਦੇ ਹੋਰਨਾਂ ਬੱਚਿਆਂ ਤੇ ਨੌਜਵਾਨਾਂ ਨੂੰ ਵੀ ਪਟਵਾਰੀ ਗਿਰਧਾਰੀ ਲਾਲ ਮੈਮੋਰੀਅਲ ਵਿਖੇ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਦਾ ਵਧ ਤੋਂ ਵਧ ਲਾਭ ਉਠਾਉਣਾ ਚਾਹੀਦਾ ਹੈ।ਸ ਸਮੇਂ ਪਿੰਡ ਦੇ ਸਾਬਕਾ ਸਰਪੰਚ ਸ. ਸੁਰਜੀਤ ਸਿੰਘ ਅਤੇ ਸਾਬਕਾ ਪੰਚ ਸ. ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਆਏ ਮਹਿਮਾਨਾਂ ਤੇ ਪਿੰਡ ਨੂੰ ਵਿਕਾਸ ਮੁੱਖੀ ਬਣਾਉਣ ਵਿੱਚ ਪਿਛਲੇ ਇੱਕ ਦਹਾਕੇ ਤੋਂ ਯੋਗਦਾਨ ਪਾਉਣ ਵਾਲੇ ਸ਼੍ਰੀ ਫਤਿਹ ਪ੍ਰਭਾਕਰ ਦਾ ਧੰਨਵਾਦ ਕਰਦੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ, ਹਰਜਿੰਦਰ ਸਿੰਘ, ਨਿਰਮਲ ਸਿੰਘ, ਹਰਦੀਪ ਸਿੰਘ, ਦੇਸ ਰਾਜ, ਨਿੱਕਾ ਖਾਂ, ਰਣਜੀਤ ਸਿੰਘ ਤੇ ਹਰਜਿੰਦਰ ਸਿੰਘ ਵੀ ਹਾਜ਼ਰ ਸਨ।

# ਨਗਰ ਕੌਂਸਲ ਦੇ ਰਿਟਾਇਰਡ ਕਰਮਚਾਰੀਆਂ ਦੇ ਬਕਾਇਆ ਕਲੀਅਰ ਕਰਕੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਰਚਿਆ ਇਤਿਹਾਸ



ਬਠਿੰਡਾ, 22 ਅਗਸਤ (ਇੰਦਰਪਾਲ ਬਾਂਸਲ): ਨਗਰ ਕੌਂਸਲ ਰਾਮਪੁਰਾਫੂਲ ਵੱਲੋਂ ਰਿਟਾਇਰ ਹੋਏ ਕਰਮਚਾਰੀਆਂ ਨੂੰ ਉਨ੍ਹਾਂ ਦੀ ਬਕਾਇਆ ਰਕਮ ਦੇ ਚੈਕ ਵੰਡੇ ਗਏ। ਸਥਾਨਕ ਪੈਂਥਰ ਕਲੱਬ ਵਿਖੇ ਰੱਖੇ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਕਾਲਾ ਬੁੱਟਰ, ਰੂਬੀ ਬਰਾੜ , ਨਾਥਾਂ ਮੰਡੀ ਦੇ ਬਲਾਕ ਪ੍ਰਧਾਨ ਮਨਮੋਹਨ ਗਰਗ, ਪਟਿਆਲਾ ਮੰਡੀ ਦੇ ਬਲਾਕ ਪ੍ਰਧਾਨ ਗੁਰਜ਼ਨ ਢਿੱਲੋਂ ਵੀ ਮੌਜੂਦ ਰਹੇ। ਕਾਰਜ ਸਾਧਕ ਅਫਸਰ ਰਜਨੀਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਨਗਰ ਕੌਂਸਲ ਪ੍ਰਧਾਨ ਕਿਰਨਜੀਤ ਕੌਰ ਦੀ ਅਗਵਾਈ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਰਿਟਾਇਰਡ ਕਰਮਚਾਰੀ ਯੂਨੀਅਨ ਦੇ ਨੇਤਾਵਾਂ ਨੇ ਆਮ ਆਦਮੀ ਪਾਰਟੀ ਦੇ ਆਗੂਆ ਅਤੇ ਕੌਂਸਲ ਮੈਂਬਰਾਂ ਦਾ ਸਨਮਾਨ ਕੀਤਾ। ਸਮਾਗਮ ਦੌਰਾਨ ਕਰੀਬ ਚਾਰ ਕਰੋੜ ਰੁਪਏ ਦੇ ਚੈਕ ਨਗਰ ਕੌਂਸਲ ਰਾਮਪੁਰਾਫੂਲ ਦੇ ਰਿਟਾਇਰਡ ਕਰਮਚਾਰੀਆਂ ਨੂੰ ਵੰਡੇ ਗਏ ਅਤੇ ਭਰੋਸੇ ਦਵਾਇਆ ਕਿ ਜਲਦ ਹੀ ਬਾਕੀ ਰਹਿੰਦੇ ਕਰਮਚਾਰੀਆਂ ਦੇ ਬਕਾਏ ਵੀ ਕਲੀਅਰ ਕੀਤੇ ਜਾਣਗੇ । ਇਸ ਮੌਕੇ ਬੋਲਦਿਆਂ ਰਿਟਾਇਰਡ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਕੁਮਾਰ ਨੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਸਮੇਤ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਪ੍ਰਧਾਨ ਦਾ ਧੰਨਵਾਦ ਕਰਦਿਆ ਕਿਹਾ ਕਿ ਰਿਟਾਇਰਡ ਕਰਮਚਾਰੀਆਂ ਦੀ ਬਕਾਇਆ ਰਕਮ ਕਲੀਅਰ ਕਰਕੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਇਤਿਹਾਸ ਰਚ ਦਿੱਤਾ ਹੈ । ਇਸ ਮੌਕੇ ਬੋਲਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰੂਬੀ ਬਰਾੜ ਨੇ ਕਿਹਾ ਕਿ ਕਿਸੇ ਵੀ ਸ਼ਹਿਰੀ ਜਾਂ ਕਰਮਚਾਰੀ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਸਰਕਾਰ ਦੀ ਪਹਿਲੀ ਤਰਜੀਹ ਲੋਕਾਂ ਨੂੰ ਸੁਵਿਧਾਵਾਂ ਪ੍ਰਦਾਨ ਕਰਨਾ ਅਤੇ ਕਰਮਚਾਰੀਆਂ ਦੇ ਹੱਕਾਂ ਦੀ ਰੱਖਿਆ ਕਰਨਾ ਹੈ।ਇਸ ਮੌਕੇ ਹੋਰਨਾ ਤੋਂ ਇਲਾਵਾ ਕੌਂਸਲਰ ਸੁਰਜ ਰਾਜੋਰਾ, ਕੁਲਦੀਪ ਸਿੰਘ, ਰੁਪਿੰਦਰ ਕੌਰ, ਦਰਸ਼ਨਾ ਦੇਵੀ, ਰਜਨੀ ਰਾਣੀ ਆਦਿ ਸ਼ਾਮਲ ਸਨ।

# ਪਿੰਡ ਰਾਏਪੁਰ ਦੇ ਗੁਰੂਦੁਆਰਾ ਸਾਹਿਬ ਵਿਖੇ ਇੱਕ ਵਿਸ਼ਾਲ ਆਯੂਸ਼ ਕੈਂਪ ਦਾ ਆਯੋਜਨ ਕੀਤਾ




ਸਰਦੂਲਗੜ੍ਹ, 22 ਅਗਸਤ ( ਲਛਮਣ ਸਿੱਧੂ ):ਆਯੂਸ਼ ਵਿਭਾਗ ਪੰਜਾਬ ਵੱਲੋਂ ਦਿਲਰਾਜ ਸਿੰਘ I.A.S ਆਯੂਸ਼ ਕਮਿਸ਼ਨਰ ਡਾਇਰੈਕਟਰ ਆਯੁਰਵੈਦਾ ਪੰਜਾਬ ਡਾ: ਰਵੀ ਕੁਮਾਰ ਡੂਮਰਾ ਅਤੇ ਡਾਇਰੈਕਟਰ ਹੋਮਿਉਪੈਥੀ ਡਾ ਹਰਿਦਰਪਾਲ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਡਾ ਨਮਿਤਾ ਗਰਗ ਅਤੇ ਜਿਲ੍ਹਾ ਹੋਮਿਉਪੈਥੀ ਅਫ਼ਸਰ ਡਾ ਰਾਜੀਵ ਕੁਮਾਰ ਜਿੰਦੀਆ ਜੀ ਦੀ ਯੋਗ ਅਗਵਾਈ ਹੇਠ ਸਰਦੂਲਗੜ੍ਹ ਦੇ ਪਿੰਡ ਰਾਏਪੁਰ ਦੇ ਗੁਰੂਦੁਆਰਾ ਸਾਹਿਬ ਵਿਖੇ ਇੱਕ ਵਿਸ਼ਾਲ ਆਯੂਸ਼ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਵਿੱਚ ਡਾ. ਪੂਜਾ AMO ਕਰੰਡੀ ਅਤੇ ਡਾ: ਪੂਜਾ AMO ਰਾਏਪੁਰ ਵੱਲੋ 322 ਮਰੀਜ਼ਾਂ ਦਾ ਚੈਕਅਪ ਕਰਕੇ ਮੁਫ਼ਤ ਆਯੁਰਵੈਦਿਕ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਵਿੱਚ ਉਪਵੈਦ ਗੁਰਮੀਤ ਸਿੰਘ,ਕੁਲਦੀਪ ਸਿੰਘ ਵੱਲੋ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਗਈਆਂ ਅਤੇ ਸਮਝਾਈਆਂ ਗਈਆਂ। ਇਸ ਕੈਂਪ ਵਿੱਚ ਡਾ: ਅੰਚਲ ਮਿਸ਼ਰਾ HMO,ਡਿਸਪੈਂਸਰ ਜਗਤਾਰ ਸਿੰਘ ਅਤੇ ਨਿਰਦੇਪਾਲ ਵੱਲੋਂ ਹੋਮਿਉਪੈਥਿਕ ਦੇ 234 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਦਵਾਈ ਦਿੱਤੀ।ਇਸ ਕੈਂਪ ਵਿੱਚ ਆਯੂਸ਼ ਵਿਭਾਗ ਵੱਲੋਂ ਪਿੰਡ ਦੇ ਲੋਕਾਂ ਨੂੰ ਸੀਜ਼ਨ ਦੇ ਅਨੁਸਾਰ ਖਾਣ ਪਾਣ ਵਿੱਚ ਸੁਧਾਰ ਕਰਨ ਬਾਰੇ ਦੱਸਿਆ ਗਿਆ ਅਤੇ ਹਰਬਲ ਪੌਦੇ ਵੰਡੇ ਗਏ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਹਰਬਲ ਬੂਟੇ ਲਾਉਣ ਲਈ ਕਿਹਾ ਗਿਆ।ਯੋਗਾ ਇੰਸਟਰਕਟਰ ਅਸ਼ੋਕ ਕੁਮਾਰ ਅਤੇ ਸੁਖਪਾਲ ਕੌਰ ਨੇ ਯੋਗ ਆਸਨ ਕਰਵਾਏ । ਇਸ ਤੋਂ ਇਲਾਵਾ ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ ਬੱਬੀ,ਮੈਂਬਰ ਜਗਸੀਰ ਸਿੰਘ ,ਕੁਲਦੀਪ ਸਿੰਘ ,ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ,ਗ੍ਰੰਥੀ ਅਮਨਦੀਪ ਸਿੰਘ ਸਮੁੱਚੀ ਪੰਚਾਇਤ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਪਿੰਡ ਦੇ ਪਤਵੰਤੇ ਵਿਅਕਤੀ ਹਾਜ਼ਰ ਸਨ ।

# ਖੇਤੀ ਖੇਤਰ ਉੱਤੇ ਦੇਸੀ ਵਿਦੇਸ਼ੀ ਤਾਕਤਾਂ ਦੇ ਹਮਲੇ ਰੋਕਣ ਲਈ ਇੱਕਜੁੱਟਤਾ ਜ਼ਰੂਰੀ:ਕਿਸਾਨ ਆਗੂ



ਦਿੜ੍ਹਬਾ ਮੰਡੀ, 22 ਅਗਸਤ (ਸੁਖਵਿੰਦਰ ਸਿੰਘ ਵਿਰਕ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਭਰਪੂਰ ਸਿੰਘ ਮੌੜਾਂ ਅਤੇ ਖਜ਼ਾਨਚੀ ਮਿਸ਼ਰਾ ਸਿੰਘ ਨਿਹਾਲਗੜ੍ਹ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਹੋਈ,ਮੀਟਿੰਗ ਵਿੱਚ ਬਹੁ ਗਿਣਤੀ ਪਿੰਡ ਇਕਾਈਆਂ ਨੇ ਭਾਗ ਲਿਆ ਮੀਟਿੰਗ ਨੂੰ ਦਿੜ੍ਹਬਾ ਬਲਾਕ ਦੇ ਆਗੂ ਹਰਜੀਤ ਸਿੰਘ ਮਹਿਲਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾਈ ਵਾਰਵੀ ਮੀਟਿੰਗ ਦੌਰਾਨ ਜਥੇਬੰਦੀ ਦੇ ਮੁੱਖ ਆਗੂਆਂ ਦੀ ਸੁਰੱਖਿਆ ਅਤੇ ਮਜ਼ਬੂਤੀ ਲਈ ਜ਼ੋਰਦਾਰ ਹੋਕਾ ਮਾਰਨ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਅਤੇ ਸੂਬਾਈ ਸਰਕਾਰਾਂ ਵੱਲੋਂ ਸਾਡੀ ਜਥੇਬੰਦੀ ਨੂੰ ਨਿਸ਼ਾਨਾ ਬਣਾ ਕੇ ਜ਼ਿਲ੍ਹਾ ਬਲਾਕ ਪਿੰਡ ਪੱਧਰ ਤੱਕ ਦੇ ਮੁੱਖ ਆਗੂਆਂ ਦੀਆਂ ਰਿਸ਼ਤੇਦਾਰੀਆਂ ਸਮੇਤ ਸਾਰੇ ਟਿਕਾਣਿਆਂ ਦੀਆਂ ਲਿਸਟਾਂ ਬਣਾ ਕੇ ਜ਼ੋਰਦਾਰ ਜਾਬਰ ਹੱਲੇ ਬੋਲਣ ਦੀ ਤਿਆਰੀ ਕੀਤੀ ਜਾ ਰਹੀ ਹੈ। ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਨੇ ਕਿਹਾ ਕਿ ਆਗੂਆਂ ਨੂੰ ਸਰਕਾਰਾਂ ਦੇ ਅਜਿਹੇ ਜਾਬਰ ਹੱਲੇ ਦੀਆਂ ਸਿਰ ਖੜ੍ਹੀਆਂ ਤਿਆਰੀਆਂ ਨੂੰ ਮਾਤ ਦੇਣ ਲਈ ਵਿਸ਼ਾਲ ਤੋਂ ਵਿਸ਼ਾਲ ਕਿਸਾਨ ਮਜ਼ਦੂਰ ਜਨਤਾ ਨੂੰ ਜਾਗ੍ਰਿਤ ਕਰਨ ਅਤੇ ਕਰੜੇ ਸੰਘਰਸ਼ਾਂ ਨਾਲ ਮੈਦਾਨ ਚ ਕੁੱਦਣ ਲਈ ਤਿਆਰ ਬਰ ਤਿਆਰ ਰਹਿਣ ਦਾ ਸੱਦਾ ਦਿੱਤਾ।ਦਿੜ੍ਹਬਾ ਬਲਾਕ ਦੇ ਆਗੂ ਅਮਨਦੀਪ ਸਿੰਘ ਮਹਿਲਾਂ ਵੱਲੋਂ ਰਾਖੀ ਕਰੋ ਰੈਲੀ ਦੀਆਂ ਮੁੱਖ ਮੰਗਾਂ ਬਾਰੇ ਦੱਸਿਆ।ਪ੍ਰੈਸ ਸਕੱਤਰ ਚਰਨਜੀਤ ਸਿੰਘ ਘਨੌੜ (ਸੰਤਪੁਰਾ) ਕਿਹਾ ਕਿ ਸਮੁੱਚੇ ਖੇਤੀ ਖੇਤਰ ਉੱਤੇ ਦੇਸੀ ਬਦੇਸ਼ੀ ਸਾਮਰਾਜੀ ਤਾਕਤਾਂ ਦੇ ਹਮਲੇ ਰੋਕਣ ਲਈ ਇੱਕਜੁੱਟਤਾ ਜ਼ਰੂਰੀ ਹੈ।ਵੱਖ-ਵੱਖ ਬੁਲਾਰਿਆਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੁਆਰਾ 24 ਅਗਸਤ ਨੂੰ ਸਮਰਾਲਾ ਵਿਖੇ ਲੈਂਡ ਪੂਲਿੰਗ ਵਿਰੁੱਧ ਸੰਘਰਸ਼ ਸੰਬੰਧੀ ਕੀਤੀ ਜਾ ਰਹੀ ਜੇਤੂ ਰੈਲੀ ਵਿੱਚ ਪੂਰੇ ਪੰਜਾਬ ਵਿੱਚੋਂ ਵਹੀਰਾਂ ਘੱਤ ਕੇ ਪਹੁੰਚਣ ਦਾ ਹੋਕਾ ਦਿੱਤਾ ਗਿਆ। ਮੀਟਿੰਗ ਵਿੱਚ ਜੋਗਿੰਦਰ ਸਿੰਘ ਖੇੜੀ,ਜਸਵੰਤ ਸਿੰਘ ਸਮੂੰ ਦਿੜ੍ਹਬਾ, ਮੇਸਿੰਘ ਕੌਹਰੀਆਂ,ਜਗਜੀਤ ਸਿੰਘ ਮਹਿਲਾਂ,ਜਗਦੀਪ ਸਿੰਘ ਮਹਿਲਾਂ,ਮਾਸਟਰ ਰੂਪ ਸਿੰਘ ਮੌੜਾਂ,ਗੁਲਾਬ ਸਿੰਘ ਸਮੂੰਰਾਂ, ਤੂਰਬੰਜਾਰਾ,ਬਿੰਦਰ ਸਿੰਘ ਦਿੜ੍ਹਬਾ ਤੋਂ ਇਲਾਵਾ ਆਦਿ ਹਾਜ਼ਰ।

# ਪਿੰਡ ਝਲੂਰ ਵਿਖੇ ਕੈਂਸਰ ਜਾਗਰੂਕਤਾ ਅਤੇ ਡਾਕਟਰੀ ਕੈਂਪ ਲਗਾਇਆ



ਮੂਨਕ,22 ਅਗਸਤ(ਸਮਸ਼ੇਰ ਸਿੰਘ ਭੁਟਾਲ): ਨੇੜਲੇ ਪਿੰਡ ਝਲੂਰ ਵਿਖੇ ਯੁਵਕ ਸੇਵਾਵਾਂ ਕਲੱਬ ਵੱਲੋਂ ਵਰਲਡ ਕੈਂਸਰ ਕੇਅਰ ਦੀ ਟੀਮ ਦੇ ਸਹਿਯੋਗ ਨਾਲ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਮੁਫ਼ਤ ਕੈਂਸਰ ਜਾਗਰੂਕਤਾ ਅਤੇ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਪਹੁੰਚੇ ਸਾਰੇ ਲੋਕਾਂ ਦੇ ਹੱਡੀਆਂ ਅਤੇ ਕੈਂਸਰ ਨਾਲ ਸਬੰਧਤ ਆਦਿ ਟੈਸਟ ਮੁਫ਼ਤ ਕੀਤੇ ਗਏ ਅਤੇ ਲੋੜਵੰਦ ਵਿਅਕਤੀਆਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਤੇ 325 ਲੋਕਾਂ ਦਾ ਚੈੱਕਅਪ ਕੀਤਾ ਗਿਆ। ਕੈਂਪ ਦੇ ਇੰਚਾਰਜ ਡਾਕਟਰ ਪਰਵਿੰਦਰ ਸਿੰਘ ਜੀ ਵੱਲੋਂ ਕੈਂਸਰ ਦੇ ਅਗਾਊਂ ਲੱਛਣਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਤਾਂ ਜੋ ਇਸ ਨਾਮੁਰਾਦ ਬੀਮਾਰੀ ਤੋਂ ਬਚਿਆ ਜਾ ਸਕੇ ਅਤੇ ਸਮੇਂ ਸਿਰ ਇਸ ਦਾ ਇਲਾਜ ਕਰਵਾਇਆ ਜਾ ਸਕੇ। ਇਸ ਮੌਕੇ ਤੇ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਲੱਬ ਵੱਲੋਂ ਲੋਕ ਭਲਾਈ ਦੇ ਕਾਰਜ ਹਮੇਸ਼ਾਂ ਚਲਦੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਇਹਨਾਂ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇ। ਇਸ ਮੌਕੇ ਤੇ ਮਨੀ ਗੋਇਲ,ਜਗਤਾਰ ਸਿੰਘ,ਗੁਰਿੰਦਰ ਹਨੀ,ਗੁਰਪ੍ਰੀਤ ਸਿੰਘ, ਮੇਹਰ ਸਿੰਘ,ਰਾਕੇਸ਼ ਗੋਇਲ, ਜਸਵੀਰ ਸਿੰਘ,ਮਨਦੀਪ ਸਿੰਘ ਆਦਿ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਪੱਤਵੰਤੇ ਸੱਜਣ ਹਾਜ਼ਰ ਸਨ।

# ਨਵਜੋਤ ਕੌਰ ਨੇ ਬਤੌਰ ਡਿਪਟੀ ਕਮਿਸ਼ਨਰ ਮਾਨਸਾ ਦਾ ਅਹੁਦਾ ਸੰਭਾਲਿਆ

ਮਾਨਸਾ, 22 ਅਗਸਤ(ਵਿਰੋਂਦਰਪਾਲ ਮੰਤਰੋ ): ਪੰਜਾਬ ਸਰਕਾਰ ਵੱਲੋਂ ਚਲਾਈਆਂ ਗਈਆਂ ਵੱਖ-ਵੱਖ ਮੁਹਿੰਮਾਂ ਨੂੰ ਪਹਿਲਕਦਮੀ ਨਾਲ ਅਮਲ ਵਿਚ ਲਿਆਂਦਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀਮਤੀ ਨਵਜੋਤ ਕੌਰ ਵੱਲੋਂ ਬਤੌਰ ਡਿਪਟੀ ਕਮਿਸ਼ਨਰ ਮਾਨਸਾ ਵਿਖੇ ਆਪਣਾ ਅਹੁਦਾ ਸੰਭਾਲਣ ਮੌਕੇ ਕੀਤਾ। ਨਵਜੋਤ ਕੌਰ 2018 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ, ਜੋ ਕਿ ਇਸ ਤੋਂ ਪਹਿਲਾਂ



ਵਧੀਕ ਸਕੱਤਰ ਪ੍ਰਸੋਨਲ ਵਿਭਾਗ ਅਤੇ ਵਾਧੂ ਚਾਰਜ ਡਾਇਰੈਕਟਰ ਆਬਕਾਰੀ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਬਤੌਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਮਾਨਸਾ ਵਿਖੇ ਉਨ੍ਹਾਂ ਦੀ ਪਹਿਲੀ ਤਾਇਨਾਤੀ ਹੈ। ਕਾਰਜਭਾਗ ਸੰਭਾਲਣ ਮੌਕੇ ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਕਿਹਾ ਕਿ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਸੁਖਾਲੇ ਢੰਗ ਨਾਲ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਤਰਜੀਹ ਰਹੇਗੀ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਵੀ ਇਹ ਆਦੇਸ਼ ਦਿੱਤੇ ਜਾਣਗੇ ਕਿ ਕਿਸੇ ਵੀ ਨਾਗਰਿਕ ਨੂੰ ਸਰਕਾਰੀ ਦਫ਼ਤਰਾਂ ਵਿਚ ਆਪਣਾ ਕੰਮ ਕਰਵਾਉਣ ਮੌਕੇ ਕਿਸੇ ਪ੍ਰਕਾਰ ਦੀ ਦਿੱਕਤ ਪੇਸ਼ ਨਾ ਆਵੇ ਅਤੇ ਨਾਗਰਿਕਾਂ ਦਾ ਮਾਣ ਸਨਮਾਨ ਬਰਕਰਾਰ ਰੱਖਿਆ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਆਕਾਸ਼ ਬਾਂਸਲ, ਸਹਾਇਕ ਕਮਿਸ਼ਨਰ ਗੁਰਲੀਨ ਕੌਰ (ਸਿਖਲਾਈ ਅਧੀਨ), ਐਸ.ਡੀ.ਐਮ. ਮਾਨਸਾ ਤੇ ਸਰਦੂਲਗੜ੍ਹ ਕਾਲਾ ਰਾਮ ਕਾਂਸਲ, ਐਸ.ਡੀ.ਐਮ. ਬੁਢਲਡਾ ਗਗਨਦੀਪ ਸਿੰਘ, ਕਪਤਾਨ ਪੁਲਿਸ ਮਨਮੋਹਨ ਸਿੰਘ ਔਲਖ ਤੋਂ ਇਲਾਵਾ ਦਫ਼ਤਰ ਡਿਪਟੀ ਕਮਿਸ਼ਨਰ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਸਮਾਲਸਰ ਥਾਣੇ ਦੇ ਐਸ.ਐਚ.ਓ. 'ਤੇ ਫਾਇਰਿੰਗ ਕਰਕੇ ਭਗੋੜਾ ਹੋਇਆ ਮੁਲਜ਼ਮ ਹੈਰੋਇਨ ਸਮੇਤ ਗ੍ਰਿਫਤਾਰ , 13 ਤੋਂ ਵੱਧ ਸੰਗੀਨ ਮਾਮਲੇ ਦਰਜ

ਬਠਿੰਡਾ, 22 ਅਗਸਤ ( ਦੀਪਕ ਸ਼ਰਮਾ):ਬਠਿੰਡਾ ਪੁਲਿਸ ਨੇ ਪਿਛਲੇ ਲੰਬੇ ਸਮੇਂ ਤੋਂ ਭਗੋੜਾ ਚੱਲ ਰਹੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ 15 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਿਸ ਅਨੁਸਾਰ ਉਕਤ ਵਿਅਕਤੀ ਮੋਗਾ ਜ਼ਿਲ੍ਹੇ ਦੇ ਥਾਣਾ ਸਮਾਲਸਰ ਦੀ ਪੁਲਿਸ ਪਾਰਟੀ 'ਤੇ ਵੀ ਹਮਲਾ ਕੀਤਾ ਸੀ। ਉਸ ਵਕਤ ਮੁਲਜ਼'ਮ ਐਸਐਚਓ ਸਮਾਲਸਰ ਤੇ ਫਾਇਰਿੰਗ ਕਰਕੇ ਭਗੋੜਾ ਹੋ ਗਿਆ ਸੀ।ਕਥਿਤ ਦੋਸ਼ੀ ਅਪਰਾਧੀ ਪ੍ਰਵਿਰਤੀ ਦਾ ਵਿਅਕਤੀ ਹੈ।ਪੁਲਿਸ ਪਾਰਟੀ 'ਤੇ ਹਮਲਾ ਕਰਨ ਤੋਂ ਇਲਾਵਾ ਇਸ ਦੇ ਖਿਲਾਫ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਮੇਤ 13 ਵੱਖ-ਵੱਖ ਸੰਗੀਨ ਮਾਮਲੇ ਦਰਜ ਹਨ। ਮੁਲਜ਼ਮ ਦੀ ਪਛਾਣ ਹਰਵਿੰਦਰ ਸਿੰਘ ਉਰਫ ਹੈਪੀ ਵਾਸੀ ਪਿੰਡ ਭੁੱਲਰ ਜਿਲ੍ਹਾ ਮੋਗਾ ਵਜੋਂ ਹੋਈ ਹੈ।ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਾਨ ਡੀਐਸਪੀ ਮਨਜੀਤ ਸਿੰਘ ਨੇ ਦੱਸਿਆ ਹੈ ਕਿ ਲੰਘੀ 21 ਅਗਸਤ ਨੂੰ ਗਸ਼ਤ ਦੌਰਾਨ ਜਦ ਪੁਲਿਸ ਪਾਰਟੀ ਨੂੰ ਪਿੰਡ ਕੋਠੇ ਇੰਦਰ ਸਿੰਘ ਤੋਂ ਪਿੰਡ ਮਹਿਮਾ ਸਵਾਈ ਵੱਲ ਜਾ ਰਹੀ ਸੀ, ਜਦੋਂ ਉਨ੍ਹਾਂ ਨੇ ਸੂਏ ਦੇ ਪੁੱਲ ਤੇ ਇੱਕ ਸ਼ੱਕੀ ਵਿਅਕਤੀ ਨੂੰ ਦੇਖਿਆ। ਪੁਲਿਸ ਦੀ ਗੱਡੀ ਦੇਖ ਕੇ ਉਕਤ ਵਿਅਕਤੀ ਭੱਜਣ ਲੱਗਾ, ਸ਼ੱਕ ਪੈਣ ਤੇ ਪੁਲਿਸ ਨੇ ਉਸਨੂੰ ਕਾਬੂ ਕਰ ਲਿਆ।



ਪੁਲਿਸ ਅਧਿਕਾਰੀ ਨੇ ਦੱਸਿਆ ਹੈ ਕਿ ਤਲਾਸ਼ੀ ਦੌਰਾਨ ਉਸ ਕੋਲੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ। ਮੁਲਜਮ ਨੇ ਆਪਣਾ ਨਾਮ ਹਰਵਿੰਦਰ ਸਿੰਘ ਉਰਫ ਹੈਪੀ ਦੱਸਿਆ। ਪੁੱਛਗਿੱਛ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਉਹ ਥਾਣਾ ਸਮਾਲਸਰ ਦੇ ਮੁੱਖ ਅਫਸਰ 'ਤੇ ਫਾਇਰਿੰਗ ਕਰਨ ਤੋਂ ਬਾਅਦ ਫਰਾਰ ਹੋ ਗਿਆ ਸੀ। ਕਥਿਤ ਦੋਸ਼ੀ ਖਿਲਾਫ ਥਾਣਾ ਨੇਹੀਆਂਵਾਲਾ ਵਿਖੇ ਕੇਸ ਦਰਜ ਕੀਤਾ ਗਿਆ।ਪੁਲਿਸ ਅਧਿਕਾਰੀ ਅਨੁਸਾਰ ਇਸ ਇਸ਼ਤਿਹਾਰੀ ਮੁਲਜ਼ਮ ਨੂੰ ਫੜਨ ਦੀ ਸਾਰੀ ਕਾਰਵਾਈ ਐਸਐਸਪੀ ਅਮਨੀਤ ਕੌਂਡਲ ਦੇ ਨਿਰਦੇਸ਼ਾਂ ਹੇਠ ਐਸਪੀ ਇਨਵੈਸਟੀਗੇਸ਼ਨ, ਜਸਮੀਤ ਸਿੰਘ ਸਾਹੀਵਾਲ ਅਤੇ ਡੀਐਸਪੀ ਮਨਜੀਤ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ। ਸਹਾਇਕ ਸਬ-ਇੰਸਪੈਕਟਰ ਲਖਵਿੰਦਰ ਸਿੰਘ ਅਤੇ ਪੁਲਿਸ ਪਾਰਟੀ ਨੇ ਇਸ ਆਪਰੇਸ਼ਨ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ।ਡੀਐਸਪੀ ਨੇ ਦੱਸਿਆ ਕਿ ਹਰਵਿੰਦਰ ਸਿੰਘ ਉਰਫ ਹੈਪੀ ਇੱਕ ਭਗੌੜਾ ਸੀ ਅਤੇ ਉਸ 'ਤੇ ਪੁਲਿਸ ਪਾਰਟੀ 'ਤੇ ਹਮਲਾ ਕਰਨ, ਲੁੱਟ-ਖੋਹ ਕਰਨ ਅਤੇ ਨਸ਼ਾ ਤਸਕਰੀ ਸਮੇਤ 13 ਤੋਂ ਵੱਧ ਸੰਗੀਨ ਮਾਮਲੇ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ ਦਰਜ ਸਨ। ਇਨ੍ਹਾਂ ਵਿੱਚੋਂ ਕੁਝ ਮਾਮਲਿਆਂ ਵਿੱਚ ਉਸਦੀ ਗ੍ਰਿਫਤਾਰੀ ਅਜੇ ਹੋਣੀ ਸੀ। ਇਸ ਲਈ। ਕਥਿਤ ਦੋਸ਼ੀ ਖਿਲਾਫ ਧਾਰਾ 21ਬੀ-61-85ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਸਿਹਤ ਵਿਭਾਗ ਦੀ ਟੀਮ ਨੇ ਅਗਰਵਾਲ ਕਲੋਨੀ ਵਿੱਚ ਪਾਣੀ ਦੇ ਸੈਂਪਲ ਭਰੇ, ਲੋਕਾਂ ਨੂੰ ਸਾਫ਼-ਸਫ਼ਾਈ ਰੱਖਣ ਦੀ ਸਲਾਹ, ਪਾਣੀ ਦੀ ਸ਼ੁੱਧਤਾ ਬਾਰੇ ਕੀਤਾ ਜਾਗਰੂਕ

ਬਠਿੰਡਾ, 22 ਅਗਸਤ ( ਦੀਪਕ ਸ਼ਰਮਾ):ਸਿਹਤ ਵਿਭਾਗ ਨੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਹੈ। ਇਸ ਮੁਹਿੰਮ ਤਹਿਤ ਟੀਮਾਂ ਨੇ ਅਗਰਵਾਲ ਕਲੋਨੀ ਵਿੱਚ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਪਾਣੀ ਦੇ ਸੈਂਪਲ ਲਏ, ਤਾਂ ਜੋ ਲੋਕਾਂ ਨੂੰ ਸਾਫ-ਸੁਥਰਾ ਪਾਣੀ ਮਿਲ ਸਕੇ।ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜਿਲ੍ਹਾ ਸਿਹਤ ਅਫਸਰ ਡਾ. ਊਸ਼ਾ ਗੋਇਲ ਦੀ ਅਗਵਾਈ ਹੇਠ ਅਤੇ ਜਿਲ੍ਹਾ ਐਪੀਡੀਮੋਲੋਜਿਸਟ ਡਾ. ਸੁਕਿਰਤੀ ਦੀ ਦੇਖਰੇਖ ਹੇਠ ਜ਼ਿਲ੍ਹਾ ਬਠਿੰਡਾ ਦੀਆਂ ਸਿਹਤ ਵਿਭਾਗ ਦੀਆਂ ਟੀਮਾਂ ਨੇ ਅਰਬਨ ਏਰੀਆ ਵਿੱਚੋਂ ਪੀਣ ਵਾਲੇ ਪਾਣੀ ਦੇ ਸੈਂਪਲ ਇਕੱਠੇ ਕੀਤੇ। ਇਸ ਦੌਰਾਨ ਲੋਕਾਂ ਨੂੰ ਕਲੋਰੀਨ ਦੀਆਂ ਗੋਲੀਆਂ ਅਤੇ ਓਆਰਐਸ. ਦੇ ਪੈਕੇਟ ਵੀ ਵੰਡੇ ਗਏ। ਇਸ ਮੌਕੇ ਜ਼ਿਲ੍ਹਾ ਸਿਹਤ ਅਫਸਰ ਡਾ. ਊਸ਼ਾ ਗੋਇਲ ਨੇ ਦੱਸਿਆ ਕਿ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਪਾਣੀ ਦੇ ਸੈਂਪਲ ਲਏ ਗਏ ਹਨ। ਇਨ੍ਹਾਂ ਸੈਂਪਲਾਂ ਨੂੰ ਲੈਬਾਰਟਰੀ ਵਿੱਚ ਭੇਜਿਆ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲੋਕਾਂ ਨੂੰ ਸਾਫ਼-ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਹੋ ਸਕੇ। ਡਾ. ਸੁਕਿਰਤੀ ਨੇ ਦੱਸਿਆ ਕਿ ਬਠਿੰਡਾ ਦੀ ਅਗਰਵਾਲ ਕਲੋਨੀ ਵਿੱਚੋਂ ਪਾਣੀ ਦੇ ਸੈਂਪਲ ਲਏ ਗਏ ਹਨ। ਇਸੇ ਦੌਰਾਨ ਐਲਐਚਵੀ ਸਵਰਨ ਕੌਰ ਅਤੇ ਏਐਨਐਮ ਸੀਮਾ ਨੇ ਅਗਰਵਾਲ ਕਲੋਨੀ ਵਿੱਚ ਘਰ-ਘਰ ਜਾ ਕੇ ਲੋਕਾਂ ਨੂੰ ਕਾਲਾ ਪੀਲੀਆ, ਡਾਇਰੀਆ ਅਤੇ ਪੇਟ ਦੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ। ਆਸ਼ਾ ਵਰਕਰਾਂ ਵੱਲੋਂ ਇਹਨਾਂ ਇਲਾਕਿਆਂ ਵਿੱਚ ਕਲੋਰੀਨ ਦੀਆਂ ਗੋਲੀਆਂ ਅਤੇ ਓ.ਆਰ.ਐਸ. ਦੇ ਪੈਕੇਟ ਵੀ ਵੰਡੇ ਗਏ। ਇਸ ਤੋਂ ਇਲਾਵਾ, ਖੜ੍ਹੇ ਪਾਣੀ ਤੇ ਲਾਰਵੀਸਾਈਟ ਦਾ ਛਿੜਕਾਅ ਵੀ ਕਰਵਾਇਆ ਗਿਆ ਹੈ।ਡਿਪਟੀ ਮਾਸ ਮੀਡੀਆ ਅਫਸਰ ਮਲਕੀਤ ਕੌਰ ਨੇ ਦੱਸਿਆ ਕਿ ਸਾਫ ਪਾਣੀ ਮਨੁੱਖੀ ਸਰੀਰ ਲਈ ਬਹੁਤ ਜ਼ਰੂਰੀ ਹੈ ਅਤੇ ਦੂਸ਼ਿਤ ਪਾਣੀ ਪੀਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਸਕਦੀਆਂ ਹਨ। ਉਨ੍ਹਾਂ ਸਲਾਹ ਦਿੱਤੀ ਕਿ ਪਾਣੀ ਉਬਾਲ ਕੇ ਹੀ ਪੀਣਾ ਚਾਹੀਦਾ ਹੈ, ਤਾਂ ਜੋ ਇਸ ਵਿੱਚ ਮੌਜੂਦ ਹਾਨੀਕਾਰਕ ਤੱਤ ਖਤਮ ਹੋ ਜਾਣ। ਉਨ੍ਹਾਂ ਨੇ ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਸਾਫ ਕਰਨ ਅਤੇ ਆਲੇ-ਦੁਆਲੇ ਦੀ ਸਫਾਈ ਦਾ ਖਾਸ ਧਿਆਨ ਰੱਖਣ ਦਾ ਸੁਨੇਹਾ ਵੀ ਦਿੱਤਾ।

# ਰਾਹੁਲ ਚਾਬਾ ਨੇ ਸੰਗਰੂਰ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

ਸੰਗਰੂਰ, 22 ਅਗਸਤ (ਹਰਕੰਵਲ ਸਿੰਘ ਹੈਪੀ): ਰਾਹੁਲ ਚਾਬਾ, ਆਈ.ਏ.ਐਸ., ਨੇ ਅੱਜ ਜ਼ਿਲ੍ਹਾ ਸੰਗਰੂਰ ਦੇ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਅਹੁਦਾ ਸੰਭਾਲਣ ਉਪਰੰਤ ਸ਼੍ਰੀ ਚਾਬਾ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਸ਼ਾਲੀ ਸਮਝਦੇ ਹਨ ਕਿ ਉਹਨਾਂ ਨੂੰ ਇਸ ਇਤਿਹਾਸਕ ਜ਼ਿਲ੍ਹੇ ਵਿਖੇ ਬਤੌਰ ਡਿਪਟੀ ਕਮਿਸ਼ਨਰ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ ਹੈ।ਆਪਣੇ ਕਾਰਜਕਾਲ ਦੌਰਾਨ ਉਹ ਪੰਜਾਬ



ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਅਤੇ ਹੋਰ ਹੁਕਮਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਵਾਉਣ ਨੂੰ ਤਰਜ਼ੀਹ ਦੇਣਗੇ ਅਤੇ ਲੋਕਾਂ ਦੇ ਮਸਲਿਆਂ ਦਾ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਉਹਨਾਂ ਦਾ ਇਹ ਯਤਨ ਰਹੇਗਾ ਕਿ ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਲੋਕ ਕਿਸੇ ਵੀ ਕਾਰਨ ਨਿਰਾਸ਼ ਨਾ ਪਰਤਣ। ਉਹਨਾਂ ਕਿਹਾ ਕਿ ਜ਼ਿਲ੍ਹੇ ਦੀਆਂ ਖੇਤੀਬਾੜੀ ਨਾਲ ਸਬੰਧਤ ਦਿੱਕਤਾਂ ਦੂਰ ਕਰਨ ਨੂੰ ਪਹਿਲ ਦੇਣ ਦੇ ਨਾਲ-ਨਾਲ ਜ਼ਿਲ੍ਹੇ ਦੀਆਂ ਸੜਕਾਂ 'ਤੇ ਸਾਫ਼ ਸਫ਼ਾਈ ਵੱਲ ਵੀ ਉਚੇਚਾ ਧਿਆਨ ਦਿੱਤਾ ਜਾਵੇਗਾ। ਚਾਬਾ ਨੇ ਬਤੌਰ ਪੀ.ਸੀ.ਐੱਸ. ਅਧਿਕਾਰੀ ਆਪਣੇ ਕਰੀਅਰ ਦੀ ਸ਼ੁਰੂਆਤ ਪੀ.ਜੀ.ਓ., ਹੁਸ਼ਿਆਰਪੁਰ ਵਜੋਂ ਕੀਤੀ ਸੀ, ਉਪਰੰਤ ਉਹਨਾਂ ਨੇ ਐੱਸ.ਡੀ.ਐਮ. ਬਟਾਲਾ, ਏ.ਡੀ.ਸੀ. ਬਠਿੰਡਾ, ਕਪੂਰਥਲਾ, ਹੁਸ਼ਿਆਰਪੁਰ, ਲੁਧਿਆਣਾ ਵਿਖੇ ਸੇਵਾਵਾਂ ਨਿਭਾਈਆਂ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਉਹਨਾਂ ਨੇ ਸੁਲਤਾਨਪੁਰ ਲੋਧੀ ਵਿਖੇ ਬਤੌਰ ਏ.ਸੀ.ਈ.ਓ., ਫੀਲਡ ਵਿਚਲੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਨਿਭਾਈ। ਸੰਗਰੂਰ ਵਿਖੇ ਤਬਾਦਲਾ ਹੋਣ ਤੋਂ ਪਹਿਲਾਂ ਉਹ ਬਤੌਰ ਏ.ਸੀ.ਈ.ਓ. ਇਨਵੈਸਟ ਪੰਜਾਬ ਅਤੇ ਐਮ.ਡੀ. ਪੰਜਾਬ ਇਨਫੋਟੈਕ, ਸੇਵਾਵਾਂ ਨਿਭਾਅ ਰਹੇ ਸਨ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪੁੱਜਣ ਤੇ ਪੁਲੀਸ ਦੀ ਟੁਕੜੀ ਵੱਲੋਂ ਉਹਨਾਂ ਨੂੰ ਗਾਰਡ ਆਫ ਆਨਰ ਵੀ ਦਿੱਤਾ ਗਿਆ।

# ਮਲੋਟ ਵਿਚ ਭਾਜਪਾ ਨੇ ਮੁੱਖ ਮੰਤਰੀ ਮਾਨ ਦਾ ਪੁਤਲਾ ਫੂਕਿਆ



ਮਲੋਟ, 22 ਅਗਸਤ ( ਅਮਨਦੀਪ ਸਿੰਘ ਮਹਿਰਾ ):ਭਾਰਤੀ ਜਨਤਾ ਪਾਰਟੀ ਵੱਲੋਂ ਲੋਕਾਂ ਵਿਚ ਜਾ ਕੇ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦੀ ਜਾਣਕਾਰੀ ਦੇਣ ਅਤੇ ਸਕੀਮਾਂ ਦਾ ਲਾਹਾ ਦੇਣ ਲਈ ਯੋਗ ਲਾਭਪਾਤਰੀਆਂ ਦੇ ਫਾਰਮ ਭਰੇ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਭਾਜਪਾ ਆਗੂਆਂ ਅਤੇ ਵਰਕਰਾਂ ਦੀਆਂ ਕੀਤੀਆਂ ਜਾ ਰਹੀਆਂ ਗਿਰਫਤਾਰੀਆਂ ਦੇ ਰੋਸ ਵਜੋਂ ਅੱਜ ਮਲੋਟ ਵਿਖੇ ਭਾਜਪਾ ਦੇ ਦਫਤਰ ਦੇ ਬਾਹਰ ਇਕੱਤਰ ਹੋਏ ਭਾਜਪਾ ਆਗੂਆਂ ਅਤੇ ਵਰਕਰਾਂ ਨੇ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ। ਇਸ ਦੌਰਾਨ ਭਾਜਪਾ ਆਗੂਆਂ ਤੇ ਵਰਕਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਸਰਕਾਰ ਦਾ ਜੰਮ ਕੇ ਪਿੱਟ ਸਿਆਪਾ ਕੀਤਾ ਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਭੜਾਸ ਕੱਢੀ। ਇਸ ਮੌਕੇ ਬੁਲਾਰਿਆਂ ਨੇ 'ਆਪ' ਸਰਕਾਰ 'ਤੇ ਵਰਦਿਆਂ ਕਿਹਾ ਕਿ ਇਹ ਸਰਕਾਰ ਭਾਜਪਾ ਦੀ ਚੜ੍ਹਦੀ ਕਲਾ ਦੇਖ ਕੇ ਘਬਰਾਹਟ 'ਚ ਆ ਗਈ ਹੈ ਤੇ ਭਾਜਪਾ ਦੇ ਕੈਂਪਾਂ ਨੂੰ ਜਾਣ-ਬੁੱਝ ਕੇ ਰੋਕਿਆ ਜਾ ਰਿਹਾ ਹੈ ਤਾਂ ਜੋ ਲੋਕ ਭਾਜਪਾ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਨਾਲ ਨਾ ਜੁੜ ਜਾਣ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਭਾਜਪਾ ਵੱਲੋਂ ਕੈਂਪਾਂ ਦੌਰਾਨ ਲੋਕਾਂ ਦੇ ਕੇਂਦਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੇ ਵੱਖ-ਵੱਖ ਕਾਰਡ ਬਣਾ ਕੇ ਮੌਕੇ 'ਤੇ ਹੀ ਦਿੱਤੇ ਜਾ ਰਹੇ ਸਨ। ਜਿਸ ਨਾਲ ਲੋਕ ਭਾਜਪਾ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਪਾਰਟੀ ਨਾਲ ਜੁੜ ਰਹੇ ਸਨ। ਇਹ ਸਭ ਕੁੱਝ ਆਪ ਸਰਕਾਰ ਨੂੰ ਹਜ਼ਮ ਨਹੀਂ ਹੋ ਰਿਹਾ ਤੇ ਪੁਲਿਸ ਪ੍ਰਸ਼ਾਸਨ ਦੀ ਬਦੌਲਤ ਭਾਜਪਾ ਦੇ ਕੈਂਪਾਂ 'ਤੇ ਰੋਕ ਲਾਈ ਜਾ ਰਹੀ ਹੈ, ਜਿਸਦੇ ਰੋਸ ਵਜੋਂ ਅੱਜ ਇਹ ਧਰਨਾ ਪ੍ਰਦਰਸ਼ਨ ਕੀਤਾ ਸਾਰੇ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਵੱਲੋਂ, ਗਰੀਬਾਂ, ਕਿਸਾਨਾਂ, ਬਜ਼ੁਰਗਾਂ, ਔਰਤਾਂ ਅਤੇ ਨੌਜਵਾਨਾਂ ਦੀ ਭਲਾਈ ਲਈ ਵਚਨਬੱਧ ਦੇਸ਼ ਦੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦੇ ਪੰਜਾਬ ਦੇ ਹਰੇਕ ਪਿੰਡ, ਵਾਰਡਾਂ ਵਿਚ, ਸ਼ਹਿਰਾਂ ਅੰਦਰ ਗਰੀਬ ਬਸਤੀਆਂ, ਮੁਹੱਲੇ ਵਿਚ ਫ਼ਾਰਮ ਭਰੇ ਜਾ ਰਹੇ ਸਨ। ਇਸ ਮੌਕੇ ਜ਼ਿਲ੍ਹਾ ਵਾਈਸ ਪ੍ਰਧਾਨ ਅਮਨਦੀਪ ਸਿੰਘ ਸੰਧੂ, ਅੰਗਰੇਜ਼ ਸਿੰਘ,ਸੋਮ ਕਾਲੜਾ, ਮੰਡਲ ਪ੍ਰਧਾਨ ਸ੍ਰੀ ਸੁਸ਼ੀਲ ਕੁਮਾਰ ਜਲਹੋਤਰਾ, ਮੰਡਲ ਪ੍ਰਧਾਨ ਡਾ ਰਿਖੀ ਕੇਸ਼ ਪਰਵਲ ਭੋਲੀ, ਜਨਰਲ ਸਕਤਰ ਹੈਪੀ ਡਾਬਰ, ਪ੍ਰਧਾਨ ਰਮਨਦੀਪ ਕੌਰ, ਕੇਸ਼ਵ ਸਿਡਾਨਾ, ਸੁਭਾਸ਼ ਗੁੰਬਰ, ਸਤੀਸ਼ ਦੁੰਬੇ, ਉਮ ਪ੍ਰਕਾਸ਼ ਡੁਡੇਜਾ, ਆਦਿ ਮੌਜੂਦ ਸਨ।

# ਪੁਲਿਸ ਦੀਆਂ ਧੱਕੇ ਸ਼ਾਹੀਆਂ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਲਿਆ ਸਹਾਰਾ

ਸਰਦੂਲਗੜ੍ਹ, 22 ਅਗਸਤ ( ਸਿੱਧੂ ): ਸਰਦੂਲਗੜ੍ਹ ਵਾਸੀ ਵਰਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੇ ਖ਼ਿਲਾਫ਼ ਬਹੁਜਨ ਸਮਾਜ ਪਾਰਟੀ ਦੇ ਇੱਕ ਸਿਆਸੀ ਆਗੂ ਦੀ ਸ਼ਹਿ 'ਤੇ ਉਨ੍ਹਾਂ ਦੇ ਖਿਲਾਫ ਸਰਦੂਲਗੜ੍ਹ ਪੁਲਿਸ ਵੱਲੋਂ ਫ਼ਰਜ਼ੀ ਮਾਮਲੇ ਦਰਜ ਕੀਤੇ ਜਾ ਰਹੇ ਹਨ। ਪੁਲਸ ਅਤੇ ਸਿਆਸੀ ਆਗੂ ਦੀ ਇਸ ਧੱਕੇ ਸ਼ਾਹੀ ਤੋਂ ਤੰਗ ਆ ਕੇ ਸਰਦੂਲਗੜ ਵਾਸੀ ਵਰਿੰਦਰ ਸਿੰਘ ਨੇ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ




ਕੋਰਟ ਦੀ ਸ਼ਰਨ ਲਈ ਹੈ ਅਤੇ ਇੱਕ ਪਟੀਸ਼ਨ ਦਾਇਰ ਕੀਤੀ ਹੈ। ਵਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੀ ਅਦਾਲਤ 'ਤੇ ਪੂਰਾ ਭਰੋਸਾ ਹੈ ਕਿ ਸਾਨੂੰ ਇਨਸਾਫ਼ ਜ਼ਰੂਰ ਮਿਲੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਧੱਕੇਸ਼ਾਹੀਆਂ ਖਿਲਾਫ਼ ਆਵਾਜ਼ ਬੁਲੰਦ ਕਰਨੀ ਹਰ ਇਕ ਨਾਗਰਿਕ ਦਾ ਅਧਿਕਾਰ ਹੈ ਤੇ ਉਹ ਸੱਚ ਦੀ ਲੜਾਈ ਅੰਤ ਤੱਕ ਲੜਣਗੇ।

# 3 ਹਜ਼ਾਰ ਪਾਬੰਦੀਸ਼ੁਦਾ ਕੈਪਸੂਲਾਂ ਸਣੇ ਕਾਬੂ

ਤਪਾ ਮੰਡੀ, 22 ਅਗਸਤ (ਭੂਸ਼ਨ ਘੜੈਲਾ):ਯੁੱਧ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਤਹਿਤ ਪੁਲਸ ਸਬ-ਡਵੀਜਨ ਅਧੀਨ ਪੈਂਦੇ ਥਾਣਾ ਰੂੜੇਕੇ ਕਲਾਂ ਦੀ ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ 'ਚ 3000 ਹਜ਼ਾਰ ਪਾਬੰਦੀਸ਼ਦਾ ਕੈਪਸੂਲ ਅਤੇ 385 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਮਾਮਲਾ ਦਰਜ ਕਰਨ ਬਾਰੇ ਜਾਣਕਾਰੀ ਮਿਲੀ ਹੈ। ਇਸ ਸੰਬੰਧੀ ਥਾਣਾ ਮੁਖੀ ਰੂੜੇਕੇ ਕਲਾਂ ਰੇਣੂ ਪਰੋਚਾ ਨੇ ਦੱਸਿਆ ਕਿ ਐਸ.ਐਸ.ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਨਿਰਦੇਸ਼ਾਂ ਅਤੇ ਡੀ.ਐਸ.ਪੀ ਤਪਾ ਦੀ ਨਿਗਰਾਨੀ ਹੇਠ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਸਨੀ ਸਿੰਘ ਬੈਂਕਸਾਈਡ ਰਾਮਬਾਗ ਬਰਨਾਲਾ ਨੂੰ ਇਲਾਕੇ 'ਚ ਨਸ਼ੀਲੀਆਂਗੋਲੀਆਂ ਵੇਚਣ ਦਾ ਆਦੀ ਹੈ। ਅਗਰ ਕਾਰਵਾਈ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਸ਼ੀ ਨੂੰ 385 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇੱਕ ਹੋਰ ਮਾਮਲੇ 'ਚ ਰੂੜੇਕੇ ਕਲਾਂ ਦੀ ਪੁਲਸ ਨੇ ਹੌਲਦਾਰ ਸਿਮਰਜੀਤ ਸਿੰਘ ਦੀ ਅਗਵਾਈ 'ਚ ਪੁਲਸ ਪਾਰਟੀ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਅਜੈ ਗਰਗ ਪੁੱਤਰ ਬੁੱਧ ਰਾਮ ਹੰਡਿਆਇਆ ਰੋਡ ਨੂੰ ਕਾਬੂ ਕਰਕੇ ਉਸ ਪਾਸੋਂ 3000 ਪਾਬੰਦੀਸ਼ੁਦਾ ਕੈਪਸੂਲ ਬਰਾਮਦ ਕਰਕੇ ਮਾਮਲਾ ਦਰਜ ਕਰਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ,ਕਿਉਂਕਿ ਇਹ ਕੈਪਸੂਲ ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਨੇ ਵੇਚਣ 'ਤੇ ਮਨਾਹੀ ਕੀਤੀ ਹੋਈ ਹੈ।

# ਸ਼ਗਨ ਸਕੀਮ ਲਈ ਮੈਰਿਜ ਸਰਟੀਫਿਕੇਟ ਦੀ ਸ਼ਰਤ ਹਟਾਉਣਾ ਮੁੱਖ ਮੰਤਰੀ ਦਾ ਸ਼ਲਾਘਾਯੋਗ ਫੈਸਲਾ : ਵਿਧਾਇਕ ਉੱਗੋਕੇ



ਬਰਨਾਲਾ/ਭਦੌੜ, 22 ਅਗਸਤ (ਹਰਮਨ/ਸੁਖਵਿੰਦਰ ਪਲਾਹਾ): ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉੱਗੋਕੇ ਨੇ ਪੰਜਾਬ ਸਰਕਾਰ ਵੱਲੋਂ ਲੋੜਵੰਦ ਧੀਆਂ ਦੇ ਵਿਆਹ ਮੌਕੇ 'ਅਸ਼ੀਰਵਾਦ ਸਕੀਮ' ਤਹਿਤ ਸ਼ਗਨ ਵਜੋਂ ਮਿਲਣ ਵਾਲੀ 51000 ਰੁਪਏ ਦੀ ਰਾਸ਼ੀ ਲਈ ਤਹਿਸੀਲਦਾਰ ਵੱਲੋਂ ਜਾਰੀ ਮੈਰਿਜ ਸਰਟੀਫਿਕੇਟ ਦੀ ਸ਼ਰਤ ਹਟਾ ਕੇ ਧਾਰਮਿਕ ਅਸਥਾਨ ਵੱਲੋਂ ਜਾਰੀ ਸਰਟੀਫਿਕੇਟ ਲਾਗੂ ਕੀਤੇ ਜਾਣ ਲਈ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਦਾ ਧੰਨਵਾਦ ਕੀਤਾ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਇਕ ਉੱਗੋਕੇ ਨੇ ਦੱਸਿਆ ਕਿ ਮੇਰੇ ਵੱਲੋਂ ਪਿਛਲੇ ਵਿਧਾਨ ਸਭਾ ਸੈਸ਼ਨ ਦੌਰਾਨ ਮੰਗ ਉਠਾਈ ਗਈ ਸੀ ਕਿ ਸ਼ਗਨ ਸਕੀਮ ਦੇ ਲਈ ਮੈਰਿਜ ਸਰਟੀਫਿਕੇਟ ਦੀ ਜ਼ਰੂਰਤ ਨੂੰ ਖਤਮ ਕਰਕੇ ਧਾਰਮਿਕ ਸਥਾਨ ਤੋਂ ਮਿਲਣ ਵਾਲੇ ਪ੍ਰਮਾਣ ਪੱਤਰ ਨੂੰ ਹੀ ਅਧਾਰ ਮੰਨਕੇ ਇਸ ਸਕੀਮ ਦਾ ਲਾਭ ਸਾਡੇ ਸੂਬੇ ਦੇ ਲੋਕਾਂ ਨੂੰ ਦਿੱਤਾ ਜਾਵੇ ਅਤੇ ਪੰਜਾਬ ਸਰਕਾਰ ਵੱਲੋਂ ਮੇਰੀ ਇਸ ਮੰਗ ਨੂੰ ਪ੍ਰਵਾਨ ਕਰਦਿਆਂ ਹੋਇਆ ਇਸਦੇ ਵਿੱਚ ਬਦਲਾਅ ਕੀਤਾ ਗਿਆ ਹੈ ਕਿ ਹੁਣ ਧਾਰਮਿਕ ਸਥਾਨ ਤੋਂ ਜਾਰੀ ਪ੍ਰਮਾਣ ਪੱਤਰ ਨੂੰ ਹੀ ਮੈਰਿਜ ਸਰਟੀਫਿਕੇਟ ਮੰਨਿਆ ਜਾਵੇਗਾ,ਇਸਦੇ ਨਾਲ ਲੋਕਾਂ ਦੇ ਬੇਲੋੜਾ ਖ਼ਰਚ ਜੋ ਕਿ ਸਰਟੀਫਿਕੇਟ ਬਣਾਉਣ ਉੱਤੇ ਹੁੰਦਾ ਸੀ ਉਸਤੋਂ ਰਾਹਤ ਮਿਲੇਗੀ,ਸਾਡੇ ਆਮ ਲੋਕਾਂ ਦੀ ਸਮੱਸਿਆ ਦਾ ਹੱਲ ਕਰਨ ਲਈ ਮੈਂ ਪੰਜਾਬ ਸਰਕਾਰ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਮੇਰੇ ਵੱਲੋਂ ਉਠਾਈ ਗਈ ਮੰਗ ਨੂੰ ਪੂਰਾ ਕੀਤਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਸ਼ਗਨ ਸਕੀਮ ਤਹਿਤ ਮਿਲਣ ਵਾਲੀ 51000 ਰੁਪਏ ਦੀ ਰਾਸ਼ੀ ਲੈਣ ਲਈ ਕਾਗਜ਼ੀ ਕਾਰਵਾਈ ਨੂੰ ਬਿਲਕੁੱਲ ਸੌਖਾ ਕਰ ਦਿੱਤਾ ਹੈ ਜਿਸ ਨਾਲ ਕਿ ਲੋੜਵੰਦ ਲੋਕਾਂ ਨੂੰ ਧੀਆਂ ਦੇ ਵਿਆਹ ਮੌਕੇ ਸਹਾਰਾ ਮਿਲੇਗਾ।

# ਵੱਧ ਤੋਂ ਵੱਧ ਤਕਨੀਕੀ ਸਿੱਖਿਆ ਹਾਸਲ ਕਰਨ ਨੌਜਵਾਨ: ਨੱਥੋਵਾਲ



ਧੂਰੀ, 22 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ):ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪਿੰਡ ਖੇੜੀ ਜੱਟਾਂ ਵਿਖੇ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਤੋਂ ਪਿੰਡ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਬੱਚੇ ਤੇ ਨੌਜਵਾਨ ਭਰਵਾਂ ਲਾਭ ਲੈ ਰਹੇ ਹਨ, ਜੋ ਕਿ ਆਪਣੇ ਆਪ ਦੇ ਵਿੱਚ ਮਿਸਾਲ ਹੈ। ਅੱਜ ਦੇ ਯੋਗ ਵਿੱਚ ਕਾਮਯਾਬ ਹੋਣ ਲਈ ਲਾਜ਼ਮੀ ਹੈ ਕਿ ਨੌਜਵਾਨ ਵੱਧ ਤੋਂ ਵੱਧ ਤਕਨੀਕੀ ਸਿੱਖਿਆ ਹਾਸਲ ਕਰਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਸੰਪਰਕ ਵਿਭਾਗ, ਪੰਜਾਬ ਦੇ ਡਿਪਟੀ ਡਾਇਰੈਕਟਰ ਸ. ਪ੍ਰਭਦੀਪ ਸਿੰਘ ਨੱਥੋਵਾਲ ਨੇ ਕੀਤਾ। ਉਹ ਸਮਾਜ ਸੇਵੀ ਸ਼੍ਰੀ ਫਤਹਿ ਪ੍ਰਭਾਕਰ ਦੀ ਅਗਵਾਈ ਵਿੱਚ ਪਿਛਲੇ ਇੱਕ ਦਹਾਕੇ ਤੋਂ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਦੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡਣ ਲਈ ਰੱਖੇ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪੁੱਜੇ ਸਨ।ਸ. ਨੱਥੋਵਾਲ ਨੇ ਕਿਹਾ ਕਿ ਡਾ.(ਪ੍ਰੋ.) ਐਸ.ਪੀ. ਸਿੰਘ ਓਬਰਾਏ ਵੱਲੋਂ ਦੇਸ਼ ਅਤੇ ਵਿਦੇਸ਼ ਅੰਦਰ ਅਨੇਕਾਂ ਸਮਾਜ ਭਲਾਈ ਦੇ ਕਾਰਜ ਕੀਤੇ ਜਾ ਰਹੇ ਹਨ। ਅਜੋਕਾ ਯੁਗ ਟੈਕਨਾਲੋਜੀ ਦਾ ਹੈ ਤੇ ਨੌਜਵਾਨ ਬੱਚੇ ਬਚੀਆਂ ਖਾਸ ਤੌਰ 'ਤੇ ਪੇਂਡੂ ਖੇਤਰ ਵਾਲੇ, ਜੇਕਰ ਸਮੇਂ ਦੇ ਹਾਣੀ ਬਣਨਾ ਚਾਹੁੰਦੇ ਹਨ, ਤਾਂ ਕੰਪਿਊਟਰ ਸਮੇਤ ਨਵੀਂ-ਨਵੀਂ ਟੈਕਨਾਲੋਜੀ ਵਧ ਤੋਂ ਵਧ ਸਿਖਣ।ਸ. ਨੱਥੋਵਾਲ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਦਾ ਪਿੰਡ ਖੇੜੀ-ਜੱਟਾਂ ਪੰਜਾਬ ਦੇ ਵਿਕਾਸ ਮੁੱਖੀ ਪਿੰਡਾਂ ਦੀ ਸੂਚੀ ਵਿੱਚ ਗਿਣਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਪਿੰਡ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਪਿੰਡ ਹੈ ਤੇ ਲੋਕਾਂ ਦੀ ਸੋਚ ਵਿਕਾਸ ਮੁੱਖੀ ਤੇ ਉਸਾਰੂ ਹੈ। ਉਹਨਾਂ ਕਿਹਾ ਕਿ ਨੇੜੇ ਦੇ ਪਿੰਡਾਂ ਦੇ ਹੋਰਨਾਂ ਬੱਚਿਆਂ ਤੇ ਨੌਜਵਾਨਾਂ ਨੂੰ ਵੀ ਪਟਵਾਰੀ ਗਿਰਧਾਰੀ ਲਾਲ ਮੈਮੋਰੀਅਲ ਵਿਖੇ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਦਾ ਵਧ ਤੋਂ ਵਧ ਲਾਭ ਉਠਾਉਣਾ ਚਾਹੀਦਾ ਹੈ।ਇਸ ਸਮੇਂ ਪਿੰਡ ਦੇ ਸਾਬਕਾ ਸਰਪੰਚ ਸ. ਸੁਰਜੀਤ ਸਿੰਘ ਅਤੇ ਸਾਬਕਾ ਪੰਚ ਸ. ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਆਏ ਮਹਿਮਾਨਾਂ ਤੇ ਪਿੰਡ ਨੂੰ ਵਿਕਾਸ ਮੁੱਖੀ ਬਣਾਉਣ ਵਿੱਚ ਪਿਛਲੇ ਇੱਕ ਦਹਾਕੇ ਤੋਂ ਯੋਗਦਾਨ ਪਾਉਣ ਵਾਲੇ ਸ਼੍ਰੀ ਫਤਿਹ ਪ੍ਰਭਾਕਰ ਦਾ ਧੰਨਵਾਦ ਕਰਦੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ, ਹਰਜਿੰਦਰ ਸਿੰਘ, ਨਿਰਮਲ ਸਿੰਘ, ਹਰਦੀਪ ਸਿੰਘ, ਦੇਸ ਰਾਜ, ਨਿੱਕਾ ਖਾਂ, ਰਣਜੀਤ ਸਿੰਘ ਤੇ ਹਰਜਿੰਦਰ ਸਿੰਘ ਵੀ ਹਾਜ਼ਰ ਸਨ।

# ਜ਼ਿਲ੍ਹਾ ਬਰਨਾਲਾ ਦੇ ਸਕੂਲਾਂ ਚ ਵਿਦਿਆਰਥੀਆਂ ਨੇ ਨੈਤਿਕ ਸਿੱਖਿਆ ਦੀ ਦਿੱਤੀ ਪ੍ਰੀਖਿਆ



ਬਰਨਾਲਾ, 22 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜ਼ਿਲ੍ਹਾ ਬਰਨਾਲਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਨੇ ਨੈਤਿਕ ਪ੍ਰੀਖਿਆ ਦੀ ਪ੍ਰੀਖਿਆ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਗੁਰਮੀਤ ਸਿੰਘ ਮੀਮਸਾ ਅਤੇ ਜਨਰਲ ਸਕੱਤਰ ਅਵਤਾਰ ਸਿੰਘ ਲੀਲਾ ਦੀ ਦੇਖਰੇਖ 'ਚ ਸੰਪੰਨ ਹੋਈ। ਇਸ ਪ੍ਰੀਖਿਆ 'ਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਲਗਭਗ 1300 ਤੋਂ ਵੱਧ ਵਿਦਿਆਰਥੀਆਂ ਪ੍ਰੀਖਿਆ 'ਚ ਬੈਠੇ। ਨੈਤਿਕ ਸਿੱਖਿਆ ਦੀ ਪ੍ਰੀਖਿਆ ਦੇ ਸੁਚਾਰੂ ਸੰਚਾਲਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ, ਪ੍ਰਾਇਮਰੀ ਬਰਨਾਲਾ ਅਤੇ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਰਜਿ. ਬਰਨਾਲਾ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਨੈਤਿਕ ਪ੍ਰੀਖਿਆ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਹੈ। ਇਸ ਪ੍ਰੀਖਿਆ ਚੋਂ ਆਪਣੇ ਸਕੂਲ ਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ ਲੈਣ ਵਾਲੇ ਅਤੇ ਜ਼ਿਲ੍ਹੇ 'ਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਨਤੀਜੇ ਦੀ ਘੋਸ਼ਣਾ ਪ੍ਰਾਇਮਰੀ, ਮਿਡਲ ਅਤੇ ਸੈਕੰਡਰੀ ਕਲਾਸਾਂ ਦੇ ਅਨੁਸਾਰ ਹੋਵੇਗੀ। ਜਲਦੀ ਹੀ ਪੇਪਰਾਂ ਦੇ ਮੁਲਾਂਕਣ ਦਾ ਕੰਮ ਮੁਲਾਂਕਣ ਇੰਚਾਰਜ ਗੋਬਿੰਦਰ ਕੌਰ ਮੀਮਸਾ ਦੀ ਨਿਗਰਾਨੀ 'ਚ ਜਲਦੀ ਹੀ ਮੁਲਾਂਕਣ ਕਰਨ ਉਪਰੰਤ ਨਤੀਜਾ ਘੋਸ਼ਿਤ ਕੀਤਾ ਜਾਵੇਗਾ। ਜੇਤੂ ਵਿਦਿਆਰਥੀਆਂ ਦੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਮਹਿੰਦਰ ਪਾਲ ਗਰਗ, ਪ੍ਰਿੰਸੀਪਲ ਰਾਕੇਸ਼ ਗਰਗ, ਸੁਖਵਿੰਦਰ ਭੰਡਾਰੀ, ਕੇਵਲ ਕ੍ਰਿਸ਼ਨ ਗਰਗ , ਅਸ਼ਵਨੀ ਸ਼ਰਮਾ, ਰਾਜੇਸ਼ ਭੁਟਾਨੀ, ਹਰਮਨਜੀਤ ਸਿੰਘ ਲੈਕਚਰਰ, ਰਾਜਿੰਦਰ ਕੁਮਾਰ, ਮੋਨਿਕਾ ਗਰਗ, ਅਮਰਜੀਤ ਸਿੰਘ ਖਾਲਸਾ ਆਦਿ ਨੇ ਪ੍ਰੀਖਿਆ ਦੇ ਸੁਚਾਰੂ ਸੰਚਾਲਨ ਲਈ ਤਨਦੇਹੀ ਨਾਲ ਡਿਊਟੀ ਨਿਭਾਈ।

# ਪੰਜਾਬ ਸਰਕਾਰ ਆੜ੍ਹਤੀਆਂ ਨਾਲ ਕੀਤਾ ਵਾਅਦਾ ਜਲਦੀ ਪੂਰਾ ਕਰੇ : ਰੱਬੜ



ਲਹਿਰਾਗਾਗਾ, 22 ਅਗਸਤ (ਗੁਰਦੀਪ ਸਿੰਘ): ਪੰਜਾਬ ਸਰਕਾਰ ਆੜ੍ਹਤੀਆ ਐਸੋਸੀਏਸ਼ਨ ਨਾਲ ਕੀਤਾ ਹੋਇਆ ਵਾਅਦਾ ਜਲਦੀ ਪੂਰਾ ਕਰੇ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆੜ੍ਹਤੀਆ ਐਸੋਸੀਏਸ਼ਨ ਦੇ ਸੂਬਾ ਮੀਤ ਪ੍ਰਧਾਨ ਜੀਵਨ ਕੁਮਾਰ ਰੱਬੜ ਨੇ ਅੱਜ ਲਹਿਰਾਗਾਗਾ ਵਿਖੇ ਆੜ੍ਹਤੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਐਸੋਸੀਏਸ਼ਨ ਵੱਲੋਂ ਰੱਖੀਆਂ ਗਈਆਂ ਮੰਗਾਂ ਪ੍ਰਤੀ ਭਰਪੂਰ ਹੁੰਗਾਰਾ ਭਰਦਿਆਂ 7 ਅਕਤੂਬਰ 2024 ਨੂੰ ਜੋ ਵਾਅਦਾ ਆੜ੍ਹਤੀਆਂ ਨਾਲ ਕੀਤਾ ਸੀ,ਹੁਣ ਉਸ ਨੂੰ ਪੂਰਾ ਕਰਨ ਦਾ ਸਮਾਂ ਆ ਗਿਆ ਹੈ,ਤੇ ਸਰਕਾਰ ਆਪਣਾ ਵਾਅਦਾ ਨਿਭਾਉਂਦਿਆਂ ਆੜ੍ਹਤੀਆਂ ਨੂੰ ਪਹਿਲਾਂ ਵਾਲੀ ਆੜ੍ਹਤ ਦੇਣਾ ਚਾਲੂ ਕਰੇ, ਉਹਨਾਂ ਆੜ੍ਹਤੀਆਂ ਨੂੰ ਕਿਹਾ ਕਿ ਤੁਹਾਨੂੰ ਕਣਕ ਅਤੇ ਝੋਨੇ ਤੇ ਜੋ ਆੜ੍ਹਤ ਕੇਂਦਰ ਸਰਕਾਰ ਵੱਲੋਂ ਘੱਟ ਮਿਲਦੀ ਹੈ ਉਸ ਨੂੰ ਪੰਜਾਬ ਸਰਕਾਰ ਪੂਰੀ ਕਰਕੇ ਦੇਵੇਗੀ, ਜਦੋਂ ਕਿ ਝੋਨੇ ਤੇ ਕਣਕ ਦਾ ਸੀਜਨ ਵੀ ਲੰਘ ਗਿਆ ਹੈ, ਹੁਣ ਝੋਨੇ ਦਾ ਸੀਜ਼ਨ ਦੁਬਾਰਾ ਵੀ ਆਉਣ ਵਾਲਾ ਹੈ, ਪ੍ਰੰਤੂ ਅਜੇ ਤੱਕ ਕੋਈ ਵਾਅਦਾ ਸਰਕਾਰ ਵੱਲੋਂ ਪੂਰਾ ਨਹੀਂ ਕੀਤਾ ਗਿਆ, ਸ੍ਰੀ ਰੱਬੜ ਨੇ ਅੱਗੇ ਕਿਹਾ ਕਿ ਹਰਿਆਣੇ ਦੇ ਮੁੱਖ ਮੰਤਰੀ ਸ੍ਰੀ ਨੈਬ ਸਿੰਘ ਸੈਣੀ ਵਲੋਂ ਝੋਨੇ ਦੀ ਆੜ੍ਹਤ 55 ਰੁਪਏ ਦੇ ਹਿਸਾਬ ਨਾਲ ਆੜ੍ਹਤੀਆਂ ਨੂੰ ਦੇ ਦਿੱਤੀ ਹੈ, ਜਦੋਂ ਕਿ ਸਾਨੂੰ ਇਹ ਆੜ੍ਹਤ ਸਿਰਫ 46 ਰੁਪਏ ਮਿਲ ਰਹੀ ਹੈ,ਜੋ ਸਾਡੇ ਨਾਲ ਬੇਇਨਸਾਫੀ ਹੈ, ਉਹਨਾਂ ਇਹ ਵੀ ਦੱਸਿਆ ਕਿ 26 ਅਗਸਤ ਨੂੰ ਪੰਜਾਬ ਸਰਕਾਰ ਦੀ ਉੱਚ ਪੱਧਰੀ ਮੀਟਿੰਗ ਆੜ੍ਹਤੀ ਐਸੋਸੀਏਸ਼ਨ ਦੇ ਸੂਬਾਈ ਆਗੂਆਂ ਨਾਲ ਹੋ ਰਹੀ ਹੈ, ਜਿਸ ਦੌਰਾਨ ਚਾਰ ਮੈਂਬਰੀ ਕਮੇਟੀ ਦੇ ਆਗੂ ਕੈਬਨਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਜਲ ਸਰੋਤ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਵੀ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ, ਉਸ ਮੀਟਿੰਗ ਵਿੱਚ ਵੀ ਸਾਡੇ ਵੱਲੋਂ ਆੜ੍ਹਤ ਪਹਿਲਾਂ ਵਾਂਗ ਕਰਨ ਦੀ ਆਵਾਜ਼ ਪੂਰੇ ਜ਼ੋਰ ਨਾਲ ਉਠਾਈ ਜਾਵੇਗੀ, ਉਹਨਾਂ ਅੱਗੇ ਕਿਹਾ ਕਿ ਢੋਆ ਢੁਆਈ ਦੇ ਟੈਂਡਰ ਪਾਉਣ ਸਮੇਂ ਠੇਕੇਦਾਰ ਮਿਲੀ ਭੁਗਤ ਨਾਲ ਘੱਟ ਰੇਟ ਤੇ ਠੇਕਾ ਲੈ ਲੈਂਦੇ ਹਨ, ਜਦੋਂਕਿ ਬਹੁਤੇ ਠੇਕੇਦਾਰਾਂ ਕੋਲ ਲੋੜੀਂਦੇ ਟਰੱਕ ਜਾਂ ਹੋਰ ਸਾਧਨ ਵੀ ਨਹੀਂ ਹੁੰਦੇ, ਜਿਸ ਦਾ ਖਮਿਆਜ਼ਾ ਆੜ੍ਹਤੀਆਂ ਨੂੰ ਝੋਨਾ ਅਤੇ ਕਣਕ ਚਕਾਉਣ ਵੇਲੇ ਅਤੇ ਸ਼ਾਰਟ ਦੇ ਰੂਪ ਵਿੱਚ ਭੁਗਤਣਾ ਪੈਂਦਾ ਹੈ, ਜਦੋਂਕਿ 72 ਘੰਟੇ ਤੋਂ ਬਾਅਦ ਕਣਕ ਝੋਨੇ ਦੀ ਕਟੌਤੀ ਸਬੰਧੀ ਆੜ੍ਹਤੀਆਂ ਦੀ ਨਹੀਂ, ਸਗੋਂ ਠੇਕੇਦਾਰ ਦੀ ਜਿੰਮੇਵਾਰੀ ਹੁੰਦੀ ਹੈ, ਉਹਨਾਂ ਇਹ ਵੀ ਕਿਹਾ ਕਿ ਪੰਜਾਬ ਦੇ 70 ਫੀਸਦੀ ਆੜ੍ਹਤੀਆਂ ਦੇ ਪਰਿਵਾਰਾਂ ਦਾ ਖਰਚਾ ਸਿਰਫ ਆੜ੍ਹਤ ਤੋਂ ਹੋਈ ਕਮਾਈ ਤਨਾਲ ਹੀ ਚਲਦਾ ਹੈ ਅਤੇ ਆੜ੍ਹਤੀ ਵਰਗ ਨਾਲ ਮਜ਼ਦੂਰ ਤੇ ਕਿਸਾਨ ਵੀ ਜੁੜੇ ਹੋਏ ਹਨ, ਇਸ ਲਈ ਪੰਜਾਬ ਸਰਕਾਰ ਨੂੰ ਇਸ ਬਾਰੇ ਜਲਦ ਫੈਸਲਾ ਲੈਣਾ ਚਾਹੀਦਾ ਹੈ। ਇਸ ਮੀਟਿੰਗ ਵਿੱਚ ਆੜ੍ਹਤੀ ਆਗੂ ਜੀਵਨ ਕੁਮਾਰ ਮਿੱਤਲ, ਸ੍ਰੀ ਨਰਾਤਾ ਰਾਮ ਫਤਿਹਗੜ੍ਹ ਵਾਲੇ, ਲੱਕੀ ਗੋਇਲ, ਸਤੀਸ਼ ਕੁਮਾਰ ਮੰਟੂ, ਪਵਨ ਕੁਮਾਰ ਭੂੜੀਆਂ ਵਾਲੇ, ਸੁਰਿੰਦਰ ਕੁਮਾਰ ਸ਼ਿੰਦੀ, ਮੰਗੂ ਰਾਮ, ਰਾਜਕੁਮਾਰ ਮੈਨੇਜਰ, ਰਾਮਪਾਲ ਭਟਾਲ ਵਾਲੇ, ਰਾਮ ਗੋਇਲ ਲੇਹਲਾਂ ਵਾਲੇ ਅਤੇ ਹੋਰ ਵੀ ਆੜ੍ਹਤੀ ਮੌਜੂਦ ਸਨ।

# ਭਾਜਪਾ ਦੇ ਝੱਖੜ 'ਚ ਤੀਲੀਆਂ ਵਾਂਗ ਉੱਡ ਜਾਵੇਗੀ ਆਪ: ਦੁੱਲਟ



ਸੰਗਰੂਰ, 22 ਅਗਸਤ (ਹਰਕੰਵਲ ਸਿੰਘ ਹੈਪੀ):ਭਾਜਪਾ ਵੱਲੋਂ ਭਾਜਪਾ ਦੇ ਸੇਵਾਦਾਰ ਆ ਗਏ ਤੁਹਾਡੇ ਦੁਆਰ ਮੁਹਿੰਮ ਤਹਿਤ ਲਗਾਏ ਜਾ ਰਹੇ ਕੈਂਪਾਂ ਉੱਤੇ ਰੋਕ ਲਗਾਉਣ ਅਤੇ ਭਾਜਪਾ ਲੀਡਰਾਂ ਨੂੰ ਡਿਟੇਨ ਕਰਨ ਦੇ ਮਸਲੇ ਉੱਤੇ ਅੱਜ ਭਾਜਪਾ ਵਰਕਰਾਂ ਅਤੇ ਆਗੂਆਂ ਵੱਲੋਂ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਦੀ ਅਗਵਾਈ ਹੇਠ ਸੰਗਰੂਰ ਦੇ ਰੇਲਵੇ ਚੌਕ ਅਤੇ ਧੂਰੀ ਦੇ ਤ੍ਰਵੈਣੀ ਚੌਕ ਵਿਖੇ ਪੰਜਾਬ ਸਰਕਾਰ ਦੇ ਪੁਤਲੇ ਫੂਕ ਕੇ ਜ਼ੋਰਦਾਰ ਰੋਸ਼ ਪ੍ਰਦਰਸ਼ਨ ਕੀਤਾ।ਪ੍ਰਦਰਸ਼ਨ ਦੌਰਾਨ ਸੰਬੋਧਨ ਕਰਦਿਆਂ ਭਾਜਪਾ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੀ ਰਾਜਨੀਤਿਕ ਰੰਜਸ਼ ਦੇ ਚਲਦਿਆਂ ਪੰਜਾਬ ਤੇ ਗਰੀਬ, ਕਿਸਾਨਾਂ ਅਤੇ ਲੋੜਵੰਦ ਲੋਕਾਂ ਤੱਕ ਕੇਂਦਰ ਦੀਆਂ ਲੋਕ ਭਲਾਈ ਸਕੀਮਾਂ ਪਹੁੰਚਣ ਨਹੀਂ ਦੇਣਾ ਚਾਹੁੰਦੀ, ਕਿਉਂਕਿ 'ਆਪ' ਸਰਕਾਰ ਹਰ ਮੋਰਚੇ ਉੱਤੇ ਫੇਲ ਹੈ। ਉਸ ਨੇ ਆਪਣਾ ਕੋਈ ਵੀ ਵਾਅਦਾ ਪੂਰ ਨਹੀਂ ਚਾੜਿਆ ਅਤੇ ਪੰਜਾਬ ਦੀ ਜਨਤਾ ਵਿੱਚੋਂ ਆਪਣਾ ਅਧਾਰ ਗੁਆ ਚੁੱਕੀ ਹੈ ਅਤੇ ਆਪਣੀਆਂ ਨਕਾਮੀਆਂ ਨੂੰ ਲੁਕਾਉਣ ਲਈ ਕੇਂਦਰੀ ਪ੍ਰੋਜੈਕਟਾਂ ਅਤੇ ਲੋਕ ਭਲਾਈ ਸਕੀਮਾਂ ਵਿੱਚ ਰੁਕਾਵਟਾਂ ਖੜੀਆਂ ਕਰ ਰਹੀ ਹੈ।ਉਹਨਾਂ ਕਿਹਾ ਕਿ ਭਾਜਪਾ ਆਗੂਆਂ ਨੂੰ ਡਿਟੇਨ ਅਤੇ ਕੈਂਪਾਂ ਉੱਤੇ ਰੋਕ ਲਗਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲੱਖਾਂ ਹੀ ਜ਼ਰੂਰਤਮੰਦ ਲੋਕਾਂ ਦੇ ਹੱਕਾਂ ਉੱਤੇ ਡਾਕਾ ਮਾਰ ਰਹੀ ਹੈ। ਆਮ ਆਦਮੀ ਪਾਰਟੀ ਨੂੰ ਸਿਰਫ ਆਪਣੇ ਸਿਆਸੀ ਲਾਭ ਤੱਕ ਹੀ ਮਤਲਬ ਹੈ ਉਸ ਨੂੰ ਪੰਜਾਬ ਦੀ ਜਨਤਾ ਦੀ ਕੋਈ ਚਿੰਤਾ ਨਹੀਂ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਉਸ ਦਾ ਇਹ ਹੰਕਾਰ ਲੈ ਡੁੱਬੇਗਾ ਅਤੇ 2027 ਅੰਦਰ ਆਮ ਆਦਮੀ ਪਾਰਟੀ ਭਾਜਪਾ ਦੇ ਝੱਖੜ 'ਚ ਤੀਲਿਆਂ ਵਾਂਗ ਉੱਡ ਜਾਵੇਗੀ ਅਤੇ ਦਿੱਲੀ ਨਾਲੋਂ ਜ਼ਿਆਦਾ ਭੈੜਾ ਹਾਲ ਉਸ ਦਾ ਪੰਜਾਬ ਵਿੱਚ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਜਪਾ ਦੇ ਸੀਨੀਅਰ ਆਗੂ ਸਰਜੀਵਨ ਜਿੰਦਲ, ਸਾਬਕਾ ਐਸਪੀ ਵਿਕਰਮ ਪਾਲੀ, ਪ੍ਰਦੀਪ ਗਰਗ, ਸੁਰਿੰਦਰ ਸਿੰਘ ਪੱਪੂ, ਭਾਜਪਾ ਨੇਤਰੀ ਨੇਹਾ ਗਰੇਵਾਲ ਤੋਂ ਇਲਾਵਾ ਭਾਜਪਾ ਦੇ ਹੋਰ ਕਈ ਬੜੇ ਆਗੂ ਅਤੇ ਭਾਰੀ ਗਿਣਤੀ ਵਿੱਚ ਵਰਕਰ ਮੌਜੂਦ ਸਨ।

# ਭਾਰੀ ਪੁਲਿਸ ਸੁਰੱਖਿਆ ਹੇਠ ਪਿੰਡ ਸੈਦੋਕੇ ਨੂੰ ਬਿਜਲੀ ਸਪਲਾਈ ਦਾ ਦਿੱਤਾ ਗਿਆ ਕਨੈਕਸ਼ਨ



ਭਦੌੜ, 22 ਅਗਸਤ (ਸੁਖਵਿੰਦਰ ਪਲਾਹਾ): ਇੱਥੋਂ ਨੇੜਲੇ ਪਿੰਡ ਤਲਵੰਡੀ ਅਤੇ ਸੈਦੋਕੇ ਵਿੱਚ ਬਿਜਲੀ ਸਪਲਾਈ ਨੂੰ ਲੈ ਕੇ ਮਾਹੌਲ ਬੇਹੱਦ ਤਨਾਅ ਪੂਰਨ ਬਣ ਗਿਆ ਹੈ । ਮੌਕੇ 'ਤੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪਾਵਰਕੌਮ ਭਦੌੜ ਦੇ ਅਧੀਨ ਆਉਂਦੇ ਪਿੰਡ ਤਲਵੰਡੀ, ਜੋ ਕਿ ਬਰਨਾਲਾ ਜ਼ਿਲ੍ਹੇ ਦਾ ਅਖੀਰਲਾ ਪਿੰਡ ਹੈ ਅਤੇ ਪਿਛਲੇ ਚਾਰ ਸਾਲਾਂ ਤੋਂ ਦੋਵਾਂ ਪਿੰਡਾਂ ਵਿੱਚ ਬਿਜਲੀ ਸਪਲਾਈ ਦੀ ਸਮੱਸਿਆ ਨੂੰ ਲੈ ਕੇ ਤੂੰ-ਤੂੰ ਮੈਂ-ਮੈਂ ਹੋ ਚੁੱਕੀ ਹੈ ,ਜਿਸ ਦੇ ਚਲਦਿਆਂ ਅੱਜ ਸੈਦੋਕੇ ਪਿੰਡ ਦੇ ਲੋਕਾਂ ਵੱਲੋਂ ਪਿਛਲੇ ਚਾਰ ਸਾਲਾਂ ਤੋਂ ਨਵੀਂ ਬਿਜਲੀ ਲਾਈਨ ਕਢਵਾ ਕੇ ਬਿਜਲੀ ਸਪਲਾਈ ਲਈ ਤਾਰਾਂ ਪਾਈਆਂ ਜਾ ਚੁੱਕੀਆਂ ਸਨ ਪਰ ਤਲਵੰਡੀ ਵਾਸੀਆਂ ਵੱਲੋਂ ਇਸ ਦਾ ਜ਼ਬਰਦਸਤ ਵਿਰੋਧ ਕੀਤਾ ਜਾਂਦਾ ਰਿਹਾ ਸੀ। ਦੱਸਣ ਯੋਗ ਹੈ ਕਿ ਸੈਦੋਕੇ ਪਿੰਡ ਜ਼ਿਲ੍ਹਾ ਮੋਗਾ ਦਾ ਅਖੀਰਲਾ ਪਿੰਡ ਹੈ ਅਤੇ ਪਿੰਡ ਤਲਵੰਡੀ, ਜਿਸ ਦੀ ਜ਼ਮੀਨ ਵਿੱਚ ਪਾਵਰਕੌਮ ਵੱਲੋਂ 66 ਕੇ ਵੀ ਵੀ ਦਾ ਬਿਜਲੀ ਗਰਿੱਡ ਚੱਲ ਰਿਹਾ ਹੈ ।ਤਲਵੰਡੀ ਬਰਨਾਲਾ ਜ਼ਿਲ੍ਹੇ ਦਾ ਅਖੀਰਲਾ ਪਿੰਡ ਹੈ, ਜਿਨ੍ਹਾਂ ਦੇ ਹੱਦ ਆਪਸ ਵਿੱਚ ਮਿਲਦੀ ਹੈ। ਇਸ ਬਿਜਲੀ ਸਪਲਾਈ ਨੂੰ ਲੈ ਕੇ ਪਹਿਲਾਂ ਵੀ ਕਈ ਵਾਰ ਦੋਨੋਂ ਪਿੰਡ ਆਹਮੋ ਸਾਹਮਣੇ ਹੋ ਚੁੱਕੇ ਹਨ ਅਤੇ ਡਾਂਗਾਂ ਸੋਟੀਆਂ ਤੱਕ ਵੀ ਚੱਲ ਚੁੱਕੀਆਂ ਹਨ। ਇੱਥੋਂ ਤੱਕ ਕਿ ਤਲਵੰਡੀ ਪਿੰਡ ਦੇ ਛੇ ਵਿਅਕਤੀਆਂ ਨੂੰ ਗੰਭੀਰ ਜਖਮੀ ਵੀ ਕਰ ਦਿੱਤਾ ਗਿਆ ਸੀ । ਅੱਜ ਪਿਛਲੇ ਤਨਾਅ ਨੂੰ ਵੇਖਦੇ ਹੋਏ ਪੁਲਿਸ ਪ੍ਰਸ਼ਾਸਨ ਵੱਲੋਂ ਸਵੇਰੇ 5 ਵਜੇ ਤੋਂ ਹੀ ਪੂਰੇ ਪਿੰਡ ਦੀ ਨਾਕਾਬੰਦੀ ਕਰਕੇ ਤਲਵੰਡੀ ਪਿੰਡ ਦੇ ਸੱਤ ਵਿਅਕਤੀਆਂ ਨੂੰ ਗਿਰਫਤਾਰ ਕਰ ਲਿਆ ਗਿਆ । ਪੁਲਿਸ ਪ੍ਰਸ਼ਾਸਨ ਵਲੋਂ ਵੱਡੀ ਗਿਣਤੀ ਵਾਰੀ ਪੁਲਿਸ ਫੋਰਸ ਤੈਨਾਤ ਕਰਕੇ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੇ ਬਿਜਲੀ ਵਿਵਾਦ ਦਾ ਅੰਤ ਕਰ ਦਿੱਤਾ ਗਿਆ ਅਤੇ ਭਾਰੀ ਪੁਲਿਸ ਸੁਰੱਖਿਆ ਹੇਠ ਬਿਜਲੀ ਬੋਰਡ ਵੱਲੋਂ ਬਿਜਲੀ ਸਪਲਾਈ ਦੇਣ ਦਾ ਕੰਮ ਨੇਪਰੇ ਚਾੜ੍ਹ ਦਿੱਤਾ ਗਿਆ। ਦੂਜੇ ਪਾਸੇ ਤਲਵੰਡੀ ਪਿੰਡ ਵਾਸੀਆਂ ਵੱਲੋਂ ਗੁਰਦੁਆਰਾ ਨਜ਼ਦੀਕ ਇਕੱਠੇ ਹੋ ਕੇ ਪੰਜਾਬ ਸਰਕਾਰ ,ਪੁਲਿਸ ਪ੍ਰਸ਼ਾਸਨ , ਵਿਧਾਇਕ ਲਾਭ ਸਿੰਘ ਉਗੋਕੇ ਅਤੇ ਬਿਜਲੀ ਮਹਿਕਮੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਉਹਨਾਂ ਕਿਹਾ ਕਿ ਇਹਨਾਂ ਨੇ ਧੱਕੇਸ਼ਾਹੀ ਕਰਕੇ ਸਾਡੇ ਹੱਕ ਖੋਹੇ ਹਨ, ਜਿਸ ਨੂੰ ਅਸੀਂ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ।

# ਧੋਖਾਧੜੀ ਨਾਲ ਜ਼ਮੀਨ ਖਰੀਦਣ ਅਤੇ ਵੇਚਣ ਵਾਲਿਆਂ 'ਤੇ ਪਰਚਾ ਦਰਜ

ਧਨੌਲਾ, 22 ਅਗਸਤ (ਚਮਕੌਰ ਸਿੰਘ ਗੱਗੀ): ਸਥਾਨਕ ਨਗਰ ਧਨੌਲਾ ਦੇ ਪ੍ਰਸਿੱਧ ਧਾਰਮਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਜੀ ਦੇ ਮੁੱਖ ਸੇਵਾਦਾਰ ਅਤੇ ਭਰਾਵਾਂ ਵਿੱਚ ਚੱਲ ਰਹੇ ਜਮੀਨੀ ਵਿਵਾਦ ਵਿੱਚ ਨਵਾਂ ਮੋੜ ਆਉਣ ਤੋਂ ਬਾਅਦ ਦੂਸਰੀ ਧਿਰ ਵੱਲੋਂ ਜ਼ਮੀਨ ਖਰੀਦਣ ਅਤੇ ਵੇਚਣ ਵਾਲੇ ਖ਼ਿਲਾਫ਼ ਧੋਖਾ ਧੜੀ ਕਰਨ ਦੀਆਂ ਧਰਾਵਾਂ ਤਹਿਤ ਪਰਚਾ ਦਰਜ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਦੇ ਮੁੱਖ ਪ੍ਰਬੰਧਕ ਗੁਰਨਾਮ ਸਿੰਘ ਵਾਹਿਗੁਰੂ ਨੇ ਪ੍ਰੈਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਦੋ ਮਹੀਨੇ ਪਹਿਲਾਂ ਗੁਰਦੁਆਰਾ ਦੇ ਮੁੱਖ ਸੇਵਾਦਾਰ ਬਾਬਾ ਅਜੇ ਨੌ ਨਿਹਾਲ ਸਿੰਘ ਤੇ ਮਾਤਾ ਪਾਲ ਕੌਰ ਵੱਲੋਂ ਸਾਡੇ ਹਿੱਸੇ ਦੀ ਬਣਦੀ ਜਮੀਨ ਢਾਈ ਕਿੱਲੇ ਜ਼ਮੀਨ ਮਾਂ ਪੁੱਤ ਵੱਲੋਂ ਸਾਡੇ ਕਬਜੇ ਵਾਲੀ ਜ਼ਮੀਨ ਜਾਅਲੀ ਦਸਤਾਵੇਜ਼ ਲਗਾ ਕੇ ਤਹਿਸੀਲਦਾਰ ਦੀ ਮਿਲੀਭੁਗਤ ਸਦਕਾ ਧਨੌਲਾ ਦੇ ਦੀਪਕ ਢਾਬੇ ਵਾਲਿਆਂ ਨੂੰ ਸਸਤੇ ਰੇਟਾਂ 'ਤੇ ਵੇਚ ਦਿੱਤੀ ਸੀ, ਜਿਸ ਖਿਲਾਫ ਗੁਰਨਾਮ ਸਿੰਘ ਵਾਹਿਗੁਰੂ ਅਤੇ ਸਤਨਾਮ ਸਿੰਘ ਵੱਲੋਂ ਇਸ ਸਬੰਧੀ ਐੱਸ ਐੱਸ ਪੀ ਬਰਨਾਲਾ ਸ਼੍ਰੀ ਸਰਫ਼ਰਾਜ ਆਲਮ ਕੋਲ ਦਰਖਾਸਤ ਦਿੱਤੀ ਜਿਸ ਦੀ ਲੰਮੀ ਪੜਤਾਲ ਤੋਂ ਬਾਅਦ ਖਰੀਦਦਾਰ ਅਤੇ ਵੇਚਣ ਵਾਲਿਆਂ ਧੋਖਾ ਧੜੀ ਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕੀਤਾ ਗਿਆ, ਜਿਨ੍ਹਾਂ ਵਿੱਚ ਖਰੀਦਦਾਰ ਦੀਪਕ ਦੁਗਲ ਤੇ ਸੰਦੀਪ ਦੁਗਲ ਪੁੱਤਰ ਹਰੀ ਚੰਦ ਅਤੇ ਵੇਚਣ ਵਾਲੇ ਪਾਲ ਕੌਰ, ਪਤਨੀ ਰਾਜਵੰਤ ਸਿੰਘ, ਅਜੇ ਨੌ ਨਿਹਾਲ ਸਿੰਘ ਪੁੱਤਰ ਰਾਜਵੰਤ ਸਿੰਘ, ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਗਈ, ਉਹਨਾਂ ਕਿਹਾ ਕਿ ਗਵਾਹੀ ਦੇਣ ਵਾਲੇ ਕੌਂਸਲਰ ਕੇਵਲ ਸਿੰਘ ਨੇ ਕਿਹਾ ਕਿ ਪਹਿਲੀ ਰਜਿਸਟਰੀ ਲਈ ਮੇਰੇ ਅਧਾਰ ਕਾਰਡ ਦੀ ਦੁਰਵਰਤੋ ਕੀਤੀ ਗਈ ਤੇ ਉਸ ਤੋਂ ਬਾਅਦ ਮੈਨੂੰ ਇਹ ਕਿਹਾ ਗਿਆ ਕਿ ਮੈਰਿਜ ਰਜਿਸਟਰ ਕਰਵਾਉਣੀ ਹੈ, ਆਧਾਰ ਕਾਰਡ ਤੋਂ ਬਾਅਦ ਮੈਨੂੰ ਢਾਬੇ ਤੇ ਲਿਜਾਇਆ ਗਿਆ ਜਿੱਥੇ ਪਹਿਲਾਂ ਤੋਂ ਹੀ ਅਜੇ ਨੌ ਨਿਹਾਲ ਅਤੇ ਮਾਤਾ ਪਾਲ ਕੌਰ ਸਮੇਤ ਤਹਿਸੀਲਦਾਰ ਬੈਠੇ ਸਨ, ਜਿਨ੍ਹਾਂ ਨੇ ਮੇਰੇ ਨਾਲ ਫੋਟੋ ਕਰਾਉਣ ਤੋਂ ਬਾਅਦ ਮੈਨੂੰ ਭੇਜ ਦਿੱਤਾ। ਗੁਰਨਾਮ ਸਿੰਘ ਵਾਹਿਗੁਰੂ ਨੇ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਨੂੰ ਜਲਦੀ ਜਲਦੀ ਗ੍ਰਿਫਤਾਰ ਕੀਤਾ ਜਾਵੇ ਅਤੇ ਸਾਡੀ ਜਮੀਨ ਵਾਪਿਸ ਕਾਰਵਾਈ ਜਾਵੇ। ਜਦੋਂ ਇਸ ਸਬੰਧੀ ਤਹਿਸੀਲਦਾਰ ਰਾਜ ਪ੍ਰਿਤਪਾਲ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਸਾਡੇ ਕੋਲ ਕਿਸੇ ਦੀ ਰਜਿਸਟਰੀ ਰੋਕਣਦਾ ਕੋਈ ਅਧਿਕਾਰ ਨਹੀਂ, ਜਦੋਂ ਖਰੀਦਣ ਅਤੇ ਵੇਚਣ ਵਾਲਾ ਸਹਿਮਤ ਹੋਵੇ ਫੇਰ ਰਜਿਸਟਰੀ ਹੋ ਸਕਦੀ ਹੈ, ਸਰਕਾਰ ਦੇ ਰੂਲ ਹਨ ਕਿ ਸੀਨੀਅਰ ਸਿਟੀਜਨ ਦੀ ਰਜਿਸਟਰੀ ਘਰ ਜਾ ਕੇ ਵੀ ਕੀਤੀ ਜਾ ਸਕਦੀ ਹੈ।

# ਭਾਜਪਾ ਨੇ ਫੂਕਿਆ ਪੰਜਾਬ ਸਰਕਾਰ ਦਾ ਪੁਤਲਾ



ਬਰਨਾਲਾ, 22 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਬਰਨਾਲਾ ਵੱਲੋਂ ਹਾਈ ਕਮਾਂਡ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਕਚਹਿਰੀ ਚੌਂਕ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਬੋਲਦਿਆਂ ਭਾਜਪਾ ਪੰਜਾਬ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਦੀਆਂ ਸਕੀਮਾਂ ਨੂੰ ਲੋਕਾਂ ਦੇ ਘਰਾਂ ਤੱਕ ਪਹੁੰਚਾਉਣ ਲਈ ਪਿੰਡਾਂ ਵਿੱਚ ਹਰ ਬੂਥ 'ਤੇ ਕੈਂਪ ਲਗਾਏ ਜਾ ਰਹੇ ਸਨ, ਜਿਸ ਨਾਲ ਪਿੰਡਾਂ ਵਿੱਚ ਭਾਜਪਾ ਦਾ ਗ੍ਰਾਫ ਵੱਧ ਰਿਹਾ ਹੈ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਦਾ ਸਹਾਰਾ ਲੈ ਕੇ ਇਹਨਾਂ ਕੈਂਪਾਂ ਨੂੰ ਰੋਕਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦੀ ਨਿਖੇਧੀ ਕਰਦਿਆਂ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਸਮੁੱਚੇ ਪੰਜਾਬ ਚ ਭਾਜਪਾ ਨੂੰ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਲੋਕਾਂ ਦੇ ਘਰ ਘਰ ਇਸ ਮੁਹਿੰਮ ਨੂੰ ਪਹੁੰਚਾਉਣ ਤੋਂ ਰੋਕਣ ਲਈ ਸਰਕਾਰ ਵੱਲੋਂ ਪੁਲੀਸ ਦਾ ਸਹਾਰਾ ਲੈ ਕੇ ਭਾਜਪਾ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਕੇ ਕੈਂਪ ਲਾਉਣ ਤੋਂ ਰੋਕਿਆ ਜਾ ਰਿਹਾ ਹੈ ਕਿਉਂਕਿ ਪਿਛਲੇ ਦਿਨੀਂ ਆਪ ਦੇ ਇੰਚਾਰਜ ਮੁਨੀਸ਼ ਸਿਸੋਦੀਆ ਵੱਲੋਂ ਬਿਆਨ ਦਿੱਤਾ ਗਿਆ ਸੀ ਕਿ ਸਾਨੂੰ ਚੋਣਾਂ ਜਿੱਤਣ ਲਈ ਹਰ ਹੀਲਾ ਵਰਤਣਾ ਪਵੇਗਾ। ਅੱਜ ਆਮ ਆਦਮੀ ਪਾਰਟੀ ਉਸੇ ਬਿਆਨ ਮੁਤਾਬਕ ਭਾਜਪਾ ਦੇ ਕੈਂਪ ਰੋਕ ਰਹੀ ਹੈ। ਉਹਨਾਂ ਕਿਹਾ ਕਿ ਇਹਨਾਂ ਕੈਂਪਾਂ ਵਿੱਚ 5 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਲਈ ਆਯੁਸ਼ਮਾਨ ਕਾਰਡ, ਕਿਸਾਨ ਸਨਮਾਨ ਨਿਧੀ ਯੋਜਨਾ, ਅਵਾਸ ਯੋਜਨਾ, ਈ-ਕਿਰਤ ਕਾਰਡ, ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ, ਪੈਨਸ਼ਨ, ਪ੍ਰਧਾਨ ਮੰਤਰੀ ਸੂਰਜ ਯੋਜਨਾ, ਘਰ ਯੋਜਨਾ, ਮੁਫ਼ਤ ਬਿਜਲੀ ਯੋਜਨਾ, ਟੂਲ ਕਿੱਟ ਵੰਡ ਪ੍ਰੋਗਰਾਮ ਅਧੀਨ ਸਕੀਮਾਂ ਅਧੀਨ ਲੋਕਾਂ ਦੇ ਮੁਫ਼ਤ ਫਾਰਮ ਭਰੇ ਜਾਂਦੇ ਹਨ ਅਤੇ ਮੌਕੇ 'ਤੇ ਲੋਕਾਂ ਨੂੰ ਲਾਭ ਦਿੱਤੇ ਜਾਂਦੇ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਸ ਨੇ ਇਸ ਕਰਵਾਈ ਨੂੰ ਨਾ ਰੋਕਿਆ ਗਿਆ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਪਾਰਟੀ ਦੇ ਐਸ ਸੀ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਧਰਮ ਸਿੰਘ ਫ਼ੌਜੀ, ਬੀ ਸੀ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਗੱਖੀ, ਨਰਿੰਦਰ ਗਰਗ ਨੀਟਾ, ਰਾਜਿੰਦਰ ਉੱਪਲ, ਵਿਸ਼ਾਲ ਸ਼ਰਮਾ, ਕੁਲਦੀਪ ਮਿੱਤਲ, ਗੁਰਸ਼ਰਨ ਸਿੰਘ ਠੀਕਰੀਵਾਲ ਆਦਿ ਆਗੂਆਂ ਨੇ ਕਿਹਾ ਕਿ ਸਰਕਾਰ ਦੀ ਇਸ ਧੱਕੇਸ਼ਾਹੀ ਕਾਰਨ ਆਮ ਲੋਕਾਂ ਚ ਭਾਜਪਾ ਪ੍ਰਤੀ ਹਮਦਰਦੀ ਦੀ ਲਹਿਰ ਪੈਦਾ ਹੋ ਰਹੀ ਹੈ। ਅਨੇਕਾਂ ਹੋਰ ਆਗੂਆਂ ਅਤੇ ਵਰਕਰਾਂ ਨੇ ਸਰਕਾਰ ਦੀ ਧੱਕੇਸ਼ਾਹੀ ਖ਼?ਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਪਿੱਟ ਸਿਆਪਾ ਕੀਤਾ।

# ਓ.ਐਸ.ਡੀ. ਸੁਖਵੀਰ ਸਿੰਘ ਨੂੰ ਮੈਗਾ ਡਾਕਟਰੀ ਜਾਂਚ ਕੈਂਪ ਦਾ ਕਾਰਡ ਦਿੱਤਾ



ਧੂਰੀ, 22 ਅਗਸਤ ( ਰਣਜੀਤ ਸਿੰਘ ਪੇਧਨੀ): ਧੂਰੀ ਹਲਕੇ ਵਿੱਚ ਸਿਆਸਤ ਤੋਂ ਉੱਪਰ ਉੱਠ ਕੇ ਮਾਨਵਤਾ ਦੀ ਭਲਾਈ ਅਤੇ ਸਮਾਜਿਕ ਕੰਮ ਕਰ ਰਹੀ ਸੰਸਥਾ ਧੂਰੀ ਵਿਕਾਸ ਮੰਚ ਵੱਲੋਂ 31 ਅਗਸਤ ਦਿਨ ਐਤਵਾਰ ਨੂੰ ਸ੍ਰੀ ਸਨਾਤਨ ਧਰਮ ਚੈਰੀਟੇਬ ਹਸਪਤਾਲ ਵਿਖੇ ਸਵਰੇ 10 ਵਜੇ ਲਗਾਏ ਜਾ ਰਹੇ ਮੁਫ਼ਤ ਮੈਗਾ ਮੈਡੀਕਲ ਚੈਕਅੱਪ ਕੈਂਪ ਦਾ ਕਾਰਡ ਸੰਸਥਾਂ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ ਅਤੇ ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੂੰ ਸੌਂਪਿਆ। ਸ੍ਰੀ ਸੁਖਵੀਰ ਸਿੰਘ ਨੇ ਸੰਸਥਾ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਸੰਸਥਾ ਦੀ ਹਰ ਸੰਭਵ ਮੱਦਦ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਜਿਹੀਆਂ ਸਮਾਜ ਸੇਵੀ ਸੰਸਥਾਂਵਾਂ ਦੇ ਨਾਲ ਖੜ੍ਹੀ ਹੈ। ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਹੱਡੀਆਂ ਤੇ ਜੋੜਾਂ ਦੇ ਮਾਹਿਰ ਡਾ. ਅਕਾਸ਼ਦੀਪ ਸਿੰਘ, ਸਰਜਨ ਡਾ. ਰੁਪਿੰਦਰ ਗਰਗ, ਛਾਤੀ ਤੇ ਟੀ.ਬੀ. ਰੋਗਾਂ ਦੇ ਮਾਹਿਰ ਡਾ. ਏ. ਤਾਇਲ, ਅੱਖਾਂ ਦੇ ਮਾਹਿਰ ਡਾ. ਅਮਨਦੀਪ ਗਰਗ, ਮੈਡੀਸਨ ਵਿਭਾਗ ਤੋਂ ਡਾ. ਯਸ਼ਪਾਲ ਗੋਇਲ, ਔਰਤ ਰੋਗਾਂ ਦੀ ਮਾਹਰ ਡਾ. ਆਸਥਾ ਗਰਗ, ਦੰਦਾਂ ਦੇ ਰੋਗਾਂ ਦੀ ਮਾਹਰ ਡਾ. ਦੀਕਸ਼ਾ ਗਰਗ, ਅਤੇ ਚਮੜੀ ਵਿਭਾਗ ਦੀ ਮਾਹਰ ਡਾ. ਮਨਪ੍ਰੀਤ ਕੌਰ ਆਪਣੀ ਟੀਮ ਸਮੇਤ ਸੇਵਾਵਾਂ ਦੇਣਗੇ। ਹੱਡੀਆਂ ਤੇ ਜੋੜਾਂ ਦੇ ਮਾਹਿਰ ਡਾ. ਅਕਾਸ਼ਦੀਪ ਸਿੰਘ, ਸਰਜਨ ਡਾ. ਰੁਪਿੰਦਰ ਗਰਗ, ਛਾਤੀ ਤੇ ਟੀ.ਬੀ. ਰੋਗਾਂ ਦੇ ਮਾਹਿਰ ਡਾ. ਏ. ਤਾਇਲ, ਅੱਖਾਂ ਦੇ ਮਾਹਿਰ ਡਾ. ਅਮਨਦੀਪ ਗਰਗ, ਮੈਡੀਸਨ ਵਿਭਾਗ ਤੋਂ ਡਾ. ਯਸ਼ਪਾਲ ਗੋਇਲ, ਔਰਤ ਰੋਗਾਂ ਦੀ ਮਾਹਰ ਡਾ. ਆਸਥਾ ਗਰਗ, ਦੰਦਾਂ ਦੇ ਰੋਗਾਂ ਦੀ ਮਾਹਰ ਡਾ. ਦੀਕਸ਼ਾ ਗਰਗ, ਅਤੇ ਚਮੜੀ ਵਿਭਾਗ ਦੀ ਮਾਹਰ ਡਾ. ਮਨਪ੍ਰੀਤ ਕੌਰ ਆਪਣੀ ਟੀਮ ਸਮੇਤ ਸੇਵਾਵਾਂ ਦੇਣਗੀ।

# ਜਿੰਮ ਗਏ ਦਾ ਮੋਟਰਸਾਈਕਲ ਚੋਰੀ

ਤਪਾ ਮੰਡੀ, 22 ਅਗਸਤ (ਭੂਸ਼ਨ ਘੜੈਲਾ): ਸਥਾਨਕ ਸ਼ਹਿਰ ਦੇ ਮਹਾਰਾਜਾ ਅਗਰਸੈਨ ਚੌਕ ,ਅੰਦਰਲੇ ਬੱਸ ਅੱਡੇ ਨੇੜਿਉਂ ਡੀਲਕਸ ਮੋਟਰਸਾਈਕਲ ਚੋਰੀ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਮੋਟਰਸਾਈਕਲ ਸਾਇਕਲ ਮਾਲਕ ਰੋਹਿਤ ਜੈਨ ਨੇ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਦੱਸਿਆ ਕਿ ਉਸ ਦਾ ਬੇਟਾ ਮੰਕਸ਼ ਜੈਨ ਵੀਰਵਾਰ ਦੀ ਸ਼ਾਮ 5:30 ਵਜੇ ਕਰੀਬ ਅੰਦਰਲੇ ਬੱਸ ਅੱਡੇ ਨਜ਼ਦੀਕ ਪੀ ਐਨ ਬੀ ਬੈਂਕ ਨਾਲ ਬਣੀ ਹੋਈ ਜਿੰਮ ਵਿੱਚ ਮੋਟਰਸਾਈਕਲ 'ਤੇ ਜਿੰਮ ਲਾਉਣ ਗਿਆ ਸੀ ਪਰ ਜਦ ਉਹ ਘੰਟੇ ਡੇਢ ਘੰਟੇ ਬਾਅਦ ਜਿੰਮ 'ਚੋਂ ਬਾਹਰ ਆਇਆ ਤਾਂ ਉਸ ਦਾ ਮੋਟਰਸਾਈਕਲ ਨਹੀਂ ਸੀ। ਉਸ ਨੇ ਮੋਟਰਸਾਈਕਲ ਚੋਰੀ ਹੋ ਜਾਣ ਵਾਰੇ ਰੌਲਾ ਵੀ ਪਾਇਆ ਪਰ ਮੋਟਰਸਾਈਕਲ ਨਹੀਂ ਮਿਲਿਆ, ਉਨ੍ਹਾਂ ਕਿਹਾ ਕਿ ਅਸੀਂ ਮੋਟਰਸਾਈਕਲ ਦੀ ਇੱਧਰ ਉੱਧਰ ਪੁੱਛਗਿੱਛ ਵੀ ਕੀਤੀ ਪਰ ਨਹੀਂ ਮਿਲਿਆ, ਜਿਸ ਦੀ ਇਤਲਾਹ ਤਪਾ ਪੁਲਿਸ ਚੌਕੀ ਨੂੰ ਦਿੱਤੀ ਗਈ ਹੈ ਇਸ ਮੌਕੇ ਜਿੱਥੇ ਮੋਟਰਸਾਈਕਲ ਚੋਰੀ ਹੋਣ 'ਤੇ ਸ਼ਹਿਰ ਵਿਚ ਦਹਿਸ਼ਤ ਹੈ ਉੱਥੇ ਮੋਟਰਸਾਈਕਲ ਦੇ ਮਾਲਕ ਅਤੇ ਪੁੱਤਰ ਨੇ ਇਹ ਵੀ ਕਿਹਾ ਕਿ ਸੰਘਣੀ ਆਬਾਦੀ ਵਾਲੀ ਸੜਕ ਤੋਂ ਮੋਟਰਸਾਈਕਲ ਚੋਰੀ ਕਰਨਾ ਬੜਾ ਹੈਰਾਨੀ ਵਾਲਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਤਾਂ ਇਸ ਲੱਗ ਰਿਹਾ ਚੋਰਾਂ ਦੇ ਹੌਸਲੇ ਬੁਲੰਦ ਹਨ। ਪੁਲਿਸ ਨਾਮ ਦੀ ਕੋਈ ਚੀਜ਼ ਹੀ ਨਹੀਂ। ਲੋਕਾਂ ਨੇ ਦੱਸਿਆ ਕਿ ਪਿਛਲੇ 7-8 ਦਿਨ ਪਹਿਲਾਂ ਪੁਲਸ ਚੌਕੀ ਦੇ ਨਜ਼ਦੀਕ 100-150 ਫੁੱਟ ਦੀ ਦੂਰੀ 'ਤੇ ਰਾਤ ਸਮੇਂ ਇੱਕ ਦੁਕਾਨ ਦੇ ਜਿੰਦੇ ਭੰਨਣ ਦੀ ਕੋਸ਼ਿਸ਼ ਕੀਤੀ ਸੀ ਪਰ ਦੁਕਾਨ ਦਾ ਨੁਕਸਾਨ ਹੋਣ ਤੋਂ ਬਚਾਅ ਰਹਿ ਗਿਆ। ਉਨ੍ਹਾਂ ਨੇ ਦੱਸਿਆ ਕਿ ਮੇਰੇ ਮੋਟਰਸਾਈਕਲ ਦਾ ਰੰਗ ਲਾਲ ਡੀਲਕਸ, ਨੰਬਰ ਪੀ ਬੀ 19 ਟੀ 7652 ਹੈ।

# ਜੈ ਵਾਟਿਕਾ ਪਬਲਿਕ ਸਕੂਲ ਦਾ ਜ਼ਿਲ੍ਹਾ ਪੱਧਰੀ ਟੇਬਲ ਟੈਨਿਸ ਟੂਰਨਾਮੈਂਟ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ



ਬਰਨਾਲਾ, 22 ਅਗਸਤ (ਹਿਮਾਂਸ਼ੂ ਗਰਗ)-:ਐਲਬੀਐਸ ਕਾਲਜ ਬਰਨਾਲਾ ਵਿਖੇ ਪੰਜਾਬ ਸਕੂਲ ਖੇਡਾਂ ਦਾ ਆਯੋਜਨ - ਜ਼ਿਲ੍ਹਾ ਪੱਧਰੀ ਟੇਬਲ ਟੈਨਿਸ ਟੂਰਨਾਮੈਂਟ ਵਿੱਚ ਜੈ ਵਾਟਿਕਾ ਪਬਲਿਕ ਸਕੂਲ ਦੇ 11ਵੀਂ ਜਮਾਤ ਦੇ ਵਿਦਿਆਰਥੀਆਂ ਰੌਬਿਨ ਸ਼ਰਮਾ, ਡੈਨੀ ਸ਼ਰਮਾ, ਜਸਕਰਨ ਸਿੰਘ, ਅਨਮੋਲ ਸਿੰਘ, ਅਰਮਾਨ ਸਿੰਘ ਨੇ ਆਪਣੀ ਪ੍ਰਤਿਭਾ ਅਤੇ ਖੇਡ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਜ਼ਿਲ੍ਹਾ ਪੱਧਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਸਕੂਲ ਦੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਪੂਰੇ ਸਕੂਲ ਪਰਿਵਾਰ ਵਿੱਚ ਖੁਸ਼ੀ ਅਤੇ ਮਾਣ ਦੀ ਲਹਿਰ ਦੌੜ ਗਈ। ਇਸ ਸਫਲਤਾ ਨੂੰ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਖੇਡ ਭਾਵਨਾ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ। ਟਰੇਨਰਾਂ ਨੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦੀ ਵੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਬਿਹਤਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਜੇਤੂ ਵਿਦਿਆਰਥਣ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਪ੍ਰਾਪਤੀ ਸਕੂਲ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਕੂਲ ਦੇ ਖਿਡਾਰੀ ਹੋਰ ਵੀ ਉੱਚਾਈਆਂ ਪ੍ਰਾਪਤ ਕਰਨਗੇ ।ਉਨ੍ਹਾਂ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਕੂਲ ਦੇ ਖਿਡਾਰੀ ਹੋਰ ਵੀ ਉੱਚਾਈਆਂ ਪ੍ਰਾਪਤ ਕਰਨਗੇ।

# ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਵਿੱਚ ਅੰਗਰੇਜ਼ੀ ਕਵਿਤਾ ਪਾਠ ਮੁਕਾਬਲਾ




ਬਰਨਾਲਾ, 22 ਅਗਸਤ (ਅਮਨਦੀਪ ਸਿੰਘ): ਬੀ ਵੀ ਐਮ ਇੰਟਰਨੈਸ਼ਨਲ ਸਕੂਲ ਵਿੱਚ ਨਰਸਰੀ ਤੋਂ ਲੈ ਕੇ ਯੂ ਕੇ ਜੀ ਕਲਾਸਾਂ ਤੱਕ ਦੇ ਨਿੱਕੇ ਬੱਚਿਆਂ ਲਈ ਅੰਗਰੇਜ਼ੀ ਕਵਿਤਾ ਪਾਠ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਸਕੂਲ ਦਾ ਮਾਹੌਲ ਬੱਚਿਆਂ ਦੀ ਮਿੱਠੀ ਕਵਿਤਾਵਾਂ, ਆਤਮਵਿਸ਼ਵਾਸ ਭਰੇ ਉਚਾਰਣ ਅਤੇ ਮਨਮੋਹਕ ਅਭਿਵਕਤੀਆਂ ਨਾਲ ਗੂੰਜ ਉਠਿਆ। ਬੱਚਿਆਂ ਨੇ ਆਪਣੀ-ਆਪਣੀ ਕਲਾਸ ਦੇ ਮਿਆਰ ਅਨੁਸਾਰ ਕਵਿਤਾਵਾਂ ਸੁਣਾ ਕੇ ਸਿਰਫ਼ ਆਪਣੀ ਅੰਗਰੇਜ਼ੀ ਭਾਸ਼ਾ ਦੀ ਸਮਝ ਦਾ ਪਰਿਚਯ ਨਹੀਂ ਦਿੱਤਾ, ਸਗੋਂ ਮੰਚ 'ਤੇ ਬੋਲਣ ਦੇ ਆਤਮਵਿਸ਼ਵਾਸ ਨੂੰ ਵੀ ਦਰਸਾਇਆ। ਇਸ ਮੁਕਾਬਲੇ ਦਾ ਮੁੱਖ ਮਕਸਦ ਬੱਚਿਆਂ ਵਿੱਚ ਭਾਸ਼ਾਈ ਦੱਖਲਤਾ ਦਾ ਵਿਕਾਸ ਕਰਨਾ ਸੀ। ਸਕੂਲ ਵੱਲੋਂ ਛੋਟੇ ਵਿਦਿਆਰਥੀਆਂ ਨੂੰ ਭਾਸ਼ਾ ਕੌਸ਼ਲ, ਉਚਾਰਣ ਅਤੇ ਪ੍ਰਸਤੁਤੀ ਦੀ ਕਲਾ ਵਿੱਚ ਨਿਖਾਰ ਲਿਆਉਣ ਲਈ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਪ੍ਰੋਗਰਾਮ ਦੌਰਾਨ ਨਿੱਕੇ ਬੱਚਿਆਂ ਨੇ ਆਪਣੇ ਹਾਵ-ਭਾਵ ਅਤੇ ਅਭਿਨਯ ਸ਼ੈਲੀ ਨਾਲ ਕਵਿਤਾਵਾਂ ਨੂੰ ਜ਼ਿੰਦਗੀਦਾਰ ਬਣਾ ਦਿੱਤਾ। ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਪ੍ਰਮੋਦ ਅਰੋੜਾ, ਡਾਇਰੈਕਟਰ ਗੀਤਾ ਅਰੋੜਾ, ਨਿਖਿਲ ਅਰੋੜਾ ਅਤੇ ਨੇਹੁਲ ਅਰੋੜਾ ਨੇ ਕਿਹਾ ਕਿ - "ਸਕੂਲ ਵਿੱਚ ਪਾਠ ਪੁਸਤਕ ਦੀ ਪੜ੍ਹਾਈ ਦੇ ਨਾਲ-ਨਾਲ ਇਸ ਤਰ੍ਹਾਂ ਦੀਆਂ ਰਚਨਾਤਮਕ ਗਤੀਵਿਧੀਆਂ ਵਿਦਿਆਰਥੀਆਂ ਦੇ ਸਮੱਗਰੀ ਵਿਕਾਸ ਵਿੱਚ ਮਦਦਗਾਰ ਸਾਬਤ ਹੁੰਦੀਆਂ ਹਨ। ਛੋਟੇ ਬੱਚਿਆਂ ਵਿੱਚ ਅੰਗਰੇਜ਼ੀ ਭਾਸ਼ਾ ਪ੍ਰਤੀ ਸੁਗਮਤਾ ਅਤੇ ਆਤਮਵਿਸ਼ਵਾਸ ਵਿਕਸਿਤ ਕਰਨਾ ਸਾਡੇ ਲਈ ਇਕ ਵੱਡੀ ਉਪਲੱਬਧੀ ਹੈ। ਸਕੂਲ ਦੀ ਪ੍ਰਿੰਸੀਪਲ ਮਨਿੰਦਰਜੀਤ ਕੌਰ ਧਾਲੀਵਾਲ ਨੇ ਬੱਚਿਆਂ ਦਾ ਉਤਸਾਹਵਰਧਨ ਕਰਦੇ ਹੋਏ ਕਿਹਾ ਕਿ - "ਨਿੱਕੇ ਬੱਚਿਆਂ ਦੀਆਂ ਕਵਿਤਾਵਾਂ ਵਿੱਚ ਉਹਨਾਂ ਦੀ ਮਾਸੂਮ ਤੇ ਸਿੱਖਣ ਦੀ ਜਿਗਿਆਸਾ ਝਲਕਦੀ ਹੈ।

# ਡਾ. ਲਕੇਸ਼ ਸਿੰਗਲਾ ਨੂੰ ਗ੍ਰਾਮ ਪੰਚਾਇਤ ਜੰਗੀਆਣਾ ਨੇ ਕੀਤਾ ਸਨਮਾਨਿਤ



ਭਦੌੜ, 22 ਅਗਸਤ (ਸੁਖਵਿੰਦਰ ਪਲਾਹਾ): ਕਸਬਾ ਭਦੌੜ ਦੇ ਉੱਘੇ ਸਮਾਜਸੇਵੀ ਜਵਾਹਰ ਲਾਲ ਸਿੰਗਲਾ ਆੜ੍ਹਤੀਆਂ ਦੇ ਪੁੱਤਰ ਡਾ. ਲਕੇਸ਼ ਸਿੰਗਲਾ (ਐਮ.ਡੀ. ਮੈਡੀਸਨ) ਜੋ ਸਿਵਲ ਹਸਪਤਾਲ ਭਗਤਾ ਭਾਈਕਾ ਵਿੱਚ ਬਤੌਰ ਮੈਡੀਕਲ ਅਫਸਰ ਵਜੋਂ ਆਪਣੀ ਡਿਊਟੀ ਨਿਭਾਅ ਰਹੇ ਹਨ ਅਤੇ ਡਿਊਟੀ ਕਰਨ ਉਪਰੰਤ ਸਾਮ 5 ਵਜੇ ਤੋਂ ਲੈ ਕੇ 7 ਵਜੇ ਤੱਕ ਮਰੀਜਾਂ ਦਾ ਫਰੀ ਚੈੱਕਅੱਪ ਕਰ ਰਹੇ ਹਨ, ਜਿਸ ਕਰਕੇ ਭਦੌੜ ਖੇਤਰ ਦੇ ਲੋਕਾਂ ਨੂੰ ਮਹਿੰਗੇ ਡਾਕਟਰਾਂ ਦੀਆ ਫੀਸਾਂ ਦੇਣ ਤੋਂ ਵੱਡੀ ਰਾਹਤ ਮਿਲੀ ਹੈ, ਕਿਉਕਿ ਇਸ ਏਰੀਏ ਦੇ ਲੋਕਾਂ ਨੂੰ ਆਪਣਾ ਚੈੱਕਅੱਪ ਕਰਵਾਉਣ ਲਈ ਹੋਰ ਕਿਸੇ ਸਹਿਰ ਨਹੀ ਜਾਣਾ ਪੈਂਦਾ ਸੀ। ਅੱਜ ਗ੍ਰਾਮ ਪੰਚਾਇਤ ਜੰਗੀਆਣਾ ਦੇ ਸਰਪੰਚ ਰੇਸ਼ਮ ਸਿੰਘ, ਪੰਚ ਰਾਮ ਸਿੰਘ, ਪੰਚ ਅਜਮੇਰ ਸਿੰਘ, ਪੰਚ ਬਿੰਦਰ ਸਿੰਘ ਆਦਿ ਨੇ ਜਵਾਹਰ ਲਾਲ ਸਿੰਗਲਾ (ਆੜ੍ਹਤੀਆਂ) ਦੇ ਘਰ ਜਾਕੇ ਉਨਾਂ ਦੇ ਸਪੁੱਤਰ ਡਾ. ਲਕੇਸ਼ ਸਿੰਗਲਾ ਨੂੰ ਸਨਮਾਨਿਤ ਕੀਤਾ। ਇਸ ਸਮੇਂ ਸਰਪੰਚ ਰੇਸ਼ਮ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਡਾ. ਲਕੇਸ਼ ਸਿੰਗਲਾ (ਐਮ.ਡੀ. ਮੈਡੀਸਨ) ਨੇ ਪਹਿਲਾ ਦੋ ਸਾਲ ਡੀ.ਐਮ.ਸੀ. ਲੁਧਿਆਣਾ 'ਚ ਡਿਊਟੀ ਕਰਕੇ ਮੈਡੀਕਲ 'ਚ ਚੰਗਾ ਤਜਰਬਾ ਹਾਸਿਲ ਕੀਤਾ ਹੈ ਅਤੇ ਹੁਣ ਇਹ ਸਿਵਲ ਹਸਪਤਾਲ ਭਗਤਾ ਭਾਈਕਾ ਵਿਖੇ ਡਿਊਟੀ ਕਰਨ ਉਪਰੰਤ ਦੋ ਘੰਟੇ ਮਰੀਜ਼ਾਂ ਦਾ ਮੁੱਫਤ ਚੈੱਕ ਅੱਪ ਕਰਨ ਦਾ ਜੋ ਉਪਰਾਲਾ ਕੀਤਾ ਹੈ ਇਹ ਇੱਕ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਡਾਕਟਰ ਲਕੇਸ਼ ਸਿੰਗਲਾ ਦੇ ਪਿਤਾ ਜਵਾਹਰ ਲਾਲ ਸਿੰਗਲਾ ਨੇ ਕਿਹਾ ਕਿ ਅਸੀ ਜਲਦੀ ਹੀ ਇਹ ਵੀ ਵਿਚਾਰ ਬਣਾ ਰਹੇ ਹਾਂ ਕਿ ਸਰਕਾਰੀ ਛੁੱਟੀ ਅਤੇ ਐਤਵਾਰ ਵਾਲੇ ਦਿਨ ਵੀ ਮਰੀਜਾ ਦਾ ਚੈੱਕ ਅੱਪ ਸ਼ੁਰੂ ਕੀਤਾ ਜਾਵੇ ਤਾਂ ਕਿ ਲੋੜਵੰਦ ਮਰੀਜ਼ਾਂ ਨੂੰ ਭਦੌੜ ਵਿੱਚ ਹੀ ਵਧੀਆ ਸਹੂਲਤਾਂ ਮਿਲ ਸਕਣ। ਇਸ ਮੌਕੇ ਉੱਘੇ ਸਮਾਜਸੇਵੀ ਜਵਾਹਰ ਲਾਲ ਸਿੰਗਲਾ ਨੇ ਗ੍ਰਾਮ ਪੰਚਾਇਤ ਜੰਗੀਆਣਾ ਦੇ ਸਰਪੰਚ ਅਤੇ ਪੰਚਾਂ ਦਾ ਧੰਨਵਾਦ ਕੀਤਾ।



# ਪਟਿਆਲਾ-ਆਸ/ਪਾਸ



## ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਡੀ ਲੇਬਰ ਰੇਟ 'ਚ ਵਾਧਾ ਕਰਨ ਦੀ ਮੰਗ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਅਤੇ ਬਰਸਟ ਦਾ ਧੰਨਵਾਦ

### ☛ਆੜ੍ਹਤੀ ਐਸੋਸੀਏਸ਼ਨ ਅਤੇ ਮਜ਼ਦੂਰ ਸੰਘ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨਾਲ ਕੀਤੀ ਮੁਲਾਕਾਤ



ਪਟਿਆਲਾ, 22 ਅਗਸਤ (ਰੁਪਾਣਾ): ਆੜ੍ਹਤੀ ਐਸੋਸੀਏਸ਼ਨ, ਪਟਿਆਲਾ ਅਤੇ ਗੱਲਾਂ ਅਨਾਜ ਮੰਡੀ ਮਜ਼ਦੂਰ ਸੰਘ ਪੰਜਾਬ ਵੱਲੋਂ ਮੰਡੀ ਲੇਬਰ ਰੇਟ ਵਿੱਚ 10 ਫੀਸਦੀ ਵਾਧਾ ਕਰਨ ਲਈ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕੀਤਾ ਗਿਆ ਹੈ। ਅੱਜ ਪਟਿਆਲਾ ਦਫ਼ਤਰ ਵਿਖੇ ਆੜ੍ਹਤੀ ਐਸੋਸੀਏਸ਼ਨ, ਪਟਿਆਲਾ ਅਤੇ ਗੱਲਾਂ ਅਨਾਜ ਮੰਡੀ ਮਜ਼ਦੂਰ ਸੰਘ ਪੰਜਾਬ ਦੇ ਨੁਮਾਇੰਦਿਆਂ ਵੱਲੋਂ ਸ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਗਈ।ਇਸ ਦੌਰਾਨ ਪਹੁੰਚੇ ਨੁਮਾਇੰਦਿਆਂ ਵੱਲੋਂ ਸ. ਬਰਸਟ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਕਦਮ ਬਹੁਤ ਹੀ ਰਾਹਤ ਭਰਿਆ ਹੈ, ਜਿਸ ਨਾਲ ਮੰਡੀ ਮਜ਼ਦੂਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਉਨ੍ਹਾਂ ਕਿਹਾ ਕਿ ਮੰਡੀ ਲੇਬਰ ਰੇਟ ਵਿੱਚ 10 ਫ਼ੀਸਦੀ ਵਾਧਾ ਕਰਨ ਦੀ ਮੰਗ ਪਿਛਲੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਸੀ, ਜਿਸਨੂੰ ਸ. ਹਰਚੰਦ ਸਿੰਘ ਬਰਸਟ ਦੇ ਯਤਨਾਂ ਸਦਕਾ ਪੂਰਾ ਕਰ ਦਿੱਤਾ ਗਿਆ ਹੈ। ਇਸ ਲਈ ਅਸੀਂ ਉਨ੍ਹਾਂ ਦੇ ਬਹੁਤ ਧੰਨਵਾਦੀ ਹਾਂ। ਜ਼ਿਕਰਯੋਗ ਹੈ ਕਿ ਝੋਨੇ ਦਾ ਮੰਡੀ ਲੇਬਰ ਰੇਟ 17.50 ਰੁਪਏ ਤੋਂ ਵਧਾ ਕੇ 19.26 ਰੁਪਏ ਪ੍ਰਤੀ ਬੈਗ (37.5 ਕਿੱਲੋਗ੍ਰਾਮ) ਕਰ ਦਿੱਤਾ ਗਿਆ ਹੈ, ਜਿਸ ਨਾਲ ਪ੍ਰਤੀ ਬੈਗ 1.76 ਰੁਪਏ ਦਾ ਵਾਧਾ ਹੋਇਆ ਹੈ।ਆੜ੍ਹਤੀ ਐਸੋਸੀਏਸ਼ਨ ਅਤੇ ਮਜਦੂਰ ਸੰਘ ਦੇ ਆਗੂਆਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਤੱਕ ਕਦੇ ਵੀ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਹੈ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਜ਼ਦੂਰਾਂ ਦੀ ਭਲਾਈ ਵਿੱਚ ਇਹ ਵੱਡਾ ਫੈਸਲਾ ਲਿਆ ਹੈ। ਇਸ ਮੌਕੇ ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਅਤੇ ਸੂਬੇ ਦੇ ਵਿਕਾਸ ਲਈ ਵਚਨਬੱਧ ਹੈ। ਆਗਾਮੀ ਸੀਜ਼ਨ ਦੌਰਾਨ ਸੂਬੇ ਦੀਆਂ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ, ਜਿਸ ਦੇ ਲਈ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ।ਇਸ ਮੌਕੇ ਇੰਜੀ. ਸਤਵਿੰਦਰ ਸਿੰਘ ਸੈਣੀ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਨਵੀਂ ਅਨਾਜ ਮੰਡੀ ਪਟਿਆਲਾ, ਸਨੀ ਖੱਟਕ ਪ੍ਰਧਾਨ ਗੱਲਾਂ ਅਨਾਜ ਮੰਡੀ ਮਜ਼ਦੂਰ ਸੰਘ ਪੰਜਾਬ, ਨਰੇਸ਼ ਮਿੱਤਲ ਜਨਰਲ ਸਕੱਤਰ, ਸਮਾਣਾ ਮੰਡੀ ਤੋਂ ਰਾਜਪਾਲ, ਪਟਿਆਲਾ ਮੰਡੀ ਤੋਂ ਬਾਬੂ ਲਾਲ ਭਾਰਦਵਾਜ, ਖਰਦਮਨ ਰਾਏ ਕੈਸ਼ੀਅਰ, ਸੰਜੀਵਨ ਕੁਮਾਰ, ਰਾਜਵੀਰ ਸਿੰਘ, ਨਾਭਾ ਮੰਡੀ ਤੋਂ ਲਖਮੀਰ ਸਿੰਘ ਲੱਖਾ, ਅਹਿਮਦਗੜ੍ਹ ਮੰਡੀ ਤੋਂ ਸੁਖਵੀਰ ਸੋਲੰਕੀ, ਸੁਭਾਸ਼ ਲਡਵਾਲ, ਸੁਰੇਸ਼ ਕੁਮਾਰ, ਰਾਜਪੁਰਾ ਮੰਡੀ ਤੋਂ ਕਰਨੈਲ ਸਿੰਘ ਪ੍ਰਧਾਨ, ਰਾਜਕੁਮਾਰ, ਪਾਤੜਾਂ ਮੰਡੀ ਤੋਂ ਰਿੰਕੂ ਦਾਨਵ, ਮਦਨਪਾਲ ਖਟਕਰ ਮੌਜੂਦ ਰਹੇ।

### ਪ੍ਰੋ. ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਮਾਨ ਨੂੰ ਲਿਖਿਆ ਪੱਤਰ

## 150 ਕਰੋੜ ਦੇ ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬੀ ਯੂਨੀਵਰਸਿਟੀ ਨੂੰ ਇੱਕੋ ਵਾਰ ਸਪੈਸ਼ਲ ਗ੍ਰਾਂਟ ਦੇ ਕੇ ਕਰਜ਼ਾ ਮੁਕਤ ਕੀਤਾ ਜਾਵੇ : ਪ੍ਰੋ. ਬਡੂੰਗਰ

ਪਟਿਆਲਾ, 22 ਅਗਸਤ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ 150 ਕਰੋੜ ਦੇ ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਇੱਕੋ ਵਾਰ ਸਪੈਸ਼ਲ ਗਰਾਂਟ ਦੇ ਕੇ ਕਰਜ਼ਾ ਮੁਕਤ ਕਰਵਾਉਣ ਵਿੱਚ ਯੋਗਦਾਨ ਪਾਇਆ ਜਾਵੇ, ਕਿਉਂਕਿ ਪਿਛਲੇ ਕਈ ਦਿਨ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਰਮਚਾਰੀ ਤਨਖਾਹ ਨਾ ਮਿਲਣ ਕਾਰਨ ਧਰਨਾ ਲਗਾ ਰਹੇ ਹਨ, ਇਨ੍ਹਾਂ ਧਰਨਿਆਂ ਨਾਲ ਪੰਜਾਬ ਦੇ ਅਕਸ ਨੂੰ ਆਂਚ ਆਉਂਦੀ ਹੈ ਅਤੇ ਇਨ੍ਹਾਂ ਦਿਨਾਂ ਵਿਚ ਹੋ ਰਹੇ ਵਿਦਿਆਰਥੀਆਂ ਦੇ ਦਾਖਲਿਆਂ ਉਤੇ ਵੀ ਮਾੜਾ ਪ੍ਰਭਾਵ ਪੈ ਰਿਹਾ ਹੈ।ਪ੍ਰੋ. ਬਡੂੰਗਰ ਨੇ ਕਿਹਾ ਕਿ 19 ਜੁਲਾਈ ਨੂੰ ਪੰਜਾਬ ਦੇ ਰਾਜਪਾਲ ਜੋ ਯੂਨੀਵਰਸਿਟੀ ਦੇ ਚਾਂਸਲਰ ਵੀ ਹਨ, ਯੂਨੀਵਰਸਿਟੀ ਸਮਾਗਮ ਵਿਚ ਸ਼ਮੂਲੀਅਤ ਕਰਕੇ ਗਏ ਸਨ, ਪਰੰਤੂ ਵਿੱਤੀ ਸੰਕਟ ਬਾਰੇ ਕੁਝ ਵੀ ਨਹੀਂ ਕਹਿ ਕੇ ਗਏ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਰਮਚਾਰੀਆਂ ਦੀਆਂ ਤਨਖਾਹ ਦੀ ਵਾਰ-ਵਾਰ ਹੋ ਰਹੀ ਸਮੱਸਿਆਵਾਂ ਦਾ ਕਾਰਨ, ਯੂਨੀਵਰਸਿਟੀ ਸਿਰ 150 ਕਰੋੜ ਦਾ ਕਰਜ਼ਾ ਹੈ, ਜਿਸ ਕਰਜੇ ਉਤੇ ਭਾਰੀ ਵਿਆਜ ਵੀ ਪੈ ਰਿਹਾ ਹੈ, ਜੋ ਯੂਨੀਵਰਸਿਟੀ ਦੇ ਵਿਤੀ ਸੰਕਟ ਨੂੰ ਹੋਰ ਗਹਿਰਾ ਕਰੀ ਜਾਂਦਾ ਹੈ।ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਉਹ ਅਪੀਲ ਕਰਦਿਆਂ ਕਿਹਾ ਕਿ ਪੰਜਾਬੀਆਂ ਵੱਲੋਂ ਯੂਨੀਵਰਸਿਟੀ ਬਣਾਉਣ ਲਈ ਲੰਮੇ ਸਮੇਂ ਤੋਂ ਕੀਤੀ ਗਈ ਮੰਗ ਦੀ ਪੂਰਤੀ ਲਈ 30 ਅਪ੍ਰੈਲ 1962 ਨੂੰ ਇਸ ਦੀ ਸਥਾਪਨਾ ਹੋਈ ਸੀ। ਇਸ ਸਮੇਂ ਦੌਰਾਨ ਪੰਜਾਬੀ ਯੂਨੀਵਰਸਿਟੀ ਨੇ ਹਰ ਖੇਤਰ ਭਾਵ ਵਿੱਦਿਅਕ, ਖੋਜ,



ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਖੇਡਾਂ ਵਿਚ ਬਹੁਤ ਨਾਮਣਾ ਖੱਟਕੇ ਯੂਨੀਵਰਸਿਟੀ ਅਤੇ ਸਮੇਂ ਦੀਆਂ ਸਰਕਾਰਾਂ ਦੀ ਵਿਸ਼ਵ ਪੱਧਰ ਉਤੇ ਵਾਰ ਵਾਰ ਪਹਿਚਾਣ ਵੀ ਕਰਵਾਈ ਹੈ।ਉਨ੍ਹਾਂ ਕਿਹਾ ਕਿ ਇਹ ਵੀ ਵਾਲੀ ਗੱਲ ਹੈ ਕਿ ਇਸ ਸਮੇਂ ਪੰਜਾਬ ਵਿਧਾਨ ਸਭਾ ਦੇ ਸਪੀਕਰ, ਪੰਜਾਬ ਦੇ ਮੁੱਖ ਮੰਤਰੀ, ਖਜ਼ਾਨਾ ਮੰਤਰੀ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਮੰਤਰੀ, ਯੂਨੀਵਰਸਿਟੀ ਦੇ ਮੌਜੂਦਾ ਉਪ-ਕੁਲਪਤੀ ਸਾਰੇ ਹੀ ਮਾਲਵਾ ਖੇਤਰ ਨਾਲ ਹੀ ਸਬੰਧ ਰਖਦੇ ਹਨ, ਜੋ ਯੂਨੀਵਰਸਿਟੀ ਦੀ ਲੋਕਪ੍ਰੀਅਤਾ, ਪ੍ਰਬੰਧਨ ਅਤੇ ਇਲਾਕੇ ਦੇ ਲੋਕਾਂ ਦੀ ਮੰਗ ਅਨੁਸਾਰ ਯੂਨੀਵਰਸਿਟੀ ਨੂੰ ਪ੍ਰਫੁੱਲਤ ਕਰਨ ਲਈ ਭਾਵਨਾ ਨੂੰ ਚੰਗੀ ਤਰ ਸਮਝਦੇ ਹਨ। ਪ੍ਰੋ. ਬਡੂੰਗਰ ਨੇ ਕਿਹਾ ਕਿ ਇਸ ਯੂਨੀਵਰਸਿਟੀ ਵਿੱਚ ਉਹ ਖੁਦ, ਉਨ੍ਹਾਂ ਦੇ ਬੇਟੇ-ਬੇਟੀਆਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਸਭ ਇਸ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਹਨ। ਸਭ ਨੇ ਇਥੋਂ ਹੀ ਐਮ.ਏ./ਐਮ.ਫਿਲ, ਪੀ/ਐਚ.ਡੀ. ਦੀ ਉੱਚ ਕੋਟੀ ਦੀ ਵਿੱਦਿਆ ਪ੍ਰਾਪਤ ਕੀਤੀ ਹੈ, ਜਿਸ ਕਾਰਨ ਉਨ੍ਹਾਂ ਵਰਗੇ ਲੱਖਾਂ ਹੀ ਵਿਦਿਆਰਥੀਆਂ ਦਾ ਯੂਨੀਵਰਸਿਟੀ ਨਾਲ ਨਿਜੀ ਮੋਹ ਵੀ ਹੈ ਅਤੇ ਅਸੀਂ ਹਮੇਸ਼ਾ ਹੀ ਇਸ ਮਹਾਨ ਵਿਦਿਅਕ ਸੰਸਥਾ ਦੀ ਤਰੱਕੀ ਅਤੇ ਬਿਹਤਰੀ ਲਈ ਕਾਮਨਾ ਕਰਦੇ ਹਨ।ਪ੍ਰੋ. ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਨੂੰ ਇੱਕੋ ਵਾਰ ਸਪੈਸ਼ਲ ਗਰਾਂਟ ਦੇਕੇ ਇਸ ਨੂੰ ਕਰਜ਼ਾ ਮੁਕਤ ਕਰਵਾਉਣ ਵਿੱਚ ਯੋਗਦਾਨ ਪਾਇਆ ਜਾਵੇ।

## ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਵਰਕਰ ਇੱਕ-ਜੁੱਟ ਹੋ ਕੇ ਲੋਕ ਹਿੱਤੂ ਕੰਮ ਕਰਨ: ਡਾਲਵੀ

### ਮੀਟਿੰਗ ਦੌਰਾਨ ਵਰਕਰਾਂ ਦੀ ਹੋਈ ਤਕਰਾਰ ਬਣੀ ਚਰਚਾ ਦਾ ਵਿਸ਼ਾ



ਸਮਾਣਾ, 22 ਅਗਸਤ (ਵਿਜੇ ਕੁਮਾਰ): ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਮਾਤਾ ਨੈਨਾ ਆਰੀਆ ਧਰਮਸ਼ਾਲਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਾਰਟੀ ਦੇ ਅਬਜ਼ਰਵਰ ਉੱਤਮ ਰਾਉ ਰਵਿੰਦਰ ਡਾਲਵੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਵਿਚ ਪਾਰਟੀ ਵਰਕਰਾਂ ਦੀ ਆਪਸ 'ਚ ਕਿਸੇ ਗੱਲ ਨੂੰ ਲੈ ਕੇ ਤਕਰਾਰ ਵੀ ਹੋਈ, ਜਿਸ ਨਾਲ ਪੂਰੇ ਹਾਲ 'ਚ ਮਾਹੌਲ ਗਰਮਾ ਗਿਆ। ਵਰਕਰਾਂ ਨੂੰ ਪੁਲਿਸ ਨੇ ਦਖਲ ਦੇ ਕੇ ਸ਼ਾਂਤ ਕਰਵਾਇਆ। ਲੋਕਾਂ ਵਿੱਚ ਇਸ ਗੱਲ ਦੀ ਚਰਚਾ ਹੋਣ ਲੱਗ ਪਈ ਕਿ ਕਾਂਗਰਸ ਇੱਕਜੁੱਟ ਹੈ ਨਹੀਂ ਲੋਕਾਂ ਦੇ ਕੰਮ ਕਿਵੇਂ ਕਰਵਾਏਗੀ। ਇਸ ਮੌਕੇ ਸੈਂਕੜੇ ਕਾਂਗਰਸੀ ਵਰਕਰਾਂ ਤੇ ਲੀਡਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਡਾਲਵੀ ਨੇ ਕਿਹਾ ਕਿ ਪਾਰਟੀ ਹਾਈ ਕਮਾਨ ਵੱਲੋਂ ਉਨ੍ਹਾਂ ਦੀ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਜੋ ਡਿਊਟੀ ਲਗਾਈ ਗਈ ਹੈ। ਉਸ ਤਹਿਤ ਉਹ ਪੰਜਾਬ ਦੇ 117 ਹਲਕਿਆਂ ਵਿੱਚ ਵਰਕਰਾਂ ਨੂੰ ਸੰਬੋਧਨ ਹੋ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਪਾਰਟੀ ਦੀ ਤਰੱਕੀ ਲਈ ਸੁਝਾਅ ਵੀ ਲੈਣਗੇ। ਉਹਨਾਂ ਇਹ ਵੀ ਦੱਸਿਆ ਕਿ ਉਹ 70 ਹਲਕਿਆਂ ਵਿੱਚ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰ ਚੁੱਕੇ ਹਨ। ਰਹਿੰਦੇ ਹਲਕਿਆਂ ਵਿੱਚ ਜਲਦੀ ਹੀ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ, ਤਾਂ ਜੋ ਪਾਰਟੀ ਵਰਕਰ ਆਪਸੀ ਭੇਦ ਭਾਵ ਨੂੰ ਮਿਟਾ ਕੇ ਲੋਕ ਹਿਤਾਂ ਤੇ ਪਾਰਟੀ ਦੀ ਚੜਦੀ ਕਲਾ ਖਾਤਰ ਕੰਮ ਕਰਨ। ਉਹਨਾਂ ਕਿਹਾ ਕਿ ਲੋਕ ਹੁਣ 'ਆਪ' ਸਰਕਾਰ ਤੋਂ ਦੁਖੀ ਹੋ ਕੇ ਕਾਂਗਰਸ ਸਰਕਾਰ ਲਿਆਉਣਾ ਚਾਹੁੰਦੇ ਹਨ। ਲੋਕਾਂ ਦੀ ਆਸ ਨੂੰ ਪੂਰਾ ਕਰਨ ਲਈ ਕਾਂਗਰਸ ਪਾਰਟੀ ਆਪਣੇ ਵਰਕਰਾਂ ਤੇ ਲੀਡਰਾਂ ਨੂੰ ਇੱਕਜੁੱਟ ਕਰਕੇ ਲੋਕ ਹਿਤੂ ਕੰਮ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ। ਇਸ ਮੌਕੇ ਸਾਬਕਾ ਵਿਧਾਇਕ ਰਜਿੰਦਰ ਸਿੰਘ, ਪੰਜਾਬ ਮਹਿਲਾ ਕਾਂਗਰਸ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਸਾਬਕਾ ਪ੍ਰਧਾਨ ਨਗਰ ਕੌਂਸਲ ਯਸ਼ਪਾਲ ਸਿੰਗਲਾ ਆਦਿ ਨੇ ਵੀ ਸੰਬੋਧਨ ਕੀਤਾ।

## ਨਿਰਧਾਰਤ ਨਮੀ ਵਾਲਾ ਸੁੱਕਾ ਝੋਨਾ ਹੀ ਮੰਡੀਆਂ 'ਚ ਲਿਆਉਣ ਕਿਸਾਨ: ਡੀ.ਸੀ.

### ਝੋਨੇ ਦੀ ਨਿਰਵਿਘਨ ਤੇ ਸੁਚਾਰੂ ਖਰੀਦ ਲਈ ਅਗੇਤੀ ਬੈਠਕ



ਪਟਿਆਲਾ, 22 ਅਗਸਤ (ਰੁਪਾਣਾ/ਵਿਨੋਦ ਸ਼ਰਮਾ): ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਝੋਨੇ ਦੇ ਆਗਾਮੀ ਸੀਜ਼ਨ 'ਚ ਜ਼ਿਲ੍ਹਾ ਪ੍ਰਸ਼ਾਸਨ ਝੋਨੇ ਦੀ ਫ਼ਸਲ ਦੀ ਖਰੀਦ ਸੁਚਾਰੂ ਢੰਗ ਨਾਲ ਕਰਵਾਉਣ ਲਈ ਬੈਠਕ ਕਰਕੇ ਮੁਕੰਮਲ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਇਸ ਮੌਕੇ ਸਬੰਧਤ ਅਧਿਕਾਰੀਆਂ ਕੋਲੋਂ ਮੰਡੀਆਂ 'ਚ ਸਾਫ਼ ਸਫ਼ਾਈ, ਬਾਰਦਾਨੇ, ਢੋਆ-ਢੋਆਈ, ਲੇਬਰ, ਕਿਸਾਨਾਂ ਲਈ ਪੀਣ ਵਾਲੇ ਪਾਣੀ ਤੇ ਟੁਆਇਲਟਸ ਸਮੇਤ ਹਰ ਤਰ੍ਹਾਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਡਾ. ਪ੍ਰੀਤੀ ਯਾਦਵ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ 'ਚ ਆਪਣੀ ਝੋਨੇ ਦੀ ਫ਼ਸਲ ਨਿਰਧਾਰਤ ਨਮੀ ਵਾਲੀ ਤੇ ਸੁਕਾ ਕੇ ਲਿਆਉਣੀ ਯਕੀਨੀ ਬਣਾਉਣ ਤਾਂ ਕਿ ਉਨ੍ਹਾਂ ਨੂੰ ਮੰਡੀਆਂ 'ਚ ਆਪਣੀ ਫ਼ਸਲ ਵੇਚਣ ਸਮੇਂ ਜਿਆਦਾ ਸਮਾਂ ਉਡੀਕ ਨਾ ਕਰਨੀ ਪਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਹ ਪਹਿਲਾਂ ਹੀ ਆੜ੍ਹਤੀਆਂ ਤੇ ਕੰਬਾਈਨ ਉਪਰੇਟਰਾਂ ਦੇ ਨੁਮਾਇੰਦਿਆਂ ਨਾਲ ਬੈਠਕਾਂ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਇਹ ਅਪੀਲ ਕੀਤੀ ਗਈ ਹੈ ਕਿ ਉਹ ਕਿਸਾਨਾਂ ਨੂੰ ਮੰਡੀਆਂ 'ਚ ਸੁੱਕਾ ਝੋਨਾ ਲਿਆਉਣ ਦੇ ਫਾਇਦੇ ਅਤੇ ਵਾਧੂ ਨਮੀ ਵਾਲਾ ਗਿੱਲਾ ਝੋਨਾ ਮੰਡੀਆਂ 'ਚ ਲਿਆਉਣ ਦੇ ਨੁਕਸਾਨਾਂ ਬਾਰੇ ਜਾਗਰੂਕ ਕਰਨ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜੇਕਰ ਮੰਡੀਆਂ 'ਚ ਵਾਧੂ ਨਮੀ ਵਾਲਾ ਗਿੱਲਾ ਝੋਨਾ ਆਵੇਗਾ ਤਾਂ ਦਾਣੇ ਹਰੇ ਰਹਿਣ ਕਰਕੇ ਬਦਰੰਗ ਹੋਣ ਨਾਲ ਚਾਵਲਾਂ ਦੀ ਗੁਣਵੱਤਾ ਮਾੜੀ ਹੋ ਜਾਵੇਗੀ, ਜਿਸ ਦੇ ਨੁਕਸਾਨ ਹੀ ਨੁਕਸਾਨ ਹਨ। ਇਸ ਤੋਂ ਬਿਨ੍ਹਾਂ ਜੇਕਰ ਵਾਧੂ ਨਮੀ ਵਾਲਾ ਝੋਨਾ ਮੰਡੀਆਂ 'ਚ ਆਵੇਗਾ ਤਾਂ ਉਸ ਨੂੰ ਸੁਕਾਉਣ ਲਈ ਕਿਸਾਨਾਂ ਨੂੰ ਵਾਧੂ ਸਮਾਂ ਮੰਡੀਆਂ ਵਿੱਚ ਬੈਠਣਾ ਪਵੇਗਾ, ਇਸ ਕਰਕੇ ਕੋਈ ਵੀ ਕਿਸਾਨ ਨਿਰਧਾਰਤ ਨਮੀ ਤੋਂ ਵਾਧੂ ਨਮੀ ਵਾਲਾ ਗਿੱਲਾ ਝੋਨਾ ਮੰਡੀਆਂ ਵਿੱਚ ਨਾ ਲਿਆਵੇ। ਡਿਪਟੀ ਕਮਿਸ਼ਨਰ ਨੇ ਮੁੜ ਦੁਹਰਾਇਆ ਕਿ ਕੰਬਾਇਨ ਉਪਰੇਟਰਾਂ ਨੂੰ ਪਹਿਲਾਂ ਹੀ ਦੱਸਿਆ ਗਿਆ ਹੈ ਕਿ ਜੇਕਰ ਨਿਰਧਾਰਤ ਸਮੇਂ ਦੇ ਬਾਅਦ ਗਿੱਲੀ ਫ਼ਸਲ ਦੀ ਕਟਾਈ ਕਰਨਗੇ ਤਾਂ ਉਨ੍ਹਾਂ ਦੀ ਕੰਬਾਇਨ ਜ਼ਬਤ ਕਰ ਲਈ ਜਾਵੇਗੀ ਤੇ ਪੁਲਿਸ ਕੇਸ ਦਰਜ ਹੋਣ ਸਮੇਤ ਹੋਰ ਵੀ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰਨਾ ਪਵੇਗਾ। ਡਾ. ਪ੍ਰੀਤੀ ਯਾਦਵ ਨੇ ਅੱਗੇ ਕਿਹਾ ਕਿ ਝੋਨੇ ਦੀ ਖਰੀਦ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸਾਰੇ ਪ੍ਰਬੰਧ ਅਗੇਤੇ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਜਿਣਸ ਦਾ ਇੱਕ-ਇੱਕ ਦਾਣਾ ਸਮੇਂ ਸਿਰ ਖਰੀਦਿਆ ਜਾਵੇਗਾ। ਇਸ ਮੌਕੇ ਏ.ਡੀ.ਸੀ. ਨਵਰੀਤ ਕੌਰ ਸੇਖੋਂ ਸਮੇਤ ਡੀ.ਐਫ.ਐਸ.ਸੀ, ਜ਼ਿਲ੍ਹਾ ਮੰਡੀ ਅਫ਼ਸਰ ਤੇ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰ ਮੌਜੂਦ ਸਨ।

## 24 ਦੀ ਸਮਰਾਲਾ ਰੈਲੀ ਇਤਿਹਾਸਿਕ ਹੋਵੇਗੀ: ਬੀ.ਕੇ.ਯੂ. ਰਾਜੇਵਾਲ



ਨਾਭਾ, 22 ਅਗਸਤ (ਬਲਜਿੰਦਰ ਮਾਨ) : ਬੀਕੇਯੂ ਰਾਜੇਵਾਲ ਬਲਾਕ ਨਾਭਾ ਦੀ ਮੀਟਿੰਗ ਬਲਾਕ ਪ੍ਰਧਾਨ ਅੱਛਰ ਸਿੰਘ ਭੋਜੋਮਾਜਰੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਗੁਰੂ ਦਾਤਾ ਧੰਨਾ ਜੀ ਨਵੀਂ ਅਨਾਜ ਮੰਡੀ ਨਾਭਾ ਵਿੱਚ ਹੋਈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਆਗੂਆਂ ਨੇ ਦੱਸਿਆ ਕਿ 24 ਅਗਸਤ ਦੀ ਸਮਰਾਲਾ ਰੈਲੀ ਇਤਿਹਾਸਿਕ ਹੋਵੇਗੀ। ਭਾਵੇਂ ਕਿਸਾਨਾਂ ਦੇ ਜ਼ਬਰਦਸਤ ਵਿਰੋਧ ਕਾਰਨ ਲੈਂਡ ਪੂਲਿੰਗ ਪਾਲਸੀ ਵਾਪਸ ਲੈ ਲਈ ਗਈ ਹੈ ਪਰ ਬਾਕੀ ਦੀਆਂ ਮੰਗਾਂ ਜਿਵੇਂ ਕਿ ਫਰੀ ਟਰੇਡ ਐਗਰੀਮੈਂਟ, ਪੰਜਾਬ ਦੇ ਪਾਣੀਆਂ ਦੀ ਲੁੱਟ ਦਾ ਮਸਲਾ ਅਤੇ ਕੋਆਪਰੇਟਿਵ ਸਿਸਟਮ ਨੂੰ ਜਾਣ ਬੁੱਝ ਕੇ ਤਬਾਹ ਕਰਨ ਦਾ ਮਾਮਲਾ ਹੋਰ ਵੀ ਬਹੁਤ ਸਾਰੀਆਂ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਸਮਰਾਲਾ ਮਹਾਂ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਨੂੰ ਕਾਮਯਾਬ ਕਰਨ ਲਈ ਨਾਭੇ ਵਿੱਚੋਂ ਬਹੁਤ ਵੱਡੀ ਗਿਣਤੀ ਵਿੱਚ ਕਿਸਾਨ ਬੱਸਾਂ, ਕਾਰਾਂ ਅਤੇ ਟ੍ਰੈਕਟਰ ਟਰਾਲੀਆਂ ਰਾਹੀਂ ਸਮਰਾਲੇ ਪਹੁੰਚਣਗੇ। ਅੱਜ ਦੀ ਮੀਟਿੰਗ ਵਿੱਚ ਨੇਕ ਸਿੰਘ ਖੋਖ ਸੀਨੀਅਰ ਮੀਤ ਪ੍ਰਧਾਨ ਪੰਜਾਬ, ਘੁੰਮਣ ਸਿੰਘ ਅਤੇ ਹਰਦੀਪ ਸਿੰਘ ਸੂਬਾ ਸਕੱਤਰ, ਜਗਜੀਤ ਸਿੰਘ, ਅਵਤਾਰ ਸਿੰਘ ਅਤੇ ਲਾਭ ਸਿੰਘ ਮੀਤ ਪ੍ਰਧਾਨ ਜ਼ਿਲਾ ਪਟਿਆਲਾ, ਸਾਬਕਾ ਬਲਾਕ ਪ੍ਰਧਾਨ ਅਵਤਾਰ ਸਿੰਘ ਕੈਦੂਪੁਰ, ਗੁਰਪ੍ਰੀਤ ਸਿੰਘ, ਹਰਿੰਦਰਜੀਤ ਸਿੰਘ, ਜਰਨੈਲ ਸਿੰਘ, ਬਲਤੇਜ ਸਿੰਘ, ਪਰਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਅਤੇ ਕਿਸਾਨ ਇਸ ਮੀਟਿੰਗ ਵਿੱਚ ਪਹੁੰਚੇ ਵੱਖ ਵੱਖ ਪਿੰਡਾਂ ਤੋਂ ਆਏ ਕਿਸਾਨਾਂ ਨੇ ਵਾਅਦਾ ਕੀਤਾ ਕਿ ਉਹ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ।

## ਡੀ.ਐਸ.ਪੀ. ਇੰਦਰਪ੍ਰੀਤ ਸਿੰਘ ਬਡੂੰਗਰ ਦਾ ਸਨਮਾਨ



ਨਾਭਾ, 22 ਅਗਸਤ (ਬਲਜਿੰਦਰ ਮਾਨ) : ਰਿਆਸਤੀ ਸ਼ਹਿਰ ਨਾਭਾ ਵਿਖੇ ਇੱਕ ਸਾਦੇ ਸਮਾਗਮ ਦੌਰਾਨ ਗੋਬਿੰਦਰ ਸਿੰਘ ਭਿੰਦੀ ਟਰਾਂਸਪੋਰਟ ਅਤੇ ਸਾਥੀਆਂ ਨੇ ਅੱਜ ਨਾਭਾ ਵਿਖੇ ਇੰਦਰਪ੍ਰੀਤ ਸਿੰਘ ਬਡੂੰਗਰ ਨੂੰ ਡੀਐਸਪੀ ਬਣਨ 'ਤੇ ਸਨਮਾਨ ਕੀਤਾ । ਇਸ ਮੌਕੇ ਸਰੋਪਾ ਪਾ ਕੇ ਮੂੰਹ ਮਿੱਠਾ ਵੀ ਕਰਾਇਆ ਗਿਆ ਅਤੇ ਸਭ ਨੇ ਇੰਦਰਪ੍ਰੀਤ ਸਿੰਘ ਬਡੂੰਗਰ ਨੂੰ ਡੀ.ਐਸ.ਪੀ. ਬਣਨ 'ਤੇ ਵਧਾਈ ਦਿੱਤੀ, ਸ੍ਰੀ ਬਡੂੰਗਰ ਅੱਜ ਕੱਲ ਫਤਿਹਗੜ੍ਹ ਸਾਹਿਬ ਵਿਖੇ ਸੇਵਾਵਾਂ ਨਿਭਾਅ ਰਹੇ ਹਨ। ਇਸ ਮੌਕੇ ਇੰਦਰਪ੍ਰੀਤ ਸਿੰਘ ਬਡੂੰਗਰ ਡੀਐਸਪੀ ਨੇ ਕਿਹਾ ਕਿ ਮੈਂ ਮੇਰੇ ਵੀਰ ਭਿੰਦੀ ਟਰਾਂਸਪੋਰਟ ਅਤੇ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਮਾਨ ਸਨਮਾਨ ਦੇ ਕੇ ਨਿਵਾਜਿਆ ਹੈ ।ਇਸ ਮੌਕੇ ਭਿੰਦੀ ਟਰਾਂਸਪੋਰਟ ਰਮਨ ਕੁਮਾਰ ਗੋਇਲ ਸਾਬਕਾ ਇੰਸਪੈਕਟਰ ਜੈ ਗੋਪਾਲ ਸੀਨੀਅਰ ਕਾਂਗਰਸੀ ਆਗੂ ਸੁਰਿੰਦਰ ਸਿੰਘ ਚੌਹਾਨ ਜਿੰਦਰ ਸਿੰਘ ਲਖਵਿੰਦਰ ਸਿੰਘ ਲੱਕੀ ਤੋਂ ਇਲਾਵਾ ਹੋਰ ਹਾਜ਼ਰ ਸਨ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 22 ਅਗਸਤ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਗੋਧਮ ਪੁੱਤਰੀ ਦਵਿੰਦਰ ਕੁਮਾਰ ਵਾਸੀ ਨੇੜੇ ਨਗਰ ਖੇੜਾ ਬਡੂੰਗਰ ਪਟਿਆਲਾ ਨੇ ਕਥਿਤ ਦੋਸ਼ੀਆਂ ਮਨਜੀਤ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਹਰਗੋਬਿੰਦ ਨਗਰ ਬਾਗੜੀਆ ਰੋਡ ਧੂਰੀ ਜ਼ਿਲ੍ਹਾ ਸੰਗਰੂਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਮਿਤੀ 12-1-22 ਨੂੰ ਕਥਿਤ ਦੋਸ਼ੀ ਮਨਜੀਤ ਸਿੰਘ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਦੋਸ਼ੀ ਉਸ ਨੂੰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਅਤੇ ਧਮਕੀਆਂ ਦੇਣ ਲੱਗ ਪਿਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਨੌਕਰਾਣੀ ਵੱਲੋਂ ਮਾਲਕਣ ਨੂੰ ਬੰਨ੍ਹ ਕੇ ਲੁੱਟਣ ਦੀ ਕੋਸ਼ਿਸ਼, ਮਾਮਲਾ ਦਰਜ

ਪਟਿਆਲਾ, 22 ਅਗਸਤ (ਵਿਨੋਦ ਸ਼ਰਮਾ) : ਮਕਾਨ ਮਾਲਕਣ ਨੂੰ ਬੰਨ ਕੇ ਲੁੱਟਣ ਦੇ ਮਾਮਲੇ 'ਚ ਥਾਣਾ ਬਖਸ਼ੀਵਾਲਾ ਪੁਲਿਸ ਕੋਲ ਹਰਪ੍ਰੀਤ ਕੌਰ ਪਤਨੀ ਰਵਿੰਦਰ ਸਿੰਘ ਵਾਸੀ ਇੰਦਰਪੁਰਾ ਨੇ ਕਥਿਤ ਦੋਸ਼ੀਆਂ ਮੁਨੀਸ਼ਾ ਅਤੇ 3 ਹੋਰ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਉਕਤ ਦੋਸ਼ੀ ਮਹਿਲਾ ਨੂੰ ਘਰ ਵਿੱਚ ਨੌਕਰ ਵਜੋਂ ਰੱਖਿਆ ਹੋਇਆ ਸੀ, ਜੋ ਮਕਾਨ ਦੇ ਉਪਰਲੇ ਪੋਰਸ਼ਨ ਵਿੱਚ ਅਲੱਗ ਕਮਰੇ ਵਿੱਚ ਰਹਿੰਦੀ ਸੀ। ਕਥਿਤ ਦੋਸ਼ੀ ਮਹਿਲਾ ਸਮੇਤ 3 ਅਣਪਛਾਤੇ ਵਿਅਕਤੀਆਂ ਦੇ ਘਰ ਵਿੱਚ ਫਰੋਲਾ ਫਰਾਲੀ ਕਰ ਰਹੀ ਸੀ, ਜਦੋਂ ਉਸ ਨੇ ਕਥਿਤ ਦੋਸ਼ੀਆਂ ਨੂੰ ਦੇਖਿਆ ਅਤੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀਆਂ ਨੇ ਉਸ ਨੂੰ ਬੰਨ ਲਿਆ ਅਤੇ ਹੱਥ ਵਿੱਚ ਪਾਈ ਡਾਇਮੰਡ ਰਿੰਗ ਉਤਾਰਨ ਲਈ ਕਿਹਾ ਤੇ ਹੋਰ ਸਮਾਨ ਦੇਣ ਲਈ ਧਮਕੀਆਂ ਦੇਣ ਲੱਗ ਪਏ, ਜੋ ਉਸ ਦੇ ਲੜਕੇ ਨੇ ਕੈਮਰੇ ਆਪਣੇ ਫੋਨ ਪਰ ਦੇਖ ਕੇ ਗੁਆਂਢੀ ਨੂੰ ਫੋਨ ਕਰ ਦਿੱਤਾ, ਜਿਸਦੇ ਰੌਲਾ ਪਾਉਣ 'ਤੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਨੇ ਧਾਰਾ 331(4),305, 306, 127(2), 61(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਵਿਸ਼ਵ ਚਿੰਤਕ ਐਵਾਰਡੀ ਡਾ. ਸਵਰਾਜ ਸਿੰਘ ਸਨਮਾਨਤ



ਪਟਿਆਲਾ, 22 ਅਗਸਤ (ਦੀਪਕ ਜੈਦਕਾ) : ਦੇਸ਼ ਵਿਦੇਸ਼ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਨਾਏ ਜਾ ਰਹੇ 350 ਵੇਂ ਸ਼ਹੀਦੀ ਸਮਾਗਮ ਦੌਰਾਨ ਭਾਸ਼ਾ ਵਿਭਾਗ ਪੰਜਾਬ ਅਤੇ ਇਸਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਸੁਯੋਗ ਅਗਵਾਈ ਹੇਠ, ਪੰਜਾਬ ਬ੍ਰਾਹਮਣ ਸਭਾ ਅਤੇ ਪੰਚਾਇਤ ਪਿਲਖਣੀ ਦੇ ਸਹਿਯੋਗ ਨਾਲ 'ਹਿੰਦ ਦੀ ਚਾਦਰ' ਨਾਟਕ ਰੂਪੀ ਰੋਸ਼ਨੀ ਅਤੇ ਆਵਾਜ਼ ਦਾ ਪ੍ਰੋਗਰਾਮ ਪਿਲਖਾਨੀ ਵਿਖੇ ਆਯੋਜਤ ਕੀਤਾ ਗਿਆ, ਜਿਸ ਦੇ ਲੇਖਕ ਰਵਿੰਦਰ ਸਿੰਘ ਸੋਢੀ ਅਤੇ ਨਿਰਦੇਸ਼ਕ ਜੋਗਾ ਸਿੰਘ ਖੀਵਾ ਸਨ। ਇਸ ਮੌਕੇ 'ਤੇ ਵਿਸ਼ਵ ਚਿੰਤਕ ਅਵਾਰਡੀ ਡਾਕਟਰ ਸਵਰਾਜ ਸਿੰਘ ਤੇ ਉਹਨਾਂ ਦੀ ਧਰਮ ਪਤਨੀ ਗੁਰਿੰਦਰਜੀਤ ਕੌਰ ਖਹਿਰਾ ਨੂੰ ਪੰਚਾਇਤ ਪੀਲਖਣੀ ਅਤੇ ਪੰਜਾਬ ਬ੍ਰਾਹਮਣ ਸਮਾਜ ਦੁਆਰਾ ਵਿਸ਼ੇਸ਼ ਰੂਪ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਸ਼ਵ ਚਿੰਤਕ ਅਵਾਰਡੀ ਡਾਕਟਰ ਸਵਰਾਜ ਸਿੰਘ ਨੇ 'ਹਿੰਦ ਦੀ ਚਾਦਰ' ਰੋਸ਼ਨੀ ਅਤੇ ਆਵਾਜ਼ ਪ੍ਰੋਗਰਾਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੇ ਪ੍ਰੋਗ੍ਰਾਮ ਲੋਕਾਂ ਵਿੱਚ ਆਪਣੀ ਸੰਸਕ੍ਰਿਤੀ ਸਵਾਮੀ ਮਾਨ ਅਤੇ ਬਲਿਦਾਨ ਦੀ ਭਾਵਨਾ ਪੈਦਾ ਕਰਦੇ ਹਨ ਅਤੇ ਇਸ ਦੇ ਨਾਲ ਹੀ ਸਾਨੂੰ ਆਪਣੇ ਵਿਰਸੇ ਤੇ ਇਤਿਹਾਸ ਨੂੰ ਵੀ ਯਾਦ ਕਰਾਉਂਦੇ ਹਨ। ਉਹਨਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀ ਦੇ ਬਲਿਦਾਨ ਨੂੰ ਇੱਕ ਅਜਿਹਾ ਬਲਿਦਾਨ ਦੱਸਿਆ ਜਿਸ ਦੇ ਵਿੱਚ ਗੁਰੂ ਜੀ ਨੇ ਦੂਜੇ ਧਰਮ ਦੇ ਲੋਕਾਂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇ ਦਿੱਤੀ ਅਤੇ ਅਜਿਹੀ ਲਸਾਨੀ ਸ਼ਹਾਦਤ ਨੂੰ ਲੋਕ ਅੱਜ ਵੀ ਕੋਟੀ ਕੋਟੀ ਪ੍ਰਣਾਮ ਕਰਦੇ ਹੋਏ ਉਹਨਾਂ ਦੁਆਰਾ ਧਰਮ ਦੀ ਰੱਖਿਆ ਲਈ ਦਿਖਾਏ ਗਏ ਰਸਤੇ 'ਤੇ ਚੱਲਣ ਦਾ ਪ੍ਰਣ ਲੈਂਦੇ ਹਨ। ਇਸ ਮੌਕੇ ਮੇਘਰਾਜ, ਦੇਵੀ ਦਿਆਲ ਪਰਾਸਰ, ਮੁਖਤਿਆਰ ਸਿੰਘ, ਬਹਾਦਰ ਸਿੰਘ, ਸਰਪੰਚ ਗੁਰਬਾਜ ਸਿੰਘ, ਗੁਰਨਾਮ ਸਿੰਘ, ਗਿਆਨੀ ਹਰਵਿੰਦਰ ਸਿੰਘ ਗੁਰਵਿੰਦਰ ਸਿੰਘ, ਹਰਜੀਤ ਸਿੰਘ ਜਸਪਾਲ ਸਿੰਘ ਅਤੇ ਸੁਰਜੀਤ ਸਿੰਘ ਲਾਡੀ ਸ਼ਾਮਿਲ ਸਨ।

## ਖੇਤੀਬਾੜੀ ਵਿਭਾਗ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਕੈਂਪਾਂ ਦਾ ਆਗਾਜ਼

ਪਟਿਆਲਾ, 22 ਅਗਸਤ (ਚ.ਨ.ਸ): ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮੌਜੂਦਾ ਸਾਉਣੀ ਸੀਜ਼ਨ ਦੌਰਾਨ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਬਣਾਏ ਗਏ ਐਕਸ਼ਨ ਪਲਾਨ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਗਤੀਵਿਧੀ ਕਲੰਡਰ ਅਨੁਸਾਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਕਸ਼ਨ ਪਲਾਨ ਮੁਤਾਬਿਕ ਵਾਲ ਪੇਂਟਿੰਗਜ਼, ਆਸ਼ਾ ਵਰਕਰ, ਨੁੱਕੜ ਨਾਟਕਾਂ, ਮੋਬਾਇਲ ਵੈਨਾਂ ਅਤੇ ਸਕੂਲੀ ਬੱਚਿਆਂ ਦੇ ਸਹਿਯੋਗ ਨਾਲ ਪਿੰਡ ਪੱਧਰ ਤੇ ਮਹੀਨਾ ਅਗਸਤ ਅਤੇ ਸਤੰਬਰ ਦੌਰਾਨ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਲੜੀ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਬਲਾਕ ਖੇਤੀਬਾੜੀ ਅਫ਼ਸਰਾਂ ਦੇ ਸਹਿਯੋਗ ਨਾਲ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ ਜਿਨ੍ਹਾਂ ਵਿਚ ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿਚ ਮਿਲਾਉਣ ਬਾਰੇ ਅਤੇ ਝੋਨੇ ਦੀ ਕਟਾਈ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਵਿਚਕਾਰ ਕਰਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਬਲਾਕ ਪਟਿਆਲਾ ਵੱਲੋਂ ਪਿੰਡ ਕਾਲਵਾ, ਫਰੀਦਪੁਰ, ਕੌਲੀ, ਜਾਫਰਨਗਰ, ਬੋਹੜਪੁਰ, ਜਨਹੇੜੀਆਂ ਅਤੇ ਬਲਾਕ ਨਾਭਾ ਵੱਲੋਂ ਪਿੰਡ ਸੁਰਾਜਪੁਰ, ਕੁਲਾਰਾਂ, ਸਹੌਲੀ, ਰੋਟੀ ਮੌੜਾਂ, ਸਿੱਧੂਵਾਲ, ਟੌੜਰਵਾਲ, ਮੱਲੇਵਾਲ ਅਤੇ ਮੰਗੇਵਾਲ ਪਿੰਡਾਂ ਵਿਚ ਜਾਗਰੂਕਤਾ ਕੈਂਪ ਲਗਾਏ ਗਏ। ਇਹਨਾਂ ਕੈਂਪਾਂ ਵਿਚ ਖੇਤੀਬਾੜੀ ਵਿਭਾਗ ਦੇ ਖੇਤੀਬਾੜੀ ਵਿਕਾਸ ਅਫ਼ਸਰ, ਖੇਤੀਬਾੜੀ ਵਿਸਥਾਰ ਅਫ਼ਸਰ, ਖੇਤੀਬਾੜੀ ਉਪ-ਨਿਰੀਖਕ, ਬੀ.ਟੀ.ਐਮ. ਅਤੇ ਏ.ਟੀ.ਐਮ. ਵੱਲੋਂ ਝੋਨੇ ਦੇ ਕੀੜੇ ਮਕੌੜਿਆਂ ਅਤੇ ਹੋਰ ਬਿਮਾਰੀਆਂ ਦੀ ਰੋਕਥਾਮ ਸਬੰਧੀ ਤਕਨੀਕੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ।

## 99 ਲੱਖ ਦੀ ਲਾਗਤ ਨਾਲ ਪਿੰਡ ਚਿਚੜਵਾਲਾ 'ਚ ਪਾਣੀ ਵਾਲੀ ਟੈਂਕੀ ਦਾ ਵਿਧਾਇਕ ਵੱਲੋਂ ਉਦਘਾਟਨ

### ਪਿੰਡ ਚਿੱਚੜਵਾਲਾ ਦੇ ਹਰ ਘਰ 'ਚ ਪਹੁੰਚੇਗਾ ਪੀਣ ਵਾਲਾ ਸ਼ੁੱਧ ਪਾਣੀ: ਕੁਲਵੰਤ ਬਾਜ਼ੀਗਰ



ਪਾਤੜਾਂ, 22 ਅਗਸਤ (ਹਰਮਿੰਦਰ ਕਰਤਾਰਪੁਰ): ਸਬ ਡਵੀਜ਼ਨ ਪਾਤੜਾਂ ਦੇ ਪਿੰਡ ਕਰੀਮ ਨਗਰ ਉਰਫ਼ ਚਿੱਚੜਵਾਲਾ ਵਿੱਚ ਅੱਜ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਜਲ ਸਪਲਾਈ ਸਕੀਮ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੇ ਫਰਜ਼ੰਦ ਗੁਰਮੀਤ ਸਿੰਘ,ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਪੰਚ ਜਗਸੀਰ ਸਿੰਘ ਧਾਲੀਵਾਲ,ਸਰਪੰਚ ਹਰਦੀਪ ਸਿੰਘ ਸੰਧੂ, ਕੁਲਦੀਪ ਸਿੰਘ ਥਿੰਦ,ਕੌਂਸਲਰ ਕੁਲਦੀਪ ਸਿੰਘ ਬਿੱਟੂ ਬਦੇਸ਼ਾ, ਮੁਖਤਿਆਰ ਰਾਮ ਪੱਪੀ ਬਾਜ਼ੀਗਰ, ਸਰਪੰਚ ਭੁਪਿੰਦਰ ਸਿੰਘ ਭਿੰਦਾ ਮੋਮੀ, ਕੌਂਸਲਰ ਸੋਨੀ ਠੇਕੇਦਾਰ ਸਮੇਤ ਪਿੰਡ ਚਿਚੜਵਾਲਾ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਰਹੇ।ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ 99 ਲੱਖ ਦੀ ਲਾਗਤ ਬਣਨ ਵਾਲੇ ਇਸ ਪ੍ਰੋਜੈਕਟ ਨਾਲ ਪਿੰਡ ਚਿਚੜਵਾਲਾ ਦੇ ਹਰ ਘਰ ਤੱਕ ਪੀਣ ਵਾਲਾ ਸ਼ੁੱਧ ਪਾਣੀ ਪਹੁੰਚੇਗਾ। ਉਨ੍ਹਾਂ ਦੱਸਿਆ ਕਿ ਪਿੰਡ ਦੇ ਹਰ ਘਰ ਨੂੰ ਪਾਣੀ ਦਾ ਕੁਨੈਕਸ਼ਨ ਫਰੀ ਦਿੱਤਾ ਜਾਵੇਗਾ ਜਦ ਕਿ ਜਲ ਸਪਲਾਈ ਸਕੀਮ ਦਾ ਕੰਮ 9 ਮਹੀਨੇ ਦੇ ਸਮੇਂ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਮੁਕੰਮਲ ਕਰਵਾਇਆ ਜਾਵੇਗਾ।ਇਸ ਜਲ ਸਪਲਾਈ ਸਕੀਮ ਅਧੀਨ ਪਾਣੀ ਦੀ ਟੈਂਕੀ, ਟਿਊਬਵੈੱਲ,ਧਰਤੀ ਹੇਠ ਪਾਈਪ ਲਾਈਨਾਂ ਅਤੇ ਸੋਲਰ ਸਿਸਟਮ ਲਗਾਇਆ ਜਾਵੇਗਾ।ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਜਲਦ ਹੀ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੀਆਂ ਪੰਜ ਦਰਜ਼ਨ ਦੇ ਕਰੀਬ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਕੰਮ ਚਾਲੂ ਕਰ ਦਿੱਤਾ ਜਾਵੇਗਾ ਅਤੇ ਪਿੰਡਾਂ ਦੇ ਵਿਕਾਸ ਲਈ ਕਰੋੜਾਂ ਰੁਪਏ ਦੇ ਹੋਰ ਪ੍ਰੋਜੈਕਟ ਵੀ ਅਗਲੇ ਦੋ ਮਹੀਨਿਆਂ ਅੰਦਰ ਚਾਲੂ ਕਰ ਦਿੱਤੇ ਜਾਣਗੇ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਇਹ ਵੀ ਦੱਸਿਆ ਕਿ ਸੂਬੇ ਦੇ ਮੁੱਖ ਮੰਤਰੀ ਮਾਣਯੋਗ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ, ਪੰਜਾਬ ਦੇ ਪਿੰਡਾਂ ਵਿੱਚ ਪੀਣ ਯੋਗ ਸਾਫ਼ ਪਾਣੀ ਦੇਣ ਲਈ ਪ੍ਰਤੀ-ਬੱਧ ਹੈ।ਇਸ ਮੌਕੇ ਸਾਬਕਾ ਸਰਪੰਚ ਛੀਬਾ ਰਾਮ, ਰੁਲਦਾ ਰਾਮ, ਬਲਬੀਰ ਸਿੰਘ, ਜਸਪਾਲ ਸਿੰਘ ਪੰਚ, ਮੁਖਤਿਆਰ ਸਿੰਘ ਮੁੱਖਾ ਸੰਧੂ, ਰੇਸ਼ਮ ਸਿੰਘ ਵਿਰਕ,ਲੱਡੀ ਰਾਮ, ਸਰਪੰਚ ਕੁਲਵੰਤ ਸਿੰਘ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

## ਪਦਮਸ਼੍ਰੀ ਡਾ: ਖੁਸ਼ਦੇਵਾ ਸਿੰਘ ਲੈਪ੍ਰੋਸੀ ਪੇਸ਼ੈਂਟਸ ਕਲੋਨੀ 'ਚ ਕ੍ਰਿਸ਼ਨ ਜਨਮ ਅਸ਼ਟਮੀ ਮਨਾਈ



ਪਟਿਆਲਾ, 22 ਅਗਸਤ (ਚ.ਨ.ਸ.) : ਪਦਮਸ਼੍ਰੀ ਡਾ: ਖੁਸ਼ਦੇਵਾ ਸਿੰਘ ਲੈਪ੍ਰੋਸੀ ਪੇਸ਼ੈਂਟਸ ਕਾਲੋਨੀ ਵਿਖੇ ਆਯੋਜਿਤ 2 ਦਿਵਸੀ 22ਵੇਂ ਕ੍ਰਿਸ਼ਨ ਜਨਮ ਅਸ਼ਟਮੀ ਮਹੋਤਸਵ ਚ ਦੂਰ ਦੁਰਾਡੇ ਇਲਾਕਿਆਂ ਤੋਂ ਆਏ ਸ਼ਰਧਾਲੂਆਂ ਨੇ ਅਖੰਡ ਕੀਰਤਨ ਚ ਹਿੱਸਾ ਲਿਆ। ਪਿਛਲੇ 60 ਸਾਲਾਂ ਤੋਂ ਆਸ਼ਰਮ ਨਾਲ ਜੁੜੇ, ਵਿਸ਼ੇਸ਼ ਨਿਮੰਤਰਿਤ ਪਦਮਸ਼੍ਰੀ ਪ੍ਰਾਣ ਸੱਭਰਵਾਲ ਨੇ ਦੱਸਿਆ ਕਿ ਉੱਤਰੀ ਭਾਰਤ ਦੇ ਵੱਖ ਵੱਖ ਰਾਜਾਂ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਉੱਤਰਾਖੰਡ ਦੇ ਕੁਸ਼ਟ ਆਸ਼ਰਮਾਂ ਤੋਂ ਪਹੁੰਚੇ ਨੁਮਾਇੰਦਿਆਂ ਨੇ ਪਟਿਆਲਾ ਕੁਸ਼ਟ ਆਸ਼ਰਮ ਨੂੰ ਉਤਰੀ ਭਾਰਤ ਦਾ ਸਿਰਮੌਰ ਆਸ਼ਰਮ ਦੱਸਿਆ. ਉਹਨਾਂ ਅਤੇ ਪ੍ਰਾਣ ਸੱਭਰਵਾਲ ਨੇ ਆਸ਼ਰਮ 'ਚ ਸਥਾਪਿਤ ਸ਼੍ਰੀ ਕ੍ਰਿਸ਼ਨ ਮੰਦਿਰ ਵਿਖੇ ਮੱਥਾ ਟੇਕਿਆ ਅਤੇ ਕਾਲੋਨੀ ਬਾਨੀ ਡਾ: ਖੁਸ਼ਦੇਵਾ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ. ਆਯੋਜਕਾਂ ਨੇ ਆਰਕੀਟੈਕਟ ਜੋੜੀ ਸ਼੍ਰੀ ਸਮਪਨ ਸੱਭਰਵਾਲ ∴ ਸ਼੍ਰੀਮਤੀ ਅਨੁਪਮਾ ਸੱਭਰਵਾਲ (ਦਿੱਲੀ ) ਨੂੰ ਸਨਮਾਨਿਤ ਕੀਤਾ। ਸ਼੍ਰੀ ਸੱਭਰਵਾਲ ਅਤੇ ਪਰਿਵਾਰ ਨੇ ਸੰਕੀਰਤਨ ਅਤੇ ਹਵਨ ਯਗਿਅ 'ਚ ਭਾਗ ਲਿਆ, ਕੈਸ਼ ਅਵਾਰਡ ਅਤੇ ਲੱਡੂ ਵੰਡੇ।

## ਸਰਕਾਰ ਦੇ ਤਾਨਾਸ਼ਾਹੀ ਰਵੱਈਏ ਖ਼ਿਲਾਫ਼ ਭਾਜਪਾ ਵਰਕਰਾਂ ਨੇ ਫੂਕਿਆ ਪੁਤਲਾ



ਸਮਾਣਾ, 22 ਅਗਸਤ (ਵਿਜੇ ਕੁਮਾਰ/ਜਵੰਦਾ/ਅਮਿਤ ਸਰਮਾ) : ਭਾਰਤੀ ਜਨਤਾ ਪਾਰਟੀ ਮੰਡਲ ਸਮਾਣਾ ਵੱਲੋਂ ਪੰਜਾਬ ਸਰਕਾਰ ਦੇ ਤਾਨਾਸ਼ਾਹੀ ਰੱਵਈਆ ਅਪਨਾਉਣ ਦੇ ਵਿਰੋਧ 'ਚ ਮੁੱਖ ਮੰਤਰੀ ਦਾ ਅੰਬੇਦਕਰ ਚੌਕ 'ਚ ਪੁਤਲਾ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਤਾਨਾਸ਼ਾਹੀ ਬਾਰੇ ਦੱਸਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜ਼ਰੂਰਤਮੰਦ ਲੋਕਾਂ ਲਈ ਜੋ ਸਮਾਜ ਭਲਾਈ ਦੀਆਂ ਸਕੀਮਾਂ ਚਲਾਈਆਂ ਹੋਈਆਂ ਹਨ ਉਹਨਾਂ ਸਕੀਮਾਂ ਨੂੰ ਪੰਜਾਬ ਸਰਕਾਰ ਆਪਣਾ ਨਾਮ ਵਰਤ ਕੇ ਲੋਕਾਂ ਵਿੱਚ ਨਾਂ ਮਾਤਰ ਸਹੂਲਤਾਂ ਦੇ ਰਹੀ ਹੈ। ਇਹਨਾਂ ਸਕੀਮਾਂ ਦਾ ਪ੍ਰਚਾਰ ਕਰਕੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਭਾਜਪਾ ਵਰਕਰਾਂ ਵੱਲੋਂ ਪਿੰਡ ਪੱਧਰ 'ਤੇ ਸੀ.ਐਸ.ਸੀ ਮੁਲਾਜ਼ਮਾਂ ਦੀ ਸਹਿਯੋਗ ਨਾਲ ਕੈਂਪ ਲਗਾਏ ਜਾ ਰਹੇ ਹਨ, ਤਾਂ ਕਿ ਇਹਨਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੋਕਾਂ ਨੂੰ ਮਿਲ ਸਕੇ।ਬੁਲਾਰਿਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਮਾਨ ਸਰਕਾਰ ਪੰਜਾਬ 'ਚ ਤਾਨਾਸ਼ਾਹੀ ਅਪਣਾ ਕੇ ਦੂਜੀਆਂ ਰਾਜਨੀਤਿਕ ਪਾਰਟੀਆਂ ਨੂੰ ਉਹਨਾਂ ਦੀਆਂ ਸਰਗਰਮੀਆਂ ਕਰਨ ਤੋਂ ਰੋਕਣਾ ਚਾਹੁੰਦੀ ਹੈ, ਜੋ ਲੋਕਤੰਤਰ ਦਾ ਘਾਣ ਹੈ। ਇਸ ਮੌਕੇ ਭਾਜਪਾ ਆਗੂ ਹਰਮੇਸ਼ ਗੋਇਲ, ਸੁਰਿੰਦਰ ਸਿੰਘ ਖੇੜਕੀ, ਜਤਿੰਦਰ ਸ਼ਰਮਾ, ਵਿਨੋਦ ਸਿੰਗਲਾ, ਰਜਿੰਦਰ ਕੁਕੀ, ਸੰਜੀਵ ਗਰਗ, ਪ੍ਰੀਕਸ਼ਿਤ ਪਾਠਕ, ਦਮਨ ਭੱਲਾ, ਤੋਂ ਇਲਾਵਾ ਹੋਰ ਵੀ ਭਾਜਪਾ ਵਰਕਰ ਮੌਜੂਦ ਸਨ।

## ਚੋਰੀ ਦੇ 9 ਮੋਟਰਸਾਈਕਲ ਬ੍ਰਾਮਦ

ਪਟਿਆਲਾ, 22 ਅਗਸਤ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਗੁਰਸੇਵਕ ਸਿੰਘ ਵਾਸੀ ਪਿੰਡ ਚਲੈਲਾ ਥਾਣਾ ਅਨਾਜ ਮੰਡੀ ਪਟਿਆਲਾ, ਵਿਕਾਸ ਕੁਮਾਰ ਵਾਸੀ ਧਾਮੋਮਾਜਰਾ ਥਾਣਾ ਪਸਿਆਣਾ ਵਿਰੁੱਧ ਧਾਰਾ 303(2) ਬੀ.ਐਨ.ਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ ਸੁਰੇਸ਼ ਕੁਮਾਰ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਫੁਆਰਾ ਚੌਕ ਪਟਿਆਲਾ ਕੋਲ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਰਾਜਿੰਦਰਾ ਹਸਪਤਾਲ ਅਤੇ ਹੋਰ ਥਾਵਾਂ ਤੋਂ ਮੋਟਰਸਾਇਕਲ-ਸਕੂਟਰੀਆਂ ਵਗੈਰਾ ਚੋਰੀਆਂ ਕਰਨ ਦੇ ਆਦੀ ਹਨ, ਜੋ ਅੱਜ ਵੀ ਚੋਰੀਸ਼ੁਦਾ ਬਿਨ੍ਹਾ ਨੰਬਰੀ ਮੋਟਰਸਾਇਕਲ ਪਰ ਸਵਾਰ ਹੋ ਕੇ ਮਾਡਲ ਟਾਊਨ ਏਰੀਆ ਵਿੱਚ ਚੋਰੀ ਕਰਨ ਦੀ ਤਾਕ ਵਿੱਚ ਆ ਰਹੇ ਹਨ, ਜੋ ਬਾਰਾ ਖੂਆ ਚੌਕ ਪਾਸ ਨਾਕਾਬੰਦੀ ਕਰਕੇ ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ 9 ਮੋਟਰਸਾਇਕਲ ਚੋਰੀ ਦੇ ਬ੍ਰਾਮਦ ਹੋਏ।

ਖ਼ਾਲਸਾ ਪ੍ਰਚਾਰ ਮਿਸ਼ਨ ਪਟਿਆਲਾ ਵੱਲੋਂ ਚੌਥਾ ਮਹਾਨ
21 ਰੋਜ਼ਾ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ
**23 ਅਗਸਤ 2025 ਦਿਨ ਸ਼ਨੀਵਾਰ**
**ਗੁ: ਅਰਜਨ ਨਗਰ ਸਤਿਸੰਗ ਸਭਾ, ਅਰਜਨ ਨਗਰ, ਨਜ਼ਦੀਕ ਬੁੱਢਾ ਦਲ ਸਕੂਲ, ਪਟਿਆਲਾ**
ਵਿਖੇ ਸ਼ਾਮ 7 ਤੋਂ 9 ਵਜੇ ਤੱਕ ਹੋਵੇਗਾ।



# ਪਟਿਆਲਾ-ਆਸ/ਪਾਸ



# ਪੰਜਾਬੀ ਯੂਨੀਵਰਸਿਟੀ ਦੇ ਗ਼ੈਰ-ਅਧਿਆਪਨ ਕਰਮਚਾਰੀਆਂ ਨੂੰ 22ਵੇਂ ਦਿਨ ਵੀ ਜਾਰੀ ਨਹੀਂ ਹੋਈਆਂ ਤਨਖ਼ਾਹਾਂ

**☛ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਤੋਂ ਤਨਖਾਹ ਰਿਲੀਜ਼ ਕਰਨ ਦੀ ਕੀਤੀ ਮੰਗ**
**☛ਪ੍ਰਸ਼ਾਸਨ ਨੇ ਦੋ ਦਿਨ ਦਾ ਸਮਾਂ ਮੰਗਿਆ, ਸੋਮਵਾਰ ਨੂੰ ਵੱਡਾ ਐਕਸ਼ਨ ਲਿਆ ਜਾਵੇਗਾ: ਬਾਗੜੀਆਂ**

ਪਟਿਆਲਾ, 22 ਅਗਸਤ (ਰੁਪਾਣਾ) : ਅਗਸਤ ਮਹੀਨੇ ਦੇ 22 ਦਿਨ ਲੰਘਣ ਉਪਰੰਤ ਵੀ ਪੰਜਾਬੀ ਯੂਨੀਵਰਸਿਟੀ ਦੇ ਗੈਰ ਅਧਿਆਪਨ ਕਰਮਚਾਰੀਆਂ ਦੀ ਤਨਖਾਹ ਰਿਲੀਜ਼ ਨਹੀਂ ਕੀਤੀ ਗਈ। ਪਿਛਲੇ 15 ਦਿਨਾਂ ਤੋਂ ਲਗਾਤਾਰ ਕਰਮਚਾਰੀ ਸੰਘ ਦੇ ਆਗੂਆਂ ਦੀ ਅਗਵਾਈ ਹੇਠ ਧਰਨਾ ਲਗਾਇਆ ਜਾ ਰਿਹਾ ਹੈ। ਬੀਤੇਂ ਕਲ ਵੀ ਯੂਨੀਵਰਸਿਟੀ ਦੇ ਮੇਨ ਗੇਟ ਅੱਗੇ ਇਕੱਲੇ ਗੈਰ ਅਧਿਆਪਨ ਕਰਮਚਾਰੀਆਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਕੀਤਾ ਗਿਆ ਸੀ, ਜਿਸ ਦੇ ਬਾਵਜੂਦ ਵੀ ਪੰਜਾਬ ਸਰਕਾਰ ਯੂਨੀਵਰਸਿਟੀ ਦੇ ਕਰਮਚਾਰੀਆਂ ਨੂੰ ਅਣਗੌਲਿਆਂ ਕਰ ਰਹੀ ਹੈ। ਅੱਜ ਤਨਖਾਹਾਂ ਨਾ ਮਿਲਣ ਕਾਰਨ ਰੋਹ ਵਿੱਚ ਆਏ ਕਰਮਚਾਰੀਆਂ ਨੇ ਗੈਰ ਅਧਿਆਪਨ ਕਰਮਚਾਰੀ ਸੰਘ ਦੇ ਆਗੂਆਂ ਦੀ ਅਗਵਾਈ ਹੇਠ ਪ੍ਰੀਖਿਆ ਸ਼ਾਖਾ ਸਾਹਮਣੇ ਵੱਡੀ



ਗਿਣਤੀ ਵਿੱਚ ਇਕੱਠੇ ਹੋ ਕੇ ਤਨਖਾਹ ਲਈ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਵੱਡੀ ਗਿਣਤੀ ਵਿੱਚ ਇਕੱਤਰ ਹੋਏ ਕਰਮਚਾਰੀਆਂ ਨੇ ਰੋਸ ਮਾਰਚ ਕਰਦਿਆਂ ਵਾਇਸ ਚਾਂਸਲਰ ਦੇ ਦਫਤਰ ਬਾਹਰ ਧਰਨਾ ਲਗਾਇਆਂ। ਇਕੱਤਰ ਹੋਏ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਰਾਜਿੰਦਰ ਸਿੰਘ ਬਾਗੜੀਆਂ, ਪ੍ਰਕਾਸ਼ ਸਿੰਘ ਧਾਲੀਵਾਲ, ਅਮਰਜੀਤ ਕੌਰ, ਸ਼ਰਨਦੀਪ ਕੌਰ ਨੇ ਦੱਸਿਆ ਕਿ ਅੱਜ 22 ਦਿਨਾਂ ਬਾਅਦ ਵੀ ਯੂਨੀਵਰਸਿਟੀ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲੀ,ਜਿਸ ਕਾਰਨ ਹਰ ਵੱਡੇ ਛੋਟੇ ਕਰਮਚਾਰੀ ਲਈ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਔਖਾ ਹੋ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਜਾਰੀ ਗ੍ਰਾਂਟ ਪੰਜਾਬ ਸਰਕਾਰ ਵੱਲੋਂ ਕਿਸ ਕਾਰਨ ਰੋਕੀ ਗਈ ਹੈ ਉਸ ਸਬੰਧੀ ਠੋਸ ਜਾਣਕਾਰੀ ਦੇਣ ਲਈ ਕੋਈ ਅਧਿਕਾਰੀ ਤਿਆਰ ਨਹੀਂ ਹੈ।ਵੱਖ-ਵੱਖ ਬੁਲਾਰਿਆਂ ਨੇ ਰੋਸ ਮਾਰਚ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਅਤੇ ਯੂਨੀਵਰਸਿਟੀ ਦੇ ਵਿੱਤ ਅਫ਼ਸਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਅਤੇ ਰਜਿਸਟਰਾਰ ਪ੍ਰੋ. ਦਵਿੰਦਰਪਾਲ ਸਿੰਘ ਸਿੱਧੂ ਨੇ ਵਾਇਸ ਚਾਂਸਲਰ ਦਫ਼ਤਰ ਦੇ ਬਾਹਰ ਤਨਖਾਹ ਦੀ ਮੰਗ ਕਰਦੇ ਮੁਲਾਜ਼ਮਾਂ ਨੂੰ ਭਰੋਸਾ ਦਿਵਾਇਆ ਕਿ ਖੁਦ ਵਾਇਸ ਚਾਂਸਲਰ ਵੱਲੋਂ ਗ੍ਰਾਂਟ ਜਾਰੀ ਕਰਾਉਣ ਲਈ ਸਰਕਾਰ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਪ੍ਰਸ਼ਾਸਨ ਪੰਜਾਬ ਸਰਕਾਰ ਦੇ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਹੈ। ਉਨ੍ਹਾਂ ਕਿਹਾ ਕਿ ਗ੍ਰਾਂਟ ਆਉਣ ਤੇ ਤਨਖਾਹ ਰਿਲੀਜ਼ ਕਰ ਦਿੱਤੀ ਜਾਵੇਗੀ। ਮੁਲਾਜ਼ਮ ਆਗੂਆਂ ਦੀ ਮੰਗ 'ਤੇ ਕਰਮਚਾਰੀਆਂ ਦੀ ਬਕਾਇਆ ਰਾਸ਼ੀ ਅੱਜ ਜਾਂ ਭਲਕੇ ਖਾਤਿਆਂ ਵਿਚ ਪਾਉਣ ਦਾ ਭਰੋਸਾ ਦਿਵਾਇਆ। ਪ੍ਰਸ਼ਾਸਨ ਵੱਲੋਂ ਕਰਮਚਾਰੀ ਸੰਘ ਦੇ ਆਗੂਆਂ ਤੋਂ ਦੋ ਦਿਨ ਦਾ ਸਮਾਂ ਤਨਖਾਹ ਰਿਲੀਜ਼ ਕਰਾਉਣ ਲਈ ਮੰਗਿਆ ਗਿਆ।ਇਸ ਉਪਰੰਤ ਇਕੱਤਰ ਹੋਏ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਆਗੂ ਰਾਜਿੰਦਰ ਸਿੰਘ ਬਾਗੜੀਆਂ ਅਤੇ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਜੇਕਰ ਦੋ ਦਿਨਾਂ ਵਿੱਚ ਕਰਮਚਾਰੀਆਂ ਦੀ ਤਨਖਾਹ ਰਿਲੀਜ਼ ਨਾ ਹੋਈ ਤਾਂ ਸਾਰੇ ਯੂਨੀਵਰਸਿਟੀ ਮੁਲਾਜ਼ਮਾਂ, ਬਾਹਰਲੇ ਕੈਂਪਸਾਂ ਅਤੇ ਵਿਦਿਆਰਥੀਆਂ ਜਥੇਬੰਦੀਆਂ ਦੇ ਸਹਿਯੋਗ ਨਾਲ ਸੋਮਵਾਰ ਨੂੰ ਤਨਖਾਹ ਲਈ ਵੱਡਾ ਸੰਘਰਸ਼ ਉਲੀਕਿਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਅੱਜ ਦੇ ਰੋਸ ਮੁਜ਼ਾਹਰੇ ਦੌਰਾਨ ਆਗੂ ਰਾਜਿੰਦਰ ਸਿੰਘ ਬਾਗੜੀਆਂ, ਪ੍ਰਕਾਸ਼ ਸਿੰਘ ਧਾਲੀਵਾਲ, ਅਮਰਜੀਤ ਕੌਰ ਗਿੱਲ, ਸ਼ਰਨਦੀਪ ਕੌਰ, ਜਗਤਾਰ ਸਿੰਘ ਸੈਣੀ, ਤੇਜਿੰਦਰ ਸਿੰਘ, ਪ੍ਰਭਜੋਤ ਸਿੰਘ, ਗੁਰਪਿਆਰ ਸਿੰਘ,ਹਰਦਾਸ ਸਿੰਘ, ਰਾਮਫਲ, ਸੰਜੀਵ ਕੁਮਾਰ ਗਗਨਦੀਪ ਸ਼ਰਮਾ, ਸੁਖਵਿੰਦਰ ਸਿੰਘ ਸੁੱਖੀ ਆਦਿ ਵੱਲੋਂ ਗਿਣਤੀ ਵਿੱਚ ਕਰਮਚਾਰੀਆਂ ਨੇ ਸੰਬੋਧਨ ਕੀਤਾ।

# ਜਥੇਦਾਰੀ ਦੇ ਅਹੁਦੇ ਤੋਂ ਹਟਾਉਣ ਤੋਂ ਬਾਅਦ ਦੀਆਂ ਘਟਨਾਵਾਂ ਨੂੰ 2 ਦਸੰਬਰ ਤੋਂ ਪਹਿਲਾਂ ਦਰਸਾਉਣਾ ਸੁਖਬੀਰ ਧੜੇ ਦੀ ਵੱਡੀ ਸਾਜਿਸ਼: ਪ੍ਰੋ. ਚੰਦੂਮਾਜਰਾ

ਭੁਨਰਹੇੜੀ, 22 ਅਗਸਤ (ਗੁਰਜੀਤ ਸਿੰਘ ਢੋਟ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੁਖਬੀਰ ਧੜੇ ਵੱਲੋਂ ਜਥੇਦਾਰੀ ਦੇ ਆਹੁਦੇ ਤੋ ਹਟਾਉਣ ਤੋਂ ਬਾਅਦ ਦੀਆਂ ਘਟਨਾਵਾ ਨੂੰ 2 ਦਸੰਬਰ 2024 ਤੋਂ ਪਹਿਲਾਂ ਦਰਸਾਉਣਾ ਸੁਖਬੀਰ ਧੜੇ ਦੀ ਵੱਡੀ ਸਾਜਿਸ਼ ਹੈ, ਤਾਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ ਬਰਸੀ ਸਮਾਗਮ ਵਿਚ ਸੁਖਬੀਰ ਧੜੇ ਤੋਂ ਹੋਈਆਂ ਵੱਡੀਆਂ ਗਲਤੀਆਂ 'ਤੇ ਪਰਦਾ ਪਾਇਆ ਜਾ ਸਕੇ, ਕਿਉਂਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ ਹਨ, ਉਨ੍ਹਾ ਦੇ ਬਰਸੀ ਸਮਾਗਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਤੋਂ ਬਿਨ੍ਹਾਂ ਅਤੇ ਕੁਰਸੀਆਂ 'ਤੇ ਬੈਠ ਕੇ ਮਨਾਉਣਾ ਅਕਾਲੀ ਸਿਧਾਂਤਾਂ ਨੂੰ ਤਿਲਾਂਜਲੀ ਦੇਣਾ ਹੈ। ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਹੋਈ ਗਲਤੀਆਂ 'ਤੇ ਪਾਉਣ ਲਈ ਹੁਣ ਉਨ੍ਹਾਂ ਦੇ ਭਾਸ਼ਣ ਆਪਣੇ ਤਰੀਕੇ ਨਾਲ ਮਤਲਬ ਕੱਢ ਕੇ ਪੰਥਕ ਅਤੇ ਪੰਜਾਬੀ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ ਜਾ ਰਹੀ ਹੈ। ਪ੍ਰੋ ਚੰਦੂਮਾਜਰਾ ਨੇ ਕਿਹਾ ਕਿ ਸੁਖਬੀਰ ਬਾਦਲ ਧੜੇ ਦੇ ਆਗੂਆਂ ਵੱਲੋਂ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਜਾਣ ਬੁਝ ਕੇ ਉਨ੍ਹਾਂ ਦੇ ਭਾਸ਼ਣ



ਦੇ ਗਲਤ ਮਤਲਬ ਕੱਢੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੇ ਬਰਸੀ ਸਮਾਗਮ 'ਤੇ ਜਿਸ ਤਰ੍ਹਾਂ ਲਾਮਿਸਾਲ ਇਕੱਠ ਹੋਇਆ ਅਤੇ ਪੰਥਕ ਲੋਕਾਂ ਅਤੇ ਪੰਜਾਬੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਪੰਜਾਬੀਅਤ ਜਗਾਉਣ ਅਤੇ ਬਚਾਉਣ ਦਾ ਪ੍ਰੋਗਰਾਮ ਦਿੱਤਾ ਗਿਆ, ਉਸ ਨਾਲ ਜਿਥੇ ਗੈਰ ਪੰਥਕ ਧਿਰਾਂ ਵਿਚ ਘਬਰਾਹਟ ਪੈਦਾ ਹੋਈ, ਉੱਥੇ ਸੁਖਬੀਰ ਧੜੇ ਵੱਲੋਂ 2 ਦਸੰਬਰ 2024 ਦੇ ਹੁਕਮਨਾਮੇ ਤੋਂ ਬਾਅਦ ਪੰਥਕ ਸ਼ਕਤੀ ਨੂੰ ਮੁੜ ਤੋਂ ਇਕੱਠੀ ਕਰਨ ਲਈ ਦਿੱਤੇ ਇੱਕ ਵੱਡੇ ਪ੍ਰੋਗਰਾਮ ਨੂੰ ਤਾਰਪੀਡੋ ਕਰਨ ਦੀ ਡੂੰਘੀ ਸਾਜਿਸ਼ ਰਚੀ ਜਾ ਰਹੀ ਹੈ। ਤਾਂ ਕਿ ਪੰਜਾਬੀਆਂ ਦੇ ਏਕੇ ਵਿਚ ਰੁਕਾਵਟਾਂ ਖੜੀਆਂ ਕੀਤੀਆਂ ਜਾ ਸਕਣ ਅਤੇ ਪੰਥ ਵਿਰੋਧੀ ਸ਼ਕਤੀਆਂ ਨੂੰ ਨਾਕਾਮ ਕਰਨ ਲਈ ਉੱਠੀ ਲਹਿਰ ਨੂੰ ਸ਼ਾਂਤ ਕੀਤਾ ਜਾ ਸਕੇ। ਸੁਖਬੀਰ ਧੜੇ ਵੱਲੋਂ ਚੁਸਤ ਅਤੇ ਚਲਾਕੀ ਨਾਲ ਲੋਕਾਂ ਨੂੰ ਗੁੰਮਰਾਹ ਕਰਨਾ ਉਨ੍ਹਾਂ ਦੀ ਆਦਤ ਦਾ ਹਿੱਸਾ ਹੈ। ਪਰ ਪੰਜਾਬ ਦੇ ਲੋਕ ਸੁਖਬੀਰ ਧੜੇ ਦੀਆਂ ਇਨ੍ਹਾਂ ਸਜਿਸ਼ਾ ਨੂੰ ਕਦੇ ਵੀ ਪੂਰਾ ਨਹੀਂ ਹੋਣ ਦੇਣਗੇ। ਪ੍ਰੋ. ਚੰਦੂਮਾਜਰਾ ਨੇ ਕਿਹਾ ਸ੍ਰੀ ਅਕਾਲ ਤਖਤ ਸਾਹਿਬ ਤੋਂ 2 ਦਸੰਬਰ 2024 ਨੂੰ ਹੋਏ ਹੁਕਮਨਾਮੇ ਨੂੰ ਸਾਜਿਸ਼ ਕਹਿਣਾ ਸੁਖਬੀਰ ਧੜੇ ਦੀ ਸੋਚ ਅਤੇ ਸਮਝ ਤੇ ਸਵਾਲ ਖੜੇ ਕਰਦਾ ਹੈ। ਪ੍ਰੋ. ਚੰਦੂਮਾਜਰਾ ਨੇ ਕਿਹਾ ਪਹਿਲਾਂ 2 ਦਸੰਬਰ 2024 ਦੇ ਹੁਕਮਨਾਮੇ ਤੋਂ ਭਗੋੜੇ ਹੋਏ ਸੁਖਬੀਰ ਧੜੇ ਵੱਲੋਂ ਵਾਰ-ਵਾਰ ਪੰਥਕ ਸ਼ਕਤੀ ਨੂੰ ਇਕੱਠੇ ਹੋਣ ਤੋਂ ਰੋਕਣ ਲਈ ਆਏ ਦਿਨ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੇ ਭਾਸ਼ਣਾਂ ਦੇ ਗਲਤ ਅਰਥ ਕੱਢਣਾ ਵੀ ਉਨ੍ਹਾਂ ਸਾਜਿਸ਼ਾਂ ਦਾ ਹੀ ਇੱਕ ਹਿੱਸਾ ਹੈ।

# ਪਟਿਆਲਾ 'ਚ ਡੀ.ਐਮ.ਸੀ.ਏ.ਈ. ਕਮੇਟੀ ਦੀ ਮੀਟਿੰਗ

## ਦਿਵਿਆਂਗ ਵੋਟਰਾਂ ਲਈ ਰੈਂਪ, ਵੀਲ੍ਹਚੇਅਰ ਅਤੇ ਹੋਰ ਸਹੂਲਤਾਂ ਲਾਜ਼ਮੀ

ਪਟਿਆਲਾ, 22 ਅਗਸਤ (ਚ.ਨ.ਸ) : ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ, ਹਰ ਜ਼ਿਲ੍ਹੇ ਵਿੱਚ ਡੀ.ਐਮ.ਸੀ.ਏ.ਈ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ, ਪਟਿਆਲਾ ਕਮੇਟੀ ਦੇ ਚੇਅਰਮੈਨ, ਵਧੀਕ ਜ਼ਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਕਨਵੀਨਰ, ਅਤੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਮੈਂਬਰ ਸਕੱਤਰ ਦੇ ਤੌਰ 'ਤੇ ਕੰਮ ਕਰਨਗੇ। ਚੋਣ ਕਮਿਸ਼ਨ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ, ਲੋਕ ਸਭਾ ਜਾਂ ਵਿਧਾਨ ਸਭਾ ਦਾ ਕਾਰਜਕਾਲ ਖਤਮ ਹੋਣ ਤੋਂ ਛੇ ਮਹੀਨੇ ਪਹਿਲਾਂ ਤੱਕ ਹਰ ਮਹੀਨੇ ਅਤੇ ਬਾਕੀ ਸਮੇਂ ਦੌਰਾਨ ਤਿੰਨ-ਤਿੰਨ ਮਹੀਨੇ 'ਚ ਇੱਕ ਵਾਰੀ ਕਮੇਟੀ ਦੀ ਮੀਟਿੰਗ ਕਰਵਾਉਣ ਲਈ ਕਿਹਾ ਗਿਆ ਹੈ।ਇਹ ਮੀਟਿੰਗ ਮੁੱਖ ਮੰਤਰੀ ਫੀਲਡ ਅਫਸਰ,ਹਰੀਸ਼ ਚੰਦਰ ਦੀ ਅਗਵਾਈ ਹੇਠ ਕਰਵਾਈ ਗਈ। ਮੀਟਿੰਗ ਵਿੱਚ ਸਮਾਜਿਕ ਸੁਰੱਖਿਆ ਅਫਸਰ ਜੋਬਨਦੀਪ ਕੌਰ, ਸਵਿੰਦਰ ਸਿੰਘ ਰੇਖੀ (ਜ਼ਿਲ੍ਹਾ ਸਵੀਪ ਨੋਡਲ ਅਫਸਰ), ਮੋਹਿਤ ਕੌਸ਼ਲ (ਸਹਾਇਕ ਸਵੀਪ ਨੋਡਲ ਅਫਸਰ), ਚੋਣ ਤਹਿਸੀਲਦਾਰ, ਪਟਿਆਲਾ, ਅਤੇ ਹੋਰ ਕਮੇਟੀ ਮੈਂਬਰਾਂ ਨੇ ਭਾਗ ਲਿਆ।ਭਾਰਤ ਚੋਣ ਕਮਿਸ਼ਨ ਵੱਲੋਂ ਦਿਵਿਯਾਂਗ ਵੋਟਰਾਂ ਨੂੰ ਚੋਣਾਂ ਵਿੱਚ ਪੂਰੀ ਸਹੂਲਤ ਦਿੰਦਿਆਂ, ਹਰੇਕ ਪੋਲਿੰਗ ਸਟੇਸ਼ਨ 'ਤੇ ਏ.ਐਮ.ਐਫ਼ ਜਿਵੇਂ ਰੈਂਪ, ਵੀਲਚੇਅਰ, ਅਤੇ ਸਹਾਇਤਾ ਕਰਮਚਾਰੀ ਦੀ ਉਪਲੱਬਧਤਾ ਲਾਜ਼ਮੀ ਕੀਤੀ ਗਈ ਹੈ। ਇਨ੍ਹਾਂ ਤੋਂ ਇਲਾਵਾ, ਹੋਮ ਵੋਟਿੰਗ ਦੀ ਸਹੂਲਤ ਵੀ ਉਪਲੱਬਧ ਕਰਵਾਈ ਜਾ ਰਹੀ ਹੈ।ਜ਼ਿਲ੍ਹਾ ਪਟਿਆਲਾ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਮਾਰਕ ਕੀਤੇ ਦਿਵਿਯਾਂਗ. ਵੋਟਰਾਂ ਦੀ ਮਿਣਤੀ 18+ ਪੀ.ਡਬਲਿਊ.ਡੀ. ਡਾਟੇ ਨਾਲ ਮਿਲਾ ਕੇ ਕੀਤੀ ਗਈ। ਮੀਟਿੰਗ ਦੌਰਾਨ ਇਹ ਸਾਹਮਣੇ ਆਇਆ ਕਿ ਕੁਝ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਹਾਲੇ ਤੱਕ ਨਹੀਂ ਹੋਈ । ਇਸ ਸਬੰਧੀ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਬਲਾਕ ਵਾਈਜ਼ ਸੂਚੀਆਂ ਤਿਆਰ ਕਰਕੇ, ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨਾਲ ਸਾਂਝਾ ਕਰਨ ਅਤੇ ਬੀ.ਐਲ.ਓ ਰਾਹੀਂ ਰਜਿਸਟ੍ਰੇਸ਼ਨ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ, ਤਾਂ ਜੋ ਇੱਕ ਵੀ ਅਹਿਯੋਗ ਯੋਗ ਵੋਟਰ ਆਪਣੇ ਹੱਕ ਤੋਂ ਵਾਂਝਾ ਨਾ ਰਹਿ ਜਾਵੇ।ਮੀਟਿੰਗ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਵਿਧਾਨ ਸਭਾ ਚੋਣਾਂ 2027 ਲਈ ਸਥਾਪਿਤ ਕੀਤੇ ਜਾਣ ਵਾਲੇ ਪੋਲਿੰਗ ਸਟੇਸ਼ਨਾਂ ਦੀ ਪ੍ਰੀ-ਵੈਰੀਫ਼ਿਕੇਸ਼ਨ ਰਜਿਸਟ੍ਰੇਸ਼ਨ ਅਫਸਰਾਂ ਵੱਲੋਂ ਕੀਤੀ ਜਾਵੇ। ਇਸ ਦੌਰਾਨ ਜੋ ਵੀ ਕਮੀਆਂ ਸਾਹਮਣੇ ਆਉਣਗੀਆਂ , ਉਹਨਾਂ ਨੂੰ ਸਮੇਂ ਸਿਰ ਦੂਰ ਕਰਨ ਲਈ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕੇਂਦਰ ਸਰਕਾਰ ਪੰਜਾਬ 'ਚੋਂ ਅਨਾਜ ਦਾ ਸਟਾਕ ਲਿਫਟ ਕਰਕੇ ਸਰਕਾਰੀ ਗੋਦਾਮਾਂ ਨੂੰ ਖਾਲੀ ਕਰਵਾਏ : ਹਰਚੰਦ ਸਿੰਘ ਬਰਸਟ

ਸਮਾਣਾ, 22 ਅਗਸਤ (ਵਿਜੇ ਕੁਮਾਰ/ਜਵੰਦਾ) : ਕੇਂਦਰ ਸਰਕਾਰ ਗੁਦਾਮਾਂ, ਸ਼ੈਲਰਾਂ ਵਿੱਚ ਪਿਆ ਕਣਕ ਅਤੇ ਚਾਵਲ ਦਾ ਸਟਾਕ ਲਿਫਟਿੰਗ ਕਰਵਾ ਕੇ ਸਰਕਾਰੀ ਗੁਦਾਮਾਂ ਨੂੰ ਖਾਲੀ ਕਰਵਾਏ, ਤਾਂ ਕਿ ਆਗਾਮੀ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ, ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਨੂੰ ਕੋਈ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸਮਾਣਾ ਵਿੱਚ ਇੱਕ ਸਮਾਗਮ ਵਿੱਚ ਸ਼ਿਰਕਤ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਬਰਸਟ ਨੇ ਕੇਂਦਰ ਦੀ ਐਨ. ਡੀ. ਏ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਐਨ.ਡੀ.ਏ. ਸਰਕਾਰ ਵਿੱਚ ਮੁੱਖ ਪਾਰਟੀ



ਭਾਜਪਾ ਜੋ ਕਿ 11 ਸਾਲਾਂ ਤੋਂ ਪੰਜਾਬ ਨਾਲ ਮਤਰੇਇਆ ਸਲੂਕ ਕਰਕੇ ਪੰਜਾਬ ਰਾਜ ਨੂੰ ਬਰਬਾਦ ਕਰਨ ਵੱਲ ਤੁਰੀ ਹੋਈ ਹੈ। ਉਹਨਾਂ ਦੱਸਿਆ ਕਿ ਭਾਜਪਾ ਨੇ 11 ਸਾਲਾਂ ਵਿੱਚ ਪੰਜਾਬ ਲਈ ਕੋਈ ਵਿਸ਼ੇਸ਼ ਪੈਕੇਜ ਤਾਂ ਕੀ ਦੇਣਾ ਸੀ, ਪਿਛਲੇ ਸਮੇਂ ਦੌਰਾਨ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨੂੰ ਮੁਆਵਜ਼ਾ ਦੇਣ ਅਤੇ ਦੇਸ਼ ਦੇ ਬਾਰਡਰਾਂ ਦੀ ਸੁਰੱਖਿਆ 'ਤੇ ਹੋ ਰਹੇ ਖਰਚੇ ਲਈ ਵੀ ਕੋਈ ਪੈਸਾ ਨਹੀਂ ਭੇਜਿਆ। ਉਲਟਾ 9 ਹਜਾਰ ਕਰੋੜ ਰੁਪਿਆ ਆਰ.ਡੀ.ਐਫ ਦਾ ਰੋਕ ਕੇ ਪੰਜਾਬ ਦੇ ਵਿਕਾਸ ਕੰਮਾਂ ਨੂੰ ਰੋਕਿਆ ਜਾ ਰਿਹਾ ਹੈ। ਉਹਨਾਂ ਅੱਗੇ ਦੱਸਿਆ ਕਿ ਕੇਂਦਰ ਸਰਕਾਰ ਨੇ 11 ਸਾਲਾਂ ਵਿੱਚ ਅੰਬਾਨੀ- ਅੰਡਾਨੀ ਨੂੰ ਸਹੂਲਤਾਂ ਦੇ ਕੇ ਆਮ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ, ਤੇ ਅੰਬਾਨੀ- ਅਡਾਨੀ ਦਾ 25 ਲੱਖ ਕਰੋੜ ਦਾ ਕਰਜ਼ਾ ਮਾਫ ਕਰ ਦਿੱਤਾ ਹੈ, ਜਦੋਂ ਕਿ ਇਸ ਦੇ ਮੁਕਾਬਲੇ ਪੰਜਾਬ 'ਚ ਖੇਤ ਮਜ਼ਦੂਰਾਂ ਤੇ ਕਿਸਾਨਾਂ ਦਾ ਕਰਜ਼ਾ ਨਾਮਾਤਰ ਹੈ। ਜਿਸ ਨੂੰ ਮਾਫ ਨਹੀਂ ਕੀਤਾ ਜਾ ਰਿਹਾ। ਉਹਨਾਂ ਪੰਜਾਬ ਦੇ 11 ਲੱਖ ਲੋਕਾਂ ਦੇ ਰਾਸ਼ਨ ਕਾਰਡ ਕੱਟਣ 'ਤੇ ਪਿੰਡਾਂ ਵਿੱਚ ਕੈਂਪ ਲਗਾ ਕੇ 'ਆਪ' ਸਰਕਾਰ ਦੀ ਨਿੰਦਿਆ ਕਰਨ ਦੀ ਆਲੋਚਨਾ ਕਰਦਿਆਂ ਕਿਹਾ ਕਿ ਭਾਜਪਾ ਪੰਜਾਬ ਰਾਜ ਦੀ ਦੁਸ਼ਮਣ ਨੰਬਰ ਇੱਕ ਜਮਾਤ ਹੈ, ਜੋ ਆਮ ਲੋਕਾਂ ਨੂੰ ਭਾਜਪਾ ਦੀਆਂ ਨੀਤੀਆਂ ਨਾਲ ਪੰਜਾਬ ਦੇ ਵਿਕਾਸ ਨੂੰ ਤਰੱਕੀਆਂ ਤੇ ਲਿਜਾਣ ਦੀ ਗੱਲ ਕਰ ਸਬਜਬਾਗ ਦਿਖਾ ਰਹੀ ਹੈ,ਜੋ ਕਿ ਜੁਮਲਾ ਹੈ। ਉਨ੍ਹਾਂ ਮੰਡੀਆਂ ਵਿੱਚ ਮਜ਼ਦੂਰਾਂ ਦੀ 10 ਫੀਸਦੀ ਲੇਬਰ ਵਧਾਏ ਜਾਣ 'ਤੇ ਖੁਸ਼ੀ ਪ੍ਰਗਟ ਕਰਦਿਆਂ ਇਹ ਵੀ ਦੱਸਿਆ ਕਿ ਕੇਂਦਰ ਵੱਲੋਂ ਵਿਕਾਸ ਕੰਮਾਂ ਲਈ ਕੋਈ ਪੈਸਾ ਨਾ ਦੇਣ ਦੇ ਬਾਵਜੂਦ 1800 ਕਰੋੜ ਦਾ ਨਬਾਰਡ ਤੋਂ ਕਰਜ਼ਾ ਲੈ ਕੇ ਨੌ ਸਾਲਾਂ ਤੋਂ ਜੋ ਸੜਕਾਂ ਨਹੀਂ ਬਣੀਆਂ ਸਨ, ਉਹਨਾਂ ਨੂੰ ਜਲਦੀ ਬਣਾਇਆ ਜਾ ਰਿਹਾ ਹੈ।

## ਪੁਲਿਸ ਵੱਲੋਂ 100 ਕਿੱਲੋ ਭੁੱਕੀ ਬ੍ਰਾਮਦ

ਪਟਿਆਲਾ, 22 ਅਗਸਤ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਬਲਜੀਤ ਸਿੰਘ, ਬਲਜੀਤ ਸਿੰਘ ਵਾਸੀ ਪਿੰਡ ਸਮੁੰਦਗੜ੍ਹ ਛੰਨਾ ਵਿਰੁੱਧ ਧਾਰਾ 15, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਜਾਨਪਾਲ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਹਰੀ ਨਗਰ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਕਾਰ ਵਿੱਚ ਭੁੱਕੀ ਚੂਰਾ ਪੋਸਤ ਲੈ ਕੇ ਵੇਚਣ ਲਈ ਮਿਰਜਾਪੁਰ ਸਾਇਡ ਤੋਂ ਆ ਰਹੇ ਹਨ, ਜੋ ਦੌਰਾਨੇ ਨਾਕਾਬੰਦੀ ਦੋਸ਼ੀਆਂ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ ਕਾਰ ਵਿੱਚੋਂ 100 ਕਿੱਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।

# ਰਾਸ਼ਟਰ ਪੱਧਰੀ ਮੁਕਾਬਲੇ 'ਚ ਇਨਾਮ ਜੇਤੂ ਵਿਦਿਆਰਥਣ ਦਾ ਸਨਮਾਨ

ਪਟਿਆਲਾ, 22 ਅਗਸਤ (ਚ.ਨ.ਸ): ਭਾਰਤ ਦੀ ਪ੍ਰਮੁੱਖ ਏਜੰਸੀ ਭਾਰਤੀ ਮਾਨਕ ਬਿਊਰੋ ਵੱਲੋਂ ਦੇਸ਼ ਦੇ



ਸਰਕਾਰੀ ਸਕੂਲਾਂ ਵਿੱਚ ਬਹੁ-ਪਸਾਰੀ ਗਿਆਨ ਦੇਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸੇ ਲੜੀ ਤਹਿਤ ਬਿਊਰੋ ਵੱਲੋਂ ਹਾਲ ਹੀ ਵਿੱਚ ਦੇਸ਼ ਦੇ ਸਕੂਲੀ ਵਿਦਿਆਰਥੀਆਂ ਲਈ ਇੱਕ ਆਨਲਾਈਨ ਕੁਇਜ਼ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਮੀਡੀਆ ਇੰਚਾਰਜ ਹਰਪ੍ਰੀਤ ਕੌਰ ਨੇ ਦੱਸਿਆ ਕਿ ਆਨਲਾਈਨ ਮੋਡ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਦਸਵੀਂ ਸੀ ਦੀ ਵਿਦਿਆਰਥਣ ਪ੍ਰਿਆ ਨੇ ਸਕੂਲ ਬੀ.ਆਈ.ਐਸ. ਮੈਂਟਰ ਸੋਨੀਆ ਚਾਵਲਾ ਦੀ ਗਾਈਡੈਂਸ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੇਸ਼ ਵਿੱਚੋਂ ਚੌਥਾ ਸਥਾਨ ਹਾਸਲ ਕਰਕੇ 2000/ ਰੁਪਏ ਦਾ ਨਗਦ ਇਨਾਮ ਜਿੱਤਿਆ ਹੈ। ਵਿਦਿਆਰਥਣ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਕੂਲ ਪ੍ਰਿੰਸੀਪਲ ਸ੍ਰੀਮਤੀ ਨਰੇਸ਼ ਜੈਨ ਜੀ ਵੱਲੋਂ ਵਿਦਿਆਰਥਣ ਅਤੇ ਮੈਂਟਰ ਸੋਨੀਆ ਚਾਵਲਾ ਦਾ ਸਵੇਰ ਦੀ ਸਭਾ ਦੌਰਾਨ ਸਨਮਾਨ ਕੀਤਾ। ਇਸ ਮੌਕੇ 'ਤੇ ਜਮਾਤ ਇੰਚਾਰਜ ਹਰਜਿੰਦਰ ਕੌਰ, ਹਾਊਸ ਇੰਚਾਰਜ ਸੁਮਿਤਾ, ਨਵਦੀਪ ਕੌਰ ਅਤੇ ਬਾਕੀ ਸਟਾਫ ਮੈਂਬਰ ਵੀ ਹਾਜ਼ਰ ਸਨ।

# ਐਸੋਸੀਏਟ ਅਧਿਆਪਕ ਯੂਨੀਅਨ ਪੰਜਾਬ ਦੀ ਸੰਯੁਕਤ ਕਿਸਾਨ ਮੋਰਚਾ ਜਥੇਬੰਦੀ ਨਾਲ ਮੀਟਿੰਗ

ਘਨੌਰ, 22 ਅਗਸਤ (ਮਦਨ ਲਾਲ) : ਗੁਰਦੀਪ ਸਿੰਘ ਅੰਟਾਲ ਜਰਨਲ ਸਕੱਤਰ ਦੀ ਅਗਵਾਈ 'ਚ ਐਸੋਸੀਏਟ ਅਧਿਆਪਕ ਯੂਨੀਅਨ ਪਟਿਆਲਾ ਇਕਾਈ ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਸਰਾਲਾ, ਗੁਰਦੀਪ ਸਿੰਘ ਅੰਟਾਲ, ਬਲਕਾਰ ਸਿੰਘ ਪੂਨੀਆ, ਧਰਮਿੰਦਰ ਸਿੰਘ, ਇੰਦਰਵੀਰ ਸਿੰਘ, ਕਰਮਜੀਤ ਸਿੰਘ, ਮਲਕੀਤ ਸਿੰਘ, ਲਖਮੀਰ ਸਿੰਘ, ਸਤਿੰਦਰ ਸਿੰਘ, ਸੁਖ਼ਨਦੀਪ ਸਿੰਘ, ਗੁਰਜੰਟ ਸਿੰਘ, ਰੌਸ਼ਨ ਲਾਲ, ਜਸਵੀਰ ਸਿੰਘ, ਬਲਵਿੰਦਰ ਸਿੰਘ, ਹਰਪ੍ਰੀਤ ਸਿੰਘ ਆਦਿ ਬਲਾਕ ਪ੍ਰਧਾਨ ਤੇ ਕਮੇਟੀ ਮੈਂਬਰਾਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਐਸੋਸੀਏਟ ਅਧਿਆਪਕ ਯੂਨੀਅਨ ਪੰਜਾਬ ਦੀ ਸੰਯੁਕਤ ਕਿਸਾਨ ਮੋਰਚਾ ਜਥੇਬੰਦੀ ਨਾਲ ਮੀਟਿੰਗ ਹੋਈ। ਸਯੁੰਕਤ ਕਿਸਾਨ ਮੋਰਚਾ ਜਥੇਬੰਦੀ ਦੇ ਬੂਟਾ ਸਿੰਘ ਸੈਫਦੀਪੁਰ, ਉਲਦੂ ਸਿੰਘ ਮਾਨਸਾ ਆਦਿ ਵਡੇ ਲੀਡਰ ਮੀਟਿੰਗ 'ਚ ਰਹੇ ਮੌਜੂਦ। ਗੁਰਦੀਪ ਸਿੰਘ ਅੰਟਾਲ ਨੇ ਕਿਸਾਨ ਜਥੇਬੰਦੀ ਦੇ ਨਾਲ ਗੱਲਬਾਤ ਕਰਦੇ ਦੱਸਿਆ ਕਿ ਪੰਜਾਬ ਸਰਕਾਰ ਨੇ ਕੱਚੇ ਅਧਿਆਪਕਾਂ ਦੇ ਧਰਨੇ ਮੋਹਾਲੀ 'ਚ ਜੋ



ਵਾਧਾ ਕੀਤਾ ਸੀ ਉਸਨੂੰ ਪੂਰਾ ਨਹੀਂ ਕੀਤਾ ਸਿਰਫ ਥੋੜੀ ਜਹੀ ਤਨਖਾਹ 'ਚ ਵਾਧਾ ਕਰਕੇ ਦੁਬਾਰਾ 2 ਸਾਲ ਹੋ ਗਏ ਸਾਡੀ ਕੋਈ ਸਾਰ ਨਹੀਂ ਲਈ।12710 ਕੱਚੇ ਅਧਿਆਪਕ ਪੱਕੇ ਕਰਨ ਦਾ ਸਰਕਾਰ ਨੇ ਪ੍ਰਚਾਰ ਹੀ ਕੀਤਾ ਹੈ, ਜਿਸ ਕਾਰਨ 12710 ਕੱਚੇ ਅਧਿਆਪਕਾਂ ਦੇ ਮਨਾਂ 'ਚ ਸਰਕਾਰ ਦੇ ਖ਼ਿਲਾਫ ਬਹੁਤ ਹੀ ਰੋਸ਼ ਹੈ। ਅਸੀਂ ਸੰਯੁਕਤ ਕਿਸਾਨ ਮੋਰਚਾ ਜਥੇਬੰਦੀ ਨੂੰ ਅਪੀਲ ਕੀਤੀ ਹੈ ਕਿ ਜੋ ਸਾਡੇ ਧਰਨੇ 'ਚ ਆਕੇ ਸਰਕਾਰ ਨੇ ਸਾਡੇ ਨਾਲ ਵਾਧਾ ਕੀਤਾ ਸੀ ਉਸਨੂੰ ਪੂਰਾ ਕਰਾਉਣ ਲਈ ਸਾਡਾ ਸਾਥ ਦੇਣ। ਐਸੋਸੀਏਟ ਆਧਿਆਪਕ ਜਥੇਬੰਦੀ ਦੇ ਪ੍ਰਧਾਨ ਅਨੁਭਵ ਗੁਪਤਾ ਨੇ ਕਿਸਾਨ ਜਥੇਬੰਦੀ ਦਾ ਧੰਨਵਾਦ ਕੀਤਾ। ਮੀਟਿੰਗ ਵਿੱਚ ਜੁਝਾਰ ਸਿੰਘ ਸੰਗਰੂਰ ਵੀਰਦਵਿੰਦਰ ਸਿੰਘ ਮਲੇਰਕੋਟਲਾ, ਸੰਦੀਪ ਸਿੰਘ , ਰਣਜੀਤ ਸਿੰਘ , ਅਸ਼ੋਕ ਕੁਮਾਰ, ਜਸਵੀਰ ਸਿੰਘ ਤਰਨਤਾਰਨ ਮਨੀਸ਼ ਕੁਮਾਰ, ਕਰਮਵੀਰ, ਹਰਦੀਪ ਕੌਰ ਲੁਧਿਆਣਾ ਰੁਪਿੰਦਰ ਕੌਰ ਗਿੱਲ, ਸੁਖਬੀਰ ਸਿੰਘ ਸ੍ਰੀ ਫਤਹਿਗੜ੍ਹ ਸਾਹਿਬ ਗੁਰਦੀਪ ਅੰਟਾਲ ਪਟਿਆਲਾ ਗੁਰਸੇਵਕ ਬਲੋਂ, ਗੁਰਵਿੰਦਰ ਸਿੰਘ ਬਠਿੰਡਾ ਹਰਜਿੰਦਰ ਕੌਰ ਰਤਨ, ਰਵਿੰਦਰ ਸਿੰਘ ਸ.ਭ.ਸ. ਨਗਰ ਪਰਮਜੀਤ ਕੌਰ, ਦਿਲੌਰ ਸਿੰਘ ਸ੍ਰੀ ਮੁਕਤਸਰ ਸਾਹਿਬ ਬਲਵਿੰਦਰ ਸਿੰਘ ਹੁਸ਼ਿਆਰਪੁਰ ਬਲਕਾਰ ਪੂਨੀਆ ਪਟਿਆਲਾ ਆਦਿ ਹਾਜ਼ਰ ਸਨ।

## 200 ਨਸ਼ੀਲੀਆਂ ਗੋਲੀਆਂ ਬ੍ਰਾਮਦ

ਪਟਿਆਲਾ, 22 ਅਗਸਤ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀ ਭੀਮਾ ਸਿੰਘ ਵਾਸੀ ਪਿੰਡ ਜੋਲੀਆ ਥਾਣਾ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਸੰਤੋਖ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸੂਆ ਪੁਲੀ ਲਚਕਾਣੀ ਪਾਸ ਮੌਜੂਦ ਸੀ, ਜੋ ਦੋਸ਼ੀ ਦੇ ਬਿਨ੍ਹਾ ਨੰਬਰੀ ਮੋਟਰਸਾਈਕਲ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 200 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।



ਜਸਵੀਰ ਸਿੰਘ ਜੱਸੀ ਸੋਹੀਆਂਵਾਲਾ ਨੂੰ ਇੰਪਰੂਵਮੈਂਟ ਟਰੱਸਟ ਨਾਭਾ ਦਾ ਚੇਅਰਮੈਨ ਲੱਗਣ 'ਤੇ ਡਾਕਟਰ ਅੰਬੇਦਕਰ ਪਬਲਿਕ ਵੈਲਫੇਅਰ ਸੁਸਾਇਟੀ ਪੰਜਾਬ ਦੇ ਪ੍ਰਧਾਨ ਗੁਰਚਰਨ ਸਿੰਘ ਚੌਧਰੀਮਾਜਰਾ, ਚੇਅਰਮੈਨ ਰਾਮ ਸਿੰਘ ਰੈਸਲ ਅਤੇ ਜਨਰਲ ਸਕੱਤਰ ਚਰਨ ਸਿੰਘ ਬਿਰਧਨੋ ਗੁਲਦਸਤਾ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ ਹੋਏ । (ਫੋਟੋ ਤੇ ਵੇਰਵਾ : ਚੌਧਰੀਮਾਜਰਾ)

# ਹਰਸ਼ ਬਲੱਡ ਡੋਨਰ ਸੁਸਾਇਟੀ ਵੱਲੋਂ ਅਰੁਨਾਏ ਧਾਮ ਦੇ ਦਰਸ਼ਨਾਂ ਲਈ ਜਥਾ ਰਵਾਨਾ

ਨਾਭਾ, 22 ਅਗਸਤ (ਗੁਰਚਰਨ ਸਿੰਘ ਚੌਧਰੀਮਾਜਰਾ) : ਸ੍ਰੀ ਖਾਟੂ ਸ਼ਿਆਮ ਮੰਦਿਰ ਬੱਸ ਸਟੈਂਡ ਨਾਭਾ ਤੋ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ, ਚੇਅਰਮੈਨ ਜਿਪਸੀ ਬਾਂਸਲ ਅਤੇ ਪ੍ਰੋਜੈਕਟ ਚੇਅਰਮੈਨ ਕੁਲਦੀਪ ਭਾਟੀਆ, ਕੋ-ਪ੍ਰੋਜੈਕਟ ਚੇਅਰਮੈਨ ਗੌਰਵ ਗੁਪਤਾ ਟੋਨੀ ਦੀ ਅਗਵਾਈ ਵਿੱਚ 68 ਮੈਂਬਰਾਂ ਦਾ ਜਥਾ ਅਰੁਨਾਏ ਧਾਮ ਵਿਖੇ ਭੋਲੇ ਸ਼ੰਕਰ ਜੀ ਦੇ ਦਰਸ਼ਨਾਂ ਲਈ ਰਵਾਨਾ ਹੋਇਆ। ਬੱਸ ਨੂੰ ਝੰਡੀ ਦੇਣ ਦੀ ਰਸਮ ਮਹੰਤ ਚੰਨੀ ਜੀ ਨਾਭਾ ਵਾਲੇ ਅਤੇ ਛਿੰਟਾਵਾਲਾ ਦੇ ਮਹੰਤ ਅਤੇ ਐਮ.ਐਲ.ਏ ਨਾਭਾ ਦੇ ਭਰਾ ਸੁਖਦੇਵ ਮਾਨ ਨੇ ਸਾਂਝੇ ਤੌਰ 'ਤੇ ਅਦਾ ਕੀਤੀ। ਨਾਰੀਅਲ ਤੋੜਨ ਦੀ ਰਸਮ ਤਰਸੇਮ ਸਿੰਗਲਾ ਅਤੇ ਰਾਜ ਕੁਮਾਰ ਗੁਪਤਾ ਨੇ



ਸਾਂਝੇ ਤੌਰ 'ਤੇ ਨਿਭਾਈ, ਨਾਲ ਹੀ ਬੋਲਦੇ ਹੋਏ ਸਾਂਝੇ ਤੌਰ 'ਤੇ ਮਹੰਤਾ ਨੇ ਕਿਹਾ ਕਿ ਹਰਸ਼ ਬਲੱਡ ਡੋਨਰ ਸੋਸਾਇਟੀ ਦਾ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ ਇਸ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਸੇਧ ਮਿਲਦੀ ਹੈ । ਹਰੇਕ ਤਰ੍ਹਾਂ ਦਾ ਸਹਿਯੋਗ ਹਰਸ਼ ਬਲੱਡ ਡੋਨਰ ਸੋਸਾਇਟੀ ਨੂੰ ਹਮੇਸ਼ਾ ਰਹੇਗਾ ਇਹ ਜਦੋਂ ਵੀ ਸਾਡੀ ਡਿਊਟੀ ਜਿਥੇ ਜਿਵੇ ਲਗਾਉਂਦੇ ਹਨ।ਅਸੀਂ ਹਾਜ਼ਰ ਹੁੰਦੇ ਹਾਂ ਅਤੇ ਅਜੈ ਗਰਗ ਸੈਕਟਰੀ, ਵਿਪਨ ਕੁਮਾਰ ਸਰਪ੍ਰਸਤ ਵੱਲੋਂ ਸਾਰੇ ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ, ਭਗਤਾਂ ਲਈ ਪਾਣੀ ਦੀ ਸੇਵਾ ਪੁਨੀਤ ਬਾਂਸਲ ਅਤੇ ਅਮਿਤ ਬਾਂਸਲ ਗੋਲੂ ਵੱਲੋਂ ਨਿਭਾਈ ਗਈ। ਉਸ ਮੌਕੇ ਨਾਲ ਸੁਰਜੀਤ ਭੁੱਲਰ, ਅਸ਼ੋਕ ਗਰਗ ਲਾਲੋਡਾ ਵਾਲੇ, ਬਿੰਦਰ ਕੁਮਾਰ , ਗੁਲਸ਼ਨ ਕੁਮਾਰ ਆਦਿ ਹਾਜ਼ਰ ਸਨ।

# ਸਰਹੰਦੀ ਗੇਟ ਵਿਖੇ ਨਵੇਂ ਟਿਊਬਵੈਲ ਦਾ ਕੰਮ ਸ਼ੁਰੂ

## -10 ਤੋਂ ਵੱਧ ਇਲਾਕਿਆਂ ਦੀ ਪਾਣੀ ਘਾਟ ਹੋਵੇਗੀ ਦੂਰ : ਮੇਅਰ ਕੁੰਦਨ ਗੋਗੀਆ



ਪਟਿਆਲਾ, 22 ਅਗਸਤ (ਰੁਪਾਣਾ) : ਸ਼ਹਿਰ ਦੇ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕਮੀ ਤੋਂ ਰਾਹਤ ਦਿਵਾਉਣ ਲਈ ਨਗਰ ਨਿਗਮ ਪਟਿਆਲਾ ਵੱਲੋਂ ਵੱਡਾ ਕਦਮ ਚੁੱਕਿਆ ਗਿਆ ਹੈ। ਸਰਹੰਦੀ ਗੇਟ ਖੇਤਰ ਵਿੱਚ ਨਵੇਂ ਟਿਊਬਵੈਲ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਨਿਗਮ ਅਧਿਕਾਰੀਆਂ ਅਨੁਸਾਰ ਇਸ ਟਿਊਬਵੈਲ ਦੇ ਚੱਲਣ ਨਾਲ 10 ਤੋਂ ਵੱਧ ਇਲਾਕਿਆਂ ਵਿੱਚ ਰਹਿਣ ਵਾਲੇ ਹਜ਼ਾਰਾਂ ਲੋਕਾਂ ਨੂੰ ਸਿੱਧਾ ਲਾਭ ਮਿਲੇਗਾ। ਇਸ ਮੌਕੇ ਉਨ੍ਹਾਂ ਨਾਲ ਰਾਜੇਸ਼ ਜੇਈ, ਸੈਕਟਰੀ ਰਜਿੰਦਰ ਮੋਹਨ, ਲੱਕੀ ਲਹਿਲ, ਰਾਜੂ ਤਲਵਾਰ, ਗੋਰਾ ਲਾਲ, ਨੀਰਜ ਅਤੇ ਹੋਰ ਨਿਗਮ ਕਰਮਚਾਰੀ ਮੌਜੂਦ ਸਨ। ਮੇਅਰ ਕੁੰਦਨ ਗੋਗੀਆ ਨੇ ਇਸ ਪ੍ਰੋਜੈਕਟ ਦਾ ਉਦਘਾਟਨ ਕਰਦਿਆਂ ਕਿਹਾ ਕਿ ਪਾਣੀ ਜੀਵਨ ਦੀ ਮੁੱਖ ਲੋੜ ਹੈ ਅਤੇ ਇਸ ਸਮੱਸਿਆ ਦਾ ਹੱਲ ਕਰਨਾ ਨਗਰ ਨਿਗਮ ਦੀ ਪ੍ਰਾਥਮਿਕਤਾ ਹੈ। ਉਹਨਾਂ ਕਿਹਾ ਕਿ ਪਿਛਲੇ ਕਾਫੀ ਸਮੇਂ ਤੋਂ ਸਰਹੰਦੀ ਗੇਟ ਅਤੇ ਨੇੜਲੇ ਇਲਾਕਿਆਂ ਦੇ ਵਾਸੀਆਂ ਵੱਲੋਂ ਪਾਣੀ ਦੀ ਘਾਟ ਬਾਰੇ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਸਨ। ਇਸ ਕਰਕੇ ਲੋਕਾਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਮੇਅਰ ਨੇ ਜਾਣਕਾਰੀ ਦਿੱਤੀ ਕਿ ਇਸ ਟਿਊਬਵੈਲ ਤੋਂ ਮਿਲਣ ਵਾਲੀ ਸਪਲਾਈ ਨਾਲ ਡੋਗਰਾ ਮੁਹੱਲਾ, ਆਰੀਆ ਸਮਾਜ, ਬਾਜ਼ਾਰ ਖੇਤਰ, ਲਾਹੋਰੀ ਗੇਟ ਅਤੇ ਨੇੜਲੇ ਹੋਰ ਇਲਾਕਿਆਂ ਨੂੰ ਨਿਯਮਿਤ ਤੌਰ 'ਤੇ ਪਾਣੀ ਮਿਲਣਾ ਸ਼ੁਰੂ ਹੋ ਜਾਵੇਗਾ। ਨਵੇਂ ਟਿਊਬਵੈਲ ਵਿੱਚ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਨਾਲ ਲੰਬੇ ਸਮੇਂ ਤੱਕ ਸਥਿਰ ਪਾਣੀ ਸਪਲਾਈ ਯਕੀਨੀ ਬਣਾਈ ਜਾ ਸਕੇਗੀ। ਸਥਾਨਕ ਨਿਵਾਸੀਆਂ ਨੇ ਨਗਰ ਨਿਗਮ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਮੇਅਰ ਕੁੰਦਨ ਗੋਗੀਆ ਨੇ ਆਖਿਰ ਵਿੱਚ ਇਹ ਭਰੋਸਾ ਦਿਵਾਇਆ ਕਿ ਸ਼ਹਿਰ ਦੇ ਹਰ ਵਾਰਡ ਵਿੱਚ ਪਾਣੀ ਦੀ ਸਹੂਲਤ ਯਕੀਨੀ ਬਣਾਈ ਜਾਵੇਗੀ ਅਤੇ ਜਿੱਥੇ ਵੀ ਘਾਟ ਹੋਵੇਗੀ, ਉਸ ਨੂੰ ਦੂਰ ਕਰਨ ਲਈ ਹੋਰ ਟਿਊਬਵੈਲ ਲਗਾਉਣ ਦੇ ਯਤਨ ਜਾਰੀ ਰਹਿਣਗੇ।

# ਸਿਮਰਪ੍ਰੀਤ ਕੌਰ ਨੇ ਪਟਿਆਲਾ ਦੇ ਏ.ਡੀ.ਸੀ. (ਜ) ਵਜੋਂ ਅਹੁਦਾ ਸੰਭਾਲਿਆ

ਪਟਿਆਲਾ, 22 ਅਗਸਤ (ਰੁਪਾਣਾ/ਵਿਨੋਦ ਸ਼ਰਮਾ) : 2014 ਬੈਚ ਦੇ ਸੀਨੀਅਰ ਪੀ.ਸੀ.ਐਸ. ਅਧਿਕਾਰੀ ਸਿਮਰਪ੍ਰੀਤ ਕੌਰ ਨੇ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਦਾ ਅਹੁਦਾ ਸੰਭਾਲ ਲਿਆ ਹੈ। ਆਪਣਾ ਅਹੁਦਾ ਸੰਭਾਲਣ ਮੌਕੇ ਸਿਮਰਪ੍ਰੀਤ ਕੌਰ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀਆਂ



ਤਰਜ਼ੀਹਾਂ ਮੁਤਾਬਕ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਮੁਤਾਬਕ ਜ਼ਿਲ੍ਹੇ ਦੇ ਵਸਨੀਕਾਂ ਨੂੰ ਸਰਕਾਰੀ ਸੇਵਾਵਾਂ ਪਹਿਲ ਦੇ ਅਧਾਰ 'ਤੇ ਮੁਹੱਈਆ ਕਰਵਾਉਣੀਆਂ ਯਕੀਨੀ ਬਣਾਉਣਗੇ। ਏ.ਡੀ.ਸੀ. ਸਿਮਰਪ੍ਰੀਤ ਕੌਰ ਨੇ ਕਿਹਾ ਕਿ ਆਮ ਨਾਗਰਿਕਾਂ ਨੂੰ ਸਰਕਾਰੀ ਸੇਵਾਵਾਂ ਪਾਰਦਰਸ਼ੀ ਅਤੇ ਸਮਾਂਬੱਧ ਢੰਗ ਨਾਲ ਪ੍ਰਦਾਨ ਕਰਨਾ ਉਨ੍ਹਾਂ ਦੀ ਮੁਢਲੀ ਤਰਜ਼ੀਹ ਹੋਵੇਗੀ ਤਾਂ ਕਿ ਸਰਕਾਰ ਦੀਆਂ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜਦਾ ਕੀਤਾ ਜਾ ਸਕੇ। ਜਿਕਰਯੋਗ ਹੈ ਕਿ 2014 ਬੈਚ ਦੇ ਪੀ.ਸੀ.ਐਸ ਅਧਿਕਾਰੀ ਸਿਮਰਪ੍ਰੀਤ ਕੌਰ ਪਟਿਆਲਾ ਵਿਖੇ ਸਹਾਇਕ ਕਮਿਸ਼ਨਰ ਜਨਰਲ ਅਤੇ ਏ.ਸੀ. ਸ਼ਿਕਾਇਤਾਂ ਸਮੇਤ ਪੀ.ਡੀ.ਏ ਦੇ ਏ.ਸੀ.ਏ, ਪੀ.ਪੀ.ਐਸ.ਸੀ ਦੇ ਸਕੱਤਰ, ਨਾਭਾ, ਦਿੜਬਾ, ਦੂਧਨਸਾਧਾਂ ਤੇ ਤਪਾ ਵਿਖੇ ਐਸ.ਡੀ.ਐਮ ਵਜੋਂ ਸੇਵਾਵਾਂ ਨਿਭਾਉਣ ਸਮੇਤ ਆਬਕਾਰੀ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਲੋਕ ਨਿਰਮਾਣ ਵਿਭਾਗਾਂ ਵਿੱਚ ਵੀ ਸੇਵਾ ਨਿਭਾ ਚੁੱਕੇ ਹਨ।

# ਚੋਰਾਂ ਨੇ ਕੰਧ 'ਚ ਪਾੜ ਲਗਾ ਕੇ ਕੋਲਡ ਡਰਿੰਕ ਦੀਆਂ ਪੇਟੀਆਂ ਅਤੇ ਨਗਦੀ ਚੋਰੀ ਕੀਤੀ

ਸਮਾਣਾ, 22 ਅਗਸਤ (ਵਿਜੇ ਕੁਮਾਰ): ਬੀਤੀ ਰਾਤ ਸਮਾਣਾ ਦੇ ਮਲਕਾਣਾ ਪੱਤੀ ਸਥਿਤ ਕੋਲਡ ਡਰਿੰਕ ਦੇ ਗੋਦਾਮ 'ਚ ਅਣਪਛਾਤੇ ਚੋਰਾਂ ਨੇ ਕੰਧ 'ਚ ਪਾੜ ਲਾ ਕੇ ਕੋਲਡ ਡਰਿੰਕ ਦੀਆਂ ਪੇਟੀਆਂ ਅਤੇ ਨਕਦੀ ਚੋਰੀ ਕਰ ਲਈ। ਸੂਚਨਾ ਮਿਲਣ 'ਤੇ ਸਿਟੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏਐਸਆਈ ਪੂਰਨ ਸਿੰਘ ਨੇ ਦੱਸਿਆ ਕਿ 21 ਅਗਸਤ ਦੀ ਅੱਧੀ ਰਾਤ ਤੋਂ



ਬਾਅਦ ਅਣਪਛਾਤੇ ਚੋਰ ਗੋਦਾਮ ਦੀ ਪਿਛਲੀ ਕੰਧ 'ਚ ਪਾੜ ਲਗਾ ਕੇ ਅੰਦਰ ਦਾਖਲ ਹੋਏ ਅਤੇ ਗੱਲੇ 'ਚ ਪਈ ਕੁਝ ਨਕਦੀ ਅਤੇ ਕੋਲਡ ਡਰਿੰਕ ਨਾਲ ਭਰੀਆਂ ਪੇਟੀਆਂ ਚੋਰੀ ਕਰਕੇ ਲੈ ਗਏ। ਨੁਕਸਾਨ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ, ਜਦਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਬਿਰਧ ਆਸ਼ਰਮ ਰੌਂਗਲਾ ਵਿਖੇ ਜਾਗਰੂਕਤਾ ਸੈਮੀਨਾਰ ਤੇ ਮੈਡੀਕਲ ਕੈਂਪ ਲਗਾਇਆ

ਪਟਿਆਲਾ, 22 ਅਗਸਤ (ਚ.ਨ.ਸ): ਮੈਡਮ ਅਮਨਦੀਪ ਕੰਬੋਜ ਚੀਫ਼ ਜੁਡੀਸ਼ਅਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਅਤੇ ਸੋਸ਼ਲ ਅਵੇਰਨੈੱਸ ਟ੍ਰੇਡਜ਼ ਹੁੱਕ (ਸਾਥ) ਪਟਿਆਲਾ ਦੇ ਸਹਿਯੋਗ ਨਾਲ ਇੱਕ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਡੇ ਕੇਅਰ ਕੇਂਦਰ ਬਿਰਧ ਆਸ਼ਰਮ ਰੌਂਗਲਾ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਵਿੱਚ ਪ੍ਰਸਿੱਧ ਮੋਟੀਵੇਸ਼ਨਲ ਸਪੀਕਰ ਤੇ ਉੱਘੇ ਸਮਾਜਸੇਵੀ ਭਗਵਾਨ ਦਾਸ ਗੁਪਤਾ ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਲੋਕ ਅਦਾਲਤਾਂ ਦੇ ਲਾਭ ਬਾਰੇ ਦੱਸਦਿਆਂ ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਪੰਜਾਬ ਵਿਕਟਿਮ ਕੰਪਨਸੇਸ਼ਨ ਸਕੀਮ-2017, ਸਾਈਬਰ ਕਰਾਈਮ ਸੁਰੱਖਿਆ, ਸਥਾਈ ਲੋਕ ਅਦਾਲਤ ਅਤੇ 13 ਸਤੰਬਰ ਨੂੰ ਲੱਗਣ ਜਾ ਰਹੀ ਨੈਸ਼ਨਲ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ, ਟੋਲ ਫਰੀ ਨੰਬਰ 15100 ਬਾਰੇ ਦੱਸਿਆ। ਬਿਰਧ ਆਸ਼ਰਮ ਦੇ ਸੰਚਾਲਕ ਲਖਵਿੰਦਰ ਸਰੀਨ ਨੇ ਲੋਕਾਂ ਨੂੰ ਪੌਦਾਰੋਪਣ ਅਤੇ ਸਾਈਬਰ ਕਰਾਈਮ ਸੁਰੱਖਿਆ ਲਈ ਪ੍ਰੇਰਿਤ ਕੀਤਾ। ਅਥਾਰਟੀ ਵੱਲੋਂ ਆਯੋਜਿਤ ਮੈਡੀਕਲ ਕੈਂਪ ਵਿੱਚ ਡਾ.ਨਿਧੀ ਸ਼ਰਮਾ ਅਤੇ ਡਾ.ਪਰਮਵੀਰ ਸਿੰਘ ਮੋਮੀ ਨੇ ਬਜ਼ੁਰਗਾਂ ਦੀ ਸਿਹਤ ਦਾ ਨਿਰੀਖਣ ਕੀਤਾ।ਸੈਮੀਨਾਰ ਵਿੱਚ ਹੋਰਨਾਂ ਤੋਂ ਇਲਾਵਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਯਾਦਵਿੰਦਰ ਸਿੰਘ ਸਹਾਇਕ, ਦੂਨੀ ਚੰਦ, ਦਰਸ਼ਨ ਸਿੰਘ, ਗੁਰਮੇਲ ਸਿੰਘ, ਮੋਹਨ ਲਾਲ, ਰਜਿੰਦਰ ਪਾਲ ਸ਼ਰਮਾ,ਸਟਾਫ ਮੈਂਬਰਾਂ ਤੇ ਵਰਕਰਾਂ ਨੇ ਵੀ ਭਾਗ ਲਿਆ।

## ਪੁਲਿਸ ਵੱਲੋਂ 25 ਗ੍ਰਾਮ ਹੈਰੋਇਨ ਬ੍ਰਾਮਦ

ਪਟਿਆਲਾ, 22 ਅਗਸਤ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਲੱਕੀ ਵਾਸੀ ਦਾਰੂ ਕੂਟੀਆ ਮੁਹੱਲਾ ਪਟਿਆਲਾ, ਕਰਨ ਸਿੰਘ ਵਾਸੀ ਪਿੰਡ ਅਲੀਪੁਰ ਹਾਲ ਕਿਰਾਏਦਾਰ ਪੁਰਾਣਾ ਬਿਸ਼ਨ ਨਗਰ ਨੇੜੇ ਭਾਰਤ ਮੈਡੀਕਲ ਪਟਿਆਲਾ ਵਿਰੁੱਧ ਧਾਰਾ 21, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ. ਮਨਿੰਦਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਦਾਰੂ ਕੂਟੀਆ ਮੁਹੱਲਾ ਪਟਿਆਲਾ ਕੋਲ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀਆਨ ਚਿੱਟਾ-ਹੈਰੋਇਨ ਵੇਚਣ ਦੇ ਆਦੀ ਹਨ ਅਤੇ ਹੁਣੇ ਹੀ ਮੋਟਰਸਾਈਕਲ ਸਮੇਤ ਨਸ਼ਾ ਵੇਚਣ ਲਈ ਘਰ ਤੋਂ ਬਾਹਰ ਨਿਕਲਣ ਵਾਲੇ ਹਨ, ਜੋ ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ 25 ਗ੍ਰਾਮ ਚਿੱਟਾ-ਹੈਰੋਇਨ ਬ੍ਰਾਮਦ ਹੋਈ।